ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 9 | 02 March 2022 to 08 March 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਮੋਦੀ ਸਰਕਾਰ ਵੱਲੋਂ ਪੰਜਾਬ ਦੇ ਹੱਕਾਂ 'ਤੇ ਛਾਪਾ

**✪ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਸ਼ਰਤੀਆ ਨੁਮਾਇੰਦਗੀ ਖ਼ਤਮ ✪ ਪੰਜਾਬ ਦੇ ਹੱਕ ਉੱਪਰ ਡਾਕਾ ਮਾਰਨ ਵਾਲਾ ਫ਼ੈਸਲਾ ਵਾਪਸ ਲਵੇ ਕੇਂਦਰ ਸਰਕਾਰ-ਪੰਜਾਬ ਦੇ ਸਿਆਸਤ ਦਾਨਾਂ ਵੱਲੋਂ ਅਪੀਲ ✪ ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਨਿਖੇਧੀ ✪ ਸੁਖਦੇਵ ਸਿੰਘ ਢੀਂਡਸਾ ਕੇਂਦਰੀ ਗ੍ਰਹਿ ਮੰਤਰੀ ਕੋਲ਼ ਪੁੱਜੇ**

**ਚੰਡੀਗੜ** - ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਫੁੱਲ-ਟਾਈਮ ਮੈਂਬਰਾਂ ਦੀ ਨਿਯੁਕਤੀ ਦੇ ਨਿਯਮਾਂ ਵਿੱਚ ਤਬਦੀਲੀ ਨੇ ਇੱਕ ਵਿਵਾਦ ਖੜਾ ਕਰ ਦਿੱਤਾ ਹੈ। 'ਦ ਟ੍ਰਿਬਿਊਨ' ਦੀ ਖ਼ਬਰ ਮੁਤਾਬਿਕ, ਬਿਜਲੀ ਮੰਤਰਾਲੇ ਦੁਆਰਾ ਨੋਟੀਫ਼ਾਈ ਕੀਤੇ ਗਏ ਨਵੇਂ ਨਿਯਮਾਂ ਦੇ ਤਹਿਤ, ਮੈਂਬਰ ਪਾਵਰ ਤੇ ਮੈਂਬਰ ਸਿੰਚਾਈ ਦੀਆਂ ਦੋ ਅਸਾਮੀਆਂ ਹੁਣ ਦੇਸ਼ ਭਰ ਦੇ ਕਿਸੇ ਵੀ ਸੂਬੇ ਨਾਲ਼ ਸੰਬੰਧਿਤ ਉਮੀਦਵਾਰਾਂ ਲਈ ਖੋਲ ਦਿੱਤੀਆਂ ਗਈਆਂ ਹਨ। ਜਦ ਕਿ ਲੰਬੇ ਸਮੇਂ ਤੋਂ ਇਹ ਤੈਅ ਸੀ ਮੈਂਬਰ ਪਾਵਰ ਪੰਜਾਬ ਤੋਂ ਤੇ ਮੈਂਬਰ ਸਿੰਚਾਈ ਹਰਿਆਣਾ ਤੋਂ ਹੋਵੇਗਾ। ਬੀ.ਬੀ.ਐੱਮ.ਬੀ., ਸਤਲੁਜ ਅਤੇ ਬਿਆਸ ਦੇ ਜਲ ਸਰੋਤਾਂ ਦਾ ਪ੍ਰਬੰਧਨ ਕਰਦੀ ਹੈ ਅਤੇ ਇਨਾਂ ਦਰਿਆਵਾਂ 'ਤੇ ਸਥਿਤ ਪਣ-ਬਿਜਲੀ ਉਤਪਾਦਨ ਪਲਾਂਟਾਂ ਦਾ ਸੰਚਾਲਨ ਕਰਦੀ ਹੈ। ਇਨਾਂ ਦੋਵਾਂ ਮੈਂਬਰਾਂ ਦੀ ਨਿਯੁਕਤੀ ਲਈ ਸੰਬੰਧਿਤ ਸੂਬਿਆਂ ਦੁਆਰਾ ਬਿਜਲੀ ਮੰਤਰਾਲੇ ਨੂੰ ਇੰਜੀਨੀਅਰਾਂ ਦੇ ਪੈਨਲ ਭੇਜੇ ਜਾਂਦੇ ਹਨ, ਜਿਨਾਂ ਵਿੱਚੋਂ ਚੋਣ ਕਰਨ ਤੋਂ ਬਾਅਦ ਕੇਂਦਰ ਸਰਕਾਰ ਦੁਆਰਾ ਉਨਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ।

ਪੰਜਾਬ ਦੇ ਇੱਕ ਸੀਨੀਅਰ ਇੰਜਨੀਅਰ ਅਨੁਸਾਰ ਨਵੀਆਂ ਸ਼ਰਤਾਂ ਪੰਜਾਬ ਦੇ ਹਿੱਤਾਂ ਲਈ ਨੁਕਸਾਨਦੇਹ ਹਨ ਤੇ ਇਨਾਂ ਮੁਤਾਬਕ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟੇਡ ਵਰਗੀਆਂ ਏਜੰਸੀਆਂ ਦੇ ਬਹੁਤ ਘੱਟ ਇੰਜੀਨੀਅਰ ਲਾਜ਼ਮੀ ਯੋਗਤਾ ਪੂਰੀ ਕਰਨਗੇ।

ਪੰਜਾਬ ਰਾਜ ਬਿਜਲੀ ਬੋਰਡ ਇੰਜਨੀਅਰਜ਼ ਐਸੋਸੀਏਸ਼ਨ ਨੇ ਇਸ ਸੰਬੰਧੀ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਰਾਜ ਸਰਕਾਰ ਦੇ ਅਧਿਕਾਰੀਆਂ ਨਾਲ਼ ਮੀਟਿੰਗ ਕਰਕੇ ਇਸ ਮੁੱਦੇ 'ਤੇ ਵਿਚਾਰ ਕਰਨ ਦੀ ਮੰਗ ਕੀਤੀ ਹੈ ਤਾਂ ਜੋ ਪੰਜਾਬ ਦੇ ਹਿੱਤਾਂ ਨਾਲ਼ ਖਿਲਵਾੜ ਨਾ ਹੋਵੇ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਮੈਂਬਰ ਸੂਬਿਆਂ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ ਤੇ ਦਿੱਲੀ ਸ਼ਾਮਿਲ ਹਨ, ਜੋ ਇਸਦੇ ਸਿੰਚਾਈ ਅਤੇ ਬਿਜਲੀ ਪ੍ਰੋਜੈਕਟਾਂ ਦੇ ਸਿੱਧੇ ਲਾਭਪਾਤਰੀ ਹਨ। ਇਹ ਸੂਬੇ ਬੀ.ਬੀ.ਐੱਮ.ਬੀ. ਲਈ ਫ਼ੰਡਾਂ ਦਾ ਵੱਡਾ ਹਿੱਸਾ ਵੀ ਪ੍ਰਦਾਨ ਕਰਦੇ ਹਨ ਅਤੇ ਬੀ.ਬੀ.ਐੱਮ.ਬੀ. ਦੁਆਰਾ ਨਿਰਧਾਰਤ ਤਰੀਕੇ



ਨਾਲ਼ ਡੈਮਾਂ ਤੋਂ ਛੱਡੇ ਗਏ ਪਾਣੀ ਨੂੰ ਸਾਂਝਾ ਕਰਦੇ ਹਨ।

ਕੇਂਦਰ ਸਰਕਾਰ ਦੇ ਬਿਜਲੀ (ਪਾਵਰ) ਮੰਤਰਾਲੇ ਨੇ 23 ਫ਼ਰਵਰੀ 2022 ਦੇ ਨੋਟੀਫ਼ਿਕੇਸ਼ਨ ਨਾਲ਼ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦੇ ਨਿਯਮਾਂ ਵਿੱਚ ਸੋਧ ਕੀਤੀ ਹੈ। ਦੇਖਣ ਨੂੰ ਲੱਗਦਾ ਹੈ ਜਿਵੇਂ ਇਹ ਸੋਧ ਬੋਰਡ ਦੇ ਚੇਅਰਮੈਨ ਅਤੇ ਮੈਂਬਰਾਂ (ਪਾਵਰ ਤੇ ਸਿੰਚਾਈ) ਦੀਆਂ ਯੋਗਤਾਵਾਂ 'ਚ ਤਬਦੀਲੀ ਲਈ ਕੀਤੀ ਹੈ ਪਰ ਪ੍ਰਬੰਧਕੀ ਬੋਰਡ ਦੇ ਇਤਿਹਾਸ ਦੇ ਜਾਣਕਾਰ ਅਤੇ ਬਿਜਲੀ ਖੇਤਰ ਦੇ ਮਾਹਿਰ ਜਾਣਦੇ ਹਨ ਕਿ ਇਹ ਤਬਦੀਲੀ ਪੰਜਾਬ ਤੇ ਹਰਿਆਣਾ ਦੇ ਹੱਕਾਂ 'ਤੇ ਛਾਪਾ ਹੈ। ਬੋਰਡ ਦੀ ਸਥਾਪਤੀ ਸਮੇਂ ਸਹਿਮਤੀ ਬਣੀ ਸੀ ਕਿ ਬੋਰਡ ਦਾ ਚੇਅਰਮੈਨ ਮੈਂਬਰ ਸੂਬਿਆਂ (ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ) ਤੋਂ ਬਾਹਰਲਾ ਵਿਅਕਤੀ ਹੋਵੇਗਾ ਤਾਂ ਕਿ ਉਹ ਨਿਰਪੱਖ ਰਹਿ ਕੇ ਫ਼ੈਸਲੇ ਕਰ ਸਕੇ; ਮੈਂਬਰ (ਪਾਵਰ/ਬਿਜਲੀ ਸਪਲਾਈ) ਪੰਜਾਬ ਦਾ ਹੋਵੇਗਾ ਅਤੇ ਮੈਂਬਰ (ਸਿੰਜਾਈ) ਹਰਿਆਣੇ ਤੋਂ ਹੋਵੇਗਾ। ਮਾਹਿਰਾਂ ਮੁਤਾਬਿਕ ਬਦਲੇ ਨਿਯਮਾਂ ਅਨੁਸਾਰ ਕਿਸੇ ਵੀ ਸੂਬੇ ਦਾ ਇੰਜਨੀਅਰ ਇਨਾਂ ਅਹੁਦਿਆਂ 'ਤੇ ਨਿਯੁਕਤ ਕੀਤਾ ਜਾ ਸਕੇਗਾ। ਪਹਿਲਾਂ ਮੈਂਬਰ (ਪਾਵਰ) ਬਣਾਉਣ ਲਈ ਪੈਨਲ ਪੰਜਾਬ ਸਰਕਾਰ ਭੇਜਦੀ ਸੀ ਤੇ ਮੈਂਬਰ (ਸਿੰਜਾਈ) ਬਣਾਉਣ ਲਈ ਪੈਨਲ ਹਰਿਆਣਾ ਸਰਕਾਰ। ਹੁਣ ਬਣਾਈ ਚੋਣ ਕਮੇਟੀ ਵਿੱਚ ਸਾਰੇ ਮੈਂਬਰ ਕੇਂਦਰ ਸਰਕਾਰ ਦੇ ਨੁਮਾਇੰਦੇ ਹਨ; ਸੂਬਾ ਸਰਕਾਰਾਂ ਦੀ ਕੋਈ ਨੁਮਾਇੰਦਗੀ ਨਹੀਂ ਹੈ। ਇਹ ਕਦਮ ਪੰਜਾਬ ਤੇ ਹਰਿਆਣਾ ਦੇ ਹੱਕਾਂ ਵਿਰੁੱਧ ਹੈ; ਇਹ ਕਦਮ ਫ਼ੈਡਰਲਿਜ਼ਮ ਵਿਰੋਧੀ ਵੀ ਹੈ।

ਯਾਦ ਰਹੇ ਕਿ 1966 ਵਿੱਚ ਪੰਜਾਬੀ ਸੂਬਾ ਬਣਨ ਨਾਲ਼ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦੀ ਦੇਖਭਾਲ, ਨਿਯੁਕਤੀਆਂ ਆਦਿ ਦੇ ਹੱਕ ਕੇਂਦਰ ਨੂੰ ਦਿੱਤੇ ਗਏ, ਇਸ ਤਰਾਂ ਕੇਂਦਰ ਦੀ ਸਥਿਤੀ ਭਾਖੜਾ ਡੈਮ ਸੰਬੰਧੀ ਸਾਂਭ-ਸੰਭਾਲ ਕਰਨ ਵਾਲੀ ਇਕਾਈ ਵਜੋਂ ਹੈ; ਸੰਵਿਧਾਨ ਦੀ ਫ਼ੈਡਰਲਿਜ਼ਮ ਦੀ ਭਾਵਨਾ ਅਨੁਸਾਰ ਭਾਖੜਾ ਡੈਮ ਪ੍ਰਾਜੈਕਟ ਪ੍ਰਮੁੱਖ ਤੌਰ 'ਤੇ ਪੰਜਾਬ ਦੀ ਮਲਕੀਅਤ ਹੈ ਤੇ ਵੱਧ ਤੋਂ ਵੱਧ ਉਨਾਂ ਸੂਬਿਆਂ ਜਾਂ ਖੇਤਰਾਂ ਨੂੰ ਕੁਝ ਹੱਕ ਪ੍ਰਾਪਤ ਹਨ ਜੋ ਪੰਜਾਬ ਤੋਂ ਵੱਖ ਹੋਏ ਜਾਂ ਕਿਸੇ ਹੋਰ ਇਤਿਹਾਸਕ ਕਾਰਨ ਕਰਕੇ ਪੰਜਾਬ ਨਾਲ਼ ਜੁੜੇ ਹੋਏ ਹਨ। ਇਸ ਦੇ ਬਾਵਜੂਦ ਨਿਯਮਾਂ ਵਿੱਚ ਸੋਧ ਕਰਨ ਸਮੇਂ ਪੰਜਾਬ ਦੀ ਰਾਇ ਨਹੀਂ ਲਈ ਗਈ। ਪਹਿਲਾਂ ਦੇ ਨਿਯਮਾਂ ਅਤੇ ਰਵਾਇਤਾਂ ਅਨੁਸਾਰ ਬੋਰਡ ਦੇ ਮੈਂਬਰ ਆਪੋ-ਆਪਣੇ ਸੂਬੇ (ਪੰਜਾਬ ਤੇ ਹਰਿਆਣਾ) ਦੇ ਹਿੱਤਾਂ

**ਬਾਕੀ ਸਫ਼ਾ 32 'ਤੇ**

# ਰੂਸ ਯੂਕਰੇਨ ਵਿਚਾਲੇ ਤੇਜ਼ ਹੋਈ ਜੰਗ, ਵਿਸ਼ਵ ਜੰਗ ਦੀ ਬਣੀ ਸੰਭਾਵਨਾ

**✪ ਮਾਸਕੋ ਨੇ ਕੀਤਾ ਫ਼ੌਜੀ ਬੇਸ 'ਤੇ ਵੱਡਾ ਹਮਲਾ, 70 ਤੋਂ ਜ਼ਿਆਦਾ ਯੂਕਰੇਨੀ ਫ਼ੌਜੀਆਂ ਦੀ ਮੌਤ**

**✪ ਯੂਕਰੇਨ ਦਾ ਦਾਅਵਾ ਹੁਣ ਤੱਕ ਲੜਾਈ ਵਿੱਚ 5300 ਰੂਸੀ ਸੈਨਿਕ ਮਾਰੇ,14 ਰੂਸੀ ਜਹਾਜ਼ ਤੇ 102 ਟੈਂਕ ਬਰਬਾਦ , 352 ਯੂਕਰੇਨ ਨਾਗਰਿਕਾਂ ਦੀ ਮੌਤ ✪ ਜੰਗ ਕਾਰਣ 5 ਲੱਖ ਤੋਂ ਵੱਧ ਲੋਕਾਂ ਨੇ ਯੂਕਰੇਨ ਛੱਡਿਆ**

**ਕੀਵ:-** ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਖ਼ਤਰਨਾਕ ਜੰਗ ਨੂੰ ਹਫ਼ਤਾ ਹੋ ਚੁੱਕਾ ਹੈ ,ਅਮਰੀਕਾ ਦੀ ਅਗਵਾਈ ਵਿੱਚ ਨਾਟੋ ਪੱਖੀ ਦੇਸ਼ ਯੂਕਰੇਨ ਦੀ ਹਮਾਇਤ ਵਿੱਚ ਆਉਣ ਕਾਰਣ ਤੀਸਰੀ ਵਿਸ਼ਵ ਜੰਗ ਦੀ ਸੰਭਾਵਨਾ ਬਣ ਰਹੀ ਹੈ। ਰੂਸ ਨੇ ਐਟਮੀ ਹਥਿਆਰ ਤਾਇਨਾਤ ਕਰ ਦਿੱਤੇ ਹਨ। ਰੂਸ ਯੂਕਰੇਨ ਦੇ ਮਦਦਗ਼ਾਰ ਅਮਰੀਕਾ, ਫ਼ਰਾਂਸ ਤੇ ਯੂ.ਕੇ. ਤੋਂ ਖਿਝਿਆ ਹੋਇਆ ਹੈ। ਰੂਸੀ ਮਿਜ਼ਾਈਲ ਹਮਲਿਆਂ ਨਾਲ਼ ਯੂਕਰੇਨ ਕਾਫ਼ੀ ਤਬਾਹ ਹੋ ਚੁੱਕਾ ਹੈ ਪਰ ਫਿਰ ਵੀ ਯੂਕਰੇਨ ਰੂਸ ਅੱਗੇ ਝੁਕਣ ਨੂੰ ਤਿਆਰ ਨਹੀਂ ਹੈ। ਦਰਅਸਲ, ਰੂਸੀ ਫ਼ੌਜ ਦੇ ਹਮਲੇ ਵਿੱਚ 70 ਤੋਂ ਵੱਧ ਯੂਕਰੇਨ ਦੇ ਸੈਨਿਕ ਮਾਰੇ ਗਏ ਹਨ। ਓਖਤਿਰਕਾ ਵਿੱਚ ਸਥਿਤ ਮਿਲਟਰੀ ਬੇਸ ਨੂੰ ਤੋਪਖ਼ਾਨੇ ਨਾਲ਼ ਨਿਸ਼ਾਨਾ ਬਣਾਇਆ ਗਿਆ ਸੀ। ਓਖਤਿਰਕਾ ਸ਼ਹਿਰ ਖਾਰਕਿਵ ਤੇ ਕੀਵ ਦੇ ਵਿਚਕਾਰ ਸਥਿਤ ਹੈ। ਹਾਲਾਂਕਿ ਬੀਤੇ ਦਿਨੀਂ ਬੇਲਾਰੂਸ ਵਿੱਚ ਦੋਹਾਂ ਦੇਸ਼ਾਂ ਵਿਚਾਲੇ ਗੱਲਬਾਤ ਹੋਈ ਪਰ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਪਰ ਇਹ ਤੈਅ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਦੂਜੇ ਦੌਰ ਦੀ ਬੈਠਕ ਹੋਵੇਗੀ। ਯੂਕਰੇਨ ਚਾਹੁੰਦਾ ਹੈ ਕਿ ਰੂਸੀ ਫ਼ੌਜੀ ਬਿਨਾਂ ਸ਼ਰਤ ਵਾਪਸ ਆਉਣ। ਉਸ ਨੂੰ ਕ੍ਰੀਮੀਆ ਤੇ ਡਾਨਬਾਸ 'ਤੇ ਪੂਰਾ ਅਧਿਕਾਰ ਮਿਲਣਾ ਚਾਹੀਦਾ ਹੈ ਤੇ ਰੂਸ ਨੂੰ ਨਾਟੋ ਵਿੱਚ ਸ਼ਾਮਲ ਹੋਣ 'ਤੇ ਇਤਰਾਜ਼ ਨਹੀਂ ਕਰਨਾ ਚਾਹੀਦਾ। ਦੂਜੇ ਪਾਸੇ ਰੂਸ ਚਾਹੁੰਦਾ ਹੈ ਕਿ ਯੂਕਰੇਨ ਨਾਟੋ ਦਾ ਮੈਂਬਰ ਨਾ ਬਣੇ। ਉਸ ਨੂੰ ਮਿੰਸਕ ਸਮਝੌਤੇ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਤੇ ਨਾਲ਼ ਹੀ ਡਾਨਬਾਸ ਨੂੰ ਪੂਰੀ ਖ਼ੁਦਮੁਖ਼ਤਿਆਰੀ ਦੇਣੀ







ਚਾਹੀਦੀ ਹੈ। ਜੇਕਰ ਅਮਰੀਕਾ ਨਾਟੋ ਦਾ ਮੈਂਬਰ ਬਣਨ ਲਈ ਦਬਾਅ ਪਾਉਂਦਾ ਹੈ ਤਾਂ ਯੂਕਰੇਨ ਨੂੰ ਆਪਣੇ ਆਪ ਨੂੰ ਗ਼ੈਰ-ਗਠਜੋੜ ਵਾਲਾ ਦੇਸ਼ ਐਲਾਨ ਕਰਨਾ ਚਾਹੀਦਾ ਹੈ। ਦੋਵੇਂ ਦੇਸ਼ ਪਹਿਲਾਂ ਹੀ ਇੱਕ ਦੂਜੇ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਚੁੱਕੇ ਹਨ। ਜਾਣਕਾਰੀ ਅਨੁਸਾਰ ਹੁਣ ਇਹ ਦੋਵੇਂ ਦੇਸ਼ ਮੀਟਿੰਗ ਵਿੱਚ ਹੋਈਆਂ ਗੱਲਾਂ ਨੂੰ ਆਪੋ-ਆਪਣੇ ਸਲਾਹਕਾਰਾਂ ਕੋਲ਼ ਲੈ ਕੇ ਜਾਣਗੇ ਤੇ ਦੂਜੇ ਦੌਰ ਵਿੱਚ ਉਨਾਂ ਨੁਕਤਿਆਂ 'ਤੇ ਚਰਚਾ ਹੋਵੇਗੀ। ਬੇਲਾਰੂਸ ਵਿੱਚ ਹੋਈ ਗੱਲਬਾਤ ਵਿੱਚ ਰੂਸੀ ਵਫ਼ਦ ਦੇ ਮੁਖੀ ਵਲਾਦੀਮੀਰ ਮੇਡਿੰਸਕੀ ਨੇ ਕਿਹਾ ਕਿ ਹੁਣ ਰੂਸ-ਯੂਕਰੇਨ ਦੀ ਅਗਲੀ ਬੈਠਕ ਬੇਲਾਰੂਸ-ਪੋਲੈਂਡ ਸਰਹੱਦ 'ਤੇ ਹੋਵੇਗੀ। ਗੱਲਬਾਤ ਖ਼ਤਮ ਹੋਣ ਤੋਂ ਤੁਰੰਤ ਬਾਅਦ ਰੂਸ ਨੇ ਕੀਵ ਅਤੇ ਖਾਰਕਿਵ ਵਿੱਚ ਆਪਣੇ ਹਮਲੇ ਤੇਜ਼ ਕਰ ਦਿੱਤੇ। ਰੂਸ ਨੇ ਸਾਰੀਆਂ ਪ੍ਰਮਾਣੂ ਮਿਜ਼ਾਈਲਾਂ ਫ਼ਾਇਰਿੰਗ ਮੋਡ 'ਤੇ ਲਾ ਦਿੱਤੀਆਂ ਹਨ। ਸਟਾਫ਼ ਨੂੰ ਤਿਆਰ ਰਹਿਣ ਨੂੰ ਕਿਹਾ ਗਿਆ ਹੈ। ਉੱਧਰ ਰੂਸੀ ਫ਼ੌਜ ਨੇ ਯੂਕਰੇਨ ਦੇ ਦੋ ਸ਼ਹਿਰਾਂ ਬਰਡਿਯਾਂਸਕ ਤੇ ਅਨੇਰਹੋਦਾਰ 'ਤੇ ਕਬਜ਼ਾ ਕਰ ਲਿਆ ਹੈ। ਹਾਲਾਂਕਿ ਯੂਕਰੇਨ ਨੇ ਦਾਅਵਾ ਕੀਤਾ ਹੈ ਕਿ ਕੀਵ 'ਤੇ ਕਬਜ਼ਾ ਕਰਨ ਦੇ ਸਾਰੇ ਯਤਨਾਂ ਵਿੱਚ ਰੂਸ ਨਾਕਾਮ ਹੋਇਆ ਹੈ। ਰੂਸੀ ਸੈਨਿਕਾਂ ਨੂੰ ਯੂਕਰੇਨ ਤੋਂ ਸਖ਼ਤ ਮੁਕਾਬਲਾ ਮਿਲ ਰਿਹਾ ਹੈ। ਮਾਰਿਓਪੋਲ ਜੋ ਇੱਕ ਬੰਦਰਗਾਹ ਸ਼ਹਿਰ ਹੈ, ਲਈ ਲੜਾਈ ਜਾਰੀ ਹੈ। ਯੂਕਰੇਨ ਅਧਿਕਾਰੀ ਸ਼ਹਿਰ ਦੀ ਰੱਖਿਆ ਕਰਨ ਲਈ ਤਿਆਰ ਕਿਸੇ ਵੀ ਵਿਅਕਤੀ ਨੂੰ ਹਥਿਆਰ ਸੌਂਪ ਰਹੇ ਹਨ।

**ਬਾਕੀ ਸਫ਼ਾ 31 'ਤੇ**

# ਝਾਰਖੰਡ ਵਿੱਚ 150 ਸਿੱਖਾਂ ਦਾ ਈਸਾਈਕਰਨ

**✪ ਭੰਨਤੋੜ ਤੇ ਸਾੜ-ਫੂਕ ਕਰਨ 'ਤੇ 100 ਖਿਲਾਫ਼ ਐੱਫ.ਆਈ.ਆਰ.**

**✪ ਧਰਮ ਪਰਿਵਰਤਨ ਨੂੰ ਲੈ ਕੇ ਹਿੰਦੂ ਸੰਗਠਨਾਂ ਤੇ ਸਿੱਖ ਸੰਗਠਨਾਂ ਵਿੱਚ ਗੁੱਸਾ**

ਜਮਸ਼ੇਦਪੁਰ : ਝਾਰਖੰਡ ਦੇ ਗੋਲਮੁਰੀ ਦੇ ਟਿਨਪਲੇਟ ਨਾਨਕ ਨਗਰ ਵਿੱਚ 150 ਸਿੱਖਾਂ ਦੇ ਧਰਮ ਪਰਿਵਰਤਨ ਤੇ ਉਸ ਤੋਂ ਪੈਦਾ ਗੁੱਸੇ ਨੂੰ ਲੈ ਕੇ ਹੰਗਾਮਾ ਕਰਨ ਵਿੱਚ ਚਾਰ ਅਲੱਗ-ਅਲੱਗ ਐੱਫ.ਆਈ.ਆਰ. ਦਰਜ ਹੋਈਆਂ ਹਨ। ਧਰਮ ਪਰਿਵਰਤਨ ਦੇ ਵਿਰੋਧ ਵਿੱਚ ਬੀਤੇ ਦਿਨੀਂ ਪੰਜ ਘੰਟੇ ਤੱਕ ਹੰਗਾਮਾ ਹੋਇਆ ਸੀ। ਇਸ ਦੌਰਾਨ ਭੰਨਤੋੜ ਤੇ ਸਾੜ-ਫੂਕ ਵੀ ਕੀਤੀ ਗਈ ਸੀ। ਸਰਕਾਰੀ ਕੰਮ ਵਿੱਚ ਰੁਕਾਵਟ ਪਹੁੰਚਾਉਣ, ਜਲੂਸ ਕੱਢ ਕੇ ਪ੍ਰਦਰਸ਼ਨ ਕਰਨ, ਭੰਨਤੋੜ ਤੇ ਸਾੜ-ਫੂਕ ਕਰਨ ਤੇ ਕੋਰੋਨਾ ਗਾਈਡਲਾਈਨਜ਼ ਦੀ ਉਲੰਘਣਾ ਕਰਨ ਦੇ ਮਾਮਲੇ ਵਿੱਚ 16 ਲੋਕਾਂ ਖ਼ਿਲਾਫ਼ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਉੱਥੇ 100 ਅਣਪਛਾਤੇ ਲੋਕਾਂ ਖ਼ਿਲਾਫ਼ ਵੱਖ ਤੋਂ ਕੇਸ ਦਰਜ ਕੀਤੇ ਗਏ ਹਨ। ਨਿਆਇਕ ਅਧਿਕਾਰੀ ਕੇ. ਰਵੀ ਸ਼ੰਕਰ ਭਾਰਤੀ ਦੀ ਸ਼ਿਕਾਇਤ 'ਤੇ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ।

ਉੱਧਰ, ਰਵੀ ਸਿੰਘ ਤੇ ਵਿਸ਼ਵਜੀਤ ਸਿੰਘ ਖ਼ਿਲਾਫ਼ ਪੰਜ ਹਜ਼ਾਰ ਰੁਪਏ ਦਾ ਲਾਲਚ ਦੇ ਕੇ ਧਰਮ ਪਰਿਵਰਤਨ ਕਰਾਉਣ ਦਾ ਦੋਸ਼ ਲਗਾਉਂਦੇ ਹੋਏ ਗੋਬਿੰਦਪੁਰ ਥਾਣਾ ਖੇਤਰ ਦੀ ਮਹਿਲਾ ਐੱਮ. ਸਾਈ ਕੁਮਾਰ ਪਦਮਾ ਦੀ ਸ਼ਿਕਾਇਤ 'ਤੇ ਝਾਰਖੰਡ ਫ਼੍ਰੀਡਮ ਆਫ਼ ਰਿਲੀਜੀਅਨ ਐਕਟ ਦੇ ਤਹਿਤ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਪੁਲਿਸ ਨੇ ਬੀਤੇ ਐਤਵਾਰ ਨੂੰ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਰਵੀ ਸਿੰਘ ਨੂੰ ਗੋਲਮੁਰੀ ਥਾਣੇ ਪੁੱਛਗਿੱਛ ਲਈ ਬੁਲਾਇਆ ਸੀ। ਇਸ ਤੋਂ ਬਾਅਦ ਉਸ ਨੂੰ ਛੱਡ ਦਿੱਤਾ ਗਿਆ। ਪੁਲਿਸ ਉਸ 'ਤੇ ਲੱਗੇ ਦੋਸ਼ ਦੀ ਜਾਂਚ ਕਰ ਰਹੀ ਹੈ।

## ਘਰ ਵਾਪਸੀ ਲਈ ਹੋ ਰਹੀ ਕੋਸ਼ਿਸ਼

ਧਰਮ ਪਰਿਵਰਤਨ ਨੂੰ ਲੈ ਕੇ ਹਿੰਦੂ ਸੰਗਠਨਾਂ ਤੇ ਸਿੱਖ ਸੰਗਠਨਾਂ ਵਿੱਚ ਗੁੱਸਾ ਹੈ। ਇਹ ਸੰਗਠਨ ਪ੍ਰਸ਼ਾਸਨ 'ਤੇ ਇਸ ਮਾਮਲੇ 'ਚ ਕਾਰਵਾਈ ਕਰਨ ਲਈ ਦਬਾਅ ਬਣਾ ਰਹੇ ਹਨ। ਝਾਰਖੰਡ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪਰਿਵਰਤਨ ਕਰਨ ਵਾਲੇ ਪਰਿਵਾਰਾਂ ਦੀ ਘਰ ਵਾਪਸੀ ਕਰਾਉਣ ਦੀ ਗੱਲ ਕਹਿ ਰਹੀ ਹੈ। ਕਮੇਟੀ ਦੇ ਪ੍ਰਧਾਨ ਸਰਦਾਰ ਸ਼ੈਲੇਂਦਰ ਸਿੰਘ ਦਾ ਦਾਅਵਾ ਹੈ ਕਿ ਬਾਰੀਡੀਹ, ਬਿਰਸਾਨਗਰ, ਬਾਰੀਡੀਹ ਬਸਤੀ ਟਿਨਪਲੇਟ 'ਚ ਕਈ ਪਰਿਵਾਰ ਹਨ, ਜਿਹੜੇ ਘਰ ਵਾਪਸੀ ਲਈ ਤਿਆਰ ਹਨ। ਕਈ ਪਰਿਵਾਰਾਂ ਦੀ ਘਰ ਵਾਪਸੀ ਕਰਾਉਣ ਵਿੱਚ ਸਿੱਖ ਸੰਗਠਨ ਸਫ਼ਲ ਵੀ ਹੋਏ ਹਨ।

**ਬਾਕੀ ਸਫ਼ਾ 31 'ਤੇ**

# ਜਲਾਵਤਨੀ ਯੋਧਿਆਂ ਤੇ ਫ਼ਰੈਂਕਫੋਰਟ ਦੀਆਂ ਸੰਗਤਾਂ ਵੱਲੋਂ ਦੀਪ ਸਿੱਧੂ ਦੀ ਯਾਦ 'ਚ ਸਹਿਜ ਪਾਠ ਦੇ ਭੋਗ












**ਫ਼ਰੈਂਕਫੋਰਟ/ਏ.ਟੀ.ਨਿਊਜ਼:-** ਕੌਮੀ ਹੀਰੋ ਦੀਪ ਸਿੱਧੂ ਦੀ ਯਾਦ ਵਿੱਚ ਹੀ ਜਲਾਵਤਨੀ ਯੋਧਿਆਂ ਤੇ ਫ਼ਰੈਂਕਫੋਰਟ ਦੀਆਂ ਸੰਗਤਾਂ ਵੱਲੋਂ ਬੀਤੇ ਦਿਨੀਂ ਸਹਿਜ ਪਾਠ ਦੇ ਭੋਗ ਪਾਏ ਗਏ ਤੇ ਵੀਰ ਸਿੱਧੂ ਦੀ ਯਾਦ ਵਿੱਚ ਦੀਵਾਨ ਸਜਾਏ ਗਏ। ਉੱਭਰਦੇ ਭੁੰਝਗੀ ਜੱਥੇ 'ਭੰਡਾਲ ਬਰਾਦਰ' ਨੇ ਵਾਰਾਂ ਗਾ ਕੇ ਸੰਗਤਾਂ ਵਿੱਚ ਜੋਸ਼ ਭਰ ਦਿੱਤਾ। ਸਟਾਲਨ ਤੋਂ ਆਏ ਕਵੀਸ਼ਰੀ ਜੱਥੇ ਦੀਆਂ ਬੀਰ ਰਸੀ ਵਾਰਾਂ, ਚੱਲ ਰਹੇ ਗੁਰੂ ਕੇ ਲੰਗਰ ਤੇ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਤੋਂ ਇੰਜ ਲੱਗ ਰਿਹਾ ਸੀ ਜਿਵੇਂ ਕੋਈ 'ਸ਼ਹੀਦੀ ਜੋੜ ਮੇਲਾ ਹੋਵੇ' ਲੋਕਾਂ ਦਾ ਕੌਮੀ ਯੋਧੇ ਪ੍ਰਤੀ ਪਿਆਰ ਤੇ ਸਤਿਕਾਰ ਉਨਾਂ ਦੀ ਹਾਜ਼ਰੀ ਤੋਂ ਝਲਕਦਾ ਸੀ।

ਜਰਮਨ ਭਰ ਦੇ ਕੋਨੇ-ਕੋਨੇ ਤੋਂ ਸੰਗਤਾਂ ਨੇ ਹਾਜ਼ਰੀ ਲਵਾਈ ਤੇ ਆਪਣੀ ਕੌਮ ਦੇ ਯੋਧੇ ਨੂੰ ਅਕੀਦਤ ਦੇ ਫੁੱਲ ਭੇਂਟ ਕੀਤੇ। ਜੁਝਾਰੂ ਵੀਰਾਂ ਨੇ ਪਰਿਵਾਰਾਂ ਸਮੇਤ ਹਾਜ਼ਰੀ ਲਵਾਈ। ਬਾਬਾ ਗੁਰਦੀਪ ਸਿੰਘ ਜੀ ਪਰਦੇਸੀ ਹੋਰਾਂ ਨੂੰ ਇੱਕ ਖ਼ਾਸ ਬੈਨਰ ਨਾਲ਼ ਸਨਮਾਨਿਤ ਕਰਨ ਲਈ ਇੱਕ ਨੌਜਵਾਨ ਸਿੰਘਾਂ ਦਾ ਜੱਥਾ ਸਵਿਟਜ਼ਰਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚਿਆ। ਖ਼ਾਸ ਗੱਲ ਇਹ ਹੈ ਕਿ ਬੜੇ ਅਰਸੇ ਬਾਅਦ ਸੰਗਤਾਂ ਦਾ ਇਹ ਮਹਾਂ-ਇਕੱਠ ਇੱਕ ਮੇਲੇ ਵਰਗਾ ਰੂਪ ਧਾਰ ਗਿਆ। ਲੰਗਰ ਵੀ ਸ਼ਿਫ਼ਟਾਂ ਵਿੱਚ ਛਕਾਇਆ ਗਿਆ। ਇਹ ਹੈ ਜਰਮਨ ਵਸਦੀਆਂ ਸੰਗਤਾਂ ਦਾ ਸ਼ਹੀਦਾਂ ਪ੍ਰਤੀ ਮੋਹ ਪਿਆਰ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜਰਮਨ ਸਿੱਖ ਫ਼ੈਡਰੇਸ਼ਨ ਦੇ ਵੀਰ ਗੁਰਮੀਤ ਸਿੰਘ ਖਨਿਆਣ ਹੋਰਾਂ ਨੇ ਦੀਪ ਸਿੱਧੂ ਦੀ ਅੰਤਿਮ ਅਰਦਾਸ ਮੌਕੇ ਲੱਖਾਂ ਦੇ ਇਕੱਠ ਵਿੱਚ ਕੌਮੀ ਮਾਤਾ ਦਾ, 'ਵਾਰਿਸ ਪੰਜਾਬ ਦੇ' ਗੋਲ਼ਡ ਮੈਡਲ ਨਾਲ਼ ਸਨਮਾਨ ਕੀਤਾ ਜੋ ਕਿ ਜਰਮਨ ਵਾਲਿਆਂ ਲਈ ਮਾਣ ਵਾਲ਼ੀ ਗੱਲ ਹੈ। ਸੋ, ਅਖ਼ੀਰ ਵਿੱਚ ਆਈਆਂ ਸੰਗਤਾਂ ਦਾ ਤੇ ਚੜਦੀ ਕਲਾ ਵਾਲੇ ਬੁਲਾਰਿਆਂ ਦਾ ਕੋਟਨਿ ਕੋਟ ਧੰਨਵਾਦ।



# ਪੰਜਾਬੀ ਸੰਗੀਤ ਅਤੇ ਕਵਿਤਾ ਦੇ ਸੁਪਰਸਟਾਰ ਸਤਿੰਦਰ ਸਰਤਾਜ ਯੂ.ਕੇ ਯੂਨੀਵਰਸਿਟੀ ਦੇ ਵਿਸ਼ੇਸ਼ ਦੌਰੇ 'ਤੇ

## 150 ਸਾਲਾਂ ਦੇ ਇਤਿਹਾਸ ਵਿੱਚ ਰਾਇਲ ਐਲਬਰਟ ਹਾਲ ਵਿੱਚ ਫ਼ਿਲਮਾਇਆ ਜਾਣ ਵਾਲਾ ਪਹਿਲਾ ਸੰਗੀਤ ਵੀਡੀਓ 'ਨਾਦਾਨ ਜੇਹੀ ਆਸ'







**ਲੰਡਨ/ਏ.ਟੀ.ਨਿਊਜ਼:-** ਮੰਨੇ-ਪ੍ਰਮੰਨੇ ਭਾਰਤੀ ਗਾਇਕ, ਸੰਗੀਤਕਾਰ, ਅਭਿਨੇਤਾ ਅਤੇ ਕਵੀ ਸਤਿੰਦਰ ਸਰਤਾਜ ਨੇ ਬਰਮਿੰਘਮ ਸਿਟੀ ਯੂਨੀਵਰਸਿਟੀ ਦਾ ਦੌਰਾ ਕੀਤਾ ਅਤੇ ਬ੍ਰਿਟੇਨ ਦੇ ਮਿਲਣ ਵਾਲੇ ਦੌਰੇ ਤੋਂ ਪਹਿਲਾਂ ਸਟਾਫ਼ ਅਤੇ ਵਿਦਿਆਰਥੀਆਂ ਨਾਲ਼ ਗੱਲਬਾਤ ਕੀਤੀ। ਅੰਤਰਿਮ ਪ੍ਰਿੰਸੀਪਲ ਡਾ. ਸ਼ਰਲੀ ਥੌਮਸਨ ਦੇ ਨਾਲ਼ £57m ਦੇ ਅਤਿ-ਆਧੁਨਿਕ ਰਾਇਲ ਬਰਮਿੰਘਮ ਕੰਜ਼ਰਵੇਟੋਇਰ ਦੇ ਦੌਰੇ ਤੋਂ ਬਾਅਦ, ਸੂਫ਼ੀ ਸੁਪਰਸਟਾਰ ਨੇ ਕੰਜ਼ਰਵੇਟੋਇਰ ਅਤੇ ਸਕੂਲ ਆਫ਼ ਮੀਡੀਆ ਦੇ ਸਟਾਫ਼ ਅਤੇ ਵਿਦਿਆਰਥੀਆਂ ਦੇ ਨਾਲ਼-ਨਾਲ਼ ਯੂਨੀਵਰਸਿਟੀ ਅਤੇ ਰਾਜਨੀਤੀ, ਬੈਂਕਿੰਗ ਅਤੇ ਸੰਗੀਤ ਦੀ ਦੁਨੀਆ ਦੇ ਮਹਿਮਾਨਾਂ ਦੇ ਨਾਲ਼ ਇੱਕ ਵਿਸ਼ੇਸ਼ ਪ੍ਰਸ਼ਨ-ਉੱਤਰ ਸੈਸ਼ਨ ਵਿੱਚ ਹਿੱਸਾ ਲਿਆ।

ਬ੍ਰਿਟ-ਏਸ਼ੀਆ ਟੀਵੀ ਪੇਸ਼ਕਾਰ ਰਾਜ ਸ਼ੋਕਰ ਅਤੇ ਬਰਮਿੰਘਮ ਸਿਟੀ ਯੂਨੀਵਰਸਿਟੀ ਸੰਗੀਤ ਉਦਯੋਗ ਦੀ ਵਿਦਿਆਰਥੀ ਕੋਰੀਨ ਸਟੀਵਰਟ ਦੀ ਅਗਵਾਈ ਵਾਲੇ, ਸੈਸ਼ਨ ਵਿੱਚ ਸਰਤਾਜ ਦੇ ਨਵੀਨਤਮ ਸੰਗੀਤ ਵੀਡੀਓ ਦੀ ਸਕ੍ਰੀਨਿੰਗ ਵੀ ਦਿਖਾਈ ਗਈ। ਸਤਿੰਦਰ ਸਰਤਾਜ ਦਾ ਨਵਾਂ ਗੀਤ 'ਨਾਦਾਨ ਜੇਹੀ ਆਸ' ਦੇ ਨਾਮ ਨਾਲ਼ ਰੀਲੀਜ਼ ਕੀਤਾ ਗਿਆ, ਇਹ 150 ਸਾਲਾਂ ਦੇ ਇਤਿਹਾਸ ਵਿੱਚ ਰਾਇਲ ਐਲਬਰਟ ਹਾਲ ਵਿੱਚ ਫ਼ਿਲਮਾਇਆ ਜਾਣ ਵਾਲਾ ਪਹਿਲਾ ਸੰਗੀਤ ਵੀਡੀਓ ਹੈ ਜਿਸ 'ਚ ਬ੍ਰਿਟਿਸ਼-ਭਾਰਤੀ ਮਾਡਲ ਅਤੇ ਵਿਟਿਲਿਗੋ ਜਾਗਰੂਕਤਾ ਪ੍ਰਚਾਰਕ ਜਸਰੂਪ ਸਿੰਘ ਨੂੰ ਪੇਸ਼ ਕੀਤਾ ਗਿਆ ਹੈ। ਸ਼ੁੱਕਰਵਾਰ 25 ਫ਼ਰਵਰੀ ਨੂੰ ਇਹ ਰੀਲੀਜ਼ ਕੀਤਾ ਗਿਆ ਤੇ ਇਸ ਗੀਤ ਦੇ ਹੁਣ ਤੱਕ 1.5 ਮਿਲੀਅਨ ਤੋਂ ਵੱਧ ਵਿਊਜ਼ ਆ ਗਏ ਹਨ। ਸਤਿੰਦਰ ਸਰਤਾਜ ਦਾ ਦੌਰਾ ਬਰਮਿੰਘਮ ਸਿਟੀ ਯੂਨੀਵਰਸਿਟੀ ਦੇ ਭਾਰਤ ਨਾਲ਼ ਸੱਭਿਆਚਾਰਕ, ਵਪਾਰਕ, ਸਿਆਸੀ ਅਤੇ ਅਕਾਦਮਿਕ ਸੰਬੰਧਾਂ ਨੂੰ ਹੋਰ ਵਿਕਸਤ ਕਰਨ ਲਈ ਚੱਲ ਰਹੇ ਕੰਮ ਦਾ ਹਿੱਸਾ ਹੈ।

ਕੋਰੀਨ ਸਟੀਵਰਟ, ਜੋ ਬਰਮਿੰਘਮ ਸਕੂਲ ਆਫ਼ ਮੀਡੀਆ ਵਿੱਚ ਤਿੰਨ ਸਾਲਾਂ ਦੀ ਸੰਗੀਤ ਇੰਡਸਟਰੀ ਦੀ ਡਿਗਰੀ ਦੇ ਦੂਜੇ ਸਾਲ ਵਿੱਚ ਹੈ। ਉਸ ਨੇ ਕਿਹਾ, 'ਸਤਿੰਦਰ ਸਰਤਾਜ ਨੂੰ ਮਿਲਣਾ ਇੱਕ ਅਸਲ ਅਤੇ ਪ੍ਰੇਰਨਾਦਾਇਕ ਅਨੁਭਵ ਸੀ। ਉਸਦੀ ਪ੍ਰਸਿੱਧੀ ਦੇ ਪੱਧਰ 'ਤੇ ਕੋਈ ਵਿਅਕਤੀ ਮੇਰੇ ਸਵਾਲਾਂ ਦੇ ਜਵਾਬ ਦੇਣ ਵੇਲੇ ਇੰਨਾ ਨਿਮਰ ਅਤੇ ਦਿਆਲੂ ਸੀ ਕਿ ਮੈਨੂੰ ਬਹੁਤ ਆਰਾਮਦਾਇਕ ਮਹਿਸੂਸ ਹੋਇਆ ਕਿਉਂਕਿ ਇਹ ਮੇਰੀ ਪਹਿਲੀ ਵਿਅਕਤੀਗਤ ਇੰਟਰਵਿਊ ਸੀ।

ਸਤਿੰਦਰ ਸਰਤਾਜ ਦੁਆਰਾ ਮੇਰੇ ਸਵਾਲਾਂ ਦੇ ਡੂੰਘਾਈ ਨਾਲ਼ ਦਿੱਤੇ ਜਵਾਬਾਂ ਨੇ ਸੱਚਮੁੱਚ ਮੈਨੂੰ ਉਸ ਨੂੰ ਸਮਝਣ ਵਿੱਚ ਮਦਦ

**ਬਾਕੀ ਸਫ਼ਾ 31 'ਤੇ**

# ਸਾਕਾ ਨਕੋਦਰ ਕੇਸ ਸੰਬੰਧੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਅਗਲੀ ਸੁਣਵਾਈ 10 ਮਾਰਚ 2022 ਨੂੰ



**ਸੈਕਰਾਮੈਂਟੋ/ਏ.ਟੀ.ਨਿਊਜ਼ :-** 4 ਫ਼ਰਵਰੀ 1986 ਨੂੰ ਵਾਪਰੇ ਸਾਕਾ ਨਕੋਦਰ ਸੰਬੰਧੀ ਬਾਪੂ ਬਲਦੇਵ ਸਿੰਘ ਜੀ ਪਿਤਾ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ ਵਲੋਂ ਵਕੀਲ ਸ੍ਰੀ ਹਰੀ ਚੰਦ ਜੀ ਅਰੋੜਾ ਰਾਹੀਂ ਪੰਜਾਬ ਅਤੇ ਹਰਿਆਣਾ ਉੱਚ ਅਦਾਲਤ ਵਿੱਚ 8 ਮਾਰਚ 2019 ਨੂੰ ਪਟੀਸ਼ਨ ਦਾਖਲ ਕਰਕੇ ਮੰਗ ਕੀਤੀ ਸੀ ਕਿ ਇਸ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਵਾਈ ਜਾਵੇ ਤੇ ਦੋਸ਼ੀਆਂ ਵਿਰੁੱਧ ਆਈਪੀਸੀ ਦੀ ਧਾਰਾ 302 ਤਹਿਤ ਕੇਸ ਦਰਜ ਕੀਤਾ ਜਾਵੇ।

ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਨਕੋਦਰ ਵਿਚ 4 ਫ਼ਰਵਰੀ 1986 ਨੂੰ ਪੁਲਿਸ ਦੀਆਂ ਗੋਲੀਆਂ ਨਾਲ ਮਾਰੇ ਗਏ ਚਾਰ ਸਿੱਖ ਨੌਜਵਾਨਾਂ ਰਵਿੰਦਰ ਸਿੰਘ ਲਿੱਤਰਾਂ, ਹਰਮਿੰਦਰ ਸਿੰਘ ਚਲੂਪਰ, ਬਲਧੀਰ ਸਿੰਘ ਰਾਮਗੜ੍ਹ ਤੇ ਝਿਲਮਣ ਸਿੰਘ ਗੋਰਸੀਆਂ ਦੇ ਮਾਮਲੇ ਵਿਚ ਪੰਜਾਬ ਦੇ ਸਾਬਕਾ ਪ੍ਰਿੰਸੀਪਲ ਸਕੱਤਰ ਦਰਬਾਰਾ ਸਿੰਘ ਗੁਰੂ, ਸਾਬਕਾ ਪੁਲਿਸ ਮੁਖੀ ਮੁਹੰਮਦ ਇਜ਼ਹਾਰ ਆਲਮ ਤੇ ਪੰਜਾਬ ਸਰਕਾਰ ਨੂੰ 22 ਜੁਲਾਈ 2019 ਨੂੰ ਨੋਟਿਸ ਜਾਰੀ ਕੀਤਾ ਸੀ । ਗੁਰੂ ਤੇ ਆਲਮ ਉਸ ਵੇਲੇ ਸੀਨੀਅਰ ਅਕਾਲੀ ਲੀਡਰ ਸਨ । ਇਨਾਂ ਤੇ ਪੰਜਾਬ ਸਰਕਾਰ ਨੂੰ 14 ਅਗਸਤ 2019 ਤੱਕ ਜਵਾਬ ਦਾਖ਼ਲ ਕਰਨ ਲਈ ਕਿਹਾ ਗਿਆ ਸੀ। 22 ਜੁਲਾਈ 2019 ਨੂੰ ਨੋਟਿਸ ਜਾਰੀ ਹੋਣ ਤੋਂ ਬਾਅਦ ਹੁਣ ਪਹਿਲੀ ਵਾਰ 10 ਮਾਰਚ 2022 ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸਾਕਾ ਨਕੋਦਰ ਕੇਸ ਬਾਰੇ ਅਗਲੀ ਸੁਣਵਾਈ ਹੋਵੇਗੀ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ 2 ਮਾਰਚ 2022 ਤੋਂ ਕੇਸਾਂ ਦੀ ਮੁੜ ਤੋਂ ਸੁਣਵਾਈ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। 2019 ਤੋਂ ਕੋਵਿਡ-19 ਦੇ ਕਰਕੇ ਕੇਸਾਂ ਨੂੰ ਬਿਨਾਂ ਸੁਣਵਾਈ ਤੋਂ ਹੀ ਅਗਲੀ ਤਾਰੀਕ ਪਾ ਦਿੱਤੀ ਜਾਂਦੀ ਸੀ।

ਇਜ਼ਹਾਰ ਆਲਮ ਦਾ 6 ਜੁਲਾਈ 2021 ਨੂੰ ਦਿਹਾਂਤ ਹੋ ਗਿਆ ਸੀ ਤੇ ਉਹ ਬਿਨਾਂ ਕਿਸੇ ਸੁਣਵਾਈ ਜਾਂ ਸਜ਼ਾ ਦੇ ਇਸ ਦੁਨੀਆਂ ਤੋਂ ਚਲਾ ਗਿਆ। ਬਾਦਲਾਂ ਦੇ ਖਾਸਮ-ਖ਼ਾਸ ਅਤੇ ਤਿੰਨ ਬਾਰ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੇ ਐੱਮ ਐੱਲ ਏ ਅਤੇ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਹਰ ਵਾਰ ਹਾਰ ਦਾ ਮੂੰਹ ਦੇਖਣ ਵਾਲੇ ਪ੍ਰਕਾਸ਼ ਸਿੰਘ ਬਾਦਲ ਦੇ ਸਾਬਕਾ ਪ੍ਰਿੰਸੀਪਲ ਸਕੱਤਰ ਦਰਬਾਰਾ ਸਿੰਘ ਗੁਰੂ 2022 ਦੀਆਂ ਅਸੈਂਬਲੀ ਚੋਣਾਂ ਵੇਲੇ 4 ਫ਼ਰਵਰੀ 2022 ਨੂੰ ਕਾਂਗਰਸ ਪਾਰਟੀ ਵਿੱਚ ਰਲ ਗਏ ਸੀ।

ਉਮੀਦ ਹੈ ਕਿ ਹਾਈਕੋਰਟ ਸਾਕੇ ਦੇ ਬਾਕੀ ਬਚੇ ਦੋਸ਼ੀਆਂ ਨੂੰ ਜਲਦੀ ਸਜ਼ਾ ਦੇ ਕੇ 36 ਸਾਲਾਂ ਤੋਂ ਇਨਸਾਫ਼ ਲਈ ਚਾਰਾਜ਼ੋਈ ਕਰ ਰਹੇ ਪੀੜਤ ਪਰਿਵਾਰਾਂ ਦੇ ਜ਼ਖਮਾਂ 'ਤੇ ਮਲਹਮ ਲਗਾਏਗੀ। ਪੰਜਾਬ ਦੀਆਂ ਸਰਕਾਰਾਂ ਤੇ ਰਾਜਨੀਤਕ ਨੇਤਾਵਾਂ ਨੇ ਲਗਭਗ ਚਾਰ ਦਹਾਕਿਆਂ ਬੀਤਣ ਤੇ ਵੀ ਇਸ ਖ਼ੂਨੀ ਸਾਕੇ ਤੇ ਹੁਣ ਤੱਕ ਕੇਵਲ ਰਾਜਨੀਤੀ ਹੀ ਕੀਤੀ ਹੈ ਅਤੇ ਦੋਸ਼ੀਆਂ ਨੂੰ ਸਜਾਵਾਂ ਦੇਣ ਲਈ ਕੋਈ ਵੀ ਬਣਦੀ ਕਾਰਵਾਈ ਨਹੀਂ ਕੀਤੀ।

ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਨਕੋਦਰ ਦੇ ਗੁਰੂ ਨਾਨਕਪੁਰਾ ਮੁਹੱਲੇ ਦੇ ਗੁਰਦੁਆਰਾ ਗੁਰੂ ਅਰਜਨ ਦੇਵ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਸਰੂਪ ਅਗਨ-ਭੇਟ ਹੋਏ ਸਨ। ਇਸ ਦੇ ਵਿਰੋਧ ਵਿਚ ਸ਼ਾਂਤਮਈ ਢੰਗ ਨਾਲ ਰੋਸ ਵਿਖਾਵਾ ਕਰ ਰਹੇ ਸਿੱਖਾਂ ਉੱਪਰ 4 ਫਰਵਰੀ 1986 ਨੂੰ ਪੰਜਾਬ ਪੁਲਿਸ ਨੇ ਅੰਨੇਵਾਹ ਗੋਲੀਆਂ ਚਲਾ ਦਿੱਤੀਆਂ ਸਨ ਤੇ ਚਾਰ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ, ਹਰਮਿੰਦਰ ਸਿੰਘ ਚਲੂਪਰ, ਬਲਧੀਰ ਸਿੰਘ ਰਾਮਗੜ੍ਹ ਤੇ ਝਿਲਮਣ ਸਿੰਘ ਗੋਰਸੀਆਂ ਸ਼ਹੀਦ ਹੋਏ ਸਨ। ਫਿਰ ਉਨਾਂ ਦੀਆਂ ਦੇਹਾਂ ਵੀ ਪਰਿਵਾਰਾਂ ਨੂੰ ਨਾ ਦੇ ਕੇ ਉਨਾਂ ਦਾ ਅੰਤਿਮ ਸੰਸਕਾਰ ਲਾਵਾਰਿਸ ਕਹਿ ਕੇ ਕਰ ਦਿੱਤਾ ਗਿਆ।

ਉਦੋਂ ਤੋਂ ਲੈ ਕੇ ਹੁਣ ਤਕ ਪੀੜਤ ਪਰਿਵਾਰ ਤੇ ਸਿੱਖ ਜਥੇਬੰਦੀਆਂ ਇਨਸਾਫ ਦੀ ਮੰਗ ਕਰਦੇ ਆ ਰਹੇ ਹਨ। ਪੰਜਾਬ ਵਿਧਾਨ ਸਭਾ 'ਚ ਵੀ ਇਸ ਮਾਮਲੇ ਦੀ ਗੂੰਜ ਪੈਂਦੀ ਰਹੀ ਹੈ। ਸਾਕਾ ਬਹਿਬਲ ਕਲਾਂ ਮਾਮਲੇ ਵਾਂਗ ਹੀ ਇਸ ਸਾਕੇ ਦੀ ਵਿਸ਼ੇਸ਼ ਪੁਲਿਸ ਜਾਂਚ

**ਬਾਕੀ ਸਫ਼ਾ 31 'ਤੇ**

# ਸਿੱਖਾਂ ਵੱਲੋਂ ਲੰਡਨ ਵਿੱਚ ਨਾਗਰਿਕਤਾ ਵਾਪਿਸ ਲੈਣ ਦੇ ਸੋਧ ਬਿੱਲ ਖ਼ਿਲਾਫ਼ ਰੋਸ ਪ੍ਰਦਰਸ਼ਨ




ਲੰਡਨ 'ਚ ਰੋਸ ਪ੍ਰਦਰਸ਼ਨ ਕਰਦੇ ਹੋਏ ਵੱਖ ਵੱਖ ਭਾਈਚਾਰਿਆਂ ਦੇ ਲੋਕ। ਤਸਵੀਰ: ਮਨਪ੍ਰੀਤ ਸਿੰਘ ਬੱਧਨੀ ਕਲਾਂ

**ਲੰਡਨ-** ਲੰਡਨ 'ਚ ਨਾਗਰਿਕਤਾ ਵਾਪਿਸ ਲੈਣ ਦੇ ਬਿੱਲ ਤੇ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਖ਼ਿਲਾਫ਼ ਜ਼ਬਰਦਸਤ ਰੋਸ ਪ੍ਰਦਰਸ਼ਨ ਹੋਇਆ, ਜਿਸ ਵਿੱਚ ਸਿੱਖ ਭਾਈਚਾਰੇ ਸਮੇਤ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨੇ ਹਿੱਸਾ ਲਿਆ। ਇਸ ਪ੍ਰਦਰਸ਼ਨ ਲਈ ਸਿੱਖ ਕੌਂਸਲ ਯੂ.ਕੇ., ਕੇਸਰੀ ਲਹਿਰ, ਸਟਾਪ ਦ ਵਾਰ ਕੁਲੀਸ਼ਨ, ਕੇਜ਼, ਐੱਫ.ਓ.ਏ. ਬੀ. ਐੱਲ.ਐੱਮ.ਐੱਮ ਸਮੇਤ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਨਸਲਵਾਦ ਰੋਕਣ ਦਾ ਸੱਦਾ ਦਿੱਤਾ ਗਿਆ । ਗ੍ਰਹਿ ਵਿਭਾਗ ਦੇ ਦਫ਼ਤਰ, ਪਾਰਲੀਮੈਂਟ ਸੁਕੇਅਰ ਸਮੇਤ ਲੰਡਨ ਦੀਆਂ ਕਈ ਥਾਵਾਂ 'ਤੇ ਲੋਕਾਂ ਨੇ ਵੱਡਾ ਮਾਰਚ ਕੱਢਿਆ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਇਹ ਕਾਨੂੰਨ ਘੱਟ ਗਿਣਤੀਆਂ, ਸ਼ਰਨਾਰਥੀਆਂ ਦੇ ਅਧਿਕਾਰਾਂ ਨੂੰ ਕੁਚਲਣ ਵਾਲਾ ਹੈ । ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਗ੍ਰਹਿ ਮੰਤਰੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਖ਼ੁਦ ਇੱਕ ਘੱਟ ਗਿਣਤੀਆਂ ਨਾਲ਼ ਸੰਬੰਧਿਤ ਹੈ । ਨਾਗਰਿਕਤਾ ਬਿੱਲ ਨੂੰ ਲੈ ਕੇ ਲੇਬਰ ਪਾਰਟੀ ਵੱਲੋਂ ਵੀ ਵਿਰੋਧ ਕੀਤਾ ਜਾ ਰਿਹਾ ਹੈ, ਨਵੇਂ ਸੋਧ ਬਿੱਲਾਂ ਅਨੁਸਾਰ ਜੇ ਕਿਸੇ ਵਿਅਕਤੀ ਦਾ ਅਪਰਾਧਿਕ ਅਤੇ ਅੱਤਵਾਦ ਸਰਗਰਮੀਆਂ ਨਾਲ਼ ਸੰਬੰਧ ਹੋਵੇ ਤਾਂ ਬਿਨਾਂ ਕਿਸੇ ਨੋਟਿਸ ਦਿੱਤੇ ਉਸ ਦੀ ਨਾਗਰਿਕਤਾ ਖ਼ਤਮ ਕੀਤੀ ਜਾ ਸਕਦੀ ਹੈ ।ਪਰ ਲੋਕਾਂ 'ਚ ਖਦਸ਼ਾ ਹੈ ਕਿ ਬਿੱਲ ਨੂੰ ਭਵਿੱਖ ਵਿੱਚ ਘੱਟ ਗਿਣਤੀਆਂ ਤੇ ਆਜ਼ਾਦੀ ਪਸੰਦ ਲੋਕਾਂ ਖ਼ਿਲਾਫ਼ ਵਰਤਿਆ ਜਾਵੇਗਾ।

# ਸਿੱਖ ਕੌਮ ਵਿਸ਼ਵਵਿਆਪੀ ਸੰਕਟ ਦੇ ਦੌਰਾਨ ਬੇਸਹਾਰਾ ਲੋਕਾਂ ਲਈ ਬਣੀ ਸਹਾਰਾ





**ਅੰਮ੍ਰਿਤਸਰ ਟਾਈਮਜ਼/ ਚੰਡੀਗੜ੍ਹ :** ਸਿੱਖ ਭਾਈਚਾਰੇ ਵੱਲੋਂ ਉਸਾਰੇ ਵਿਸ਼ਵ ਪੱਧਰ ਉੱਤੇ ਗੁਰੂ ਘਰ ਹਮੇਸ਼ਾ ਮਨੁੱਖਤਾ ਦੀ ਸੇਵਾ ਕਰ ਰਹੇ ਹਨ, ਯੂਕਰੇਨ ਦੇ ਇੱਕ ਗੁਰੂ ਘਰ ਵਿੱਚ ਇਸ ਸਮੇਂ ਸਥਾਈ ਨਿਵਾਸੀ ਅਤੇ ਬਾਹਰ ਦੇ ਲੋਕਾਂ ਨੂੰ ਮੁਫ਼ਤ ਪਨਾਹ ਅਤੇ ਭੋਜਨ ਦਿੱਤਾ ਜਾ ਰਿਹਾ ਹੈ। ਇਨਾਂ ਜੰਗਾਂ-ਯੁੱਧਾਂ ਵਿੱਚ ਸਿੱਖੀ ਦੇ ਨਿਰਸਵਾਰਥ ਸੇਵਾ ਦੇ ਸੰਕਲਪ ਨੂੰ ਅਮਲੀ ਰੂਪ ਵਿੱਚ ਦਰਸਾਇਆ ਜਾ ਰਿਹਾ ਹੈ।

ਪੋਲੈਂਡ ਦੇ ਨਾਲ਼ ਯੂਕਰੇਨ ਦੀ ਸਰਹੱਦ 'ਤੇ ਯਾਤਰਾ ਕਰਨ ਵਾਲੇ ਭੁੱਖੇ ਵਿਦਿਆਰਥੀਆਂ ਦੀ ਸੇਵਾ ਕਰ ਰਹੇ 'ਟਰੇਨ 'ਤੇ ਲੰਗਰ' ਦਾ ਇੱਕ ਵੀਡੀਓ ਸੋਸ਼ਲ ਮੀਡੀਆ ਤੇ ਸਾਹਮਣੇ ਆਇਆ ਹੈ। ਖ਼ਾਲਸਾ ਏਡ ਦੇ ਮੁਖੀ ਰਵਿੰਦਰ ਸਿੰਘ ਰਵੀ ਦੁਆਰਾ ਟਵਿੱਟਰ 'ਤੇ ਪ੍ਰਕਾਸ਼ਿਤ ਵਾਇਰਲ ਵੀਡੀਓ ਜਿਸ ਵਿੱਚ ਚੱਲਦੀ ਰੇਲਗੱਡੀ 'ਤੇ ਵਿਦਿਆਰਥੀਆਂ ਨੂੰ ਲੰਗਰ ਅਤੁੱਟ ਵਰਤਾਇਆ ਦਿਖਾਇਆ ਗਿਆ ਹੈ। ਇਸ ਵੀਡੀਓ ਦਾ ਜ਼ਿਕਰ ਹਰਦੀਪ ਸਿੰਘ ਨਾਮੀ ਇੱਕ ਸਿੱਖ ਨੇ ਟਵੀਟ ਰਾਹੀਂ ਕੀਤਾ ਸੀ। ਜਦੋਂ ਸੋਸ਼ਲ ਮੀਡੀਆ ਯੂਕਰੇਨ ਦੀਆਂ ਭਿਆਨਕ ਤਸਵੀਰਾਂ ਨਾਲ਼ ਭਰਿਆ ਹੋਇਆ ਹੈ ਉਸ ਸਮੇਂ ਇਹ ਵੀਡੀਓ ਮਨੁੱਖਜਾਤੀ ਵਿੱਚ ਉਸ ਸਮੇਂ ਉਮੀਦ ਬਹਾਲ ਕਰਦੀ ਹੈ। ਮਿਲੀ ਜਾਣਕਾਰੀ ਅਨੁਸਾਰ ਗੁਰਦੁਆਰਾ ਸਿੰਘ ਸਭਾ ਵਾਰਸਾ (ਪੌਲੈਂਡ) ਜਿੱਥੇ ਯੂਕਰੇਨ ਤੋਂ ਨਿਕਲੇ ਪੰਜਾਬੀ ਨੌਜਵਾਨਾਂ ਨੇ ਗੁਰੂ ਘਰ ਵਿੱਚ ਸ਼ਰਨ ਲਈ ਹੈ ਗੁਰਦੁਆਰਾ ਸਾਹਿਬ ਜੀ ਦੇ ਪ੍ਰਬੰਧਕਾਂ ਵੱਲੋਂ ਏਨਾ ਨੌਜਵਾਨਾਂ ਲਈ ਲੰਗਰ ਪ੍ਰਸ਼ਾਦਾ ਅਤੇ ਰਹਿਣ ਦਾ ਪ੍ਰਬੰਧ ਕੀਤਾ ਗਿਆ ਅਤੇ ਅਗਲੇ ਦਿਨਾਂ ਵਿੱਚ ਹੋਰ ਲੋਕਾਂ ਦੇ ਆਉਣ ਦੀ ਉਮੀਦ ਹੈ ਅਜਿਹੇ ਔਖੇ ਸਮੇਂ ਵਿੱਚ ਮਾਨਵਤਾ ਦੇ ਭਲੇ ਲਈ ਪਵਿੱਤਰ ਧਰਮ ਅਸਥਾਨਾਂ ਨੇ ਸਦਾ ਹੀ ਮਨੁੱਖਤਾ ਦੀ ਬਾਂਹ ਫੜੀ ਹੈ ਜਿਸ ਲਈ ਸਦਾ ਸਿੱਖ ਪੰਥ ਜਾਣਿਆ ਜਾਂਦਾ ਹੈ ।

# ਭਾਰਤੀ ਹਵਾਈ ਫ਼ੌਜ ਯੂ.ਕੇ. ਨਾਲ਼ ਮਸ਼ਕਾਂ ਵਿੱਚ ਹਿਸਾ ਲੈਣ ਤੋਂ ਇਨਕਾਰੀ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਭਾਰਤੀ ਹਵਾਈ ਫ਼ੌਜ ਨੇ ਯੂਕਰੇਨ ਸੰਕਟ ਕਾਰਨ ਪੈਦਾ ਹੋ ਰਹੀ ਸਥਿਤ ਦੇ ਮੱਦੇਨਜ਼ਰ ਅਗਲੇ ਮਹੀਨੇ ਯੂ.ਕੇ. ਵਿੱਚ ਹੋਣ ਵਾਲੇ ਬਹੁਪੱਖੀ ਹਵਾਈ ਅਭਿਆਸ ਵਿੱਚ ਹਿੱਸਾ ਨਾ ਲੈਣ ਦਾ ਫ਼ੈਸਲਾ ਕੀਤਾ ਹੈ।

ਅਧਿਕਾਰੀਆਂ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤੀ ਹਵਾਈ ਸੈਨਾ ਵੱਲੋਂ ਯੂ.ਕੇ. ਦੇ ਵੈਡਿੰਗਟਨ ਵਿੱਚ 6 ਤੋਂ 27 ਮਾਰਚ ਤੱਕ ਹੋਣ ਵਾਲੇ ਅਭਿਆਸ ਵਿੱਚ ਪੰਜ ਹਲਕੇ ਜੰਗੀ ਤੇਜਸ ਜਹਾਜ਼ ਭੇਜਣ ਦੇ ਐਲਾਨ ਤੋਂ ਮਹਿਜ਼ ਤਿੰਨ ਦਿਨ ਬਾਅਦ 'ਕੋਬਰਾ ਵਾਰੀਅਰ' ਵਿੱਚ ਹਿੱਸਾ ਨਾ ਲੈਣ ਦਾ ਫ਼ੈਸਲਾ ਕੀਤਾ ਗਿਆ ਹੈ।

# ਰੂਸ ਖ਼ਿਲਾਫ਼ ਹੋਏ ਜੋਅ ਬਾਈਡਨ, ਹੁਣ ਜੰਗ 'ਚ ਅਮਰੀਕਾ ਦੀ ਐਂਟਰੀ

## ਜੇਕਰ ਪੁਤਿਨ ਨਾਟੋ ਦੇਸ਼ਾਂ 'ਚ ਦਾਖ਼ਲ ਹੁੰਦਾ ਹੈ ਤਾਂ ਅਸੀਂ ਦਖ਼ਲ ਦੇਵਾਂਗੇ।



ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਕਿਹਾ ਹੈ ਕਿ ਜੇਕਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੇਸ਼ਾਂ ਵਿੱਚ ਦਾਖ਼ਲ ਹੁੰਦੇ ਹਨ ਤਾਂ ਅਮਰੀਕਾ ਦਖ਼ਲ ਦੇਵੇਗਾ। ਬਾਈਡਨ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਉਸਦੇ ਰੂਸੀ ਹਮਰੁਤਬਾ ਨੂੰ ਹੁਣ ਨਾ ਰੋਕਿਆ ਗਿਆ ਤਾਂ ਉਸ ਦਾ ਹੌਂਸਲਾ ਹੋਰ ਜ਼ਿਆਦਾ ਵਧਦਾ ਜਾਵੇਗਾ। ਬਾਈਡਨ ਨੇ ਕਿਹਾ ਕਿ ਉਨਾਂ ਦੀ ਪੁਤਿਨ ਨਾਲ਼ ਗੱਲ ਕਰਨ ਦੀ ਕੋਈ ਯੋਜਨਾ ਨਹੀਂ ਹੈ ਪਰ ਉਨਾਂ ਨੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮਿਰ ਜ਼ੇਲੇਨਸਕੀ ਨਾਲ਼ ਗੱਲ ਕੀਤੀ ਅਤੇ ਉਨਾਂ ਨੂੰ ਭਰੋਸਾ ਦਿਵਾਇਆ ਕਿ ਯੂਕਰੇਨ ਦੇ ਲੋਕਾਂ ਦੇ ਦੁੱਖਾਂ ਨੂੰ ਘੱਟ ਕਰਨ ਲਈ ਅਮਰੀਕਾ ਮਾਨਵਤਾਵਾਦੀ ਰਾਹਤ ਪ੍ਰਦਾਨ ਕਰੇਗਾ।

ਬਾਈਡਨ ਨੇ ਵੀਰਵਾਰ ਨੂੰ ਵਾਈਟ ਹਾਊਸ 'ਚ ਇੱਕ ਨਿਊਜ਼ ਕਾਨਫ਼ਰੰਸ ਨੂੰ ਕਿਹਾ ਕਿ ਜੇਕਰ ਪੁਤਿਨ ਨਾਟੋ ਦੇਸ਼ਾਂ 'ਚ ਦਾਖ਼ਲ ਹੁੰਦਾ ਹੈ ਤਾਂ ਅਸੀਂ ਦਖ਼ਲ ਦੇਵਾਂਗੇ। ਮੈਨੂੰ ਸਿਰਫ਼ ਇੱਕ ਗੱਲ ਦਾ ਯਕੀਨ ਹੈ ਕਿ ਜੇਕਰ ਅਸੀਂ ਹੁਣ ਉਨਾਂ ਨੂੰ ਨਾ ਰੋਕਿਆ ਅਤੇ ਉਨਾਂ ਖ਼ਿਲਾਫ਼ ਸਖ਼ਤ ਪਾਬੰਦੀਆਂ ਨਾ ਲਗਾਈਆਂ ਤਾਂ ਉਨਾਂ ਦਾ ਹੌਂਸਲਾ ਵਧਦਾ ਜਾਵੇਗਾ। ਇਸ ਸਮੇਂ ਦੌਰਾਨ ਬਾਈਡਨ ਨੇ ਰੂਸ ਵਿਰੁੱਧ ਕਈ ਵੱਡੀਆਂ ਪਾਬੰਦੀਆਂ ਦਾ ਐਲਾਨ ਵੀ ਕੀਤਾ। ਇੱਕ ਸਵਾਲ ਦੇ ਜਵਾਬ ਵਿੱਚ ਉਨਾਂ ਕਿਹਾ ਕਿ ਇਹ ਇੱਕ ਵੱਡੇ ਸੰਘਰਸ਼ ਦਾ ਰੂਪ ਧਾਰਨ ਕਰ ਗਿਆ ਹੈ। ਯੂਕਰੇਨ 'ਤੇ ਰੂਸੀ ਹਮਲੇ ਦੇ ਦੌਰਾਨ ਅਮਰੀਕਾ ਨੇ ਆਪਣੇ ਨਾਟੋ ਸਹਿਯੋਗੀਆਂ ਦੀ ਰੱਖਿਆ ਲਈ, ਖ਼ਾਸ ਤੌਰ 'ਤੇ ਪੂਰਬੀ ਯੂਰਪ ਵਿੱਚ ਵਾਧੂ ਸੈਨਿਕ ਤਾਇਨਾਤ ਕੀਤੇ ਹਨ। ਬਾਈਡਨ ਨੇ ਦਾਅਵਾ ਕੀਤਾ ਕਿ ਯੂਕਰੇਨ ਵਿੱਚ ਪੁਤਿਨ ਦੀਆਂ ਇੱਛਾਵਾਂ ਬਹੁਤ ਵੱਡੀਆਂ ਹਨ। ਜ਼ਿਕਰਯੋਗ ਹੈ ਕਿ ਰੂਸੀ ਫ਼ੌਜ ਨੇ ਵੀਰਵਾਰ ਨੂੰ ਯੂਕਰੇਨ ਖ਼ਿਲਾਫ਼ ਫ਼ੌਜੀ ਕਾਰਵਾਈ ਸ਼ੁਰੂ ਕੀਤੀ ਸੀ, ਜੋ ਸ਼ੁੱਕਰਵਾਰ ਨੂੰ ਵੀ ਜਾਰੀ ਹੈ।

# ਪੋਲੈਂਡ ਨਹੀਂ ਜਾਣ ਦਿਆਂਗੇ, ਹਥਿਆਰ ਚੁੱਕੋ ਤੇ ਰੂਸ ਨਾਲ਼ ਲੜੋ

## ਯੂਕਰੇਨੀ ਅਧਿਕਾਰੀ ਭਾਰਤੀ ਵਿਦਿਆਰਥੀਆਂ ਨੂੰ ਰੂਸ ਨਾਲ਼ ਲੜਨ ਲਈ ਦਬਾ ਪਾ ਰਹੇ

**ਅੰਮ੍ਰਿਤਸਰ ਟਾਈਮਜ਼/ ਕੀਵ** : ਪੋਲੈਂਡ ਵਿੱਚ ਸ਼ਰਨ ਲੈਣ ਲਈ ਯੂਕਰੇਨ ਦੇ ਸ਼ਹਿਰ ਲਵੀਵ ਵਿੱਚ ਅਸਮਾਨ ਥੱਲੇ ਠੰਢ 'ਚ ਬੈਠੇ ਭਾਰਤੀ ਵਿਦਿਆਰਥੀਆਂ ਨੂੰ ਹੁਣ ਨਵੀਂ ਮੁਸੀਬਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰੂਸ ਦੇ ਵਧਦੇ ਹਮਲਿਆਂ ਤੋਂ ਬਾਅਦ ਯੂਕਰੇਨ ਦੇ ਸੁਰੱਖਿਆ ਅਧਿਕਾਰੀਆਂ ਨੇ ਮੈਡੀਕਲ ਦੀ ਪੜਾਈ ਕਰਨ ਗਏ ਭਾਰਤੀ ਵਿਦਿਆਰਥੀਆਂ ਨੂੰ ਰੂਸ ਨਾਲ਼ ਲੜਨ ਲਈ ਹਥਿਆਰ ਚੁੱਕਣ ਲਈ ਕਿਹਾ ਹੈ।

ਕੀਵ ਯੂਨੀਵਰਸਿਟੀ ਦੇ ਵਿਦਿਆਰਥੀ ਜਗਜੀਤ ਸਿੰਘ ਵਾਸੀ ਅੰਮ੍ਰਿਤਸਰ, ਗੁਰਫ਼ਤਿਹ ਸਿੰਘ ਵਾਸੀ ਪਟਿਆਲਾ, ਜਸਬੀਰ ਸਿੰਘ ਵਾਸੀ ਕੋਟਕਪੂਰਾ, ਕਮਲਜੀਤ ਸਿੰਘ ਵਾਸੀ ਜਲੰਧਰ ਤੇ ਦੇਵਰਾਜ ਵਾਸੀ ਹਿਮਾਚਲ ਪ੍ਰਦੇਸ਼ ਨੇ ਦੱਸਿਆ ਕਿ ਯੂਕਰੇਨ ਦੇ ਸੁਰੱਖਿਆ ਅਧਿਕਾਰੀਆਂ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਬੇਵਜਾ ਪਰੇਸ਼ਾਨ ਕੀਤਾ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਉਨਾਂ ਨੂੰ ਯੂਕਰੇਨ ਦੇ ਫ਼ੌਜੀਆਂ ਨਾਲ਼ ਮਿਲ ਕੇ ਰੂਸ ਦੀ ਫ਼ੌਜ ਨਾਲ਼ ਮੁਕਾਬਲਾ ਕਰਨਾ ਪਵੇਗਾ। ਕਿਸੇ ਨੂੰ ਪੋਲੈਂਡ ਨਹੀਂ ਜਾਣ ਦਿੱਤਾ ਜਾਵੇਗਾ। ਇਨਾਂ ਵਿਦਿਆਰਥੀਆਂ ਨੇ ਦੱਸਿਆ ਕਿ ਬੀਤੇ ਮੰਗਲਵਾਰ ਸਵੇਰੇ ਸਾਢੇ ਦਸ ਵਜੇ ਲਾਈਨ ਵਿੱਚ ਖੜੇ ਭਾਰਤੀ ਵਿਦਿਆਰਥੀਆਂ 'ਤੇ ਯੂਕਰੇਨ ਦੇ ਸੁਰੱਖਿਆ ਅਧਿਕਾਰੀਆਂ ਨੇ ਹੱਥ ਵੀ ਚੁੱਕਿਆ ਅਤੇ ਗਾਲੀ-ਗਲੋਚ ਵੀ ਕੀਤਾ। ਵਿਦਿਆਰਥੀ ਦੇਵਰਾਜ ਤੇ ਜਗਜੀਤ ਸਿੰਘ ਨੇ ਦੱਸਿਆ ਕਿ ਦੂਸਰੇ ਦਿਨ ਵੀ ਉਨਾਂ ਨੂੰ ਖਾਣ ਲਈ ਕੁਝ ਨਹੀਂ ਦਿੱਤਾ ਗਿਆ। ਉਨਾਂ ਨੂੰ ਵਾਰ-ਵਾਰ ਭਾਰਤੀ ਹੋਣ ਦੇ ਤਾਅਨੇ ਮਾਰੇ ਜਾ ਰਹੇ ਹਨ। ਹਰਿਆਣਾ ਦੇ ਸ਼ਹਿਰ ਕੈਥਲ ਵਾਸੀ ਦਾਨਿਸ਼ ਸ਼ੇਖਰ ਦਾ ਕਹਿਣਾ ਹੈ **ਬਾਕੀ ਸਫ਼ਾ 32 'ਤੇ**

# ਲਾਸ-ਵੇਗਾਸ ਵਿੱਚ ਪਾਰਟੀ ਦੌਰਾਨ ਚੱਲੀਆਂ ਗੋਲੀਆਂ, 14 ਜ਼ਖ਼ਮੀ, 1 ਮੌਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਲਾਸ-ਵੇਗਾਸ ਵਿੱਚ ਇੱਕ ਹੁੱਕਾ ਲੌਂਜ ਵਿੱਚ ਚੱਲ ਰਹੀ ਪਾਰਟੀ ਦੌਰਾਨ ਹੋਈ ਤਕਰਾਰ ਉਪਰੰਤ ਚੱਲੀਆਂ ਗੋਲੀਆਂ ਨਾਲ਼ 14 ਵਿਅਕਤੀ ਜ਼ਖ਼ਮੀ ਹੋ ਗਏ ਤੇ 1 ਵਿਅਕਤੀ ਦੀ ਮੌਤ ਹੋ ਗਈ। ਜ਼ਖ਼ਮੀਆਂ ਵਿੱਚੋਂ ਦੋ ਦੀ ਹਾਲਤ ਨਾਜ਼ੁਕ ਹੈ। ਲਾਸ-ਵੇਗਾਸ ਮੈਟਰੋਪੋਲੀਟਨ ਪੁਲਿਸ ਵਿਭਾਗ ਦੇ ਅਧਿਕਾਰੀ ਕੈਪਟਨ ਡੋਰੀ ਕੋਰੇਨ ਨੇ ਪੱਤਰਕਾਰਾਂ ਨਾਲ਼ ਗੱਲਬਾਤ ਕਰਦਿਆਂ ਕਿਹਾ ਕਿ ਪੁਲਿਸ ਦਾ ਵਿਸ਼ਵਾਸ਼ ਹੈ ਕਿ ਪਾਰਟੀ ਵਿੱਚ ਦੋ ਵਿਅਕਤੀਆਂ ਵਿਚਾਲੇ ਤੂੰ-ਤੂੰ, ਮੈਂ-ਮੈਂ ਹੋਣ ਉਪਰੰਤ ਝਗੜਾ ਏਨਾ ਵਧ ਗਿਆ ਕਿ ਗੋਲੀਆਂ ਚੱਲ ਗਈਆਂ। ਉਨਾਂ ਕਿਹਾ ਕਿ ਘਟਨਾ ਉਪਰੰਤ ਸ਼ੱਕੀ ਵਿਅਕਤੀ ਫ਼ਰਾਰ ਹੋ ਗਏ ਹਨ ਪ੍ਰੰਤੂ ਉਨਾਂ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ। ਕੋਰੇਨ ਦਾ ਕਹਿਣਾ ਹੈ ਕਿ ਪੁਲਿਸ ਅਜੇ ਇਹ ਨਹੀਂ ਜਾਣਦੀ ਕਿ ਗੋਲੀਬਾਰੀ ਵਿੱਚ ਕਿੰਨੇ ਲੋਕ ਸ਼ਾਮਿਲ ਸਨ। ਉਨਾਂ ਕਿਹਾ ਕਿ ਇਹ ਘਟਨਾ ਤੜਕਸਾਰ 3.15 ਵਜੇ ਦੇ ਆਸ ਪਾਸ ਵਾਪਰੀ। ਕੋਰੇਨ ਨੇ ਪੀੜਤਾਂ ਨਾਲ਼ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ ਤੇ ਕਿਹਾ ਹੈ ਕਿ ਦੋਸ਼ੀਆਂ ਨੂੰ ਜਲਦੀ ਹੀ ਕਟਹਿਰੇ ਵਿੱਚ ਖੜਾ ਕੀਤਾ ਜਾਵੇਗਾ। ਉਨਾਂ ਕਿਹਾ ਕਿ ਗੰਨ ਹਿੰਸਾ ਖ਼ਤਮ ਕਰਨ ਲਈ ਸਾਨੂੰ ਹੋਰ ਕਾਰਗਰ ਕਦਮ ਚੁੱਕਣੇ ਪੈਣਗੇ।



*ਲਾਸ-ਵੇਗਾਸ ਪੁਲਿਸ ਸ਼ਨੀਵਾਰ ਨੂੰ ਈਸਟ ਸਹਾਰਾ ਐਵੇਨਿਊ ਦੇ ੯੦੦ ਬਲਾਕ ਵਿੱਚ ਇੱਕ ਨਾਈਟ ਕਲੱਬ ਵਿੱਚ ਗੋਲੀਬਾਰੀ ਦੀ ਜਾਂਚ ਉਪਰੰਤ।*

# ਭਾਰਤੀ ਮੂਲ ਦੀ ਵਿਦਿਆਰਥਣ ਨੇ 15 ਮੀਟਰ ਗੋਲਾ ਸੁੱਟ ਕੇ ਜਿੱਤਿਆ ਚਾਂਦੀ ਦਾ ਤਮ.ਗਾ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਯੂਨੀਵਰਸਿਟੀ ਆਫ਼ ਟੈਕਸਸ, ਐੱਲ ਪਾਸੋਂ ਦੀ 19 ਸਾਲਾ ਭਾਰਤੀ ਮੂਲ ਦੀ ਅਮਰੀਕਨ ਵਿਦਿਆਰਥਣ ਕ੍ਰਿਸ਼ਨਾ ਜੈਯਸ਼ੰਕਰ ਨੇ ਕਾਨਫ਼ਰੰਸ ਯੂ.ਐੱਸ.ਏ. ਇਨਡੋਰ ਵਿਖੇ ਹੋਏ ਮੁਕਾਬਲਿਆਂ ਵਿੱਚ ਗੋਲਾ ਸੁੱਟਣ ਵਿੱਚ ਚਾਂਦੀ ਦਾ ਤਮ.ਗਾ ਜਿੱਤਿਆ ਹੈ। ਉਹ ਦੂਸਰੀ ਭਾਰਤੀ ਮੂਲ ਦੀ ਔਰਤ ਬਣ ਗਈ ਹੈ ਜਿਸ ਨੇ 15 ਮੀਟਰ ਗੋਲਾ ਸੁੱਟ ਕੇ ਚਾਂਦੀ ਦਾ ਤਮ.ਗਾ ਆਪਣੇ ਨਾਂ ਕੀਤਾ। ਇਸ ਤੋਂ ਪਹਿਲਾਂ ਅੰਬਾਲਾ ਦੀ ਮਨਪ੍ਰੀਤ ਕੌਰ ਨੇ 2016 ਵਿੱਚ ਦੋਹਾ ਵਿੱਚ ਹੋਈ ਚੈਂਪੀਅਨਸ਼ਿੱਪ ਵਿੱਚ 15.21 ਮੀਟਰ ਗੋਲਾ ਸੁੱਟਿਆ ਸੀ। ਜੈਯਸ਼ੰਕਰ ਨੇ ਇਸ ਸੀਜਨ ਦੀ ਸ਼ੁਰੂਆਤ 14.10 ਮੀਟਰ ਗੋਲਾ ਸੁੱਟ ਕੇ ਕੀਤੀ ਸੀ ਪ੍ਰੰਤੂ ਯੂ.ਐੱਸ.ਏ. ਇਨਡੋਰ ਮੁਕਾਬਲੇ ਵਿੱਚ ਉਹ 15 ਮੀਟਰ ਗੋਲਾ ਸੁੱਟਣ ਵਿੱਚ ਕਾਮਯਾਬ ਰਹੀ। ਜੈਯਸ਼ੰਕਰ ਦਾ ਪਿਛੋਕੜ ਚੇਨਈ (ਭਾਰਤ) ਨਾਲ਼ ਸੰਬੰਧਿਤ ਹੈ। ਉਸ ਦੇ ਮਾਤਾ ਪਿਤਾ ਪ੍ਰਸੰਨਾ ਜੈਯਸ਼ੰਕਰ ਤੇ ਜੈਯਸ਼ੰਕਰ ਮੈਨਨ ਮੰਨੇ ਪ੍ਰਮਨੇ ਬਾਸਕਟਬਾਲ ਖਿਡਾਰੀ ਹਨ। ਉਹ ਯੂਨੀਵਰਸਿਟੀ ਆਫ਼ ਟੈਕਸਸ ਵਿੱਚ ਸਕਾਲਰਸ਼ਿੱਪ 'ਤੇ ਆਈ ਸੀ। ਯੂਨੀਵਰਸਿਟੀ ਨੇ ਉਸ ਦੀ ਖੇਡ ਕੁਸ਼ਲਤਾ ਨੂੰ ਨਿਖਾਰਿਆ।

# ਸਕੂਲ ਵਿੱਚ ਗੋਲੀਆਂ ਚਲਾ ਕੇ 4 ਦੀ ਹੱਤਿਆ ਕਰਨ ਦੇ ਮਾਮਲੇ ਵਿੱਚ ਸ਼ੱਕੀ ਦੋਸ਼ੀ ਦੇ ਮਾਪਿਆਂ ਵਿਰੁੱਧ ਚੱਲੇਗਾ ਗੈਰ ਇਰਾਦਾ ਕਤਲ ਦਾ ਮੁਕੱਦਮਾ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ:- ਮਿਸ਼ੀਗਨ ਦੇ ਇਕ ਸਕੂਲ ਵਿੱਚ ਗੋਲੀਆਂ ਚਲਾ ਕੇ 4 ਵਿਦਿਆਰਥੀਆਂ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿੱਚ ਸ਼ੱਕੀ ਦੋਸ਼ੀ ਏਥਾਨ ਕਰੂਮਬਲੇ ਦੇ ਮਾਪਿਆਂ ਵਿਰੁੱਧ ਗੈਰ ਇਰਾਦਾ ਕਤਲ ਦਾ ਮੁਕੱਦਮਾ ਚੱਲੇਗਾ। ਜੱਜ ਨੇ ਸਬੂਤਾਂ ਤੇ ਘਟਨਾਕ੍ਰਮ ਨੂੰ ਧਿਆਨ ਵਿੱਚ ਰਖਦਿਆਂ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਜੇਕਰ ਸ਼ੱਕੀ ਦੋਸ਼ੀ ਦੇ ਮਾਤਾ ਪਿਤਾ ਜੇਮਜ ਤੇ ਜੈਨੀਫਰ ਕਰੂਮਬਲੇ ਆਪਣੇ ਪੁੱਤਰ ਦਾ ਧਿਆਨ ਰਖਦੇ ਤਾਂ 4 ਹੱਤਿਆਵਾਂ ਨੂੰ ਰੋਕਿਆ ਜਾ ਸਕਦਾ ਸੀ। ਡਿਸਟ੍ਰਿਕਟ ਕੋਰਟ ਜੱਜ ਜੂਲੀ ਏ ਨਿਕਲਸਨ ਨੇ ਕਿਹਾ ਕਿ ਸ਼ੱਕੀ ਦੋਸ਼ੀ ਦੇ ਮਾਤਾ-ਪਿਤਾ ਨੇ ਆਪਣੇ ਪੁੱਤਰ ਨੂੰ ਬਿਨਾਂ ਕੁਝ ਸੋਚ ਸਮਝੇ ਗੰਨ ਲੈ ਕੇ ਦਿੱਤੀ ਜੋ ਹੱਤਿਆਵਾਂ ਦਾ ਕਾਰਨ ਬਣੀ। ਇਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ 30 ਨਵੰਬਰ ਨੂੰ ਆਕਸਫੋਰਡ ਹਾਈ ਸਕੂਲ ਵਿੱਚ ਸ਼ੱਕੀ ਦੋਸ਼ੀ ਨੇ ਗੋਲੀਆਂ ਚਲਾ ਕੇ 4 ਵਿਦਿਆਰਥੀਆਂ ਦੀ ਹੱਤਿਆ ਕਰ ਦਿੱਤੀ ਸੀ ਤੇ ਇਕ ਅਧਿਆਪਕ ਸਮੇਤ 7 ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ ਸੀ। 15 ਸਾਲਾ ਸ਼ੱਕੀ ਦੋਸ਼ੀ ਏਥਾਨ ਕਰੂਮਬਲੇ ਬੱਚਿਆਂ ਦੀ ਜੇਲ ਵਿੱਚ ਬੰਦ ਹੈ।

# ਨਿਊਯਾਰਕ ਵਿੱਚ ਸਬ-ਵੇਅ ਸਟੇਸ਼ਨ 'ਤੇ ਔਰਤ ਦੇ ਸਿਰ ਉੱਪਰ ਵਾਰ ਕਰਕੇ ਲੁੱਟਿਆ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਨਿਊਯਾਰਕ ਦੇ ਇੱਕ ਸਬ-ਵੇਅ ਸਟੇਸ਼ਨ 'ਤੇ ਇੱਕ 57 ਸਾਲਾ ਔਰਤ ਦੇ ਸਿਰ ਉੱਪਰ ਹਥੌੜੇ ਨਾਲ਼ ਵਾਰ ਕਰਕੇ ਲੁਟੇਰਾ ਉਸ ਦਾ ਪਰਸ ਖੋਹ ਕੇ ਫ਼ਰਾਰ ਹੋ ਗਿਆ। ਪੁਲਿਸ ਲੁਟੇਰੇ ਦੀ ਭਾਲ ਕਰ ਰਹੀ ਜੋ ਲੁੱਟ-ਖੋਹ ਕਰਨ ਉਪਰੰਤ ਪੈਦਲ ਹੀ ਮੌਕੇ ਤੋਂ ਭੱਜ ਗਿਆ। ਨਿਊਯਾਰਕ ਪੁਲਿਸ ਵਿਭਾਗ ਦੇ ਡੀਟੈਕਟਿਵ ਮੁੱਖੀ ਜੇਮਜ ਏਸਿਜ ਨੇ ਕਿਹਾ ਹੈ ਕਿ ਔਰਤ ਦੀ ਪਛਾਣ ਨੀਨਾ ਰੋਥਸਚਾਈਲਡ ਵਜੋਂ ਹੋਈ ਹੈ ਜੋ ਨਿਊਯਾਰਕ ਦੇ ਸਿਹਤ ਵਿਭਾਗ ਵਿੱਚ ਵਿਗਿਆਨੀ ਵਜੋਂ ਕੰਮ ਕਰ ਰਹੀ ਹੈ। ਉਹ ਆਪਣੀ ਡਿਊਟੀ ਖ਼ਤਮ ਕਰਕੇ ਘਰ ਨੂੰ ਪਰਤ ਰਹੀ ਸੀ ਜਦੋਂ ਉਸ ਉੱਪਰ ਹਮਲਾ ਹੋਇਆ। ਏਸਿਜ ਅਨੁਸਾਰ ਹਮਲਾਵਰ 6 ਫੁੱਟ ਉੱਚਾ ਮਰਦ ਹੈ ਤੇ ਉਸ ਨੇ ਗੂੜੇ ਰੰਗ ਦੀ ਜੈਕਟ ਪਾਈ ਹੋਈ ਹੈ। ਔਰਤ ਦੀ ਹਾਲਤ ਗੰਭੀਰ ਹੈ। ਉਸ ਨੂੰ ਕੋਰਨੈਲ ਮੈਡੀਕਲ ਸੈਂਟਰ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਸਿੱਖ ਇਤਿਹਾਸ ਨਾਲ਼ ਛੇੜਛਾੜ ਮਗਰੋਂ ਹੰਗਾਮਾ ਮੱਚਿਆ

## ✪ 12ਵੀਂ ਜਮਾਤ ਦੀ ਕਿਤਾਬ ਵਿੱਚ 6 ਵੇਂ ਗੁਰੂ ਬਾਰੇ ਲਿਖੀਆਂ ਵਿਵਾਦਤ ਗੱਲਾਂ ✪ ਪਰਗਟ ਸਿੰਘ ਵੱਲੋਂ ਕਿਤਾਬ ਬਾਰੇ ਉੱਠੇ ਇਤਰਾਜ਼ਾਂ ਦੇ ਮਾਮਲੇ ਵਿੱਚ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ✪ ਪਹਿਲੀ ਤੋਂ ਚੌਥੀ ਜਮਾਤ ਤੱਕ ਸਿੱਖ ਇਤਿਹਾਸ ਵਿਗਾੜਨ ਵਾਲਿਆਂ ਖ਼ਿਲਾਫ਼ ਦਰਜ ਹੋਵੇ ਪਰਚਾ - ਸਿੱਖ ਜਥੇਬੰਦੀਆਂ

**ਚੰਡੀਗੜ੍ਹ:** ਪੰਜਾਬ ਵਿੱਚ 12ਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਨੂੰ ਲੈ ਕੇ ਹੰਗਾਮਾ ਖੜ੍ਹਾ ਹੋ ਗਿਆ ਹੈ। ਜਾਣਕਾਰੀ ਮੁਤਾਬਿਕ ਇਸ ਕਿਤਾਬ ਵਿੱਚ ਸਿੱਖਾਂ ਦੇ ਛੇਵੇਂ ਗੁਰੂ ਬਾਰੇ ਵਿਵਾਦਤ ਗੱਲਾਂ ਲਿਖੀਆਂ ਗਈਆਂ ਹਨ। ਇਸ ਕਿਤਾਬ ਵਿੱਚ ਕਿਹਾ ਗਿਆ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੁਗ਼ਲ ਫ਼ੌਜ ਵਿੱਚ ਸੇਵਾ ਕੀਤੀ ਸੀ। ਉਨਾਂ ਨੂੰ ਜੱਟਾਂ ਨੇ ਤਲਵਾਰ ਚੁੱਕਣ ਲਈ ਮਜ਼ਬੂਰ ਕੀਤਾ। ਇਸ 'ਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਬੁਲਾਰੇ ਕੁਲਤਾਰ ਸਿੰਘ ਸੰਧਵਾਂ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਕੁਲਤਾਰ ਸਿੰਘ ਸੰਧਵਾਂ ਨੇ ਵਿਵਾਦਤ ਪੁਸਤਕ ਨੂੰ ਸਿਲੇਬਸ ਵਿੱਚੋਂ ਤੁਰੰਤ ਹਟਾ ਕੇ ਤੱਥਾਂ ਨੂੰ ਦਰੁਸਤ ਕਰਨ ਲਈ ਕਿਹਾ ਹੈ। ਉਨਾਂ ਕਾਂਗਰਸ ਸਮੇਤ ਪਿਛਲੀ ਅਕਾਲੀ-ਭਾਜਪਾ ਸਰਕਾਰ 'ਤੇ ਸਿੱਖ ਇਤਿਹਾਸ ਤੇ ਗੁਰੂਆਂ ਦੀ ਬਾਣੀ ਨਾਲ ਛੇੜਛਾੜ ਕਰਨ ਦਾ ਦੋਸ਼ ਲਾਇਆ ਹੈ। ਸੰਧਵਾਂ ਨੇ ਦੱਸਿਆ ਕਿ ਇਸ ਪੁਸਤਕ ਵਿੱਚ ਲਿਖਿਆ ਗਿਆ ਹੈ ਕਿ ਛੇਵੇਂ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਦੇ ਕਿਲੇ ਵਿੱਚੋਂ 52 ਰਾਜਿਆਂ ਦੀ ਰਿਹਾਈ ਮਗਰੋਂ ਮੁਗ਼ਲ ਸ਼ਾਸਕ ਦੀ ਫ਼ੌਜ ਵਿੱਚ ਸੇਵਾ ਨਿਭਾਈ ਸੀ। ਇਹ ਗੱਲ ਪੰਜਾਬ ਕਾ ਇਤਿਹਾਸ ਨਾਂ ਦੀ ਕਿਤਾਬ ਦੇ ਪੰਨਾ ਨੰਬਰ 81 ਵਿੱਚ ਲਿਖੀ ਗਈ ਹੈ। ਉਨਾਂ ਕਾਂਗਰਸ ਤੇ ਅਕਾਲੀ ਦਲ ਬਾਦਲ ਨੂੰ ਇਸ ਸੰਬੰਧੀ ਸਪੱਸ਼ਟੀਕਰਨ ਦੇਣ ਲਈ ਕਿਹਾ ਹੈ। ਉਨਾਂ ਕਿਹਾ ਕਿ ਪੁਸਤਕ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜੱਟਾਂ ਕਰਕੇ ਖ਼ਾਲਸਾ ਪੰਥ ਦੀ ਸਥਾਪਨਾ ਦੀ ਗੱਲ ਕੀਤੀ ਗਈ ਹੈ, ਜੋ ਕਿ ਨਾ ਸਿਰਫ਼ ਗ਼ਲਤ ਹੈ, ਸਗੋਂ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਇਨਾਂ ਕਿਤਾਬਾਂ ਵਿੱਚ ਇਤਿਹਾਸਕ ਤੱਥਾਂ ਦੇ ਨਾਲ-ਨਾਲ ਸ੍ਰੀ ਗੁਰੂ ਤੇਗ ਬਹਾਦਰ, ਖ਼ਾਲਸਾ ਪੰਥ ਤੇ ਸ਼ਹੀਦ ਊਧਮ ਸਿੰਘ ਵਰਗੇ ਕ੍ਰਾਂਤੀਕਾਰੀਆਂ ਬਾਰੇ ਊਲ-ਜਲੂਲ ਟਿੱਪਣੀਆਂ ਕੀਤੀਆਂ ਗਈਆਂ ਹਨ। ਉਨਾਂ ਕਿਹਾ ਕਿ ਇਸ ਕਿਤਾਬ 'ਤੇ ਤੁਰੰਤ ਪਾਬੰਦੀ ਲਗਾਈ ਜਾਵੇ।

ਪੰਜਾਬ ਦੇ ਇਤਿਹਾਸ ਬਾਰੇ ਪ੍ਰਕਾਸ਼ਿਤ ਕਿਤਾਬ ਬਾਰੇ ਉੱਠੇ ਇਤਰਾਜ਼ਾਂ ਬਾਰੇ ਪ੍ਰਤੀਕਿਰਿਆ ਦਿੰਦਿਆਂ ਸਿੱਖਿਆ ਮੰਤਰੀ ਪਰਗਟ ਸਿੰਘ ਨੇ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਇਸ ਸੰਬੰਧੀ ਪਹਿਲਾਂ ਹੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਂਚ ਕਰਵਾਈ ਜਾ ਰਹੀ ਹੈ, ਜਿਸ ਦੀ ਰਿਪੋਰਟ 5 ਮਾਰਚ ਤੱਕ ਆ ਜਾਵੇਗੀ। ਪ੍ਰਗਟ ਸਿੰਘ ਨੇ ਨਾਲ ਹੀ ਸਪਸ਼ਟ ਕੀਤਾ ਕਿ ਜੇ ਇਸ ਮਾਮਲੇ ਵਿੱਚ ਕੋਈ ਵੀ ਵਿਅਕਤੀ ਜਾਂ ਅਧਿਕਾਰੀ ਗ਼ੈਰ-ਜ਼ਿੰਮੇਵਾਰ ਪਾਇਆ ਗਿਆ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

**'ਮੋਹ ਦੀਆਂ ਤੰਦਾਂ' ਬਾਰੇ ਵਿਵਾਦ**

ਸਿੱਖ ਜਥੇਬੰਦੀਆਂ ਵੱਲੋਂ 'ਮੋਹ ਦੀਆਂ ਤੰਦਾਂ' ਸਿਰਲੇਖ ਹੇਠ ਛਪੀਆਂ ਪਹਿਲੀ ਤੋਂ ਚੌਥੀ ਜਮਾਤ ਤੱਕ ਦੀਆਂ ਕਿਤਾਬਾਂ ਵਿੱਚ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਅਤੇ ਗੁਰਬਾਣੀ ਨੂੰ ਤੋੜ-ਮਰੋੜ ਕੇ ਲਿਖਣ ਵਾਲੇ ਸੰਪਾਦਕ ਜਗਜੀਤ ਸਿੰਘ ਧੂਰੀ ਤੇ ਪਬਲਿਸ਼ਰ ਗਲੋਬਲ ਲਰਨਿੰਗ ਸਲਿਊਸ਼ਨ ਖ਼ਿਲਾਫ਼ ਪਰਚਾ ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਜਲੰਧਰ ਦੇ ਪੁਲਿਸ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਨੂੰ ਕੀਤੀ ਗਈ ਸ਼ਿਕਾਇਤ ਵਿੱਚ ਹਰਜਿੰਦਰ ਸਿੰਘ ਮੁਖੀ ਜਥੇਬੰਦੀ, ਜਥਾ ਨੀਲੀਆਂ ਫ਼ੌਜਾਂ, ਮਨਜੀਤ ਸਿੰਘ ਪ੍ਰਧਾਨ ਆਵਾਜ਼-ਏ-ਕੌਮ, ਸੁਰਜੀਤ ਸਿੰਘ ਖ਼ਾਲਿਸਤਾਨੀ ਨੇ ਇੱਕ ਸ਼ਿਕਾਇਤ ਵਿੱਚ ਕਿਹਾ ਕਿ ਇੱਕ ਗਹਿਰੀ ਸਾਜ਼ਿਸ਼ ਅਧੀਨ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਨੀਯਤ ਨਾਲ਼ ਅਤੇ ਬੱਚਿਆਂ ਨੂੰ ਗ਼ਲਤ ਸਿੱਖ ਇਤਿਹਾਸ ਪੜਾਉਣ ਦੀ ਸਾਜ਼ਿਸ਼ ਰਚਨ ਅਧੀਨ ਕੁਝ ਕਿਤਾਬਾਂ 'ਮੋਹ ਦੀਆਂ ਤੰਦਾਂ' ਪੰਜਾਬੀ ਪਾਠ ਪੁਸਤਕ ਦੇ ਨਾਮ ਉੱਤੇ ਵੱਖ-ਵੱਖ ਕਿਤਾਬਾਂ ਛਾਪੀਆਂ ਗਈਆਂ ਹਨ ਜੋ ਕਿ ਵੱਖ-ਵੱਖ ਕਲਾਸਾਂ ਵਿੱਚ ਬੱਚਿਆਂ ਨੂੰ ਪੜਾਉਣ ਵਾਸਤੇ ਛਪਵਾਈਆਂ ਗਈਆਂ ਹਨ। ਇਹ ਕਿਤਾਬਾਂ ਸੀ.ਬੀ ਐਸ. ਈ ਅਤੇ ਪੰਜਾਬ ਬੋਰਡ ਨਾਲ਼ ਐਫ਼ੀਲੇਟਡ ਸਕੂਲਾਂ ਵਿੱਚ ਪੜਾਈਆਂ ਜਾ ਰਹੀਆਂ ਹਨ ਜੋ ਕਿ ਪਹਿਲੀ ਤੋਂ ਚੌਥੀ ਕਲਾਸ ਦੀਆਂ ਕਿਤਾਬਾਂ ਹਨ, ਜਿਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ਼ ਸੰਬੰਧਿਤ ਪਹਿਲੀ ਕਲਾਸ ਦੀ ਕਿਤਾਬ ਵਿੱਚ ਚੈਪਟਰ ਨੰਬਰ 2 ਉੱਤਮ ਦੌਲਤ ਵਿੱਦਿਆ ਦੇ ਪੇਜ ਨੰਬਰ 30 ਉੱਤੇ ਗੁਰੂ ਨਾਨਕ ਦੇਵ ਜੀ ਦੀਆਂ ਪ੍ਰਮੁੱਖ ਸਿੱਖਿਆਵਾਂ ਟਾਈਟਲ ਹੇਠ ਦੋ ਗੁਰਬਾਣੀ ਦੀਆਂ ਤੁਕਾਂ ਲਿਖੀਆਂ ਗਈਆਂ ਹਨ ਜੋ ਕਿ ਦੋਨੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਤਾਬਕ ਅੱਖਰੀ ਤੌਰ 'ਤੇ ਗ਼ਲਤ ਹਨ ਅਤੇ ਕਿਸੇ ਨੂੰ ਵੀ ਕੋਈ ਅਧਿਕਾਰ ਨਹੀਂ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਆਪਣੇ ਮੁਤਾਬਿਕ ਤੋੜ-ਮਰੋੜ ਕੇ ਲਿਖ ਦੇਵੇ। ਇਸੇ ਤਰਾਂ ਹੀ ਦੂਸਰੀ ਕਲਾਸ ਦੀ ਕਿਤਾਬ ਵਿੱਚ ਚੈਪਟਰ ਨੰਬਰ 2 ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸੰਬੰਧ ਵਿੱਚ ਲਿਖੇ ਗਏ ਚੈਪਟਰ ਵਿੱਚ ਸਿਧਾਂਤਕ ਗ਼ਲਤੀ ਕਰਦੇ ਹੋਏ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਤਸਵੀਰ ਨਾਲ਼ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਸੁਸ਼ੋਭਿਤ ਕਰ ਦਿੱਤਾ ਹੈ ਜਦਕਿ ਸ੍ਰੀ ਹਰਿਮੰਦਰ ਸਾਹਿਬ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਪ੍ਰਤੱਖ ਰੂਪ ਵਿੱਚ ਪ੍ਰਗਟ ਹੋਇਆ ਹੈ।

ਇਸੇ ਤਰਾਂ ਹੀ ਪੇਜ ਨੰਬਰ 18 ਉੱਪਰ ਗੁਰੂ ਅੰਗਦ ਦੇਵ ਜੀ ਦੇ ਜੋਤਿ-ਜੋਤਿ ਸਮਾਉਣ ਦੀ ਮਿਤੀ 28 ਮਾਰਚ, 1522 ਈਸਵੀ ਲਿਖੀ ਗਈ ਹੈ ਜੋ ਕਿ ਬਿਲਕੁਲ ਗ਼ਲਤ ਹੈ। ਇਸ ਮੁਤਾਬਿਕ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਮਰ ਕੇਵਲ 18 ਸਾਲ ਬਣਦੀ ਹੈ ਜੋ ਕਿ ਗ਼ਲਤ ਅਤੇ ਬੇਬੁਨਿਆਦ ਜਾਣਕਾਰੀ ਹੈ। ਇਸੇ ਤਰਾਂ ਹੀ ਪੇਜ ਨੰਬਰ 20 ਉੱਪਰ ਵੀ ਇਹੀ ਗ਼ਲਤੀ ਦੁਹਰਾਈ ਗਈ ਹੈ।

ਇਸੇ ਤਰਾਂ ਹੀ ਚੌਥੀ ਕਲਾਸ ਦੀ ਕਿਤਾਬ 'ਮੋਹ ਦੀਆਂ ਤੰਦਾਂ' ਦੇ ਚੈਪਟਰ ਨੰਬਰ 2 ਵਿੱਚ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ, ਕੰਮਾਂ ਅਤੇ ਪ੍ਰਾਪਤੀਆਂ ਬਾਰੇ ਜਾਣੂ ਕਰਵਾਉਣ ਸੰਬੰਧੀ ਲਿਖਿਆ ਗਿਆ ਹੈ। ਜਿਸ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਦੀ ਤਸਵੀਰ ਨਾਲ਼ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਤੱਖ ਰੂਪ ਵਿੱਚ ਤਸਵੀਰ ਲਗਾ ਦਿੱਤੀ ਗਈ ਹੈ ਜਦਕਿ ਸ੍ਰੀ ਹਰਿਮੰਦਰ ਸਾਹਿਬ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਪ੍ਰਤੱਖ ਰੂਪ ਵਿੱਚ ਪ੍ਰਗਟ ਹੋਇਆ ਹੈ। ਇਸੇ ਤਰਾਂ ਹੀ ਉਕਤ ਕਿਤਾਬ ਦੇ ਚੈਪਟਰ ਨੰਬਰ 11 ਦੇ ਪੰਨਾ ਨੰਬਰ 69 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਹੇਠ ਛਪੇ ਇਸ ਚੈਪਟਰ ਵਿੱਚ ਬਾਣੀ ਦੇ ਸਿਰਲੇਖ ਨੂੰ ਗ਼ਲਤ ਤੌਰ 'ਤੇ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਛਾਪਿਆ ਗਿਆ ਹੈ ਜੋ ਕਿ ਗ਼ਲਤ ਹੈ। ਇਸ ਲਈ ਕਿਸੇ ਨੂੰ ਵੀ ਕੋਈ ਅਧਿਕਾਰ ਨਾ ਹੋ ਕਿ ਉਹ ਗੁਰੂ ਸਾਹਿਬਾਨ ਦੀ ਬਾਣੀ ਨੂੰ ਤੋੜ-ਮਰੋੜ ਕੇ ਲਿਖੇ।

ਸ਼ਿਕਾਇਤ ਵਿੱਚ ਲਿਖਿਆ ਗਿਆ ਕਿ ਉਕਤ ਹਾਲਾਤ ਵਿੱਚ ਤੱਥਾਂ ਦੇ ਆਧਾਰ 'ਤੇ ਇਹ ਸਾਹਮਣੇ ਆਇਆ ਹੈ ਕਿ ਕਿਤਾਬਾਂ ਕਿਸੇ ਸਾਜ਼ਿਸ਼ ਅਧੀਨ ਬੱਚਿਆਂ ਦੇ ਮਨਾਂ ਵਿੱਚ ਸਿੱਖ ਇਤਿਹਾਸ ਸੰਬੰਧੀ ਗ਼ਲਤ ਧਾਰਨਾ ਪੈਦਾ ਕਰਨ, ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਅੱਖਰੀ ਤੌਰ 'ਤੇ ਗ਼ਲਤ ਲਿਖ ਕੇ ਵੱਡੇ ਪੱਧਰ 'ਤੇ ਪੰਜਾਬ, ਦੇਸ਼ ਅਤੇ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ। ਇਸ ਦੇ ਮੱਦੇਨਜ਼ਰ ਉਕਤ ਕਿਤਾਬਾਂ ਦੀ ਸੇਲ, ਪ੍ਰੋਡਕਸ਼ਨ ਅਤੇ ਸਰਕੁਲੇਸ਼ਨ ਉੱਤੇ ਮੁਕੰਮਲ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਤਾਂ ਜੋ ਬੱਚਿਆਂ ਦੇ ਦਿਮਾਗ਼ ਵਿੱਚ ਗ਼ਲਤ ਸਿੱਖ ਇਤਿਹਾਸ ਨਾ ਬੈਠ ਜਾਵੇ। ਇਸ ਮੌਕੇ ਹੋਰਾਂ ਤੋਂ ਇਲਾਵਾ ਜਸਵੰਤ ਸਿੰਘ ਖ਼ਾਲਸਾ, ਗੁਰਮਿੰਦਰ ਸਿੰਘ, ਗਗਨਦੀਪ ਸਿੰਘ, ਸਤਨਾਮ ਸਿੰਘ, ਅਵਤਾਰ ਸਿੰਘ ਹਾਜ਼ਰ ਸਨ।

# ਚੀਫ਼ ਖ਼ਾਲਸਾ ਦੀਵਾਨ ਦਾ ਹੋਇਆ ਭਗਵਾਂਕਰਨ

## ਭਾਜਪਾ ਦੇ ਸਿੱਪਾਸਲਾਰ ਡਾ. ਵਿੱਲੋਂ ਚੀਫ਼ ਖ਼ਾਲਸਾ ਦੀਵਾਨ ਦੇ ਸਕੂਲਾਂ ਦੇ ਚੇਅਰਮੈਨ ਨਿਯੁਕਤ



**ਅੰਮ੍ਰਿਤਸਰ/ਏ.ਟੀ.ਨਿਊਜ਼ :-** ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਬਾਅਦ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਨੇ ਵੀ ਪੰਥਕ ਕਦਰਾਂ ਕੀਮਤਾਂ ਤੇ ਸੰਵਿਧਾਨ ਦੇ ਨਿਯਮਾਂ ਨੂੰ ਦਰਕਿਨਾਰ ਕਰਦਿਆਂ ਦੀਵਾਨ ਦਾ ਭਗਵਾਂਕਰਨ ਕਰਦਿਆਂ ਭਾਜਪਾ ਦੇ ਸਿੱਪਾਸਲਾਰ ਡਾ. ਜਸਵਿੰਦਰ ਸਿੰਘ ਢਿੱਲੋਂ ਨੂੰ ਚੇਅਰਮੈਨ ਚੀਫ਼ ਖ਼ਾਲਸਾ ਦੀਵਾਨ ਸਕੂਲਜ਼ ਦੀ ਖ਼ਾਲੀ ਹੋਈ ਅਸਾਮੀ ਪੂਰੀ ਕਰਦਿਆਂ ਆਨਰੇਰੀ ਅਹੁਦੇ 'ਤੇ ਨਿਯੁਕਤ ਕੀਤਾ ਹੈ। ਜਿਹੜਾ ਅਹੁਦਾ ਭਾਗ ਸਿੰਘ ਅਣਖੀ ਦੀ ਮੌਤ ਤੋਂ ਬਾਅਦ ਖ਼ਾਲੀ ਹੋਇਆ ਸੀ। ਡਾ. ਢਿੱਲੋਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਹਨ ਤੇ ਪਹਿਲਾਂ ਵੀ 13 ਸਾਲ ਚੀਫ਼ ਖ਼ਾਲਸਾ ਦੀਵਾਨ ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਵਜੋਂ ਸੇਵਾਵਾਂ ਨਿਭਾਅ ਚੁੱਕੇ। ਡਾ. ਜਸਵਿੰਦਰ ਸਿੰਘ ਢਿੱਲੋਂ ਸਾਬਕਾ ਵਾਈਸ ਚਾਂਸਲਰ, ਗੁਰੂ ਕਾਸ਼ੀ ਯੂਨੀਵਰਸਿਟੀ ਬਠਿੰਡਾ, ਰਜਿਸਟਰਾਰ, ਖ਼ਾਲਸਾ ਯੂਨੀਵਰਸਿਟੀ, (ਰਿਟਾ:) ਪ੍ਰਿੰਸੀਪਲ ਖ਼ਾਲਸਾ ਕਾਲਜ ਅਤੇ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸਾਬਕਾ ਡਿਪਟੀ ਡਾਇਰੈਕਟਰ ਅਕੈਡਮਿਕ ਸਟਾਫ਼ ਕਾਲਜ, ਡੀਨ ਫ਼ੈਕਲਟੀ ਆਫ਼ ਐਜੂਕੇਸ਼ਨਲ ਅਤੇ ਮੈਂਬਰ ਸਿੰਡੀਕੇਟ ਅਤੇ ਸੈਨੇਟ ਦੇ ਨਾਲ-ਨਾਲ ਗਲੋਬਲ ਐਜੂਕੇਸ਼ਨਲ ਰਿਸਰਚ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਭਾਰਤੀ

ਐਸੋਸੀਏਸ਼ਨ ਆਫ਼ ਟੀਚਰ ਐਜੂਕੇਸ਼ਨ ਦੇ ਰੀਜ਼ਨਲ ਸੈਕਟਰੀ ਵੀ ਰਹੇ ਹਨ ਅਤੇ ਉਨਾਂ ਵੱਲੋਂ 40 ਰਿਸਰਚ ਪੇਪਰਾਂ ਦੇ ਨਾਲ-ਨਾਲ ਟੀਚਰ ਐਜੂਕੇਸ਼ਨ ਸੰਬੰਧਿਤ 11 ਕਿਤਾਬਾਂ ਵੀ ਲਿਖੀਆਂ ਗਈਆਂ ਹਨ। **ਬਾਕੀ ਸਫ਼ਾ 31 'ਤੇ**

### ਮਾਮਲਾ ਬਹਿਬਲ ਕਲਾਂ ਗੋਲੀ ਕਾਂਡ ਦਾ

# ਦੋਸ਼ੀ ਪੁਲਿਸ ਅਧਿਕਾਰੀ ਕੇਸ ਰੱਦ ਕਰਵਾਉਣ ਲਈ ਹਾਈ ਕੋਰਟ ਪੁੱਜੇ

## ਅਗਲੀ ਸੁਣਵਾਈ 11 ਮਾਰਚ ਨੂੰ

**ਫ਼ਰੀਦਕੋਟ/ਏ.ਟੀ.ਨਿਊਜ਼:-** ਬਹਿਬਲ ਕਲਾਂ ਗੋਲੀ ਕਾਂਡ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਪੁਲਿਸ ਅਧਿਕਾਰੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਹੈ ਕਿ ਬਹਿਬਲ ਗੋਲੀਕਾਂਡ ਦਾ ਚਲਾਨ, ਜੋ ਵਧੀਕ ਸੈਸ਼ਨ ਜੱਜ ਫ਼ਰੀਦਕੋਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ, ਰੱਦ ਕੀਤਾ ਜਾਵੇ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਦੋ ਹਫ਼ਤਿਆਂ ਵਿੱਚ ਪਟੀਸ਼ਨ ਦਾ ਜਵਾਬ ਅਦਾਲਤ ਵਿੱਚ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ। ਮੁਲਜ਼ਮਾਂ ਨੇ ਹਾਈ ਕੋਰਟ ਤੋਂ ਮੰਗ ਕੀਤੀ ਕਿ ਜਦੋਂ ਤੱਕ ਪਟੀਸ਼ਨ 'ਤੇ ਸੁਣਵਾਈ ਚੱਲਦੀ ਹੈ, ਉਨਾਂ ਚਿਰ ਫ਼ਰੀਦਕੋਟ ਅਦਾਲਤ ਵਿੱਚ ਚੱਲਦੇ ਮੁਕੱਦਮੇ ਦੀ ਸੁਣਵਾਈ ਉੱਪਰ ਰੋਕ ਲਾਈ ਜਾਵੇ ਪਰ ਹਾਲ ਦੀ ਘੜੀ ਹਾਈ ਕੋਰਟ ਨੇ ਰੋਕ ਲਾਉਣ ਤੋਂ ਇਨਕਾਰ ਕੀਤਾ ਹੈ। ਇਸ ਕੇਸ ਵਿੱਚ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐੱਸ.ਐੱਸ.ਪੀ. ਚਰਨਜੀਤ ਸ਼ਰਮਾ, ਐੱਸ.ਪੀ. ਬਿਕਰਮ ਸਿੰਘ ਤੇ ਥਾਣਾ ਬਾਜਾਖ਼ਾਨਾ ਦੇ ਐੱਸ.ਐੱਚ.ਓ. ਅਮਰਜੀਤ ਸਿੰਘ ਕੁਲਾਰ ਮੁਲਜ਼ਮ ਵਜੋਂ ਨਾਮਜ਼ਦ ਹਨ। ਇਨਾਂ ਪੁਲਿਸ ਅਧਿਕਾਰੀਆਂ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਹੈ ਕਿ ਜਾਂਚ ਟੀਮ ਨੇ ਹਮਲਾਵਰਾਂ ਉੱਪਰ ਕਾਰਵਾਈ ਕਰਨ ਦੀ ਥਾਂ ਪੁਲਿਸ ਅਧਿਕਾਰੀਆਂ ਨੂੰ ਹੀ ਦੋਸ਼ੀ ਵਜੋਂ ਨਾਮਜ਼ਦ ਕਰ ਦਿੱਤਾ।

ਸਥਾਨਕ ਅਦਾਲਤ ਵਿੱਚ ਬਹਿਬਲ ਕਲਾਂ ਗੋਲੀ ਕਾਂਡ ਦੀ ਸੁਣਵਾਈ ਹੋਈ, ਜਿੱਥੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਤੋਂ ਬਿਨਾਂ ਬਾਕੀ ਸਾਰੇ ਮੁਲਜ਼ਮ ਹਾਜ਼ਰ ਸਨ। ਫ਼ਰੀਦਕੋਟ ਦੇ ਵਧੀਕ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਨੇ ਇਸ ਕੇਸ ਦੀ ਅਗਲੀ ਸੁਣਵਾਈ 11 ਮਾਰਚ ਨੂੰ ਕਰਨ ਦੇ ਆਦੇਸ਼ ਦਿੱਤੇ ਹਨ।

# ਮਾਮਲਾ ਕਰਨਾਟਕਾ ਵਿੱਚ ਸਿੱਖ ਲੜਕੇ ਨੂੰ ਸਕੂਲ ਵੱਲੋਂ ਦਾਖ਼ਲਾ ਨਾ ਦੇਣ ਦਾ

## ਐਡਵੋਕੇਟ ਧਾਮੀ ਨੇ ਕੀਤੀ ਸਖ਼ਤ ਨਿੰਦਾ



**ਅੰਮ੍ਰਿਤਸਰ:** ਕਰਨਾਟਕਾ ਵਿੱਚ 6 ਸਾਲਾ ਸਿੱਖ ਲੜਕੇ ਨੂੰ ਦਸਤਾਰ ਕਾਰਨ ਇੱਕ ਸਕੂਲ ਵੱਲੋਂ ਦਾਖ਼ਲਾ ਨਾ ਦੇਣ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖਾਂ ਦੀ ਧਾਰਮਿਕ ਅਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਹੈ। ਉਨਾਂ ਕਿਹਾ ਕਿ ਇਸ ਤੋਂ ਪਹਿਲਾਂ ਕਰਨਾਟਕ ਅੰਦਰ ਹੀ ਇੱਕ ਕਾਲਜ ਵੱਲੋਂ ਅੰਮ੍ਰਿਤਧਾਰੀ ਗੁਰਸਿੱਖ ਲੜਕੀ ਨੂੰ ਦਸਤਾਰ ਕਾਰਨ ਕਲਾਸ ਵਿੱਚ ਨਾ ਬੈਠਣ ਲਈ ਆਖਿਆ ਗਿਆ ਸੀ ਅਤੇ ਹੁਣ ਇੱਕ ਛੋਟੇ ਬੱਚੇ ਨੂੰ ਸਕੂਲ ਵਿੱਚ ਦਾਖ਼ਲਾ ਦੇਣ ਤੋਂ ਵਰਜਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਇਹ ਵਰਤਾਰਾ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ ਕਿਉਂਕਿ ਭਾਰਤ ਦਾ ਸੰਵਿਧਾਨ ਹਰ ਇੱਕ ਨੂੰ ਧਾਰਮਿਕ ਅਜ਼ਾਦੀ ਦਿੰਦਾ ਹੈ। ਉਨਾਂ ਕਰਨਾਟਕਾ ਦੇ ਮੁੱਖ ਮੰਤਰੀ ਬਸਵਰਾਜ ਬੋਮਈ ਨੂੰ ਸੂਬੇ ਅੰਦਰ ਸਿੱਖਾਂ ਵਿਰੁੱਧ ਅਜਿਹੀਆਂ ਕਾਰਵਾਈਆਂ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਲਈ ਕਿਹਾ।

ਐਡਵੋਕੇਟ ਧਾਮੀ ਨੇ ਕਿਹਾ ਕਿ ਕਰਨਾਟਕਾ ਅੰਦਰ ਸਿੱਖਾਂ ਦੀ ਧਾਰਮਿਕ ਅਜ਼ਾਦੀ ਨੂੰ ਦਬਾਇਆ ਜਾ ਰਿਹਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨਾਂ ਕਿਹਾ ਕਿ ਕਰਨਾਟਕਾ ਅੰਦਰ ਅਜਿਹੇ ਸਿੱਖ ਮਸਲਿਆਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦਾ ਇੱਕ ਵਫ਼ਦ ਜਲਦ ਹੀ ਉਥੋਂ ਦੇ ਮੁੱਖ ਮੰਤਰੀ ਨੂੰ ਮਿਲਣ ਲਈ ਜਾਵੇਗਾ, ਜਿਸ ਲਈ ਸਮਾਂ ਨਿਰਧਾਰਤ ਕਰਨ ਵਾਸਤੇ ਮੁੱਖ ਮੰਤਰੀ ਬਸਵਰਾਜ ਬੋਮਈ ਨੂੰ ਪੱਤਰ ਲਿਖਿਆ ਗਿਆ ਹੈ।

# ਪੰਜਾਬ ਵਿੱਚ ਅਕਾਲੀ-ਭਾਜਪਾ ਗਠਜੋੜ ਸਰਕਾਰ ਬਣਾਉਣ ਦੇ ਦਾਅਵੇ ਹੋਣ ਲੱਗੇ

## ਬਹੁਮਤ ਨਾ ਆਉਣ ਦੀ ਸੂਰਤ 'ਚ ਕਾਂਗਰਸ ਅਤੇ 'ਆਪ' ਦੀਆਂ ਬੇੜੀਆਂ ਵਿੱਚ ਵੱਟੇ ਪਾ ਸਕਦੀ ਹੈ ਭਾਜਪਾ

**ਚੰਡੀਗੜ** : ਪੰਜਾਬ ਦੇ ਸਿਆਸੀ ਦ੍ਰਿਸ਼ 'ਤੇ ਸ਼੍ਰੋਮਣੀ ਅਕਾਲੀ ਦਲ ਨਾਲ਼ ਢਾਈ ਦਹਾਕਿਆਂ ਤੱਕ ਛੋਟੇ ਭਾਈਵਾਲ ਵਜੋਂ ਵਿਚਰਦੀ ਆ ਰਹੀ ਭਾਰਤੀ ਜਨਤਾ ਪਾਰਟੀ 16ਵੀਂ ਵਿਧਾਨ ਸਭਾ ਲਈ ਹੋਈਆਂ ਚੋਣਾਂ ਵਿੱਚ ਨਿਭਾਈ ਭੂਮਿਕਾ ਤੋਂ ਬਾਅਦ ਚੰਗੀ ਕਾਰਗੁਜ਼ਾਰੀ ਲਈ ਆਸਵੰਦ ਹੈ। ਭਾਜਪਾ 'ਤੇ ਮੋਦੀ-ਸ਼ਾਹ ਜੋੜੀ ਦਾ ਕੰਟਰੋਲ ਹੋਣ ਤੋਂ ਬਾਅਦ ਪੰਜਾਬ ਵਿੱਚ ਪਹਿਲੀ ਵਾਰੀ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਲਈ ਵਿਧਾਨ ਸਭਾ ਚੋਣਾਂ ਇੱਕ ਪ੍ਰੀਖਿਆ ਸਨ। ਪੰਜਾਬ ਤੋਂ ਛਿੜੇ ਲੰਮੇ ਕਿਸਾਨੀ ਅੰਦੋਲਨ ਕਰਕੇ ਭਾਜਪਾ ਦੇ ਆਗੂ ਲਗਾਤਾਰ ਤਿੱਖੇ ਜਨਤਕ ਵਿਰੋਧ ਦਾ ਸਾਹਮਣਾ ਕਰਦੇ ਆ ਰਹੇ ਸਨ। ਕਿਸਾਨਾਂ ਦੇ ਵਿਰੋਧ ਕਾਰਨ ਭਾਜਪਾ ਨੂੰ ਪੰਜਾਬ ਵਿੱਚ ਕਿਤੇ ਵੀ ਸਿਆਸੀ ਸਰਗਰਮੀ ਕਰਨੀ ਮੁਸ਼ਕਲ ਹੋਈ ਪਈ ਸੀ। ਪਰ ਭਾਜਪਾ ਨੂੰ ਸਭ ਤੋਂ ਪਹਿਲਾਂ ਸੁੱਖ ਦਾ ਸਾਹ ਉਦੋਂ ਆਇਆ ਸੀ ਜਦੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨਾਲ਼ ਗੱਠਜੋੜ ਪ੍ਰਵਾਨ ਚੜ ਗਿਆ। ਫਿਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਮੇਤ ਜਦੋਂ ਅਨੇਕਾਂ ਸਿੱਖ ਆਗੂਆਂ ਨੇ ਭਾਜਪਾ ਵਿੱਚ ਸ਼ਮੂਲੀਅਤ ਕਰ ਲਈ ਤਾਂ ਪਾਰਟੀ ਲਈ ਰਾਹ ਆਸਾਨ ਹੋ ਗਿਆ।

ਪਾਰਟੀ ਦੇ ਸੂਬਾਈ ਅਤੇ ਕੌਮੀ ਆਗੂ ਭਾਵੇਂ ਨਤੀਜਿਆਂ ਸੰਬੰਧੀ ਸਪਸ਼ਟ ਟੇਵਾ ਤਾਂ ਨਹੀਂ ਲਾ ਰਹੇ ਪਰ ਭਗਵਾਂ ਪਾਰਟੀ ਦੇ ਆਗੂਆਂ ਦਾ ਦਾਅਵਾ ਹੈ ਕਿ 10 ਮਾਰਚ ਨੂੰ ਨਤੀਜੇ ਸਾਹਮਣੇ ਆਉਣ ਤੋਂ ਬਾਅਦ ਅਗਲੀ ਸਰਕਾਰ ਦੇ ਗਠਨ ਵਿੱਚ ਪਾਰਟੀ ਦੀ ਅਹਿਮ ਭੂਮਿਕਾ ਹੋਵੇਗੀ। ਪੰਜਾਬ ਵਿੱਚ ਭਾਜਪਾ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ਼ ਗੱਠਜੋੜ ਦੇ ਸਮੇਂ ਸੰਸਦੀ ਜਾਂ ਵਿਧਾਨ ਸਭਾ ਚੋਣਾਂ ਦੌਰਾਨ 5 ਤੋਂ ਲੈ ਕੇ ਸਾਢੇ 8 ਫ਼ੀਸਦੀ ਤੱਕ ਵੋਟਾਂ ਹਾਸਿਲ ਹੁੰਦੀਆਂ ਰਹੀਆਂ ਹਨ। ਅਕਾਲੀ ਦਲ ਨਾਲ਼ ਗੱਠਜੋੜ ਦੌਰਾਨ ਭਾਜਪਾ 23 ਵਿਧਾਨ ਸਭਾ ਹਲਕਿਆਂ 'ਤੇ ਆਪਣੇ ਉਮੀਦਵਾਰ ਖੜੇ ਕਰਦੀ ਸੀ ਜਦਕਿ ਇਸ ਵਾਰੀ 70 ਤੋਂ ਵੱਧ ਵਿਧਾਨ ਸਭਾ ਹਲਕਿਆਂ 'ਤੇ ਭਗਵਾਂ ਪਾਰਟੀ ਦੇ ਉਮੀਦਵਾਰ ਖੜੇ ਸਨ। ਵਿਧਾਨ ਸਭਾ ਚੋਣਾਂ ਦਾ ਹੀ ਅੰਕੜਾ ਦੇਖਿਆ ਜਾਵੇ ਤਾਂ ਭਗਵਾਂ ਪਾਰਟੀ ਦੇ ਹਿੱਸੇ 2007 ਵਿੱਚ 8.33 ਫ਼ੀਸਦੀ, 2012 ਵਿੱਚ 7.18 ਫ਼ੀਸਦੀ ਵੋਟਾਂ ਆਈਆਂ ਸਨ ਜਦਕਿ 2017 ਵਿੱਚ ਵੋਟ ਫ਼ੀਸਦ ਘਟ ਕੇ 5.4 ਫ਼ੀਸਦੀ ਰਹਿ ਗਈ ਸੀ ਤੇ ਸੀਟਾਂ ਵੀ ਤਿੰਨ ਹੀ ਹੱਥ ਲੱਗੀਆਂ ਸਨ। ਉਸ ਮਗਰੋਂ ਪਾਰਟੀ ਲਗਾਤਾਰ ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰਦੀ ਆ ਰਹੀ ਸੀ ਤੇ ਸ਼੍ਰੋਮਣੀ ਅਕਾਲੀ ਦਲ ਨਾਲ਼ ਤੋੜ ਵਿਛੋੜੇ ਤੋਂ ਬਾਅਦ ਪਾਰਟੀ ਨੂੰ ਬੇੜੀ ਬੰਨੇ ਲਾਉਣ ਲਈ ਕੋਈ ਕੱਦਾਵਾਰ ਆਗੂ ਵੀ ਨਹੀਂ ਲੱਭਿਆ। ਪੰਜਾਬ ਵਿਧਾਨ ਸਭਾ ਚੋਣ ਨਤੀਜਿਆਂ ਦੇ ਦਿਨ ਜਿਵੇਂ-ਜਿਵੇਂ ਨੇੜੇ ਆ ਰਹੇ ਹਨ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਲੈ ਕੇ ਅਟਕਲਾਂ ਤੇਜ਼ ਹੁੰਦੀਆਂ ਜਾ ਰਹੀਆਂ ਹਨ। ਜੇਕਰ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲਦਾ ਤਾਂ ਇਹ ਦੋਵੇਂ ਪਾਰਟੀਆਂ ਦੁਬਾਰਾ ਗਠਜੋੜ ਕਰਕੇ ਸਰਕਾਰ ਬਣਾਉਣ ਦੀ ਸੰਭਾਵਨਾ ਦੇਖ ਰਹੀਆਂ ਹਨ। ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐੱਮ.) ਖੁੱਲਣ ਤੋਂ ਪਹਿਲਾਂ ਹੀ ਦੋਵੇਂ ਪਾਰਟੀਆਂ ਦੇ ਆਗੂ ਵੀ ਇੱਕ ਦੂਜੇ ਪ੍ਰਤੀ ਨਰਮ ਰੁਖ਼ ਅਪਣਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨੂੰ ਕੇਂਦਰ ਸਰਕਾਰ ਵਿੱਚ ਮਜ਼ਬੂਤ ਭਾਈਵਾਲ ਦੀ ਲੋੜ ਹੈ। ਜੇਕਰ ਉਹ ਭਾਜਪਾ ਨਾਲ਼ ਸੰਬੰਧ ਨਹੀਂ ਸੁਧਾਰਦੀ ਹੈ ਤਾਂ ਦਿੱਲੀ ਵਿੱਚ ਉਸ ਦੀ ਨੁਮਾਇੰਦਗੀ ਖ਼ਤਮ ਹੋ ਜਾਵੇਗੀ। ਇਸ ਦੇ ਨਾਲ਼ ਹੀ ਭਾਜਪਾ ਨੂੰ ਇਹ ਵੀ ਪਤਾ ਲੱਗ ਗਿਆ ਹੈ ਕਿ ਉਸ ਲਈ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਘੁਸਪੈਠ ਕਰਨਾ ਇੰਨਾ ਆਸਾਨ ਨਹੀਂ ਹੈ। ਬਾਦਲ ਦਲ ਹੀ ਉਸਦਾ ਅਹਿਮ ਸਾਥੀ ਬਣਨ ਯੋਗ ਹੈ। ਪ੍ਰਕਾਸ਼ ਸਿੰਘ ਬਾਦਲ ਸੁਪਰੀਮੋ ਨੇ ਸਾਫ਼ ਕਰ ਦਿੱਤਾ ਹੈ ਕਿ ਸਰਕਾਰ ਬਨਾਉਣ ਲਈ ਭਾਜਪਾ ਨਾਲ਼ ਗਠਜੋੜ ਕਰਾਂਗੇ। ਸਿਆਸੀ ਮਾਹਿਰ ਆਖਦੇ ਹਨ ਕਿ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਵੀ ਇੰਨਾ ਆਸਾਨ ਨਹੀਂ ਹੋਵੇਗਾ। ਕਿਉਂਕਿ ਭਾਜਪਾ ਨੇ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਅਕਾਲੀ ਦਲ ਦੇ ਨਾਲ਼ ਬਹੁਜਨ ਸਮਾਜ ਪਾਰਟੀ ਨਾਲ਼ ਗਠਜੋੜ ਕਰਕੇ ਚੋਣਾਂ ਲੜੀਆਂ ਸਨ। ਸੁਖਦੇਵ ਸਿੰਘ ਢੀਂਡਸਾ ਨੇ ਸੁਖਬੀਰ ਬਾਦਲ ਦੀ ਲੀਡਰਸ਼ਿਪ 'ਤੇ ਸਵਾਲ ਚੁੱਕਦੇ ਹੋਏ 2017 ਵਿੱਚ ਅਕਾਲੀ ਦਲ ਨਾਲ਼ੋਂ ਨਾਤਾ ਤੋੜ ਲਿਆ ਸੀ।

### ਆਪ ਤੇ ਕਾਂਗਰਸ ਵਿਰੁੱਧ ਭਾਜਪਾ ਦੀ ਸਿਆਸਤ

ਭਾਜਪਾ ਨੇ ਹਿੰਦੂ ਵਰਗ ਦੇ ਵੋਟਰਾਂ ਨੂੰ ਲੁਭਾਉਣ ਲਈ ਆਮ ਆਦਮੀ ਪਾਰਟੀ (ਆਪ) 'ਤੇ ਖ਼ਾਲਿਸਤਾਨ ਪੱਖੀ ਹੋਣ ਦਾ ਡਟਵਾਂ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਪੰਜਾਬ ਸਮੇਤ ਹੋਰਨਾਂ ਸੂਬਿਆਂ ਦੇ ਸੰਘੀ ਵਰਕਰਾਂ ਨੇ ਪੰਜਾਬ ਦੇ ਛੋਟੇ ਵੱਡੇ ਸ਼ਹਿਰਾਂ ਸਮੇਤ ਪਿੰਡਾਂ ਵਿੱਚ ਵੀ ਡੇਰੇ ਲਾ ਕੇ ਹਿੰਦੂ ਵੋਟ ਨੂੰ ਪਾਰਟੀ ਦੇ ਪੱਖ ਵਿੱਚ ਭੁਗਤਾਉਣ ਲਈ ਤਾਣ ਲਾਇਆ। ਰਾਜਸੀ ਹਲਕਿਆਂ ਵਿੱਚ ਇਹ ਚਰਚਾ ਭਾਰੂ ਹੈ ਕਿ ਭਾਜਪਾ ਨੇ ਚੋਣ ਨਤੀਜਿਆਂ ਤੋਂ ਲਟਕਵੀਂ ਵਿਧਾਨ ਸਭਾ ਆਉਣ ਦੀ ਸੂਰਤ ਵਿੱਚ ਬਾਅਦ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੂੰ ਸੱਤਾ ਤੋਂ ਦੂਰ ਰੱਖਣ ਲਈ ਚੋਣ ਰਣਨੀਤੀ ਤਹਿਤ ਗੱਠਜੋੜ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। 'ਆਪ' ਅਤੇ ਕਾਂਗਰਸ ਦੇ ਆਗੂਆਂ ਨੂੰ ਵੀ ਇਹ ਡਰ ਸਤਾਉਣ ਲੱਗਾ ਹੈ ਕਿ ਕਿਸੇ ਵੀ ਧਿਰ ਨੂੰ ਜੇਕਰ ਸਪੱਸ਼ਟ ਬਹੁਮਤ ਨਹੀਂ ਮਿਲਦਾ ਤਾਂ ਭਾਜਪਾ 'ਬੇੜੀ ਵਿੱਚ ਵੱਟੇ' ਪਾਉਣ ਦਾ ਕੰਮ ਕਰ ਸਕਦੀ ਹੈ। ਭਾਜਪਾ ਆਗੂਆਂ ਦਾ ਦਾਅਵਾ ਹੈ ਕਿ ਪਾਰਟੀ ਨੂੰ ਜਿੰਨੀਆਂ ਸੀਟਾਂ ਸ਼੍ਰੋਮਣੀ ਅਕਾਲੀ ਦਲ ਨਾਲ਼ ਗੱਠਜੋੜ ਦੌਰਾਨ ਹਾਸਲ ਹੁੰਦੀਆਂ ਸਨ, ਓਨੀਆਂ ਸੀਟਾਂ ਹੱਥ ਆਉਣ ਦੇ ਆਸਾਰ ਦਿਖਾਈ ਦੇ ਰਹੇ ਹਨ। ਬਿਨਾਂ ਸ਼ੱਕ ਇਨਾਂ ਚੋਣਾਂ ਦੌਰਾਨ ਭਾਜਪਾ ਆਪਣੇ ਅਤੇ ਆਪਣੇ ਸਹਿਯੋਗੀਆਂ ਦੇ ਵੱਡੀ ਗਿਣਤੀ ਉਮੀਦਵਾਰਾਂ ਲਈ ਡੇਰਾ ਸਿਰਸਾ ਤੇ ਡੇਰਾ ਬਿਆਸ ਸਮੇਤ ਹੋਰਨਾਂ ਕਈ ਡੇਰਿਆਂ ਦੀ ਹਮਾਇਤ ਹਾਸਲ ਕਰਨ 'ਚ ਕਾਮਯਾਬ ਹੋ ਗਈ ਸੀ, ਜਿਸ ਕਰਕੇ ਪਾਰਟੀ ਨੂੰ ਵੋਟ ਪ੍ਰਤੀਸ਼ਤ ਦਾ ਮੋਟਾ ਹਿੱਸਾ ਮਿਲਣ ਅਤੇ ਹੈਰਾਨੀਜਨਕ ਨਤੀਜਿਆਂ ਦੀ ਆਸ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਕਾਂਗਰਸ ਤੇ ਆਪ ਦੇ ਕੁਝ ਵਿਧਾਇਕ ਤੋੜਕੇ ਆਪਣੇ ਨਾਲ਼ ਲਿਆਵੇਗੀ।

# ਨਿਊਜਰਸੀ ਸੂਬੇ 'ਚ ਇੱਕ ਭਾਰਤੀ-ਅਮਰੀਕੀ ਜਰਸੀ ਸਿਟੀ ਦੇ ਅਸੈਂਬਲੀਮੈਨ ਦੀ ਚੋਣ ਲੜੇਗਾ

**ਨਿਊਜਰਸੀ/ਰਾਜ ਗੋਗਨਾ:** ਸਟੇਟ ਅਸੈਂਬਲੀ 'ਚ ਨਿਊਜਰਸੀ ਸੂਬੇ ਵਿੱਚ ਜਰਸੀ ਸਿਟੀ ਦੀ ਨੁਮਾਇੰਦਗੀ ਕਰਨ ਵਾਲੇ ਇੱਕ ਭਾਰਤੀ ਅਮਰੀਕੀ ਡੈਮੋਕਰੇਟ ਜਿਸ ਦਾ ਨਾਂ ਰਾਜ ਮੁਖਰਜੀ ਐਲਾਨ ਕੀਤਾ ਹੈ ਕਿ ਉਹ ਅਗਲੇ ਸਾਲ 32ਵੇਂ ਜ਼ਿਲੇ ਵਿੱਚ ਰਾਜ ਦੀ ਸੈਨੇਟ ਲਈ ਚੋਣ ਲੜਨਗੇ। ਮੁਖਰਜੀ, ਉਮਰ 37 ਸਾਲ, ਨੇ ਸਾਡੇ ਪੱਤਰਕਾਰ ਨਾਲ਼ ਫ਼ੋਨ ਵਾਰਤਾ ਦੌਰਾਨ ਗੱਲਬਾਤ ਦੱਸਿਆ ਕਿ ਅਸੈਂਬਲੀ ਜੁਡੀਸ਼ਰੀ ਕਮੇਟੀ ਦੇ ਚੇਅਰਮੈਨ, ਅਤੇ ਨਿਊਜਰਸੀ ਦੇ ਗਵਰਨਮੈਂਟ ਫ਼ਿਲ ਮਰਫ਼ੀ ਅਤੇ ਜਰਸੀ ਸਿਟੀ ਦੇ ਮੇਅਰ ਸਟੀਵਨ ਫ਼ੁਲੋਪ, ਸਟੇਟ ਸੇਨ ਬ੍ਰਾਇਨ ਸਟੈਕ ਅਤੇ ਹੋਬੋਕੇਨ ਨਿਊਜਰਸੀ ਦੇ ਇੱਕ ਪਹਿਲੇ ਭਾਰਤੀ-ਪੰਜਾਬੀ-ਅਮਰੀਕੀ ਮੇਅਰ ਰਵੀ ਭੱਲਾ ਤੋਂ ਪਹਿਲਾਂ ਹੀ ਸਮਰਥਨ ਪ੍ਰਾਪਤ ਕਰ ਚੁੱਕੇ ਹਨ। ਮੁਖਰਜੀ ਨੇ 18 ਫ਼ਰਵਰੀ ਨੂੰ ਇੱਕ ਬਿਆਨ ਵਿੱਚ ਕਿਹਾ, "ਮੇਰੇ ਛੋਟੇ ਬੇਟੇ, ਲੀਓ, ਅਤੇ ਛੋਟੀ ਧੀ, ਲਿਆਨਾ ਲਈ ਇੱਕ ਚਮਕਦਾਰ ਕੱਲ ਨੂੰ ਸੁਰੱਖਿਅਤ ਕਰਨ ਦੇ ਟੀਚੇ ਨੇ ਸਾਡੇ ਰਾਜ ਲਈ ਲੜਦੇ ਰਹਿਣ ਦੇ ਮੇਰੇ ਇਰਾਦੇ ਨੂੰ ਮਜ਼ਬੂਤ ਕੀਤਾ ਹੈ। ਇਸ ਲਈ ਮੈਂ ਨਿਮਰਤਾ ਨਾਲ਼ ਜਰਸੀ ਸਿਟੀ ਅਤੇ ਹੋਬੋਕਨ ਦੇ ਲੋਕਾਂ ਨੂੰ ਇਸ ਵਾਰ ਸੈਨੇਟ ਵਿੱਚ, ਮੈਨੂੰ ਵਿਧਾਨ ਸਭਾ ਵਿੱਚ ਵਾਪਸ ਕਰਨ ਲਈ ਕਹਿ ਰਿਹਾ ਹਾਂ।"

ਮਰੀਨ ਕੌਰ ਦੇ ਅਨੁਭਵੀ ਅਤੇ ਜਰਸੀ ਸਿਟੀ ਦੇ ਸਾਬਕਾ ਡਿਪਟੀ ਮੇਅਰ ਨੇ ਕਿਹਾ। "ਰਾਜ ਮੁਖਰਜੀ ਦੁਆਰਾ ਸਪਾਂਸਰ ਕੀਤੇ ਬਾਲ ਵਿਆਹ ਬਿੱਲ ਨੂੰ **NJ** ਵਿਧਾਨ ਸਭਾ ਪੈਨਲ ਨੇ ਮਨਜ਼ੂਰੀ ਦਿੱਤੀ"(11 ਮਈ, 2018 ਮਰਫ਼ੀ ਨੇ ਪੰਜ-ਮਿਆਦ ਦੇ ਅਸੈਂਬਲੀ ਮੈਂਬਰ ਨੂੰ ਹਡਸਨ ਕਾਉਂਟੀ ਵਿੱਚ ਇੱਕ ਨਵੀਂ ਓਪਨ ਸੀਟ ਬਣਾਉਣ ਦੇ ਇੱਕ ਨਵੇਂ ਵਿਧਾਨਿਕ ਰੀਡਿਸਟ੍ਰਿਕਟਿੰਗ ਮੈਪ ਤੋਂ ਇੱਕ ਦਿਨ ਤੋਂ ਵੀ ਘੱਟ ਸਮੇਂ ਵਿੱਚ ਸਮਰਥਨ ਦਿੱਤਾ। ਮਰਫ਼ੀ ਨੇ ਕਿਹਾ, "ਰਾਜ ਲੀਡਰਸ਼ਿਪ ਦੀ ਨਵੀਂ ਪੀੜੀ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਮੈਂ ਜਾਣਦਾ ਹਾਂ ਕਿ ਜਰਸੀ ਸਿਟੀ ਅਤੇ ਹੋਬੋਕੇਨ ਦੇ ਲੋਕਾਂ ਕੋਲ਼ ਕੋਈ ਬਿਹਤਰ ਪ੍ਰਤੀਨਿਧ ਨਹੀਂ ਹੈ, ਇਸ ਲਈ ਮੈਂ ਰਾਜ ਸੇਨੇਟ ਲਈ ਉਸਦੀ ਉਮੀਦਵਾਰੀ ਦਾ ਉਤਸ਼ਾਹ ਨਾਲ਼ ਸਮਰਥਨ ਕਰਦਾ ਹਾਂ।" ਮਰਫ਼ੀ ਨੇ ਕਿਹਾ "ਪਿਛਲੇ ਅੱਠ ਸਾਲਾਂ ਵਿੱਚ, ਰਾਜ ਮੁਖਰਜੀ ਹਡਸਨ ਕਾਉਂਟੀ ਦੇ ਲੋਕਾਂ ਲਈ ਅਣਥੱਕ ਲੜਾਕੂ ਰਹੇ ਹਨ, ਜੋ ਸਾਡੇ ਰਾਜ ਵਿੱਚ ਸਭ ਤੋਂ



ਵੱਧ ਵਿਭਿੰਨ ਭਾਈਚਾਰਿਆਂ ਦੀ ਨੁਮਾਇੰਦਗੀ ਕਰਦੇ ਹਨ।" ਉਸਨੇ ਕਿਹਾ, "ਚਾਹੇ ਇੱਕ ਨੌਕਰੀ ਪੈਦਾ ਕਰਨ ਵਾਲੇ 35®, ਆਪਣੇ ਪਿਆਰੇ ਜਰਸੀ ਸਿਟੀ ਦੇ ਡਿਪਟੀ ਮੇਅਰ, ਸਥਾਨਕ ਵਕੀਲ, ਜਾਂ ਇੱਕ ਉੱਘੇ ਕਾਨੂੰਨਸਾਜ਼ ਦੇ ਤੌਰ 'ਤੇ, ਰਾਜ ਨੇ ਪ੍ਰਗਤੀਸ਼ੀਲ ਕਦਰਾਂ-ਕੀਮਤਾਂ ਨੂੰ ਉੱਤਮ ਅਤੇ ਜੇਤੂ ਬਣਾਇਆ ਹੈ ਅਤੇ ਇੱਕ ਮਜ਼ਬੂਤ ਅਤੇ ਨਿਆਂਪੂਰਨ ਨਿਊ ਜਰਸੀ ਨੂੰ ਬਣਾਉਣ ਵਿੱਚ ਮਦਦ ਕੀਤੀ ਹੈ।"

ਮਰਫ਼ੀ ਨੇ ਟਰੈਂਟਨ ਵਿੱਚ ਅੱਠ ਸਾਲਾਂ ਤੋਂ ਵੱਧ ਸਮੇਂ ਦੌਰਾਨ ਮੁਖਰਜੀ ਦੀਆਂ ਵਿਧਾਨਕ ਪ੍ਰਾਪਤੀਆਂ ਦੀ ਪ੍ਰਸ਼ੰਸਾ ਕੀਤੀ, ਜਿੱਥੇ ਉਸਨੇ 2020 ਵਿੱਚ ਨਿਆਂਪਾਲਿਕਾ ਦੀ ਪ੍ਰਧਾਨਗੀ ਸੰਭਾਲਣ ਤੋਂ ਪਹਿਲਾਂ ਅਸੈਂਬਲੀ ਬਹੁਮਤ ਵਿਪ ਵਜੋਂ ਸੇਵਾ ਕੀਤੀ। "ਮੂਸ ਟਰਾਂਜ਼ਿਟ ਵਿੱਚ ਨਿਵੇਸ਼ ਕਰਨ ਤੋਂ ਲੈ ਕੇ ਮੈਡੀਕੇਡ ਦੇ ਵਿਸਤਾਰ ਲਈ ਜ਼ਰੂਰੀ ਸਿਹਤ ਦੇਖਭਾਲ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਾਡੇ ਪਬਲਿਕ ਸਕੂਲਾਂ ਲਈ ਫ਼ੰਡ ਵਧਾਉਣ ਲਈ ਖੁੱਲੀਆਂ ਥਾਵਾਂ ਦੀ ਰੱਖਿਆ ਕਰਨ ਲਈ, ਰਾਜ ਵਿਧਾਨ ਸਭਾ ਵਿੱਚ ਮੇਰਾ ਇੱਕ ਸਹਿਯੋਗੀ ਰਿਹਾ ਹੈ ਅਤੇ ਬਿਨਾਂ ਸ਼ੱਕ ਪੰਜਾਬ ਵਿੱਚ ਤਰੱਕੀ ਦੇ ਆਪਣੇ ਮਜ਼ਬੂਤ ਰਿਕਾਰਡ ਨੂੰ ਬਣਾਉਣਾ ਜਾਰੀ ਰੱਖੇਗਾ।"

# ਸਿਆਸੀ ਆਗੂਆਂ 'ਤੇ ਦਰਜ ਹੋਏ ਜ਼ਾਬਤੇ ਦੀ ਉਲੰਘਣਾ ਦੇ ਪਰਚੇ ਪਰ ਗ੍ਰਿਫ਼ਤਾਰੀ ਨਾ ਹੋਈ

**ਫ਼ਰੀਦਕੋਟ-** ਇਸ ਵਾਰ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਲਗਪਗ ਸਾਰੀਆਂ ਸਿਆਸੀ ਪਾਰਟੀਆਂ ਦੇ ਪ੍ਰਮੁੱਖ ਆਗੂਆਂ 'ਤੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਪਰਚੇ ਦਰਜ ਹੋਏ ਹਨ। ਜਦਕਿ ਰਿਪੋਰਟਾਂ ਅਨੁਸਾਰ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਵੋਟਰ ਤੇ ਬਾਕੀ ਪਾਰਟੀਆਂ ਦੇ ਕਾਰਕੁਨ ਖ਼ਾਮੋਸ਼ ਰਹੇ।

ਜਾਣਕਾਰੀ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ਾਂ ਤਹਿਤ ਮਾਨਸਾ ਜ਼ਿਲੇ ਵਿੱਚ ਪਰਚਾ ਦਰਜ ਕੀਤਾ ਗਿਆ ਹੈ। ਇਸੇ ਤਰਾਂ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਫ਼ਰੀਦਕੋਟ ਜ਼ਿਲੇ ਵਿੱਚ ਚੋਣ ਜ਼ਾਬਤੇ ਦੀ ਉਲੰਘਣਾ ਦਾ ਪਰਚਾ ਦਰਜ ਹੋਇਆ ਹੈ। ਕਾਂਗਰਸ ਛੱਡ ਕੇ ਭਾਜਪਾ ਵਿੱਚ ਗਏ ਗੁਰਮੀਤ ਸਿੰਘ ਰਾਣਾ ਸੋਢੀ 'ਤੇ ਵੀ ਫ਼ਿਰੋਜ਼ਪੁਰ ਜ਼ਿਲੇ ਵਿੱਚ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਹੇਠ ਪਰਚਾ ਦਰਜ ਹੋਇਆ ਹੈ ਤੇ 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ 'ਤੇ ਵੀ ਚੋਣ ਜ਼ਾਬਤੇ ਦੀ ਉਲੰਘਣਾ ਤਹਿਤ ਪਰਚਾ ਦਰਜ ਕੀਤਾ ਗਿਆ ਹੈ। ਇਸ ਵਾਰ ਦੀਆਂ ਚੋਣਾਂ ਵਿੱਚ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਕਾਰਕੁਨਾਂ 'ਤੇ ਫ਼ੌਜਦਾਰੀ ਪਰਚੇ ਦਰਜ ਨਹੀਂ ਹੋਏ ਅਤੇ ਨਾ ਹੀ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਦੇ ਕਾਰਕੁਨਾਂ ਦੀ ਆਪਸੀ ਝੜਪ ਦੀਆਂ ਖ਼ਬਰਾਂ ਆਈਆਂ ਹਨ। 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦੇ 240 ਕਾਰਕੁਨਾਂ ਖ਼ਿਲਾਫ਼ ਚੋਣ ਜ਼ਾਬਤੇ ਦੀ ਉਲੰਘਣਾ ਅਤੇ ਚੋਣਾਂ ਦੌਰਾਨ ਝਗੜਾ ਕਰਨ ਦੇ ਦੋਸ਼ ਹੇਠ ਪਰਚੇ ਦਰਜ ਹੋਏ ਸਨ। ਜਦਕਿ ਇਸ ਵਾਰੀ ਵਿਧਾਨ ਸਭਾ ਚੋਣਾਂ ਵਿੱਚ ਫ਼ਿਰੋਜ਼ਪੁਰ ਜ਼ਿਲੇ ਦੇ ਦੋ ਭਾਜਪਾ ਵਰਕਰਾਂ ਅਤੇ ਫ਼ਰੀਦਕੋਟ ਜ਼ਿਲੇ ਵਿੱਚ ਇੱਕ ਭਾਜਪਾ ਵਰਕਰ 'ਤੇ ਹੀ ਪਰਚੇ ਦਰਜ ਹੋਏ ਹਨ। ਭਾਜਪਾ ਆਗੂ ਐਡਵੋਕੇਟ ਗਗਨਦੀਪ ਸਿੰਘ ਸੁਖੀਜਾ ਨੇ ਕਿਹਾ ਕਿ ਇਸ ਵਾਰ ਭਾਰਤੀ ਚੋਣ ਕਮਿਸ਼ਨ ਨੇ ਚੋਣ ਜ਼ਾਬਤੇ ਦੀ ਸਖ਼ਤੀ ਨਾਲ਼ ਪਾਲਣਾ ਕੀਤੀ ਹੈ ਤੇ ਹਰ ਘਟਨਾ ਦੀ ਬਕਾਇਦਾ ਵੀਡਿਓਗ੍ਰਾਫ਼ੀ ਕੀਤੀ ਗਈ ਹੈ, ਇਸ ਕਰਕੇ ਵੋਟਰਾਂ ਅਤੇ ਵਰਕਰਾਂ ਦੀ ਥਾਂ ਇਸ ਵਾਰ ਲੀਡਰਾਂ ਖ਼ਿਲਾਫ਼ ਪਰਚੇ ਦਰਜ ਹੋਏ ਹਨ। ਜ਼ਿਕਰਯੋਗ ਹੈ ਕਿ 44 ਦਿਨ ਦੇ ਚੋਣ ਜ਼ਾਬਤੇ ਵਿੱਚ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ 67 ਪਰਚੇ ਦਰਜ ਹੋਏ ਹਨ, ਜਿਨਾਂ ਵਿੱਚੋਂ 27 ਪਰਚੇ ਸਿਆਸੀ ਪਾਰਟੀਆਂ ਦੇ ਆਗੂਆਂ ਖ਼ਿਲਾਫ਼ ਹਨ, ਜਦਕਿ 40 ਪਰਚੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਹੇਠ ਦਰਜ ਕੀਤੇ ਗਏ ਹਨ। ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਹੇਠ ਦਰਜ ਕੀਤੇ ਗਏ ਸਾਰੇ ਮੁਕੱਦਮਿਆਂ ਵਿੱਚ ਹਾਲੇ ਤੱਕ ਪੁਲਿਸ ਵੱਲੋਂ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਹੈ।

# ਦਿੱਲੀ ਸਰਕਾਰ ਨੇ ਕਿਸਾਨਾਂ 'ਤੇ ਦਰਜ 17 ਕੇਸ ਲਏ ਵਾਪਿਸ



## ਇੱਕ ਕੇਸ ਗਣਤੰਤਰ ਦਿਵਸ ਹਿੰਸਾ ਨਾਲ਼ ਸੰਬੰਧਿਤ

**ਨਵੀਂ ਦਿੱਲੀ**-ਦਿੱਲੀ ਸਰਕਾਰ ਨੇ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਦੌਰਾਨ ਪਿਛਲੇ ਸਾਲ ਇੱਥੇ ਪੁਲਿਸ ਵੱਲੋਂ ਦਰਜ ਕੀਤੇ ਗਏ 17 ਕੇਸ ਵਾਪਸ ਲੈਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਨਾਂ ਵਿੱਚ ਗਣਤੰਤਰ ਦਿਵਸ 'ਤੇ ਹੋਈ ਹਿੰਸਾ ਨਾਲ਼ ਜੁੜਿਆ ਮਾਮਲਾ ਵੀ ਸ਼ਾਮਿਲ ਹੈ। ਸੀਨੀਅਰ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਉਪ-ਰਾਜਪਾਲ ਅਨਿਲ ਬੈਜਲ ਦੇ ਦਫ਼ਤਰ ਵੱਲੋਂ 31 ਜਨਵਰੀ ਨੂੰ ਗ੍ਰਿਹ ਮੰਤਰੀ ਸਤੇਂਦਰ ਜੈਨ ਨੂੰ ਭੇਜੇ ਕੇਸਾਂ ਨਾਲ਼ ਸੰਬੰਧਿਤ ਫ਼ਾਈਲ ਨੂੰ ਕਾਨੂੰਨ ਵਿਭਾਗ ਦੀ ਰਾਏ ਲੈਣ ਤੋਂ ਬਾਅਦ ਬੀਤੇ ਸੋਮਵਾਰ ਨੂੰ ਮਨਜ਼ੂਰੀ ਦਿੱਤੀ ਗਈ। ਦਿੱਲੀ ਪੁਲਿਸ ਨੇ ਨਵੰਬਰ 2020 ਤੋਂ ਦਸੰਬਰ 2021 ਦੌਰਾਨ ਦਰਜ 54 ਵਿੱਚੋਂ 17 ਕੇਸ ਵਾਪਿਸ ਲੈਣ ਦਾ ਫ਼ੈਸਲਾ ਕੀਤਾ ਸੀ।

# ਬੀ.ਬੀ.ਐੱਮ.ਬੀ. ਦੇ ਫ਼ੈਸਲੇ ਪਿੱਛੇ ਮੋਦੀ ਵੱਲੋਂ ਪੰਜਾਬ ਦਾ ਪਾਣੀ ਤੇ ਬਿਜਲੀ ਖੋਹਣ ਦੀ ਡੂੰਘੀ ਸਾਜ਼ਿਸ਼ : ਮਹਿਲਾ ਕਿਸਾਨ ਯੂਨੀਅਨ

## ✪ ਬਿਜਲੀ ਤੇ ਪਾਣੀ ਰਾਹੀਂ ਭਾਜਪਾ ਗੁਆਂਢੀ ਸੂਬਿਆਂ ਦੀਆਂ ਚੋਣਾਂ ਜਿੱਤਣ ਦੀ ਤਾਕ 'ਚ : ਬੀਬੀ ਰਾਜਵਿੰਦਰ ਕੌਰ ਰਾਜੂ

## ✪ ਪੰਜਾਬ ਨਾਲ਼ ਬੇਇਨਸਾਫ਼ੀਆਂ ਖ਼ਿਲਾਫ਼ ਸਮੂਹ ਕਿਸਾਨ ਜਥੇਬੰਦੀਆਂ ਨੂੰ ਸਰਬ ਸਾਂਝਾ ਅੰਦੋਲਨ ਵਿੱਢਣ ਦੀ ਅਪੀਲ

ਚੰਡੀਗੜ੍ਹ/ਏ.ਟੀ.ਨਿਊਜ਼ :- ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐੱਮ.ਬੀ.) ਨੰਗਲ ਦੀ ਮੈਨੇਜਮੈਂਟ ਵਿੱਚ ਤਾਜ਼ਾ ਸੋਧਾਂ ਕਰਕੇ ਪੰਜਾਬ ਕੋਲ਼ੋਂ ਮੈਂਬਰੀ ਦਾ ਹੱਕ ਖੋਹਣ ਲਈ ਭਾਜਪਾ ਨੇ ਵਿਆਪਕ, ਦੂਰਗਾਮੀ ਤੇ ਡੂੰਘੀ ਸਾਜ਼ਿਸ਼ ਰਚਦਿਆਂ ਪੰਜਾਬ ਦੇ ਪਾਣੀਆਂ ਤੇ ਪਣ ਬਿਜਲੀ ਸਮੇਤ ਚਰਚਿਤ ਸਤਲੁਜ ਯਮਨਾ ਲਿੰਕ (ਐਸ.ਵਾਈ.ਐਲ) ਨਹਿਰ ਬਾਰੇ ਰਾਜਸੀ ਬਿਸਾਤ ਵਿਛਾਈ ਹੈ ਤਾਂ ਜੋ ਪਾਣੀ ਤੇ ਬਿਜਲੀ ਦੇ ਮੁੱਦੇ ਉੱਤੇ ਭਗਵਾਂ ਪਾਰਟੀ ਗੁਆਂਢੀ ਰਾਜਾਂ ਵਿੱਚ ਅਗਾਮੀ ਵਿਧਾਨ ਸਭਾ ਚੋਣਾਂ ਜਿੱਤ ਸਕੇ ਅਤੇ ਭਵਿੱਖ ਵਿੱਚ ਸ਼ੁਰੂ ਹੋਣ ਵਾਲੇ ਕਿਸਾਨ ਅੰਦੋਲਨ ਦੇ ਦੂਜੇ ਪੜਾਅ ਵੇਲੇ ਦਰਿਆਈ ਪਾਣੀਆਂ ਦੀ ਵੰਡ ਦੇ ਮੁੱਦੇ ਉੱਤੇ ਗੁਆਂਢੀ ਰਾਜਾਂ ਦੇ ਕਿਸਾਨਾਂ ਦਰਮਿਆਨ ਮਤਭੇਦ ਖੜੇ ਕਰਕੇ ਅੰਦੋਲਨ ਨੂੰ ਅਸਫ਼ਲ ਕੀਤਾ ਜਾ ਸਕੇ।

ਇੱਥੇ ਜਾਰੀ ਇੱਕ ਬਿਆਨ ਵਿੱਚ ਮਹਿਲਾ ਕਿਸਾਨ ਯੂਨੀਅਨ ਦੀ ਸੂਬਾ ਪ੍ਰਧਾਨ ਬੀਬੀ ਰਾਜਵਿੰਦਰ ਕੌਰ ਰਾਜੂ, ਚੇਅਰਪਰਸਨ ਮਨਵੀਰ ਕੌਰ ਰਾਹੀ ਤੇ ਜਨਰਲ ਸਕੱਤਰ ਦਵਿੰਦਰ ਕੌਰ ਨੇ ਆਖਿਆ ਕਿ ਦਰਿਆਈ ਪਾਣੀਆਂ ਬਾਰੇ ਮਾਮਲਾ ਉੱਚ ਅਦਾਲਤ ਦੇ ਵਿਚਾਰਅਧੀਨ ਹੋਣ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਿਸਾਨ ਅੰਦੋਲਨ ਵਿੱਚ ਹੋਈ ਹਾਰ ਦਾ ਬਦਲਾ ਪੰਜਾਬ ਤੇ ਪੰਜਾਬੀਆਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝਾ ਕਰਕੇ ਲਿਆ ਜਾ ਰਿਹਾ ਹੈ ਅਤੇ ਰਿਪੇਰੀਅਨ ਸੂਬਾ ਹੋਣ ਕਰਕੇ ਪੰਜਾਬ ਨੂੰ ਦਰਿਆਈ ਡੈਮਾਂ ਦਾ ਸਮੁੱਚਾ ਕੰਟਰੋਲ ਸੌਂਪਣ ਦੀ ਥਾਂ ਰਾਜ ਕੋਲ਼ ਬਚਦੇ ਨਿਗੂਣੇ ਅਧਿਕਾਰ ਵੀ ਖੋਹ ਕੇ ਕੇਂਦਰੀ ਗਲਬਾ ਕਾਇਮ ਕੀਤਾ ਜਾ ਰਿਹਾ ਹੈ।

ਕਿਸਾਨ ਨੇਤਾਵਾਂ ਨੇ ਕਿਹਾ ਕਿ ਮੋਦੀ ਆਪਣੇ ਹੱਥ ਠੋਕੇ ਅਫ਼ਸਰਾਂ ਰਾਹੀਂ ਪੰਜਾਬ ਦੇ ਡੈਮਾਂ ਦਾ ਮੁਕੰਮਲ ਕੰਟਰੋਲ ਆਪਣੇ ਹੱਥਾਂ ਵਿੱਚ ਕਰਕੇ ਪੰਜਾਬ ਦੀ ਬਿਜਲੀ ਤੇ ਪਾਣੀ ਰਾਹੀਂ ਗੁਆਂਢੀ ਸੂਬਿਆਂ ਨੂੰ ਖ਼ੁਸ਼ ਕਰਨਾ ਚਾਹੁੰਦਾ ਹੈ ਅਤੇ ਇੱਕ ਤੀਰ ਨਾਲ਼ ਕਈ ਨਿਸ਼ਾਨੇ ਲਾਉਂਦਿਆਂ ਉਹ ਗੁਆਂਢੀ ਰਾਜਾਂ ਦੇ ਕਿਸਾਨਾਂ ਦੀ ਆਪਸੀ ਭਾਈਚਾਰਕ ਸਾਂਝ ਵੀ ਤੋੜਨੀ ਚਾਹੁੰਦਾ ਹੈ ਤਾਂ ਜੋ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ਼ ਭਗਵਾਂ ਪਾਰਟੀ ਸੱਤਾ ਵਿੱਚ ਬਣੀ ਰਹੇ।

ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਇਸ ਤੋਂ ਪਹਿਲਾਂ ਕੇਂਦਰੀ ਦਲ ਬੀ.ਐੱਸ.ਐੱਫ਼. ਨੂੰ ਸਰਹੱਦੀ ਜਿਲਿਆਂ ਵਿੱਚ ਵੱਧ ਅਧਿਕਾਰ ਦੇਣੇ, ਚੰਡੀਗੜ੍ਹ ਵਿੱਚੋਂ ਪੰਜਾਬ ਦੇ ਕੋਟੇ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ, ਮਾਂ-ਬੋਲੀ



ਪੰਜਾਬੀ ਨੂੰ ਕੇਂਦਰੀ ਅਦਾਰਿਆਂ, ਪ੍ਰਤੀਯੋਗੀ ਪ੍ਰੀਖਿਆਵਾਂ ਤੇ ਹੋਰ ਭਾਜਪਾ ਸ਼ਾਸ਼ਤ ਸੂਬਿਆਂ ਵਿੱਚ ਨੁੱਕਰੇ ਲਾਉਣਾ, ਫ਼ੌਜੀ ਭਰਤੀ ਵਿੱਚ ਸਿੱਖਾਂ ਦਾ ਕੋਟਾ ਘਟਾਉਣਾ, ਖਾੜਕੂਵਾਦ ਵੇਲੇ ਪੰਜਾਬ ਸਿਰ ਚੜੇ ਸਾਰੇ ਕਰਜ਼ੇ ਨੂੰ ਮੁਆਫ਼ ਨਾ ਕਰਨਾ, ਹੋਰਨਾਂ ਰਾਜਾਂ ਵਿੱਚ ਘੱਟ ਗਿਣਤੀ ਸਿੱਖਾਂ ਦੀ ਨੁਮਾਇੰਦਗੀ ਖ਼ਤਮ ਕਰਨੀ, ਕਿਸਾਨ ਅੰਦੋਲਨ ਦੌਰਾਨ ਧੱਕੇਸ਼ਾਹੀਆਂ, ਪੰਜਾਬ ਨੂੰ ਵਿਸ਼ੇਸ਼ ਪੈਕੇਜ ਨਾ ਦੇਣਾ, ਜੇਲਾਂ 'ਚ ਬੰਦ ਸਿੱਖਾਂ ਦੀ ਰਿਹਾਈ, ਕਿਸਾਨ ਹਮਾਇਤੀ ਐੱਨ.ਆਰ.ਆਈ. ਸਿੱਖਾਂ ਦੀ ਕਾਲੀ ਸੂਚੀ ਬਣਾਉਣਾ ਆਦਿ ਭਾਜਪਾ ਦੀਆਂ ਪੰਜਾਬ ਵਿਰੋਧੀ ਤੇ ਸਿੱਖਾਂ ਪ੍ਰਤੀ ਮਾੜੀ ਸੋਚ ਦੀਆਂ ਚੰਦ ਉਦਾਹਰਣਾਂ ਹਨ।

ਮਹਿਲਾ ਕਿਸਾਨ ਨੇਤਾਵਾਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਪੰਜਾਬ ਵੱਲੋਂ ਚਾਰ ਸਾਲ ਪਹਿਲਾਂ ਉੱਤਰ ਖੇਤਰੀ ਵਿਕਾਸ ਕੌਂਸਲ ਦੀ ਮੀਟਿੰਗ ਵਿੱਚ ਬੀ.ਬੀ.ਐੱਮ.ਬੀ. ਅਤੇ ਦਰਿਆਈ ਪਾਣੀਆਂ ਸੰਬੰਧੀ ਅਜਿਹੇ ਕਿਸੇ ਫ਼ੈਸਲੇ ਬਾਰੇ ਦਰਸਾਏ ਸਖ਼ਤ ਵਿਰੋਧ ਨੂੰ ਦਰਕਿਨਾਰ ਕਰਦਿਆਂ ਪੰਜਾਬ ਦੇ ਦਰਿਆਈ ਪਾਣੀਆਂ ਤੇ ਪਣ ਬਿਜਲੀ ਉੱਪਰ ਪੂਰਾ ਕੰਟਰੋਲ ਕਰ ਲਿਆ ਹੈ ਜਦਕਿ ਪੰਜਾਬ ਹਰ ਸਾਲ 250 ਕਰੋੜ ਰੁਪਏ ਬੀ.ਬੀ.ਐੱਮ.ਬੀ. ਨੂੰ ਦੇ ਰਿਹਾ ਹੈ।

ਉਨ੍ਹਾਂ ਮੋਦੀ ਸਰਕਾਰ ਦੀ ਇੱਕ ਹੋਰ ਸਾਜ਼ਿਸ਼ ਬੇਨਕਾਬ ਕਰਦਿਆਂ ਕਿਹਾ ਕਿ ਦੇਸ ਦੇ ਰਿਪੇਰੀਅਨ ਸੂਬਿਆਂ ਦੇ ਪਾਣੀਆਂ ਉੱਤੇ ਮੁਕੰਮਲ ਕੇਂਦਰੀ ਕੰਟਰੋਲ ਕਰਨ ਲਈ ਹੀ ਚਾਲੂ ਕੇਂਦਰੀ ਬਜਟ ਵਿੱਚ ਵੱਖ-ਵੱਖ ਸੂਬਿਆਂ ਦੇ ਦਰਿਆਵਾਂ ਨੂੰ ਆਪਸ ਵਿੱਚ ਜੋੜਨ ਦੀ ਯੋਜਨਾ ਲਾਗੂ ਕੀਤੀ ਗਈ ਹੈ ਜਿਸ ਦਾ ਸਮੂਹ ਸੂਬਿਆਂ ਦੇ ਨੇਤਾਵਾਂ ਤੇ ਕਿਸਾਨਾਂ ਨੂੰ ਵਿਰੋਧ ਕਰਨਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਸੂਬੇ ਵਿੱਚ ਖੇਤੀ ਲਈ ਮੌਜੂਦ ਨਹਿਰੀ ਪਾਣੀਆਂ ਉੱਤੇ ਵੋਟਾਂ ਬਟੋਰਨ ਲਈ ਕੇਂਦਰੀ ਡਾਕਾ ਵੱਜਣ ਤੋਂ ਰੋਕਿਆ ਜਾ ਸਕੇ।

ਮਹਿਲਾ ਕਿਸਾਨ ਆਗੂਆਂ ਨੇ ਪੰਜਾਬ ਦੀਆਂ ਸਮੂਹ ਕਿਸਾਨ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਕੇਂਦਰ ਵੱਲੋਂ ਪੰਜਾਬ, ਪੰਜਾਬੀ ਤੇ ਸਿੱਖਾਂ ਨਾਲ਼ ਹੋ ਰਹੀਆਂ ਬੇਇਨਸਾਫ਼ੀਆਂ ਖ਼ਿਲਾਫ਼ ਲੜਨ ਲਈ ਉਹ ਇੱਕ ਮੰਚ ਉੱਤੇ ਇਕੱਠੇ ਹੋ ਕੇ ਅੰਦੋਲਨ ਵਿੱਢਣ ਤਾਂ ਜੋ ਭਾਜਪਾ ਦੇ ਫ਼ਿਰਕਾਪ੍ਰਸਤੀ ਵਾਲੇ 'ਅੱਥਰੇ ਰਥ' ਨੂੰ ਨਕੇਲ ਪਾਈ ਜਾ ਸਕੇ।

ਉਨ੍ਹਾਂ ਭਗਵਾਂ ਪਾਰਟੀ ਵਿੱਚ ਬੈਠੇ ਪੰਜਾਬੀਆਂ ਅਤੇ ਸਿੱਖਾਂ ਨੂੰ ਆਪਣੇ ਵਤਨ ਤੇ ਲੋਕਾਂ ਨਾਲ਼ ਧਰੋਹ ਨਾ ਕਮਾਉਣ ਦਾ ਤਾਅਨਾ ਮਾਰਦਿਆਂ ਕਿਹਾ ਕਿ ਉਹ ਅਸਥਾਈ ਰਾਜਸੀ ਲਾਲਚਾਂ ਤੇ ਫੋਕੇ ਅਹੁਦਿਆਂ ਦੀ ਥਾਂ ਜ਼ਮੀਰ ਦੀ ਆਵਾਜ਼ ਸੁਣ ਕੇ ਪੰਜਾਬ ਦੇ ਹੱਕਾਂ ਲਈ ਲੜਨ ਅਤੇ ਲੋਕ ਰਾਇ ਨਾਲ਼ ਖੜਨ ਤਾਂ ਜੋ ਪੰਜਾਬ, ਪੰਜਾਬੀ ਤੇ ਸਿੱਖ ਵਿਰੋਧੀ ਫ਼ੈਸਲੇ ਵਾਪਸ ਲੈਣ ਲਈ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਵੱਲ ਵਧ ਰਹੀ ਭਗਵਾਂ ਪਾਰਟੀ ਦੀਆਂ ਗੋਡਣੀਆਂ ਲਵਾਈਆਂ ਜਾ ਸਕਣ।

# ਗਾਇਕ ਅਮਰਜੀਤ ਗੁਰਦਾਸਪੁਰੀ ਚੱਲ ਵਸੇ

## ਛੋਟੇ ਸਾਹਿਬਜ਼ਾਦਿਆਂ ਬਾਰੇ ਗਾਇਆ ਉਸਦਾ ਗੀਤ "ਸਿੰਘਾ ਜੇ ਚੱਲਿਆ ਚਮਕੌਰ, ਉੱਥੇ ਸੁੱਤੇ ਨੇ ਦੋ ਭੌਰ" ਲੋਕਾਂ ਦੇ ਮਨਾਂ ਵਿੱਚ ਵਸਿਆ

ਪੰਜਾਬ ਦੇ ਲੋਕ ਪੱਖੀ ਗਾਇਕ ਅਤੇ ਇਪਟਾ ਲਹਿਰ ਦੇ ਬਾਨੀ ਅਮਰਜੀਤ ਗੁਰਦਾਸਪੁਰੀ ਦਾ ਬੀਤੇ ਦਿਨੀਂ ਉਨ੍ਹਾਂ ਦੇ ਜੱਦੀ ਪਿੰਡ ਉਦੋਵਾਲੀ ਵਿੱਚ ਸਸਕਾਰ ਕਰ ਦਿੱਤਾ ਗਿਆ। ਇਸ ਮੌਕੇ ਹਾਜ਼ਰ ਇਪਟਾ ਦੇ ਆਗੂਆਂ ਤੇ ਲੇਖਕਾਂ ਨੇ ਅਮਰਜੀਤ ਗੁਰਦਾਸਪੁਰੀ ਨੂੰ ਅੰਤਿਮ ਵਿਦਾਈ ਦਿੰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਅਮਰਜੀਤ ਗੁਰਦਾਸਪੁਰੀ ਦੇ ਪੋਤੇ ਮਨਤੇਜ ਪ੍ਰਤਾਪ ਸਿੰਘ ਨੇ ਚਿਤਾ ਨੂੰ ਅਗਨੀ ਵਿਖਾਈ। ਇਸ ਮੌਕੇ ਇਪਟਾ ਤੇ ਲੇਖਕ ਜਥੇਬੰਦੀਆਂ ਦੇ ਹਾਜ਼ਰ ਆਗੂਆਂ ਇੰਦਰਜੀਤ ਸਿੰਘ ਰੂਪੋਵਾਲੀ, ਗੁਰਮੀਤ ਸਿੰਘ ਬਾਜਵਾ, ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਮੱਖਣ ਸਿੰਘ ਕੁਹਾੜ, ਪੰਜਾਬੀ ਆਲਮੀ ਵਿਰਾਸਤ ਫਾਊਂਡੇਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ ਸੰਧੂ, ਰਾਜਪਾਲ ਸਿੰਘ ਬਾਠ, ਹਰਪਾਲ ਸਿੰਘ ਤੇ ਰੋਜ਼ੀ ਸਿੰਘ ਨੇ ਕਿਹਾ ਕਿ ਅਮਰਜੀਤ ਗੁਰਦਾਸਪੁਰੀ ਨੇ ਲੋਕ-ਪੱਖੀ ਗਾਇਕੀ ਨਾਲ਼ ਪੰਜਾਬ ਦੇ ਸੱਭਿਆਚਾਰਕ ਮੁਹਾਜ਼ ਉੱਤੇ ਆਪਣੀ ਵੱਖਰੀ ਪਛਾਣ ਬਣਾਈ। ਉਹ ਪੰਜਾਬ ਦੀ ਇਪਟਾ ਲਹਿਰ ਦੇ ਮੋਢੀ ਗਾਇਕਾਂ ਵਿੱਚੋਂ ਸ਼ਿਖ਼ਰਲੀ ਹਸਤੀ ਸਨ। ਉਨ੍ਹਾਂ ਪੰਜਾਬ ਦੀ ਕੋਇਲ ਵਜੋਂ ਜਾਣੀ ਜਾਂਦੀ ਸੁਰਿੰਦਰ ਕੌਰ ਅਤੇ ਹੋਰ ਨਾਮਵਰ ਕਲਾਕਾਰਾਂ ਨਾਲ਼ ਇਪਟਾ ਦੇ ਮੰਚਾਂ ਉੱਤੇ ਆਪਣੀ ਭਰਵੀਂ ਹਾਜ਼ਰੀ ਦਰਜ ਕਰਵਾਈ। ਉਨ੍ਹਾਂ ਸੰਸਾਰ ਅਮਨ ਲਹਿਰ, ਕਿਰਤੀ ਕਿਸਾਨਾਂ ਦੇ ਸੰਘਰਸ਼ਾਂ, ਪ੍ਰੀਤ ਨਗਰ ਦੇ ਸੱਭਿਆਚਾਰਕ ਸਮਾਗਮਾਂ ਤੋਂ ਲੈ ਕੇ ਹਿੰਦੁਸਤਾਨ ਦੇ ਵੱਖ-ਵੱਖ ਸੂਬਿਆਂ ਵਿੱਚ ਹੋਈਆਂ ਇਪਟਾ ਦੀਆਂ ਕਾਨਫ਼ਰੰਸਾਂ ਵਿੱਚ ਆਪਣੀ ਆਵਾਜ਼ ਦੇ ਜਾਦੂ ਨੂੰ ਮਨਵਾਇਆ। ਇਸ ਮੌਕੇ ਬਲਦੇਵ ਸਿੰਘ ਰੰਧਾਵਾ, ਬਾਬਾ ਹਰਭਜਨ ਬਾਜਵਾ, ਦੇਵਿੰਦਰ ਦੀਦਾਰ, ਸਤਵੰਤ ਸਿੰਘ ਉਦੋਵਾਲੀ, ਕਾਮਰੇਡ ਗੁਲਜ਼ਾਰ ਸਿੰਘ ਬਸੰਤਕੋਟ, ਗੁਰਮੀਤ ਸਿੰਘ ਪਾਹੜਾ, ਸੂਬਾ ਸਿੰਘ, ਕਾਮਰੇਡ ਮਾਨ ਸਿੰਘ, ਗੋਲਡੀ ਫੁੱਲ ਤੇ ਸੁਖਦੇਵ ਸਿੰਘ ਹਾਜ਼ਰ ਸਨ।

### ਇੱਕ ਯੁੱਗ ਦਾ ਅੰਤ

ਅਮਰਜੀਤ ਗੁਰਦਾਸਪੁਰੀ ਦੇ ਦੇਹਾਂਤ ਨਾਲ਼ ਪੰਜਾਬੀ ਗਾਇਕੀ ਦੇ ਇੱਕ ਯੁੱਗ ਦਾ ਅੰਤ ਹੋ ਗਿਆ ਹੈ। ਉਸ ਨੇ ਲੋਕ-ਸੰਘਰਸ਼ਾਂ ਨੂੰ ਆਪਣੇ ਗੀਤਾਂ ਵਿੱਚ ਸਜੀਵ ਕੀਤਾ। ਉਹ ਪੰਜਾਬ ਵਿੱਚ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਲਹਿਰ ਦੇ ਬਾਨੀਆਂ ਵਿੱਚੋਂ ਸੀ। ਖ਼ੁਸ਼ਹੈਸੀਅਤ ਮੋਰਚੇ ਅਤੇ ਹੋਰ ਸੰਘਰਸ਼ਾਂ ਵਿੱਚ ਉਹ ਲੋਕਾਂ ਦਾ ਭਾਈਵਾਲ



ਬਣਿਆ। ਉਸ ਦੀ ਆਵਾਜ਼ ਵਿੱਚ ਪੰਜਾਬ ਦੇ ਦਰਿਆਵਾਂ ਦੀ ਰਵਾਨੀ ਤੇ ਧਰਤੀ ਦਾ ਦਰਦ ਝਲਕਦਾ ਸੀ। ਵਾਰਿਸ ਸ਼ਾਹ ਦੀ ਹੀਰ ਨੂੰ ਉਸ ਨੇ ਆਪਣੇ ਮੌਲਿਕ ਅੰਦਾਜ਼ ਵਿੱਚ ਗਾਇਆ ਅਤੇ ਹੀਰ ਦਾ ਗਾਇਨ ਉਸ ਦੀ ਪਛਾਣ ਬਣ ਗਿਆ। ਉਸ ਨੇ ਇਪਟਾ ਲਹਿਰ ਦੇ ਓਪੇਰਿਆਂ ਵਿੱਚ ਗਾਇਆ, ਲੋਕ-ਸੰਘਰਸ਼ਾਂ ਵਿੱਚ ਗਾਇਆ, ਉਹ ਅਮਨ ਲਹਿਰ ਦੀ ਆਵਾਜ਼ ਬਣਿਆ; ਉਹ ਜੀਊਂਦਾ-ਜਾਗਦਾ ਧੜਕਦਾ ਹੋਇਆ ਪੰਜਾਬ ਸੀ। ਉਸ ਨੇ ਪੰਜਾਬ ਦੇ ਸ਼੍ਰੋਮਣੀ ਕਵੀਆਂ ਅਤੇ ਲੋਕ-ਕਵੀਆਂ ਦੇ ਲਿਖੇ ਗੀਤ ਇੰਞ ਗਾਏ ਕਿ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਆਲ੍ਹਣਾ ਪਾ ਲਿਆ। ਸ਼ਾਇਰ ਗੁਰਭਜਨ ਗਿੱਲ ਅਨੁਸਾਰ ਬਾਬੂ ਸਿੰਘ ਮਾਨ ਦਾ ਲਿਖਿਆ ਗੀਤ 'ਵੇ ਪੁੰਨਣਾ, ਵੇ ਬੱਦਲਾ, ਵੇ ਸਾਂਵਲਾ, ਕਿੰਨ ਚਿਰ ਹੋਰ ਤੇਰੀ ਛਾਂ/ਫਿਰਦੀ ਉਜਾੜਾਂ 'ਚ ਭਟਕਦੀ ਹੋਵੇ ਜਿਵੇਂ ਰਿਸ਼ੀਆਂ ਦੀ ਆਤਮਾ' ਗਾਉਣ ਵਾਲਾ ਉਹ ਗਾਇਕ ਪੰਜਾਬੀ ਗਾਇਕੀ ਦਾ ਬੁਰਜ ਸੀ। ਉਹ ਗਾਇਕ ਤੋਂ ਕਿਤੇ ਵੱਧ ਸੀ; ਉਹ ਪੰਜਾਬ ਦੀ ਆਤਮਾ ਦੀ ਆਵਾਜ਼ ਸੀ।

ਕੁਝ ਵਿਅਕਤੀਆਂ ਨਾਲ਼ ਕਿਸੇ ਖ਼ਿੱਤੇ ਦਾ ਇਤਿਹਾਸ ਜੁੜਿਆ ਹੁੰਦਾ ਹੈ; ਅਮਰਜੀਤ ਗੁਰਦਾਸਪੁਰੀ ਵੀ ਅਜਿਹਾ ਹੀ ਯੁੱਗ-ਪੁਰਸ਼ ਸੀ ਜਿਸ ਨੇ ਸਿਆਸਤ ਅਤੇ ਕਲਾ ਵਿਚਲੇ ਅੰਤਰ ਮਿਟਾ ਦਿੱਤੇ। ਕਮਿਊਨਿਸਟ ਪਾਰਟੀ ਆਫ਼ ਇੰਡੀਆ 'ਤੇ ਪਾਬੰਦੀ ਲੱਗਣ ਸਮੇਂ ਰੂਪੋਸ਼ ਰਹਿਣ ਵਾਲੇ ਇਸ ਗਾਇਕ ਨੇ ਪੁਲਿਸ ਵਧੀਕੀਆਂ ਖ਼ਿਲਾਫ਼ ਸੰਘਰਸ਼ ਵਿੱਚ ਲੋਕਾਂ ਦੀ ਅਗਵਾਈ ਕੀਤੀ; ਆਪਣੇ ਪਿੰਡ ਉਦੋਵਾਲੀ ਦਾ ਸਰਪੰਚ ਬਣਿਆ, ਪੰਜਾਬੀਆਂ ਦੇ ਦਿਲਾਂ ਦਾ ਬਾਦਸ਼ਾਹ ਬਣਿਆ। ਉਸ ਨੇ ਲਾਲ ਚੰਦ ਯਮਲੇ ਤੋਂ ਤੂੰਬੀ ਦੀਆਂ ਧੁਨੀਆਂ ਸਿੱਖੀਆਂ; ਇਹ ਗਾਇਕ ਅਨੇਕ ਗਾਇਕਾਂ ਦਾ ਮੁਰਸ਼ਿਦ ਸੀ। ਉਹ ਜੋਗਿੰਦਰ ਬਾਹਰਲਾ, ਤੇਰਾ ਸਿੰਘ ਚੰਨ, ਜਗਦੀਸ਼ ਫ਼ਰਿਆਦੀ, ਸੁਰਿੰਦਰ ਕੌਰ, ਨਰਿੰਜਨ ਸਿੰਘ ਮਾਨ, ਜਸਵੰਤ ਸਿੰਘ ਕੰਵਲ, ਨਵਤੇਜ ਸਿੰਘ ਪ੍ਰਤੀਲੜੀ, ਮਹਿੰਦਰ ਕੌਰ, ਸ਼ੀਲਾ ਭਾਟੀਆ, ਜਗਜੀਤ ਸਿੰਘ ਆਨੰਦ, ਉਰਮਿਲਾ ਆਨੰਦ, ਹੁਕਮ ਚੰਦ ਖ਼ਲੀਲੀ, ਬਲਰਾਜ ਸਾਹਨੀ, ਸ਼ਿਵ ਕੁਮਾਰ, ਪ੍ਰਿੰਸੀਪਲ ਸੁਜਾਨ ਸਿੰਘ, ਸਵਰਨ ਸਿੰਘ ਬੋਪਾਰਾਏ, ਗੁਰਚਰਨ ਸਿੰਘ ਬੋਪਾਰਾਏ ਅਤੇ ਸਾਹਿਤਕਾਰਾਂ-ਕਲਾਕਾਰਾਂ ਦਾ ਸਾਹਿਤਕਾਰ-ਕਲਾਕਾਰ-ਭਰਾ ਸੀ।

ਬਾਕੀ ਸਫ਼ਾ 30 'ਤੇ

# ਫ਼ਰਲੋ ਪੂਰੀ ਹੋਣ ਮਗਰੋਂ ਮੁੜ ਜੇਲ ਪਹੁੰਚਿਆ ਸੌਦਾ ਸਾਧ



ਚੰਡੀਗੜ੍ਹ/ਏ.ਟੀ.ਨਿਊਜ਼ :- ਡੇਰਾ ਸਿਰਸਾ ਦਾ ਮੁਖੀ ਗੁਰਮੀਤ ਰਾਮ ਰਹੀਮ ਤਿੰਨ ਹਫ਼ਤਿਆਂ ਦੀ ਫ਼ਰਲੋ ਤੋਂ ਬਾਅਦ ਮੁੜ ਰੋਹਤਕ ਦੀ ਸੁਨਾਰੀਆ ਜੇਲ ਵਿੱਚ ਪਹੁੰਚ ਗਿਆ ਹੈ। ਡੇਰਾ ਮੁਖੀ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਗੁਰੂਗ੍ਰਾਮ ਤੋਂ ਰੋਹਤਕ ਦੀ ਸੁਨਾਰੀਆ ਜੇਲ ਵਿੱਚ ਲਿਆਂਦਾ ਗਿਆ। ਦੱਸਣਯੋਗ ਹੈ ਕਿ 25 ਅਗਸਤ 2017 ਨੂੰ ਪੰਚਕੂਲਾ ਵਿੱਚ ਸਥਿਤ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਹੱਤਿਆ ਅਤੇ ਬਲਾਤਕਾਰ ਦਾ ਦੋਸ਼ੀ ਕਰਾਰ ਦਿੱਤਾ ਸੀ। ਉਸ ਤੋਂ ਬਾਅਦ ਉਸ ਨੂੰ ਸੁਨਾਰੀਆ ਜੇਲ ਭੇਜ ਦਿੱਤਾ ਗਿਆ ਸੀ। 27 ਅਗਸਤ 2017 ਨੂੰ ਸੀ.ਬੀ.ਆਈ. ਦੀ ਅਦਾਲਤ ਨੇ ਇਸ ਸੰਬੰਧੀ ਗੁਰਮੀਤ ਰਾਮ ਰਹੀਮ ਨੂੰ 20 ਸਾਲ ਦੀ ਸਜ਼ਾ ਸੁਣਾਈ ਸੀ। ਇਸ ਦੌਰਾਨ ਡੇਰਾ ਮੁਖੀ ਵੱਲੋਂ ਕਈ ਵਾਰ ਫ਼ਰਲੋ ਦੀ ਮੰਗ ਕੀਤੀ ਗਈ, ਪਰ ਹਰਿਆਣਾ ਦੇ ਜੇਲ ਪ੍ਰਸ਼ਾਸਨ ਨੇ ਛੇ ਵਾਰ ਉਸ ਦੀ ਅਰਜ਼ੀ ਨਾਮਨਜ਼ੂਰ ਕਰ ਦਿੱਤੀ। ਅਖ਼ੀਰ 7 ਫ਼ਰਵਰੀ ਨੂੰ ਸਾਧ ਰਾਮ ਰਹੀਮ ਨੂੰ 21 ਦਿਨਾਂ ਦੀ ਫ਼ਰਲੋ ਦਿੱਤੀ ਗਈ ਸੀ ਪਰ ਜੇਲ ਪ੍ਰਸ਼ਾਸਨ ਨੇ ਫ਼ਰਲੋ ਦੌਰਾਨ ਡੇਰਾ ਮੁਖੀ ਨੂੰ ਗੁਰੂਗ੍ਰਾਮ ਸਥਿਤ ਡੇਰੇ ਵਿੱਚ ਹੀ ਠਹਿਰਨ ਦੇ ਹੁਕਮ ਦਿੱਤੇ ਸਨ। ਫ਼ਰਲੋ ਦੌਰਾਨ ਹਰਿਆਣਾ ਸਰਕਾਰ ਨੇ ਖ਼ਾਲਿਸਤਾਨ ਪੱਖੀ ਅਨਸਰਾਂ ਤੋਂ ਜਾਨ ਦਾ ਖ਼ਤਰਾ ਹੋਣ ਦੀ ਗੱਲ ਆਖ ਕੇ ਡੇਰਾ ਮੁਖੀ ਨੂੰ ਜ਼ੈੱਡ ਪਲੱਸ ਸੁਰੱਖਿਆ ਮੁਹੱਈਆ ਕਰਵਾਈ ਸੀ। ਸਿਆਸੀ ਪਾਰਟੀਆਂ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਮੁਖੀ ਨੂੰ ਫ਼ਰਲੋ ਦਿੱਤੇ ਜਾਣ 'ਤੇ ਇਤਰਾਜ਼ ਕੀਤਾ ਸੀ। ਇਸ ਤੋਂ ਪਹਿਲਾਂ ਪਿਛਲੇ ਸਾਲ ਡੇਰਾ ਮੁਖੀ ਨੂੰ ਉਸ ਦੀ ਬੀਮਾਰ ਮਾਂ ਨਾਲ਼ ਮੁਲਾਕਾਤ ਕਰਨ ਲਈ ਇੱਕ ਦਿਨ ਦੀ ਫ਼ਰਲੋ ਦਿੱਤੀ ਗਈ ਸੀ। ਇਸ ਤੋਂ ਇਲਾਵਾ ਸਿਹਤ ਠੀਕ ਨਾ ਹੋਣ ਕਰ ਕੇ ਡੇਰਾ ਮੁਖੀ ਨੂੰ ਇਲਾਜ ਲਈ ਕਈ ਵਾਰ ਹਸਪਤਾਲ ਵੀ ਲਿਜਾਂਦਾ ਗਿਆ ਸੀ। ਕੇਂਦਰ ਸਰਕਾਰ ਵੱਲੋਂ ਇਸ ਦੀਆਂ ਸਹੂਲਤਾਂ ਜਾਰੀ ਹਨ ਜਦਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।

# ਯੂਕਰੇਨ ਰੂਸ ਜੰਗ ਦਾ ਪੰਜਾਬ ਉੱਪਰ ਪਿਆ ਆਰਥਿਕ ਅਸਰ

## ਮੁਨਾਫ਼ੇਖੋਰਾਂ ਤੇ ਜ਼ਖ਼ੀਰੇਬਾਜ਼ਾਂ ਕਾਰਨ ਹੁਣ ਰੋਜ਼ਾਨਾ ਵਰਤੋਂ ਦੀਆਂ ਖ਼ੁਰਾਕੀ ਵਸਤਾਂ ਮਹਿੰਗੀਆਂ

ਰੂਸ ਅਤੇ ਯੂਕਰੇਨ ਵਿਚਾਲੇ ਲੱਗੀ ਜੰਗ ਕਾਰਨ ਉੱਥੇ ਜਿਹੜਾ ਜਾਨੀ ਨੁਕਸਾਨ ਹੋਇਆ ਹੈ, ਉਸ ਦੀ ਭਰਪਾਈ ਤਾਂ ਇਹ ਮਨੁੱਖਤਾ ਕਦੇ ਨਹੀਂ ਕਰ ਸਕੇਗੀ ਪਰ ਇਸ ਨਾਲ਼ ਹੋਣ ਵਾਲੇ ਮਾਲੀ ਨੁਕਸਾਨ ਦਾ ਵੀ ਕੋਈ ਸਹੀ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਸ ਜੰਗ ਦਾ ਅਸਰ ਯਕੀਨੀ ਤੌਰ ’ਤੇ ਭਾਰਤ ਦੇ ਨਾਲ਼-ਨਾਲ਼ ਪੰਜਾਬ ਉੱਤੇ ਵੀ ਪਿਆ ਹੈ।

ਭਾਰਤ ਨੂੰ ਪੈਟਰੋਲੀਅਮ ਪਦਾਰਥਾਂ ਦੀ ਆਪਣੀ ਮੰਗ ਪੂਰੀ ਕਰਨ ਲਈ ਹੋਰਨਾਂ ਦੇਸ਼ਾਂ ਤੋਂ ਦਰਾਮਦਾਂ (ਇੰਪੋਰਟਸ) ਦਾ ਸਹਾਰਾ ਲੈਣਾ ਪੈਂਦਾ ਹੈ। ਭਾਰਤ ਅਜਿਹੀਆਂ ਕੁੱਲ ਦਰਾਮਦਾਂ ਦਾ 25 ਫ਼ੀਸਦੀ ਇਕੱਲੇ ਰੂਸ ਤੋਂ ਮੰਗਵਾਉਂਦਾ ਹੈ। ਜੰਗ ਲੱਗਣ ਕਾਰਨ ਰੋਜ਼ਾਨਾ ਭਾਰਤ ਆਉਣ ਵਾਲੀ ਸਪਲਾਈ ’ਤੇ ਵੱਡਾ ਅਸਰ ਪਿਆ ਹੈ। ਸਪਲਾਈ ਘਟਣ ਨਾਲ਼ ਪੈਟਰੋਲੀਅਮ ਪਦਾਰਥਾਂ ਦਾ ਮਹਿੰਗਾ ਹੋਣਾ ਸੁਭਾਵਕ ਹੈ। ਮੁਨਾਫ਼ੇਖੋਰਾਂ ਤੇ ਜ਼ਖ਼ੀਰੇਬਾਜ਼ਾਂ ਨੂੰ ਹੁਣ ਰੋਜ਼ਮੱਰਾ ਦੀਆਂ ਵਰਤੀਆਂ ਜਾਣ ਵਾਲੀਆਂ ਖ਼ੁਰਾਕੀ ਵਸਤਾਂ ਮਹਿੰਗੀਆਂ ਕਰਨ ਲਈ ਯੂਕਰੇਨ ਦੀ ਜੰਗ ਦਾ ਬਹਾਨਾ ਮਿਲ ਗਿਆ ਹੈ। ਇਸ ਤੋਂ ਇਲਾਵਾ ਇੱਕ ਮੋਟੇ ਅਨੁਮਾਨ ਮੁਤਾਬਕ 18,000 ਭਾਰਤੀ ਵਿਦਿਆਰਥੀ ਇਸ ਵੇਲੇ ਯੂਕਰੇਨ ਵਿੱਚ ਰਹਿ ਕੇ ਉਚੇਰੀ ਸਿੱਖਿਆ ਹਾਸਲ ਕਰ ਰਹੇ ਹਨ। ਉਨਾਂ ਵਿੱਚੋਂ ਪੰਜਾਬ ਤੋਂ ਗਏ ਨੌਜਵਾਨਾਂ ਦੀ ਵੀ ਵੱਡੀ ਗਿਣਤੀ ਹੈ। ਉੱਥੇ ਉਹ ਜ਼ਿਆਦਾਤਰ ਮੈਡੀਸਨ ਤੇ ਇੰਜੀਨੀਅਰਿੰਗ ਦੀ ਪੜਾਈ ਕਰਦੇ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਲੁਧਿਆਣਾ, ਮਾਨਸਾ, ਬਰੇਟਾ, ਬਠਿੰਡਾ, ਗੜਸ਼ੰਕਰ, ਪਟਿਆਲਾ ਜਿਹੇ ਕੁਝ ਸ਼ਹਿਰਾਂ ਤੋਂ ਗਏ ਵਿਦਿਆਰਥੀ ਇਸ ਵੇਲੇ ਯੂਕਰੇਨ ਵਿੱਚ ਫਸੇ ਹੋਏ ਹਨ।

ਹੁਣ ਇਨਾਂ ਵਿਦਿਆਰਥੀਆਂ ਦੀਆਂ ਸਾਲਾਨਾ ਪ੍ਰੀਖਿਆਵਾਂ ਹੋਣੀਆਂ ਤੈਅ ਸਨ ਪਰ ਜੰਗ ਨੇ ਜਿੱਥੇ ਸਭ ਕੁਝ ਉਲਟ-ਪੁਲਟ ਕਰ ਕੇ ਰੱਖ ਦਿੱਤਾ ਹੈ, ਉੱਥੇ ਉਨਾਂ ਦਾ ਅਕਾਦਮਿਕ ਭਵਿੱਖ ਤੇ ਕਰੀਅਰ ਵੀ ਦਾਅ ’ਤੇ ਲੱਗ ਗਿਆ ਹੈ। ਇਨਾਂ ਸਾਰੇ ਵਿਦਿਆਰਥੀਆਂ ਦੀਆਂ ਲੱਖਾਂ ਰੁਪਏ ਦੀਆਂ ਮੋਟੀਆਂ ਫ਼ੀਸਾਂ ਯੂਕਰੇਨ ਦੀਆਂ ਯੂਨੀਵਰਸਿਟੀਜ਼ ਵਿੱਚ ਜਮਾਂ ਕਰਵਾਈਆਂ ਹੋਈਆਂ ਹਨ। ਲੱਗਭਗ ਸਾਰੇ ਪੰਜਾਬੀ ਵਿਦਿਆਰਥੀਆਂ ਨੇ ਇਹੋ ਦੱਸਿਆ ਕਿ ਭਾਰਤ ਦੇ ਮੁਕਾਬਲੇ ਯੂਕਰੇਨ ਵਿੱਚ ਡਾਕਟਰੀ ਦੀ ਪੜਾਈ ਚਾਰ-ਗੁਣਾ ਸਸਤੀ ਹੈ; ਭਾਵ ਜੇ ਭਾਰਤ ਵਿੱਚ ਐੱਮ.ਬੀ.ਬੀ.ਐੱਸ. ਦੀ ਪੜਾਈ ਉੱਤੇ 1 ਕਰੋੜ ਰੁਪਏ ਖ਼ਰਚ ਹੁੰਦੇ ਹਨ ਤਾਂ ਯੂਕਰੇਨ ਵਿੱਚ ਇਹ ਖ਼ਰਚਾ ਸਿਰਫ਼ 25 ਲੱਖ ਰੁਪਏ ਰਹਿ ਜਾਂਦਾ ਹੈ। ਇਸੇ ਲਈ ਭਾਰਤ ਤੋਂ ਵਿਦਿਆਰਥੀਆਂ ਨੂੰ ਮਜਬੂਰੀਵੱਸ ਹੋਰਨਾਂ ਦੇਸ਼ਾਂ ਵਿੱਚ ਜਾ ਕੇ ਉੱਚ ਸਿੱਖਿਆ ਹਾਸਲ ਕਰਨੀ ਪੈਂਦੀ ਹੈ।

ਇਸ ਜੰਗ ਦਾ ਸਿੱਧਾ ਅਸਰ ਯੂਕਰੇਨ ਦੀ ਅਰਥ-ਵਿਵਸਥਾ ਦੇ ਨਾਲ਼-ਨਾਲ਼ ਉੱਥੋਂ ਦੀਆਂ ਯੂਨੀਵਰਸਿਟੀਜ਼ ਉੱਤੇ ਵੀ ਪਵੇਗਾ। ਹੁਣ ਕੌਮਾਂਤਰੀ ਵਿਦਿਆਰਥੀ ਛੇਤੀ ਕਿਤੇ ਉੱਥੇ ਨਹੀਂ ਜਾਣਗੇ। ਹਾਲਾਤ ਸੁਖਾਵੇਂ ਤੇ ਆਮ ਵਰਗੇ ਹੋਣ ਵਿੱਚ ਕਾਫ਼ੀ ਸਮਾਂ ਲੱਗ ਜਾਵੇਗਾ। ਇਸ ਦਾ ਸਿੱਧਾ ਲਾਭ ਯੂਰਪੀਅਨ ਤੇ ਹੋਰ ਪੱਛਮੀ ਮੁਲਕਾਂ ਨੂੰ ਪੁੱਜੇਗਾ।

ਕੌਮਾਂਤਰੀ ਬਾਜ਼ਾਰ ਵਿੱਚ ਕੱਚਾ ਤੇਲ ਮਹਿੰਗਾ ਹੋਣ ਕਾਰਨ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਹੋਰ ਵਧਣਗੀਆਂ। ਇਨਾਂ ਦੇ ਨਾਲ਼ ਹੀ ਮੋਬਿਲ-ਆਇਲ, ਗ੍ਰੀਸ ਆਦਿ ਜਿਹੇ ਹੋਰ ਦਰਜਨਾਂ ਤੇਲ ਉਤਪਾਦ ਵੀ ਮਹਿੰਗੇ ਹੋ ਜਾਣਗੇ। ਪੈਟਰੋਲ ਤੇ ਡੀਜ਼ਲ ਮਹਿੰਗੇ ਹੋਣ ਨਾਲ਼ ਆਵਾਜਾਈ ਤੇ ਢੋਆ-ਢੁਆਈ ਦੇ ਖ਼ਰਚੇ ਵੀ ਵਧ ਜਾਣਗੇ। ਟਰੱਕਾਂ ਰਾਹੀਂ ਆਉਣ ਵਾਲੀਆਂ ਖਾਣਪੀਣ ਦੀਆਂ ਸਾਰੀਆਂ ਵਸਤਾਂ ਤੇ ਹੋਰ ਜ਼ਰੂਰੀ ਚੀਜ਼ਾਂ ਵੀ ਮਹਿੰਗੀਆਂ ਹੋ ਜਾਣਗੀਆਂ।

ਕਾਲੇ ਸਮੁੰਦਰ ਦੇ ਇਲਾਕੇ ਵੱਲੋਂ ਆਉਂਦੀ ਕਣਕ ਦੀ ਸਪਲਾਈ ਵਿੱਚ ਵੀ ਰੁਕਾਵਟ ਪਵੇਗੀ, ਇੰਜ ਅਨਾਜ ਵੀ ਮਹਿੰਗਾ ਹੋ ਸਕਦਾ ਹੈ। ਰੂਸ ਪੈਲੇਡੀਅਮ ਨਾਂ ਦੀ ਇੱਕ ਧਾਤ ਦਾ ਦੁਨੀਆ ਦਾ ਸਭ ਤੋਂ ਵੱਡਾ ਬਰਾਮਦਕਾਰ ਹੈ। ਇਹ ਧਾਤ ਆਮ ਕਾਰਾਂ-ਮੋਟਰਾਂ ਦੇ ਐਗਜ਼ੌਸਟ ਸਿਸਟਮ ਤੇ ਮੋਬਾਈਲ ਫ਼ੋਨਾਂ ਵਿੱਚ ਵਰਤੀ ਜਾਂਦੀ ਹੈ। ਜੰਗ ਕਾਰਨ ਉਸ ਦੀ ਸਪਲਾਈ ਵੀ ਰੁਕ ਗਈ ਹੈ। ਭਾਰਤ ’ਚ ਯੂਕਰੇਨ ਤੇ ਰੂਸ ਰਾਹੀਂ ਆਉਣ ਵਾਲੇ ਸੂਰਜਮੁਖੀ ਤੇਲ ਦੀ ਬਰਾਮਦ ਪ੍ਰਭਾਵਿਤ ਹੋਣ ਨਾਲ਼ ਦੇਸ਼ ਵਿੱਚ ਖਾਣ ਵਾਲੇ ਤੇਲਾਂ ਦੀ ਘਾਟ ਅਤੇ ਕੀਮਤਾਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਵੀ ਵਧਦੀ ਦਿਖਾਈ ਦੇ ਰਹੀ ਹੈ। ਇਸੇ ਤਰਾਂ ਪੱਛਮੀ ਬੰਗਾਲ ਤੋਂ ਰੂਸ, ਯੂਕਰੇਨ ਤੇ ਕਜ਼ਾਖ਼ਸਤਾਨ ਨੂੰ ਹੋਣ ਵਾਲੀ ਚਾਹ ਦੀ ਬਰਾਮਦ ਵੀ ਪ੍ਰਭਾਵਿਤ ਹੋਈ ਹੈ। ਪੱਛਮੀ ਬੰਗਾਲ




ਦੇ ਚਾਹ ਉਤਪਾਦਨ ਦਾ ਲਗਭਗ ਇੱਕ ਚੌਥਾਈ ਉਤਪਾਦਨ ਇਨਾਂ ਤਿੰਨਾਂ ਦੇਸ਼ਾਂ ਨੂੰ ਬਰਾਮਦ ਹੁੰਦਾ ਹੈ। ਇਹ ਬਰਾਮਦ ਠੱਪ ਹੋਣ ਨਾਲ਼ ਨਵਾਂ ਉਤਪਾਦਨ ਵੀ ਜ਼ਰੂਰ ਪ੍ਰਭਾਵਿਤ ਹੋਵੇਗਾ। ਇਸ ਨਾਲ਼ ਮਾਲ ਦਾ ਭੰਡਾਰ ਜਮਾਂ ਹੋ ਜਾਣ ਨਾਲ਼ ਆਰਥਿਕ ਸੰਕਟ ਵੀ ਵਧੇਗਾ ਅਤੇ ਰੁਜ਼ਗਾਰ ਦੇ ਮੌਕੇ ਵੀ ਘੱਟ ਹੋਣਗੇ।

ਪੰਜਾਬ ਤੋਂ ਵੱਡੀ ਮਾਤਰਾ ਵਿੱਚ ਗਾਰਮੈਂਟਸ, ਹੌਜ਼ਰੀ, ਖਾਦਾਂ, ਖੇਤੀ ਉਪਕਰਣ, ਹੈਂਡਟੂਲ, ਰਬੜ, ਪਲਾਸਟਿਕ, ਇੰਜੀਨੀਅਰਿੰਗ ਵਸਤਾਂ ਤੇ ਆਟੋ ਪਾਰਟਸ ਰੂਸ ਤੇ ਯੂਕਰੇਨ ਵਿੱਚ ਬਰਾਮਦ ਕੀਤੇ ਜਾਂਦੇ ਹਨ। ਜੰਗ ਨਾਲ਼ ਨਿਸ਼ਚਤ ਤੌਰ ’ਤੇ ਸੂਬੇ ਦੇ ਇਨਾਂ ਸਾਰੇ ਸੰਬੰਧਿਤ ਉਦਯੋਗਾਂ ’ਤੇ ਮਾੜਾ ਅਸਰ ਪਵੇਗਾ। ਭਾਰਤ ਦੇ ਬਾਕੀ ਹਿੱਸਿਆਂ ਤੋਂ ਬਹੁਤ ਸਾਰੀਆਂ ਖ਼ੁਰਾਕੀ ਵਸਤਾਂ ਜਿਵੇਂ ਕੌਫ਼ੀ, ਤਾਜ਼ਾ ਫਲ, ਮਾਸ, ਚੌਲ਼; ਫ਼ਾਰਮਾਸਿਊਟੀਕਲਜ਼ (ਦਵਾਈਆਂ), ਲੋਹਾ, ਸਟੀਲ, ਬਹੁਤ ਸਾਰੀ ਮਸ਼ੀਨਰੀ ਤੇ ਕੈਮੀਕਲਜ਼ ਰੂਸ ਭੇਜੇ ਜਾਂਦੇ ਹਨ। ਇੰਝ ਹੀ ਉੱਥੋਂ ਦਾਲਾਂ, ਖ਼ੁਰਾਕੀ ਤੇਲ, ਮਸਾਲੇ, ਅਲਕੋਹਲ ਨਾਲ਼ ਜੁੜੇ ਉਤਪਾਦ, ਸਮੁੰਦਰੀ ਜਹਾਜ਼ਾਂ ਦੇ ਪੁਰਜ਼ੇ, ਰਤਨ ਤੇ ਮੋਤੀ, ਨਿਊਕਲੀਅਰ ਰੀਐਕਟਰਜ਼, ਬੁਆਇਲਰਜ਼ ਤੇ ਹੋਰ ਸੰਬੰਧਿਤ ਵਸਤਾਂ ਭਾਰਤ ਮੰਗਵਾਈਆਂ ਜਾਂਦੀਆਾਂ ਹਨ।

**ਸੱਚੋ ਸੱਚ ਦਸ ਵੇ ਜੋਗੀਆ**

### ਇਸਲਾਮਿਕ ਦੇਸ਼ ਯੂਕਰੇਨ-ਰੂਸ ਸੰਕਟ ਵਿੱਚ ਕਿੱਧਰ ਭੁਗਤਣਗੇ

ਯੂਕਰੇਨ ਦੀ 4.49 ਕਰੋੜ ਦੀ ਆਬਾਦੀ ਵਿੱਚ ਮੁਸਲਮਾਨਾਂ ਦੀ ਆਬਾਦੀ ਇੱਕ ਤੋਂ ਦੋ ਫ਼ੀਸਦੀ ਦੇ ਲਗਭਗ ਹੈ। ਇੱਥੋਂ ਦੀ ਬਹੁਗਿਣਤੀ ਆਬਾਦੀ ਈਸਾਈ ਹੈ। ਪੂਰਬੀ ਯੂਕਰੇਨ ’ਤੇ ਰੂਸ ਦੀ ਫ਼ੌਜੀ ਕਾਰਵਾਈ ਜਾਰੀ ਹੈ। ਰੂਸ ਦੀ ਇਸ ਕਾਰਵਾਈ ਕਾਰਨ ਦੁਨੀਆ ਦੀ ਸਭ ਤੋਂ ਵੱਡੀ ਸ਼ਕਤੀ ਅਮਰੀਕਾ ਸਮੇਤ ਪੱਛਮ ਦੇ ਕਈ ਦੇਸ਼ ਗ਼ੁੱਸੇ ਵਿੱਚ ਹਨ ਅਤੇ ਹੁਣ ਤੱਕ ਕਈ ਪਾਬੰਦੀਆਂ ਦਾ ਐਲਾਨ ਕਰ ਚੁੱਕੇ ਹਨ। ਜਾਪਾਨ ਤੇ ਆਸਟ੍ਰੇਲੀਆ ਵੀ ਪੱਛਮੀ ਦੇਸ਼ਾਂ ਨਾਲ਼ ਖੜੇ ਹਨ। ਇੱਥੇ ਜਾਣਨਾ ਜ਼ਰੂਰੀ ਹੈ ਕਿ ਪ੍ਰਮੁੱਖ ਇਸਲਾਮਿਕ ਦੇਸ਼ ਜਾਂ ਮੁਸਲਮਾਨਾਂ ਦੀ ਬਹੁਗਿਣਤੀ ਵਾਲੇ ਦੇਸ਼ ਯੂਕਰੇਨ ਨੂੰ ਲੈ ਕੇ ਚੱਲ ਰਹੀ ਜੰਗ ਵਿੱਚ ਕਿਸ ਦੇ ਨਾਲ਼ ਹਨ। ਸੰਯੁਕਤ ਰਾਸ਼ਟਰ ਦੀ ਆਮ ਸਭਾ ਵਿੱਚ ਸਾਊਦੀ-ਅਰਬ ਨੇ ਰੂਸ ਦੀ ਨਿੰਦਾ ਕੀਤੇ ਬਿਨਾਂ ਡਿਪਲੋਮੈਟਿਕ ਹੱਲ ਦੀ ਗੱਲ ਕਹੀ ਸੀ। ਸਾਊਦੀ-ਅਰਬ ਨੇ ਦੋਵਾਂ ਧਿਰਾਂ ਨੂੰ ਫ਼ੌਜੀ ਤਣਾਅ ਘੱਟ ਕਰਨ ਦੀ ਅਪੀਲ ਕੀਤੀ ਸੀ। ਰੂਸ ਤੇ ਸਾਊਦੀ-ਅਰਬ ਦੁਨੀਆ ਦੇ ਸਭ ਤੋਂ ਵੱਡੇ ਤੇਲ ਉਤਪਾਦਕ ਦੇਸ਼ ਹਨ। ਇਸ ਦਾ ਸੰਕੇਤ ਇਸ ਮਹੀਨੇ ਵੀ ਮਿਲਿਆ ਸੀ, ਜਦੋਂ ਅਮਰੀਕੀ ਰਾਸ਼ਟਰਪਤੀ ਬਾਈਡਨ ਨੇ ਸਾਊਦੀ-ਅਰਬ ਨੂੰ ਤੇਲ ਦਾ ਉਤਪਾਦਨ ਵਧਾਉਣ ਦੀ ਅਪੀਲ ਕੀਤੀ ਸੀ ਪਰ ਸਾਊਦੀ-ਅਰਬ ਨੇ ਇਸ ਤੋਂ ਇਨਕਾਰੀ ਹੋ ਗਿਆ ਸੀ।

ਤੁਰਕੀ ਸੰਵਿਧਾਨਕ ਤੌਰ ’ਤੇ ਇਸਲਾਮਿਕ ਦੇਸ਼ ਨਹੀਂ ਪਰ ਇੱਥੋਂ ਦੀ ਬਹੁਗਿਣਤੀ ਆਬਾਦੀ ਮੁਸਲਮਾਨ ਹੈ। ਤੁਰਕੀ ਨਾਟੋ ਦਾ ਵੀ ਮੈਂਬਰ ਹੈ, ਜਿਸ ਕਾਰਨ ਉਹ ਯੂਕਰੇਨ ’ਤੇ ਰੂਸੀ ਹਮਲੇ ਦੇ ਨਾਲ਼ ਨਹੀਂ ਪਰ ਤੁਰਕੀ ਦੇ ਰਾਸ਼ਟਰਪਤੀ ਰੇਚੇਪ ਤੈਯਪ ਅਰਦੋਆਨ ਜਦੋਂ ਅਮਰੀਕਾ ਨਾਲ਼ ਨਾਰਾਜ਼ ਹੁੰਦੇ ਹਨ ਤਾਂ ਪੁਤਿਨ ਕੋਲ਼ ਹੀ ਜਾਂਦੇ ਹਨ। ਰੂਸ ਤੋਂ ਐੱਸ.-400 ਮਿਜ਼ਾਈਲ ਸਿਸਟਮ ਲੈਣ ਕਾਰਨ ਤੁਰਕੀ ’ਤੇ ਅਮਰੀਕਾ ਨੇ ਪਾਬੰਦੀ ਵੀ ਲਾਈ ਸੀ। ਬਾਈਡੇਨ ਦੇ ਆਉਣ ਤੋਂ ਬਾਅਦ ਤੁਰਕੀ ਦਾ ਰਿਸ਼ਤਾ ਅਮਰੀਕਾ ਨਾਲ਼ ਖ਼ਰਾਬ ਹੋਇਆ ਹੈ। ਰਾਸ਼ਟਰਪਤੀ ਅਰਦੋਆਨ ਨੇ ਕਿਹਾ ਕਿ ਉਨਾਂ ਰੂਸੀ ਰਾਸ਼ਟਰਪਤੀ ਪੁਤਿਨ ਨਾਲ਼ ਗੱਲਬਾਤ ਨੂੰ ਹਮੇਸ਼ਾ ਅਹਿਮੀਅਤ ਦਿੱਤੀ ਹੈ, ਜਿਸ ਦੇ ਕਈ ਚੰਗੇ ਨਤੀਜੇ ਵੀ ਮਿਲੇ ਹਨ। ਉਹ ਅੱਗੇ ਵੀ ਗੱਲਬਾਤ ਜਾਰੀ ਰੱਖਣਗੇ।

ਯੂ. ਏ. ਈ. : ਸੰਯੁਕਤ ਅਰਬ ਅਮੀਰਾਤ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਯੂਕਰੇਨ ਦੇ ਮੁੱਦੇ ਨੂੰ ਕੂਟਨੀਤਿਕ ਗੱਲਬਾਤ ਰਾਹੀਂ ਹੱਲ ਕਰਨ ਦੀ ਅਪੀਲ ਕੀਤੀ ਹੈ। ਯੂ. ਏ. ਈ. ਨੇ ਇਹ ਨਹੀਂ ਕਿਹਾ ਕਿ ਰੂਸ ਨੇ ਯੂਕਰੇਨ ਦੀ ਪ੍ਰਭੂਸੱਤਾ ਦੀ ਉਲੰਘਣਾ ਕੀਤੀ ਹੈ।

ਈਰਾਨ ਸ਼ੀਆ ਮੁਸਲਿਮ ਬਹੁਗਿਣਤੀ ਦੇਸ਼ ਹੈ। ਉਸ ਦਾ ਰਿਸ਼ਤਾ ਅਮਰੀਕਾ ਨਾਲ਼ 1979 ਦੀ ਇਸਲਾਮਿਕ ਕ੍ਰਾਂਤੀ ਦੇ ਵੇਲੇ ਤੋਂ ਹੀ ਖ਼ਰਾਬ ਹੈ। ਰੂਸ ਨਾਲ਼ ਈਰਾਨ ਦੇ ਰਿਸ਼ਤੇ ਚੰਗੇ ਰਹੇ ਹਨ। ਯੂਕਰੇਨ ਸੰਕਟ ’ਤੇ ਈਰਾਨ ਦੇ ਵਿਦੇਸ਼ ਮੰਤਰਾਲਾ ਦੇ ਬੁਲਾਰੇ ਸਈਦ ਖ਼ਾਤਿਬਜਾਦੇਹ ਨੇ ਕਿਹਾ ਸੀ ਕਿ ਇਸਲਾਮਿਕ ਰਿਪਬਲਿਕ ਆਫ਼ ਈਰਾਨ ਸਾਰੀਆਾਂ ਧਿਰਾਂ ਤੋਂ ਸੰਜਮ ਰੱਖਣ ਦੀ ਉਮੀਦ ਕਰਦਾ ਹੈ। ਕਿਸੇ ਵੀ ਤਰਾਂ ਦੇ ਤਣਾਅ ਨੂੰ ਵਧਾਉਣ ਵਾਲੇ ਕਦਮ ਤੋਂ ਬਚਣਾ ਚਾਹੀਦਾ ਹੈ। ਮੰਦੇ ਭਾਗੀਂ ਅਮਰੀਕਾ ਨੇ ਨਾਟੋ ਦੇ ਦਖ਼ਲ ਅਤੇ ਉਕਸਾਊ ਕਦਮ ਨਾਲ਼ ਇਲਾਕੇ ਦੀ ਸਥਿਤੀ ਗੁੰਝਲਦਾਰ ਬਣਾ ਦਿੱਤੀ ਹੈ। ਹਾਲਾਂਕਿ ਰੂਸ ਨਾਲ਼ ਈਰਾਨ ਦੇ ਰਿਸ਼ਤੇ ਇਤਿਹਾਸਕ ਤੌਰ ’ਤੇ ਠੀਕ ਨਹੀਂ ਰਹੇ।

### ਪੰਜ ਸਾਲਾਂ ਦੌਰਾਨ 4.78 ਲੱਖ ਪੰਜਾਬੀ ਵਿਦੇਸ਼ ਗਏ

ਪੰਜਾਬ ਵਿੱਚੋਂ ਰੋਜ਼ਾਨਾ ਔਸਤਨ ਢਾਈ ਸੌ ਵਿਅਕਤੀ ਜਹਾਜ਼ ਚੜ ਰਹੇ ਹਨ, ਜਿਨਾਂ ਦਾ ਇੱਕੋ ਮਕਸਦ ਵਿਦੇਸ਼ ਵਿੱਚ ਰੋਜ਼ੀ-ਰੋਟੀ ਕਮਾਉਣਾ ਹੈ। ਵੱਡੀ ਗਿਣਤੀ ਪੰਜਾਬੀ ਰੁਜ਼ਗਾਰ ਦੀ ਤਲਾਸ਼ ਵਿੱਚ ਪੰਜਾਬ ਛੱਡ ਕੇ ਵੱਖ-ਵੱਖ ਦੇਸ਼ਾਂ ਵੱਲ ਗਏ ਹਨ।

ਬਿਊਰੋ ਆਫ਼ ਇਮੀਗਰੇਸ਼ਨ ਦੇ ਵੇਰਵੇ ਹਨ ਕਿ ਪਹਿਲੀ ਜਨਵਰੀ 2016 ਤੋਂ ਮਾਰਚ 2021 ਤੱਕ (ਲਗਭਗ ਸਵਾ ਪੰਜ ਸਾਲ) ਦੌਰਾਨ ਪੰਜਾਬ ਵਿੱਚੋਂ 4.78 ਲੱਖ ਵਿਅਕਤੀ ਰੁਜ਼ਗਾਰ ਵੀਜ਼ੇ ’ਤੇ ਵਿਦੇਸ਼ ਗਏ ਹਨ। ਸਿੱਧਾ ਅੰਕੜਾ ਹੈ ਕਿ ਇਨਾਂ ਵਰਿਆਂ ਦੌਰਾਨ ਪੰਜਾਬ ਵਿੱਚੋਂ ਹਰ ਮਹੀਨੇ ਔਸਤਨ 7,750 ਵਿਅਕਤੀ ਰੁਜ਼ਗਾਰ ਲਈ ਵਿਦੇਸ਼ ਗਏ ਹਨ। ਇਸ ਲਿਹਾਜ਼ ਨਾਲ਼ ਰੋਜ਼ਾਨਾ ਦੀ ਔਸਤ 250 ਬਣਦੀ ਹੈ। ਇੰਜ ਜੇ ਵੇਖਿਆ ਜਾਵੇ ਤਾਂ ਹਰ ਵਰੇ ਔਸਤਨ 91,250 ਵਿਅਕਤੀ ਰੁਜ਼ਗਾਰ ਖ਼ਾਤਿਰ ਪੰਜਾਬ ਛੱਡ ਰਹੇ ਹਨ। ਯੂਕਰੇਨ ਵਿੱਚ ਫਸੇ ਹੋਏ ਭਾਰਤੀਆਂ ਵਿੱਚੋਂ ਬੇਸ਼ੱਕ ਵੱਡੀ ਗਿਣਤੀ ਵਿਦਿਆਰਥੀਆਂ ਦੀ ਹੈ, ਪਰ ਉੱਥੇ ਮੌਜੂਦ ਭਾਰਤੀ ਕਾਮਿਆਂ ਦਾ ਅੰਕੜਾ ਵੀ ਛੋਟਾ ਨਹੀਂ। ਰਾਜਪੁਰਾ ਦਾ ਤਿਰਲੋਕ ਸਿੰਘ ਇਸ ਵੇਲੇ ਯੂਕਰੇਨ ਵਿੱਚ ਫਸਿਆ ਹੋਇਆ ਹੈ। ਉਹ ਵਰਕ ਪਰਮਿਟ ’ਤੇ ਯੂਕਰੇਨ ਗਿਆ ਸੀ। ਜੇਕਰ ਸਮੁੱਚੇ ਦੇਸ਼ ਦੀ ਗੱਲ ਕੀਤੀ ਜਾਵੇ ਤਾਂ ਉਕਤ ਸਵਾ ਪੰਜ ਵਰਿਆਂ ਦੌਰਾਨ ਰੁਜ਼ਗਾਰ ਵੀਜ਼ੇ ’ਤੇ 1.37 ਕਰੋੜ ਵਿਅਕਤੀ ਵਿਦੇਸ਼ ਗਏ ਹਨ। ਹਾਲਾਂਕਿ ਪੰਜਾਬ ਤੋਂ ਸਟੂਡੈਂਟ ਵੀਜ਼ਾ ’ਤੇ ਵਿਦੇਸ਼ ਜਾਣ ਵਾਲਿਆਂ ਦੀ ਚਰਚਾ ਵਧੇਰੇ ਹੁੰਦੀ ਹੈ, ਪਰ ਅਸਲ ਵਿੱਚ ਇੱਥੋਂ ਰੁਜ਼ਗਾਰ ਵੀਜ਼ੇ ’ਤੇ ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ ਉਸ ਨਾਲ਼ੋਂ ਵੀ ਕਿਤੇ ਵੱਧ ਹੈ। ਇਨਾਂ ਸਵਾ ਪੰਜ ਸਾਲਾਂ ਵਿੱਚ ਸਟੂਡੈਂਟ ਵੀਜ਼ਾ ਤੇ ਰੁਜ਼ਗਾਰ ਵੀਜ਼ਾ ’ਤੇ ਵਿਦੇਸ਼ ਜਾਣ ਵਾਲਿਆਂ ਦੀ ਜੇ ਸਾਂਝੇ ਤੌਰ ’ਤੇ ਗੱਲ ਕੀਤੀ ਜਾਵੇ ਤਾਂ 7.40 ਲੱਖ ਪੰਜਾਬੀ ਵਿਦੇਸ਼ ਜਾ ਚੁੱਕੇ ਹਨ, ਜਿਨਾਂ ਵਿੱਚ ਸਟੂਡੈਂਟ ਵੀਜ਼ੇ ਵਾਲੇ 2.62 ਲੱਖ ਵਿਦਿਆਰਥੀ ਵੀ ਸ਼ਾਮਿਲ ਹਨ। ਇਸ ਮਾਮਲੇ ਵਿੱਚ ਪੰਜਾਬ ਨੇ 2019 ਵਿੱਚ ਦੇਸ਼ ਭਰ ਵਿੱਚੋਂ ਪਹਿਲਾ ਨੰਬਰ ਲਿਆ ਹੈ। ਉਸ ਵਰੇ ਪੰਜਾਬ ’ਚੋਂ 73,574 ਵਿਦਿਆਰਥੀ ਵਿਦੇਸ਼ ਗਏ ਸਨ। ਇਸ ਮਗਰੋਂ ਕਰੋਨਾ ਮਹਾਂਮਾਰੀ ਕਾਰਨ ਲੱਗੀਆਂ ਪਾਬੰਦੀਆਂ ਨੇ ਇਹ ਗਿਣਤੀ ਲੰਮਾ ਸਮਾਂ ਘਟਾਈ ਰੱਖੀ ਹੈ। ਯੂਕਰੇਨ ਵਿੱਚ ਬੇਕਾਬੂ ਹੋਏ ਹਾਲਾਤ ਕਾਰਨ ਫਸੇ ਪੰਜਾਬੀ ਵਿਦਿਆਰਥੀਆਂ ਦੇ ਮਾਪੇ ਆਖ ਰਹੇ ਹਨ ਕਿ ਜੇਕਰ ਭਾਰਤ ਵਿੱਚ ਡਾਕਟਰੀ ਸਿੱਖਿਆ ਉਨਾਂ ਦੀ ਪਹੁੰਚ ਵਿੱਚ ਹੁੰਦੀ ਤਾਂ ਉਨਾਂ ਨੂੰ ਬੱਚੇ ਵਿਦੇਸ਼ ਨਾ ਭੇਜਣੇ ਪੈਂਦੇ। ਇੱਕ ਅੰਦਾਜ਼ੇ ਅਨੁਸਾਰ ਸਰਕਾਰੀ ਕਾਲਜਾਂ ਦੀ ਸਾਲਾਨਾ ਫ਼ੀਸ ਸਭ ਤੋਂ ਵੱਧ ਹੋਣ ਦੇ ਪੈਮਾਨ ’ਤੇ ਪੰਜਾਬ ਦਾ ਦੇਸ਼ ਭਰ ਵਿੱਚੋਂ ਤੀਜਾ ਸਥਾਨ ਹੈ। ਪ੍ਰਾਈਵੇਟ ਕਾਲਜਾਂ ਦੀ ਫ਼ੀਸ ਤਾਂ ਆਮ ਲੋਕਾਂ ਦੀ ਪਹੁੰਚ ਤੋਂ ਕਈ ਸਾਲ ਪਹਿਲਾਂ ਹੀ ਦੂਰ ਹੋ ਚੁੱਕੀ ਹੈ।

ਪੰਜਾਬ ’ਵਰਸਿਟੀ ਦੇ ਸਾਬਕਾ ਸੈਨੇਟ ਮੈਂਬਰ ਅਤੇ ਪ੍ਰਿੰਸੀਪਲ ਤ੍ਰਿਲੋਕ ਬੰਧੂ (ਰਾਮਪੁਰਾ ਵਾਲੇ) ਆਖਦੇ ਹਨ ਕਿ ਪੰਜਾਬ ਸਰਕਾਰ ਕੋਲ਼ ਕੋਈ ਰੁਜ਼ਗਾਰ ਨੀਤੀ ਹੀ ਨਹੀਂ ਹੈ। ਉਨਾਂ ਕਿਹਾ ਕਿ ਮਾਪਿਆਂ ਵੱਲੋਂ ਜ਼ਮੀਨਾਂ ਵੇਚ ਕੇ ਅਤੇ ਕਰਜ਼ੇ ਚੁੱਕ ਕੇ ਰੁਜ਼ਗਾਰ ਲਈ ਬੱਚਿਆਂ ਨੂੰ ਵਿਦੇਸ਼ ਭੇਜਣਾ ਕੋਈ ਸ਼ੁਗ਼ਲ ਨਹੀਂ ਹੈ। ਉਨਾਂ ਕਿਹਾ ਕਿ ਸਰਕਾਰ ਸੁਹਿਰਦ ਹੁੰਦੀ ਤਾਂ ਇਸ ਰੁਝਾਨ ਨੇ ਕਦੇ ਜ਼ੋਰ ਨਹੀਂ ਸੀ ਫੜਨਾ।

### ਯੂਕਰੇਨ ਦੀ ਸੰਸਦ ਮੈਂਬਰ ਨੇ ਚੁੱਕੀ ਬੰਦੂਕ



ਯੂਕਰੇਨ ਦੀ 36 ਸਾਲਾ ਸੰਸਦ ਮੈਂਬਰ ਕੀਰਾ ਰੂਇਕ ਦੀਆਂ ਸੋਸ਼ਲ ਮੀਡੀਆ ’ਤੇ ਤਸਵੀਰਾਂ ਵਾਇਰਲ ਹੋ ਰਹੀਆਂ ਹਨ, ਜਿਸ ਵਿੱਚ ਉਹ ਬੰਦੂਕ ਫੜੀ ਨਜ਼ਰ ਆ ਰਹੀ ਹੈ। ਕੀਰਾ ਐਮਾਜ਼ੋਨ ਆਨਲਾਈਨ ਸ਼ਾਪਿੰਗ ਪਲੇਟਫ਼ਾਰਮ ਦੀ ਕੰਪਨੀ ਰਿੰਗ ਦੀ ਚੀਫ਼ ਅਪਰੇਟਿੰਗ ਅਫ਼ਸਰ ਰਹਿ ਚੁੱਕੀ ਹੈ। ਉਹ ਆਖਦੀ ਹੈ ਕਿ ਉਹ ਆਪਣੀ ਧਰਤੀ ਲਈ ਕੁਰਬਾਨ ਹੋ ਜਾਵੇਗੀ।

# ਹੈਰਾਨ ! ਹੈਰਾਨ !! ਹੈਰਾਨ !!! ਹੀ ਕਿਹਾ ਜਾ ਸਕਦੈ ਉਸ ਇਕੱਠ ਬਾਰੇ

### ✪ ਦੀਪ ਦੇ ਅੰਦਾਜ਼-ਏ-ਬਿਆਨ ਵਿੱਚ ਅੰਤਾਂ ਦੀ ਮਾਸੂਮੀਅਤ ਸੀ ✪ ਦੀਪ ਨੇ ਖ਼ਾਲਸਾ-ਅਹਿਸਾਸ ਦੀ ਨਵੀਂ ਦੁਨੀਆ ਸਿਰਜ ਦਿੱਤੀ

### ✪ ਭਾਗਾਂ ਵਾਲੇ ਹਨ ਇਸ ਅਲੌਕਿਕ ਇਕੱਠ ਵਿੱਚ ਆਉਣ ਵਾਲੇ ✪ ਦਾਨਿਸ਼ਵਰ ਕਿਵੇਂ ਦੀਪ ਦੀ ਸ਼ਖ਼ਸੀਅਤ ਨੂੰ ਬਿਆਨ ਕਰਨਗੇ



**ਕਰਮਜੀਤ ਸਿੰਘ ਚੰਡੀਗੜ੍ਹ**
**9915091063**

ਦੀਪ ਸਿੱਧੂ ਦੀ ਯਾਦ ਵਿੱਚ ਹੋਏ ਉਸ ਲਾਮਿਸਾਲ ਅਤੇ ਅਲੌਕਿਕ ਇਕੱਠ ਨੂੰ ਬਿਆਨ ਕਰਨਾ ਇੰਨਾ ਆਸਾਨ ਨਹੀਂ ਹੈ। ਇਉਂ ਸਮਝੋ ਕਿ ਉਹ ਦ੍ਰਿਸ਼ ਮਨੁੱਖੀ ਸਰੀਰਾਂ ਦਾ ਇੱਕ ਸਮੁੰਦਰ ਲੱਗਦਾ ਸੀ ਜਿਸ ਦੇ ਗਹਿਰ-ਗੰਭੀਰ ਅਤੇ ਡੂੰਘੇ ਅਰਥ ਕਰਨ ਵਾਲੇ ਸਾਡੀ ਕੌਮ ਵਿੱਚ ਅਜੇ ਨਜ਼ਰ ਨਹੀਂ ਆਉਂਦੇ।

ਦੀਵਾਨ ਟੋਡਰ ਮੱਲ ਹਾਲ ਦੇ ਬਾਹਰ, ਹਾਲ ਦੀਆਂ ਗੈਲਰੀਆਂ, ਹਾਲ ਦੀ ਛੱਤ ਉੱਤੇ, ਹਾਲ ਦੇ ਬਾਹਰ, ਹਾਲ ਦੇ ਇਰਦ-ਗਿਰਦ ਅਤੇ ਹਾਲ ਤੋਂ ਦੂਰ ਜਿੱਥੇ ਕਿਤੇ ਵੀ ਨਜ਼ਰ ਜਾਂਦੀ ਸੀ, ਸਿਰਫ਼ ਲੋਕ ਹੀ ਲੋਕ ਨਜ਼ਰ ਆ ਰਹੇ ਸਨ। ਸਮੁੰਦਰਾਂ ਨਾਲੋਂ ਵੀ ਡੂੰਘੇ ਸਨ ਉਹ ਅਹਿਸਾਸ ਜੋ ਸੰਗਤਾਂ ਦੇ ਚਿਹਰਿਆਂ ਤੋਂ ਪੜ੍ਹੇ ਜਾ ਸਕਦੇ ਸਨ। ਦਰਅਸਲ ਉਹ ਅਹਿਸਾਸ ਦਾ ਵਗਦਾ ਦਰਿਆ ਸੀ, ਉਹ ਪੀੜ ਸੀ ਜਿਸ ਨੂੰ ਤਰਕ ਦੇ ਘੇਰੇ ਵਿੱਚ ਨਹੀਂ ਸਮਝਿਆ ਜਾ ਸਕਦਾ।

ਇਉਂ ਲਗਦਾ ਸੀ ਹਰ ਕੋਈ 'ਦੀਪ' ਬਣਨ ਦੀ ਤਾਂਘ ਰੱਖੀ ਬੈਠਾ ਹੈ। ਕੈਲੀਫ਼ੋਰਨੀਆ ਤੋਂ ਸੰਦੀਪ ਸਿੰਘ ਪੱਗਾਂ ਦੇ 100 ਥਾਨ ਲਿਆ ਕੇ ਵਿਸ਼ੇਸ਼ ਤੌਰ 'ਤੇ ਪਹੁੰਚਿਆ ਹੋਇਆ ਸੀ ਤਾਂ ਜੋ ਕੇਸਰੀ ਦਸਤਾਰਾਂ ਦਾ ਹੜ੍ਹ ਲਿਆਂਦਾ ਜਾਵੇ ਅਤੇ ਦਸਤਾਰਾਂ ਆਪਣੀ ਵੱਖਰੀ ਹੋਂਦ ਦਾ ਅਹਿਸਾਸ ਕਰਾਉਣ। ਸਭ ਪੁਰਅਮਨ ਸਨ ਅਤੇ ਪੁਰਅਮਨ ਰਹਿ ਕੇ ਆਪਣੀ ਵੱਖਰੀ ਹੋਂਦ ਦਾ ਪ੍ਰਗਟਾਵਾ ਕਰ ਰਹੇ ਸਨ, ਜਿਵੇਂ ਕਹਿ ਰਹੇ ਸਨ: ਅਸੀਂ ਦੂਣ ਸਵਾਏ ਹੋਏ, ਇਸ ਨਿਰਾਲੇ ਨਜ਼ਾਰੇ ਨੂੰ ਦੱਸਣ ਲਈ ਵਿਵੇਕ ਅਕਲਾਂ ਦਾ ਅਜੇ ਵੀ ਇੰਤਜ਼ਾਰ ਹੈ।

ਹਾਲ ਦੀ ਉਪਰਲੀ ਛੱਤ ਉੱਤੇ ਇੱਕ ਬਹੁਤ ਵੱਡਾ ਬੈਨਰ ਨਜ਼ਰ ਆ ਰਿਹਾ ਸੀ ਜਿਸ ਉੱਤੇ ਅੰਗਰੇਜ਼ੀ ਵਿੱਚ ਲਿਖਿਆ ਹੋਇਆ ਸੀ : **India killed Deep Sidhu**, ਹੇਠਾਂ ਹਾਲ ਦੇ ਅੰਦਰ ਸਿਮਰਨਜੀਤ ਸਿੰਘ ਮਾਨ ਜੈਕਾਰਿਆਂ ਦੀ ਗੂੰਜ ਵਿੱਚ ਮੰਗ ਕਰ ਰਹੇ ਸਨ ਕਿ ਯੂ.ਐਨ.ਓ. ਇਸ ਘਟਨਾ ਦੀ ਜਾਂਚ ਕਰੇ ਕਿਉਂਕਿ ਇਹ ਹਾਦਸਾ ਨਹੀਂ ਸੀ, ਸਗੋਂ ਇੱਕ ਕਤਲ ਹੈ।

ਇਸ ਇਕੱਠ ਨੂੰ ਹਾਲ ਦੀ ਘੜੀ ਤੁਸੀਂ ਬਿਆਨ ਕਰਨ ਦੀ ਥਾਂ ਹੈਰਾਨ! ਹੈਰਾਨ!! ਹੈਰਾਨ!!! ਵਰਗੇ ਸ਼ਬਦ ਹੀ ਬੋਲ ਸਕਦੇ ਹੋ।

ਜਦੋਂ ਮੈਂ ਉਸ ਇਕੱਠ ਨੂੰ ਹੈਰਾਨਗੀ ਜਾਂ ਅਸਚਰਜਤਾ ਵਿੱਚ ਤਬਦੀਲ ਕਰ ਦਿੱਤਾ ਅਤੇ ਸਮੁੰਦਰ ਨਾਲ ਤੁਲਨਾ ਕਰ ਦਿੱਤੀ ਤਾਂ ਫਿਰ ਜਿਵੇਂ ਸਮੁੰਦਰ ਸ਼ਾਂਤ ਵੀ ਹੁੰਦਾ ਹੈ, ਪਰ ਉਸ ਦੀਆਂ ਤੈਹਾਂ ਵਿੱਚ ਅਨੇਕਾਂ ਤੂਫ਼ਾਨ ਵੀ ਹੋ ਸਕਦੇ ਹਨ ਜੋ ਫ਼ਿਲਹਾਲ ਨਜ਼ਰ ਨਹੀਂ ਆਉਂਦੇ ਤਾਂ ਸਾਨੂੰ ਉਸ ਇਕੱਠ ਦੇ ਮਨੋਵਿਗਿਆਨਕ ਅਰਥਾਂ ਦੀ ਕੁਝ-ਕੁਝ ਸਮਝ ਲਗਦੀ ਹੈ। ਸਾਡੇ ਅੰਦਰ ਡੂੰਘਾ ਉੱਤਰਨ ਦੀ ਜਗਿਆਸਾ, ਤਮੰਨਾ, ਰੀਝ ਅਤੇ ਸ਼ੌਕ ਜ਼ਰੂਰ ਪੈਦਾ ਹੁੰਦਾ ਹੈ। ਆਖ਼ਿਰਕਾਰ ਤੁਸੀਂ ਗਿੱਟੇ-ਗਿੱਟੇ ਪਾਣੀਆਂ ਵਿੱਚ ਤਰਨ ਦੀ ਜਾਚ ਨਹੀਂ ਸਿੱਖ ਸਕਦੇ। ਤੁਹਾਨੂੰ ਡੂੰਘੇ ਪਾਣੀਆਂ ਵਿੱਚ ਉੱਤਰਨਾ ਹੀ ਪੈਣਾ ਹੈ। 'ਜੇ ਕੋ ਡੂਬੈ ਫਿਰਿ ਹੋਵੈ ਸਾਰ' ਦਾ ਪਵਿੱਤਰ ਐਲਾਨ ਵੀ ਇਹੋ ਸੁਨੇਹਾ ਦਿੰਦਾ ਹੈ।

ਇਹ ਇਕੱਠ ਪਹਿਲਾਂ ਹੋਏ ਵੱਡੇ-ਵੱਡੇ ਇਕੱਠਾਂ ਨਾਲੋਂ ਵੱਖਰਾ ਅਤੇ ਵਿਸ਼ੇਸ਼ ਸੀ। ਮੈਂ ਬੀਤੇ ਵਿੱਚ ਉਨ੍ਹਾਂ ਬਹੁਤ ਸਾਰੇ ਇਕੱਠਾਂ ਨੂੰ ਵੇਖਣ ਤੋਂ ਬਾਅਦ ਹੀ ਇਹ ਟਿੱਪਣੀ ਕਰ ਰਿਹਾ ਹਾਂ।

ਇਹ ਇਕੱਠ ਵੱਖਰਾ ਇਸ ਕਰਕੇ ਸੀ ਕਿਉਂਕਿ ਇਹ ਇਕੱਠ ਇੱਕ ਵਿਅਕਤੀ ਦੀ ਯਾਦ ਵਿੱਚ ਹੋਇਆ-ਇੱਕ ਅਜਿਹੀ ਸ਼ਖ਼ਸੀਅਤ ਦੀ ਯਾਦ ਵਿੱਚ ਹੋਇਆ ਜਿਸ ਨੇ



ਜ਼ਿੰਦਗੀ ਦੇ ਅਨੇਕ ਪੱਖਾਂ ਉੱਤੇ ਆਪਣੇ ਵਿਚਾਰ ਪ੍ਰਗਟ ਕੀਤੇ, ਅਣਗਿਣਤ ਮੁੱਦਿਆਂ ਨੂੰ ਛੂਹਿਆ ਅਤੇ ਅਤਿ ਡੂੰਘੀਆਂ ਗੱਲਾਂ ਨੂੰ ਏਨੀ ਸਰਲ ਬੋਲੀ ਵਿੱਚ ਬਿਆਨ ਕਰ ਦਿੱਤਾ ਜੋ ਪਹਿਲਾਂ ਕਿਸੇ ਨੇ ਨਹੀਂ ਸੀ ਕੀਤਾ। ਉਹ ਏਨੀ ਸੋਹਣੀ ਪੰਜਾਬੀ ਬੋਲਦਾ ਸੀ ਕਿ ਸੋਹਣੀ ਪੰਜਾਬੀ ਬੋਲਣ ਦੀ ਜਿਵੇਂ ਜਾਗ ਲਾ ਰਿਹਾ ਹੋਵੇ। ਕੌਣ ਜਾਣਦਾ ਸੀ ਕਿ ਵੱਡੀਆਂ ਮਹਿੰਗੀਆਂ ਕਾਰਾਂ ਵਿੱਚ ਝੂਟੇ ਲੈਣ ਵਾਲਾ ਸਾਡੇ ਨਾਲ ਦਰੀਆਂ 'ਤੇ ਬਹਿ ਕੇ ਕੌਮ ਦੀ ਬਾਤ ਪਾਵੇਗਾ? ਉਹ ਰੋਵੇਗਾ ਅਤੇ ਸਾਨੂੰ ਵੀ ਰੁਵਾਏਗਾ। ਬੜੀ ਦੇਰ ਪਿੱਛੋਂ ਕਿਸੇ ਨੇ ਆਵਾਜ਼ ਦਿੱਤੀ ਸੀ ਕਿ ਅੱਖਾਂ ਦੇ ਹੰਝੂ ਦਿਲਾਂ ਦੇ ਜ਼ਖ਼ਮ ਹੁੰਦੇ ਹਨ। ਦੀਪ ਨੇ ਉਨ੍ਹਾਂ ਜ਼ਖ਼ਮਾਂ ਦੀ ਯਾਦ ਕਰਾਈ ਹੈ।

ਗੱਲ ਇੱਥੇ ਹੀ ਨਹੀਂ ਮੁੱਕ ਜਾਂਦੀ। ਸਿੱਖਾਂ ਦੇ ਦਰਦ ਨੂੰ ਪੇਸ਼ ਕਰਨ ਦਾ ਜੋ ਹੁਨਰ ਉਸ ਨੂੰ ਹਾਸਿਲ ਹੋਇਆ, ਉਸ ਹੁਨਰ ਵਿੱਚ ਓੜਕਾਂ ਦੀ ਮਸੂਮੀਅਤ ਸੀ, ਹੱਦੋਂ ਵੱਧ ਇਮਾਨਦਾਰੀ ਸੀ। ਇਉਂ ਕਹਿ ਲਵੋ ਬੱਚਿਆਂ ਵਰਗੀ ਮਾਸੂਮੀਅਤ ਸੀ, ਖੜਨ ਤੇ ਲੜਨ ਦੇ ਇਰਾਦੇ ਵੀ ਸਨ।

ਸਿੱਖ ਤੇ ਸਿੱਖੀ ਨੂੰ ਜਜ਼ਬਿਆਂ ਦੇ ਰੰਗ ਵਿੱਚ ਪੇਸ਼ ਕਰਨ ਸਮੇਂ ਉਹ ਹੋਰਨਾਂ ਨਾਲੋਂ ਬਿਲਕੁਲ ਵੱਖਰਾ ਸੀ। ਇਉਂ ਕਹਿ ਲਵੋ ਕਿ ਸੁੱਤੇ ਹੋਏ ਸਿੱਖਾਂ ਦੇ ਉਨ੍ਹਾਂ ਘਰਾਂ ਵਿੱਚ ਦਾਖ਼ਲ ਹੋ ਗਿਆ, ਅਛੋਪਲੇ ਹੀ ਉਨ੍ਹਾਂ ਵਿਹੜਿਆਂ ਵਿੱਚ ਜਾ ਉੱਤਰਿਆ ਜਿੱਥੇ ਸਾਡੀਆਂ ਮਾਵਾਂ, ਭੈਣਾਂ ਤੇ ਬਜ਼ੁਰਗਾਂ ਨੂੰ ਇਹ ਮਹਿਸੂਸ ਹੋਣ ਲੱਗਾ ਕਿ ਇਹ ਕੌਣ ਆਪਣਾ ਆ ਗਿਆ ਹੈ ਜੋ ਸਾਡੇ ਦਿਲਾਂ ਵਿੱਚ ਧੱਸਦਾ ਜਾ ਰਿਹਾ ਹੈ। ਹੁਣ ਤਾਂ ਹਾਲਤ ਇਹ ਬਣ ਗਈ ਸੀ ਕਿ ਉਸ ਦੀ ਪਹੁੰਚ ਸੁੱਤਿਆਂ ਅਤੇ ਜਾਗਦਿਆਂ ਦੋਵਾਂ ਘਰਾਂ ਤੱਕ ਹੋ ਗਈ ਸੀ। ਉਹ ਹਰ ਟੱਬਰ ਵਿੱਚ ਕਿਸੇ ਭੈਣ ਦਾ ਵੀਰ, ਕਿਸੇ ਮਾਂ ਦਾ ਪੁੱਤਰ ਅਤੇ ਕਿਸੇ ਦਾ ਭਰਾ ਬਣ ਗਿਆ ਸੀ। ਬਸ, ਇਹੋ ਕਾਰਨ ਸੀ ਕਿ ਉਸ ਦੇ ਵਿਛੋੜੇ ਦੀ ਖ਼ਬਰ ਹੰਝੂਆਂ ਦਾ ਦਰਿਆ ਬਣ ਗਈ ਸੀ। ਪੱਥਰ ਵੀ ਪਿਘਲਦੇ ਜਾ ਰਹੇ ਸਨ।

ਇਕੱਠ ਵਿੱਚ ਬਹੁਤ ਸਾਰੇ ਵੀਰਾਂ ਨਾਲ ਗੱਲ ਕਰਨ ਤੋਂ ਪਿੱਛੋਂ ਇਹ ਪਤਾ ਲਗਾ ਕਿ ਇਹ ਹੰਝੂ ਅਜੇ ਵੀ ਨਹੀਂ ਰੁਕ ਰਹੇ। ਰਾਤਾਂ ਨੂੰ ਬੇਚੈਨ ਕਰ ਦਿੰਦੇ ਹਨ।

ਦੋਸਤੋ! ਨਮ ਅੱਖਾਂ ਨਾਲ ਭਰਿਆ ਵੀਰਵਾਰ ਵਾਲਾ ਸਮੁੰਦਰ ਉਸ ਚਉਮੁਖੀਏ ਦੀਪ ਨੂੰ ਹੀ ਸ਼ਰਧਾਂਜਲੀ ਸੀ। ਇਹੋ ਜਿਹੀ ਸ਼ਰਧਾਂਜਲੀ ਉਦਾਸ ਕੌਮਾਂ ਅੰਦਰ ਕਿਸੇ ਕਿਸੇ ਨੂੰ ਹੀ ਨਸੀਬ ਹੁੰਦੀ ਹੈ।

ਪਰ ਇੱਥੇ ਇੱਕ ਗੁਨਾਹ ਵਰਗੀ ਗ਼ਲਤੀ ਵੀ ਕਬੂਲ ਕਰਨੀ ਸਾਡੇ ਲਈ ਬਹੁਤ ਜ਼ਰੂਰੀ ਹੈ। ਮੰਨ ਜਾਓ, ਕਿ ਆਪਾਂ ਸਾਰੇ ਇੱਕ ਔਖੀ ਘੜੀ ਸਮੇਂ ਉਸ ਦੇ ਨਾਲ ਨਹੀਂ ਸੀ ਖਲੋਤੇ। ਔਖੀ ਘੜੀ 26 ਜਨਵਰੀ ਦੀ ਉਹ ਇਤਿਹਾਸਕ ਘਟਨਾ ਸੀ ਜਦੋਂ ਉਹ ਸ਼ੇਰ ਦੂਲਾ, ਉਨ੍ਹਾਂ ਸਿੰਘਾਂ ਦਾ ਸਿਰਮੌਰ ਹਮਸਫ਼ਰ ਬਣ ਗਿਆ ਜਦੋਂ ਲਾਲ ਕਿਲੇ ਦੀ ਫ਼ਸੀਲ ਤੇ ਖ਼ਾਲਸੇ ਦਾ ਨਿਸ਼ਾਨ ਸਾਹਿਬ ਝੁਲਾਇਆ ਗਿਆ। ਇਹ ਉਹ ਸ਼ਗਨਾਂ ਵਾਲਾ ਦਿਨ ਸੀ ਜਦੋਂ ਉਸ ਨੇ ਇੱਕ ਝਟਕੇ ਨਾਲ ਸਾਡੇ ਮਹਾਨ ਜਰਨੈਲ ਬਘੇਲ ਸਿੰਘ ਦੀ ਯਾਦ ਨੂੰ ਵੀ ਤਾਜ਼ਾ ਕਰਵਾ ਦਿੱਤਾ ਅਤੇ ਅਠਾਰਵੀਂ ਸਦੀ ਦਾ ਇਤਿਹਾਸ ਵੀ ਸਾਡੀਆਂ ਅੱਖਾਂ ਵਿੱਚ ਉਤਾਰ ਦਿੱਤਾ ਸੀ। ਪਰ ਸਾਡੀਆਂ ਅੱਖਾਂ ਉਹ ਨਹੀਂ ਸਨ ਵੇਖ ਸਕੀਆਂ। ਦੋਸਤੋ, ਅਸੀਂ ਹੋਰਨਾਂ ਵਾਂਗ ਉਸ ਬਿਰਤਾਂਤ ਨਾਲ ਹੀ ਜਾ ਖਲੋਤੇ, ਚਾਣਕਿਆ ਨੀਤੀ ਦੀ ਉਸ ਕਹਾਣੀ ਦਾ ਹੀ ਹਿੱਸਾ ਬਣ ਗਏ ਜੋ ਭਾਰਤੀ ਸਟੇਟ, ਮੀਡੀਆ ਅਤੇ ਸਟੇਟ ਦੇ ਅਚੇਤ-ਸੁਚੇਤ ਸਾਥੀਆਂ ਨੇ ਰਲ-ਮਿਲ ਕੇ ਸਿਰਜਿਆ ਸੀ। ਇਉਂ ਸਮਝੋ ਕਿ ਅਸੀਂ ਜਿਵੇਂ 'ਮਿਰਜ਼ੇ' ਦੇ 'ਤੀਰਾਂ' ਨੂੰ ਆਪ ਹੀ ਤੋੜ ਦਿੱਤਾ ਅਤੇ ਉਸ ਨੂੰ ਇਕੱਲਿਆਂ ਹੀ ਲੜਨ ਲਈ ਛੱਡ ਦਿੱਤਾ। ਹਾਂ, ਕੁਝ ਦੋਸਤ ਉਸ ਨਾਲ ਖਲੋਤੇ ਅਤੇ ਅਖ਼ੀਰ ਤੱਕ ਖਲੋਤੇ ਰਹੇ। ਉਹ ਸਾਡੇ ਜਗਦੇ ਇਤਿਹਾਸ ਦਾ ਹਿੱਸਾ ਹਨ।

ਉਸ ਤੋਂ ਪਿੱਛੋਂ ਜੋ ਉਸ ਨੇ ਆਪਣੇ ਹੰਝੂਆਂ ਨੂੰ ਸਾਥੀ ਬਣਾ ਕੇ ਇੱਕ ਵੀਡੀਓ ਜਾਰੀ ਕੀਤੀ ਤਾਂ ਉਦੋਂ ਵੀ ਅਸੀਂ ਖ਼ਾਸ ਮਹਿਸੂਸ ਨਹੀਂ ਸੀ ਕੀਤਾ ਕਿ ਮਿਰਜ਼ਾ 'ਬਾਝ ਭਰਾਵਾਂ' ਇਕੱਲਾ ਰਹਿ ਗਿਆ ਹੈ।

ਆਓ, ਅੱਜ ਮੰਨ ਜਾਈਏ ਕਿ ਸਾਡੀਆਂ ਅੱਖਾਂ ਨਮ ਨਹੀਂ ਸਨ ਹੋਈਆਂ ਜਿਵੇਂ ਵੀਰਵਾਰ ਵਾਲੇ ਦਿਨ ਹੋ ਰਹੀਆਂ ਸਨ। ਸਾਡੇ ਅੰਦਰ ਉਹ ਹਿਲਜੁਲ ਨਹੀਂ ਸੀ ਹੋਈ ਜੋ ਆਪਣਿਆਂ ਲਈ ਹੁੰਦੀ ਹੈ।

ਦੀਪ ਨੇ ਧਰਮ ਦੇ ਬਾਹਰੀ ਸਰੂਪ ਨੂੰ ਇੱਕ ਵੱਡੇ ਕਲਚਰ ਦਾ ਰੰਗ ਦੇ ਦਿੱਤਾ ਜਾਂ ਦੂਜੇ ਲਫ਼ਜ਼ਾਂ ਵਿੱਚ ਉਹ ਮੁਹਾਵਰਿਆਂ, ਬੋਲੀਆਂ ਤੇ ਲੋਕ ਗੀਤਾਂ ਵਾਂਗ ਲੋਕਾਂ ਦੇ ਦਿਲਾਂ ਉੱਤੇ ਰਾਜ ਕਰਨ ਲੱਗਾ। ਇਉਂ ਲੱਗਾ ਜਿਵੇਂ ਉਹ ਸੰਤ ਜਰਨੈਲ ਸਿੰਘ ਦੀ ਰੂਹ ਦੇ ਕਿਸੇ ਅਣਦਿਸਦੇ ਅਤੇ ਅਣਪਛਾਤੇ ਰੰਗਾਂ ਨੂੰ ਪ੍ਰਤੱਖ ਕਰਦਾ ਹੋਇਆ ਖ਼ਾਲਸਾ-ਅਹਿਸਾਸ ਦਾ ਇੱਕ ਨਵਾਂ ਆਲਮ ਸਿਰਜ ਰਿਹਾ ਹੈ। ਪਰ ਨਾਲ ਦੀ ਨਾਲ ਉਹ ਖ਼ੁਦ ਵੀ ਸਿੱਖੀ ਸਰੂਪ ਵਿੱਚ ਆਉਣ ਦੀ ਤਾਂਘ ਕਰਨ ਲੱਗਾ। ਉਸ ਦੇ ਦੋਸਤਾਂ ਮੁਤਾਬਿਕ ਜਦੋਂ ਇੱਕ ਵਾਰ ਕੇਸਗੜ੍ਹ ਸਾਹਿਬ ਵਿਖੇ ਉਹ ਕੀਰਤਨ ਸਰਵਣ ਕਰ ਰਿਹਾ ਸੀ ਤਾਂ ਉਹ ਆਪਣੇ ਨਾਲ ਦੇ ਸਾਥੀਆਂ ਨੂੰ ਕਹਿ ਰਿਹਾ ਸੀ, ਯਾਰ, ਇੱਥੇ ਤਾਂ ਬਹੁਤ ਆਨੰਦ ਆ ਰਿਹਾ ਹੈ। ਉਸ ਨੂੰ ਸ਼ਾਇਦ ਖ਼ੁਦ ਵੀ ਪਤਾ ਨਹੀਂ ਸੀ ਲੱਗ ਰਿਹਾ ਜਾਂ ਉਸ ਨੂੰ ਇਹੋ ਜਿਹੀਆਂ ਕਨਸੋਆਂ ਮਿਲ ਰਹੀਆਂ ਸਨ ਕਿ ਇਹ ਧਰਤੀ ਉਸ ਨੂੰ ਕੋਈ ਸੁਨੇਹਾ ਦੇ ਰਹੀ ਹੈ। ਜਦੋਂ ਸਿਮਰਨਜੀਤ ਸਿੰਘ ਮਾਨ ਦੇ ਇੱਕ ਚੋਣ ਜਲਸੇ ਵਿੱਚ ਉਹ ਕਿਰਪਾਨ ਨੂੰ ਲਹਿਰਾ ਰਿਹਾ ਸੀ ਅਤੇ ਇਹ ਐਲਾਨ ਕਰ ਰਿਹਾ ਸੀ ਕਿ ਇਨਕਲਾਬ ਕਿਰਪਾਨਾਂ ਨਾਲ ਆਉਂਦੇ ਹਨ ਤਾਂ ਉਹ ਇੱਕ ਵੱਖਰੇ ਅੰਦਾਜ਼ ਵਿੱਚ ਅਜ਼ਾਦੀ ਦੀ ਵੀ ਗੱਲ ਕਰ ਰਿਹਾ ਸੀ। ਕੁਝ ਦਿਨ ਪਹਿਲਾਂ ਜਦੋਂ ਮੈਂ ਇੱਕ ਵਿਅਕਤੀ ਦੀ ਇੰਟਰਵਿਊ ਕਰ ਰਿਹਾ ਸੀ ਤਾਂ ਦੀਪ ਦੇ ਅੰਦਾਜ਼-ਏ-ਹੁਨਰ ਬਾਰੇ ਉਸ ਦੀ ਇਹ ਟਿੱਪਣੀ ਮਨੋਵਿਗਿਆਨ ਵਿਸ਼ਲੇਸ਼ਣ ਵਰਗੀ ਲਗਦੀ ਹੈ ਕਿ 'ਦੀਪ ਵੱਧ ਅਧਿਕਾਰਾਂ ਦੀ ਗੱਲ ਸੁਣਾਉਂਦਾ ਸੀ ਜਦਕਿ ਨੌਜਵਾਨ ਖ਼ਾਲਿਸਤਾਨ 'ਸੁਣਦੇ' ਸਨ।'

ਦੋਸਤੋ, ਦੀਪ ਸਿੱਧੂ ਦੀ ਹਸਤੀ ਅਤੇ ਉਸ ਦੀ ਜ਼ਿੰਦਗੀ ਦੇ ਸਫ਼ਰ ਨੂੰ ਬਿਆਨ ਕਰਨ ਲਈ ਬਹੁਤ ਸੰਜੀਦਾ ਹੋਣਾ ਪੈਣਾ ਹੈ। ਬਹੁਤ ਇਮਾਨਦਾਰੀ ਹੋਣੀ ਚਾਹੀਦੀ ਹੈ। ਜੀਵਨ ਦੇ ਵੱਖ-ਵੱਖ ਰੰਗਾਂ ਦੀ ਗੂੜ੍ਹੀ ਅਤੇ ਸਤਰੰਗੀ ਪੀਂਘ ਵਰਗੀ ਪਹਿਚਾਣ ਹੋਣੀ ਚਾਹੀਦੀ ਹੈ। ਡੂੰਘੇ ਅਨੁਭਵਾਂ ਨਾਲ ਦੋਸਤੀ ਕਰਨੀ ਪੈਣੀ ਹੈ। ਵਰਤਮਾਨ ਅਤੇ ਅਤੀਤ ਨੂੰ ਜਿਵੇਂ ਉਸ ਨੇ ਜੋੜ ਦਿੱਤਾ ਸੀ, ਉਸ ਸਾਂਝ ਨੂੰ ਮਹਿਸੂਸ ਕਰਨਾ ਪੈਣਾ ਹੈ। ਜਿਵੇਂ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਦੀਪ ਨੇ ਬਹੁਤ ਕੁਝ ਗੰਭੀਰ ਕਿਹਾ ਹੈ। ਵੱਖ-ਵੱਖ ਵਿਸ਼ਿਆਂ ਬਾਰੇ ਟਿੱਪਣੀਆਂ ਕੀਤੀਆਂ ਹਨ। ਮਿਸਾਲ ਵਜੋਂ ਉਸ ਨੇ ਸਾਨੂੰ ਦੱਸਿਆ ਕਿ ਸਟੇਟ ਕੀ ਹੁੰਦੀ ਹੈ, ਗੁਲਾਮੀ ਕਿਸ ਨੂੰ ਕਹਿੰਦੇ ਹਨ, ਜੀਓ ਪਾਲਿਟਕਸ ਦਾ ਅੱਜ ਕੀ ਰੋਲ ਹੈ? ਸੰਸਾਰ ਕਿੱਧਰ ਨੂੰ ਜਾ ਰਿਹਾ ਹੈ, ਵਿਰੋਧ ਅਤੇ ਵਿਰੋਧੀਆਂ ਨੂੰ ਵੀ ਆਪਣਾ ਕਿਵੇਂ ਸਮਝਣਾ ਹੈ, ਕਿਸਾਨੀ ਨੂੰ, ਫ਼ਸਲਾਂ ਨੂੰ ਹੋਂਦ ਨਾਲ ਜੋੜ ਕੇ ਕਿਵੇਂ ਵੇਖਣਾ ਹੈ, ਮਨੁੱਖੀ ਅਧਿਕਾਰਾਂ ਦਾ ਕਿਵੇਂ ਸਤਿਕਾਰ ਕਰਨਾ ਹੈ, ਜੁਝਾਰੂ ਲਹਿਰ ਅਤੇ ਸੰਤ ਜਰਨੈਲ ਸਿੰਘ ਦੀ ਮਹੱਤਤਾ ਅਤੇ ਮਹਾਨਤਾ ਨੂੰ ਸਿੱਖ ਅਹਿਸਾਸ ਵਿੱਚ ਕਿਵੇਂ ਵਸਾਉਣਾ ਹੈ ਅਤੇ ਹੋਰ ਕਈ ਵੱਡੀਆਂ ਗੱਲਾਂ ਕੀਤੀਆਂ ਜੋ ਇੱਕ ਤਰਾਂ ਨਾਲ ਦਸਤਾਵੇਜ਼ਾਂ ਦੀ ਸ਼ਕਲ ਵਿੱਚ ਮੌਜੂਦ ਹਨ।

ਅਸੀਂ ਦੀਪ ਦੀ ਕਿਸੇ ਇੱਕ ਟਿੱਪਣੀ ਨੂੰ ਆਧਾਰ ਬਣਾ ਕੇ ਉਸ ਦੀ ਸ਼ਖ਼ਸੀਅਤ ਦਾ ਮੁਲਾਂਕਣ ਕਰਾਂਗੇ ਤਾਂ ਅਸੀਂ ਉਸ ਨਾਲ ਤਾਂ ਅਨਿਆਂ ਕਰ ਹੀ ਰਹੇ ਹੋਵਾਂਗੇ ਸਗੋਂ ਆਪਣੇ ਛੋਟੇਪਣ ਅਤੇ ਨਿੱਕੀ ਸੋਚ ਦੀ ਵੀ ਨੁਮਾਇਸ਼ ਦਾ ਹਿੱਸਾ ਬਣ ਰਹੇ ਹੋਵਾਂਗੇ। ਅਸੀਂ ਦੀਪ ਨੂੰ ਇੱਕ ਵਸਤੂ ਬਣਾ ਕੇ ਇਸਤੇਮਾਲ ਨਹੀਂ ਕਰ ਸਕਦੇ ਅਤੇ ਨਾ ਹੀ ਉਹ ਇਸਤੇਮਾਲ ਹੁੰਦਾ ਸੀ। ਉਹ ਸਭ ਦੀ ਸੁਣਦਾ ਸੀ ਅਤੇ ਉਸ ਵਿੱਚੋਂ ਹੀਰੇ ਮੋਤੀ ਚੁਣ ਕੇ ਸੰਗਤਾਂ ਵਿੱਚ ਪੇਸ਼ ਕਰ ਦਿੰਦਾ ਸੀ ਯਾਨੀ ਖੰਡ ਵਿੱਚੋਂ ਰੇਤ ਦੇ ਕਿਣਕੇ ਅਲੱਗ ਕਰ ਦਿੰਦਾ ਸੀ।

ਦੀਪ ਵੰਨ ਸੁਵੰਨੇ ਫੁੱਲਾਂ ਦਾ ਗੁਲਦਸਤਾ ਸੀ ਅਤੇ ਉਸ ਨੂੰ 'ਸਮੁੱਚ' ਅਰਥਾਤ Totality ਵਿੱਚ ਰੱਖ ਕੇ ਹੀ ਸਮਝਿਆ ਅਤੇ ਮਹਿਸੂਸ ਕੀਤਾ ਜਾ ਸਕਦਾ ਹੈ। ਉਹ ਇੱਕ ਉਸ ਬਾਗ਼ ਦੀ ਤਰਾਂ ਸੀ ਜਿਸ ਵਿੱਚ ਸਾਰੇ ਫੁੱਲ ਇੱਕੋ ਸਮੇਂ ਖਿੜ ਗਏ ਸਨ ਅਤੇ ਜੇ ਵੇਖ ਸਕਣ ਵਾਲੀ ਅੱਖ ਹੋਵੇ ਤਾਂ ਵੀਰਵਾਰ ਵਾਲੇ ਦਿਨ ਆਈ ਜਵਾਨੀ ਦੀਆਂ ਅੱਖਾਂ ਵਿੱਚ ਇਹ ਬੁਝਾਰਤ ਸਹਿਜੇ ਹੀ ਸਮਝੀ ਜਾ ਸਕਦੀ ਹੈ।

ਇੱਕ ਹੋਰ ਗੱਲ ਧਿਆਨ ਧਰ ਕੇ ਵੇਖੋ ਕਿ ਅਰਦਾਸ ਕਰਨ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਹੁਕਮਨਾਮਾ ਵੀ ਜਿਵੇਂ ਦੀਪ ਉੱਤੇ ਬਖ਼ਸ਼ਿਸ਼ ਦੀ ਬਾਰਿਸ਼ ਕਰ ਰਿਹਾ ਹੈ ਕਿ ਜਿਸ ਨੂੰ ਅਕਾਲ ਪੁਰਖ ਦਾ ਰੰਗ ਲੱਗ ਜਾਵੇ ਉਸ ਨੂੰ ਹੀ ਸੂਰਮਾ ਕਿਹਾ ਜਾਂਦਾ ਹੈ। ਇਹ ਹੁਕਮਨਾਮਾ 679 ਅੰਗ 'ਤੇ ਦਰਜ ਹੈ ਅਤੇ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਨੇ ਧਨਾਸਰੀ ਰਾਗ ਵਿੱਚ ਸਿਰਜਿਆ ਹੈ।

ਵੀਰਵਾਰ ਵਾਲੇ ਇਕੱਠ ਨੂੰ ਵੇਖਣ-ਸੁਣਨ ਵਾਲੇ ਸਿੱਖ ਇਤਿਹਾਸ ਦੇ ਚਸ਼ਮਦੀਦ ਗਵਾਹ ਬਣ ਗਏ ਹਨ ਅਤੇ ਇਸ ਦੀਆਂ ਕਥਾ ਕਹਾਣੀਆਂ ਦੇਰ ਤੱਕ ਸਾਡੀਆਂ ਯਾਦਾਂ ਨੂੰ ਅੰਮ੍ਰਿਤ ਵੇਲੇ ਦੀ ਸੱਜਰੀ ਸਵੇਰ ਵਾਂਗ ਤਾਜ਼ਾ ਕਰਦੀਆਂ ਰਹਿਣਗੀਆਂ।

**Homeopathicvibes**
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

# ਪੰਜਾਬ ਵਿੱਚ ਨਸ਼ਾ ਬੁਰੀ ਤਰਾਂ ਪਸਰਿਆ

## ✪ ਲੁਧਿਆਣਾ ਵਿਖੇ ਫ਼ੋਨ ’ਤੇ ਆਰਡਰ, ਘਰ ਤੱਕ ਡਲਿਵਰੀ, 300 ਤੋਂ 1000 ਰੁਪਏ ਵਿੱਚ ਮਿਲ ਰਹੀ ਚਿੱਟੇ ਦੀ ਪੁੜੀ ✪ ਸਰਕਾਰੀ ਸਿਰਿੰਜ ਨਾਲ਼ ਪੰਜਾਬ ਦੇ 10,000 ਨੌਜਵਾਨਾਂ ਦੀਆਂ ਨਸਾਂ ਵਿੱਚ ਘੁਲ ਰਿਹਾ ਨਸ਼ਾ, ਡਾਂਸ ਪਾਰਟੀਆਂ ਤੱਕ ਤਸਕਰਾਂ ਦਾ ਨੈੱਟਵਰਕ ✪ ਪੰਚਾਇਤਾਂ ਵਲੋਂ ਸਖ਼ਤ ਸਟੈਂਡ, ਨਸ਼ੇ ਦੀ ਵਿਕਰੀ ਨੂੰ ਲੈ ਕੇ ਪਿੰਡ ਕਾਲਝਰਾਣੀ ਤੇ ਨਥਾਣਾ ਥਾਣਾ ਅੱਗੇ ਅਣਮਿਥੇ ਸਮੇਂ ਲਈ ਧਰਨਾ

**ਸਭ ਤੋਂ ਵੱਧ ਜ਼ਰੂਰਤ ਚਿੱਟੇ ਅਤੇ ਹੋਰ ਖ਼ਤਰਨਾਕ ਨਸ਼ਿਆਂ ਦੀ ਚੇਨ ਤੋੜਨ ਦੇ ਮਾਮਲੇ ਬਾਰੇ ਠੋਸ ਰਣਨੀਤੀ ਬਣਾਉਣ ਦੀ ਹੈ। ਇਸ ਲਈ ਸਿਆਸਤਦਾਨਾਂ, ਪੁਲਿਸ ਅਤੇ ਤਸਕਰਾਂ ਦੇ ਗੱਠਜੋੜ ਨੂੰ ਤੋੜਨ, ਨਸ਼ਾ ਛੁਡਾਊ ਕੇਂਦਰਾਂ ਦੇ ਪ੍ਰਬੰਧ ਨੂੰ ਜਵਾਬਦੇਹ ਅਤੇ ਪਾਰਦਰਸ਼ੀ ਬਣਾਉਣ ਅਤੇ ਨਸ਼ਾ ਛੱਡਣ ਵਾਲਿਆਂ ਦੇ ਮੁੜ ਵਸੇਬੇ ਦਾ ਬੰਦੋਬਸਤ ਕਰਨ ਦੇ ਪੱਖਾਂ ਨੂੰ ਸ਼ਾਮਿਲ ਕਰਨਾ ਜ਼ਰੂਰੀ ਹੈ। ਇਸ ਵਾਸਤੇ ਸਰਕਾਰ, ਗ਼ੈਰ-ਸਰਕਾਰੀ ਜਥੇਬੰਦੀਆਂ ਤੇ ਖ਼ਾਸ ਤੌਰ ਉੱਤੇ ਪੰਚਾਇਤਾਂ ਅਤੇ ਨਗਰਪਾਲਿਕਾਵਾਂ ਵਰਗੀਆਂ ਸਥਾਨਕ ਸੰਸਥਾਵਾਂ ਦੀ ਸਰਗਰਮ ਸ਼ਮੂਲੀਅਤ ਜ਼ਰੂਰੀ ਹੈ।**

ਪ੍ਰਗਟ ਸਿੰਘ ਜੰਡਿਆਲਾ ਗੁਰੂ

ਲੁਧਿਆਣਾ ਵਿੱਚ 24 ਥਾਵਾਂ ਤਾਂ ਅਜਿਹੀਆਂ ਹਨ ਜਿੱਥੇ ਨਸ਼ੇੜੀ ਰੋਜ਼ਾਨਾ ਨਸ਼ਾ ਕਰਦੇ ਹਨ ਅਤੇ ਇਨਾਂ ਨੂੰ ਸੰਸਥਾ ਵੱਲੋਂ ਹੱਟ-ਸਪਾਟ ਦਾ ਨਾਂ ਦਿੱਤਾ ਗਿਆ ਹੈ। ਸ਼ਹਿਰ ਵਿੱਚ ਸਲੇਮ ਟਾਬਰੀ, ਪੀਰੂਬੰਦਾ, ਦਾਣਾਮੰਡੀ, ਟਿੱਬਾ ਰੋਡ, ਜਲੰਧਰ ਬਾਈਪਾਸ, ਭੱਟੀਆਂ, ਗਿੱਲ ਪਿੰਡ, ਧਾਂਦਰਾ ਰੋਡ, ਘੋੜਾ ਕਾਲੋਨੀ, ਮੁੰਡੀਆਂ ਸਮੇਤ ਹੋਰ ਇਲਾਕੇ ਸ਼ਾਮਿਲ ਹਨ। ਫਿਰ ਉਹ ਲੋਕਲ ਪੁਲਿਸ ਹੋਵੇ ਜਾਂ ਐੱਸ.ਟੀ.ਐੱਫ., ਸਾਰੇ ਵੱਡੇ ਤਸਕਰਾਂ ਨੂੰ ਫੜਨ ਵਿੱਚ ਲੱਗੇ ਹਨ ਪਰ ਛੋਟੇ ਪੱਧਰ ’ਤੇ ਰੋਜ਼ ਪੰਜਾਬ ਵਿੱਚ ਕਰੋੜਾਂ ਦੀ ਹੈਰੋਇਨ ਦੀ ਸਪਲਾਈ ਹੋ ਰਹੀ ਹੈ। ਨਸ਼ਾ ਤਸਕਰਾਂ ਦੇ ਹੌਸਲੇ ਇੰਨੇ ਵਧ ਗਏ ਹਨ ਕਿ ਪੈਸੇ ਲੈ ਕੇ ਨਸ਼ਾ ਤੈਅ ਜਗਾ ਤੱਕ ਪਹੁੰਚਾਉਣ ਦੀ ਗੱਲ ਕਹੀ ਜਾ ਰਹੀ ਹੈ। ਬਕਾਇਦਾ ਡਲਿਵਰੀ ਬੁਆਏ ਰੱਖੇ ਗਏ ਹਨ ਤੇ ਉਹ ਪੈਸੇ ਲੈ ਕੇ ਨਸ਼ੇ ਦੀ ਡਲਿਵਰੀ ਦਿੰਦੇ ਹਨ।

ਪੁਲਿਸ ਦੀ ਗਸ਼ਤ ਤੇ ਕਾਰਵਾਈ ਨਾਕਾਫ਼ੀ ਹੈ, ਇਹੀ ਕਾਰਨ ਹੈ ਕਿ ਨਸ਼ਾ ਤਸਕਰਾਂ ਦੇ ਹੌਂਸਲੇ ਬੁਲੰਦ ਹੋ ਗਏ ਹਨ। ਪੁਲਿਸ ’ਤੇ ਇਹ ਵੀ ਦੋਸ਼ ਹਨ ਕਿ ਪੁਲਿਸ ਨਸ਼ਾ ਤਸਕਰਾਂ ਕੋਲੋਂ ਪੈਸੇ ਲੈ ਕੇ ਛੱਡ ਦਿੰਦੀ ਹੈ ਜਾਂ ਜੇਕਰ ਮਾਮਲਾ ਦਰਜ ਵੀ ਹੁੰਦਾ ਹੈ ਤਾਂ ਤਸਕਰ ਕੁਝ ਮਹੀਨੇ ਬਾਅਦ ਹੀ ਜ਼ਮਾਨਤ ਲੈ ਕੇ ਬਾਹਰ ਆ ਜਾਂਦੇ ਹਨ ਤੇ ਮੁੜ ਨਸ਼ਾ ਵੇਚਣ ਲੱਗ ਜਾਂਦੇ ਹਨ।

### ਨਸ਼ਾ, ਡਾਂਸ ਪਾਰਟੀਆਂ ਤੱਕ ਤਸਕਰਾਂ ਦਾ ਨੈੱਟਵਰਕ

ਸੂਬੇ ਵਿੱਚ ਭਾਵੇਂ ਹੀ ਸਰਕਾਰ ਨਸ਼ੇ ਦੀ ਚੇਨ ਨਹੀਂ ਤੋੜ ਸਕੀ ਹੋਵੇ ਪਰ ਪੰਜਾਬ ਵਿੱਚ 31 ਟਾਰਗੇਟ ਇੰਟਰਵੈਂਸ਼ਨ ਪ੍ਰਾਜੈਕਟ ਫ਼ਾਰ ਇੰਜੈਕਟੇਬਲ ਡਰੱਗਜ਼ ਯੂਜ਼ਰ ਸੈਂਟਰਾਂ ’ਤੇ ਨਸ਼ਾ ਕਰਨ ਲਈ ਮੁਫ਼ਤ ਸਿਰਿੰਜ ਮੁਹੱਈਆ ਹੁੰਦੀ ਹੈ। ਇਕੱਲੇ ਲੁਧਿਆਣਾ ਜ਼ਿਲ੍ਹੇ ਵਿੱਚ 3 ਸੈਂਟਰ ਹਨ, ਜਿੱਥੇ ਰੋਜ਼ਾਨਾ 300 ਦੇ ਲਗਭਗ ਨੌਜਵਾਨ ਸਿਰਿੰਜ ਲੈ ਕੇ ਚਿੱਟਾ ਲੈਂਦੇ ਹਨ, ਇਨਾਂ ਵਿੱਚ ਔਰਤਾਂ ਅਤੇ ਲੜਕੀਆਂ ਵੀ ਸ਼ਾਮਿਲ ਹਨ, ਵੈਸੇ ਗਿਣਤੀ ਪੰਜ ਗੁਣਾ ਹੈ। ਅੰਕੜਿਆਂ ਦੀ ਗੱਲ ਕਰੀਏ ਤਾਂ ਇਨਾਂ ਸੈਂਟਰਾਂ ’ਤੇ 10 ਹਜ਼ਾਰ ਤੋਂ ਵੀ ਵੱਧ ਨੌਜਵਾਨ ਰਜਿਸਟਰਡ ਹਨ, ਜਿਨਾਂ ਦਾ ਜਾਂ ਤਾਂ ਇਲਾਜ ਚੱਲ ਰਿਹਾ ਹੈ ਜਾਂ ਨਸ਼ਾ ਛੱਡਣ ਲਈ ਸਰਕਾਰ ਵੱਲੋਂ ਦਿੱਤੀ ਜਾਂਦੀ ਦਵਾਈ ਲੈਂਦੇ ਹਨ। ਇਨਾਂ ਸੈਂਟਰਾਂ ’ਤੇ ਇਕੱਲੇ ਨਸ਼ੇ ਲਈ ਸਿਰਿੰਜ ਹੀ ਨਹੀਂ ਦਿੱਤੀ ਜਾਂਦੀ, ਬਲਕਿ ਅਜਿਹੇ ਸਥਾਨਾਂ ਦੀ ਵੀ ਚੋਣ ਕੀਤੀ ਗਈ ਹੈ ਜਿੱਥੇ ਨਸ਼ੇੜੀ ਨਸ਼ਾ ਕਰਦੇ ਹਨ ਅਤੇ ਉੱਥੇ ਜਾ ਕੇ ਸੰਸਥਾ ਦੇ ਨੌਜਵਾਨ ਉਨਾਂ ਨੂੰ ਨਸ਼ਾ ਨਾ ਕਰਨ ਤੇ ਇਲਾਜ ਕਰਵਾਉਣ ਲਈ ਪ੍ਰੇਰਿਤ ਕਰਦੇ ਹਨ। ਸਾਫ਼ ਹੈ ਕਿ ਸ਼ਹਿਰ ਵਿੱਚ ਅਜਿਹੇ ਅੱਡੇ ਵੀ ਹਨ ਜਿੱਥੇ ਨੌਜਵਾਨ ਨਸ਼ਾ ਕਰਦੇ ਹਨ ਪਰ ਪੁਲਿਸ ਉੱਥੇ ਜਾ ਕੇ ਉਕਤ ਨਸ਼ੇ ਨੌਜਵਾਨਾਂ ਜ਼ਰੀਏ ਤਸਕਰਾਂ ਤੱਕ ਨਹੀਂ ਪਹੁੰਚ ਰਹੀ।

### ‘ਨੈਕੋ’ ਵੱਲੋਂ ਕੀਤੀ ਜਾਂਦੀ ਹੈ ਫ਼ੰਡਿੰਗ

ਸੰਸਥਾਵਾਂ ਦੇ ਸਹਿਯੋਗ ਨਾਲ਼ ਚੱਲ ਰਹੇ ਸੈਂਟਰ ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜ਼ੇਸ਼ਨ (ਨੈਕੋ) ਅਧੀਨ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਵੱਲੋਂ ਵੱਖ-ਵੱਖ ਜ਼ਿਲਿਆਂ ਵਿੱਚ ਐੱਨ.ਜੀ.ਓ.’ਜ਼ ਅਤੇ ਹਸਪਤਾਲਾਂ ਨਾਲ਼ ਮਿਲ ਕੇ ਨਸ਼ੇੜੀਆਂ ਨੂੰ ਮੁਫ਼ਤ ਸਿਰਿੰਜ ਮੁਹੱਈਆ ਕਰਵਾਉਣ ਦੇ ਪ੍ਰਾਜੈਕਟ ਚਲਾਏ ਜਾ ਰਹੇ ਹਨ ਜਿਨਾਂ ਦੀ ਪੂਰੇ ਪੰਜਾਬ ਵਿੱਚ ਗਿਣਤੀ 38 ਹੈ, ਇਨਾਂ ਦਾ ਮਕਸਦ ਇੱਕ ਨਸ਼ੇੜੀ ਤੋਂ ਦੂਸਰੇ ਨਸ਼ੇੜੀ ਨੂੰ ਹੋਣ ਵਾਲੀ ਏਡਜ਼, ਕਾਲਾ ਪੀਲੀਆ ਅਤੇ ਦੂਸਰੀਆਂ ਛੂਤ ਦੀਆਂ ਬੀਮਾਰੀਆਂ ਤੋਂ ਬਚਾਉਣਾ ਹੈ। ਅਜਿਹਾ ਹੀ ਇੱਕ ਸੈਂਟਰ ਲੁਧਿਆਣਾ ਦੇ ਸਲੇਮ ਟਾਬਰੀ ਏਰੀਆ ਵਿੱਚ ਡਾ. ਕੋਟਨਿਸ ਐਕਉਪੈਂਚਰ ਚੈਰੀਟੇਬਲ ਹਾਸਪਿਟਲ ਐਂਡ ਮੈਡੀਕਲ ਕਾਲਜ (ਸੂਈਆਂ ਵਾਲਾ ਹਸਪਤਾਲ) ਵਿੱਚ ਡਾ. ਆਈ.ਐੱਸ. ਢੀਂਗਰਾ ਦੀ ਅਗਵਾਈ ਵਿੱਚ ਚਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਚੰਡੀਗੜ ਰੋਡ ’ਤੇ ਅਤੇ ਖੰਨਾ ਵਿੱਚ ਦੋ ਵੱਖ-ਵੱਖ ਸੈਂਟਰ ਹਨ।



ਇਨਾਂ ਸੈਂਟਰਾਂ ਵਿੱਚ ਨੌਜਵਾਨ ਸਵੇਰੇ ਹੀ ਸਿਰਿੰਜ ਲੈਣ ਪਹੁੰਚ ਜਾਂਦੇ ਹਨ ਜਿੱਥੇ ਕੁਝ ਨੌਜਵਾਨਾਂ ਨਾਲ਼ ਗੱਲਬਾਤ ਤੋਂ ਬਾਅਦ ਪਤਾ ਲੱਗਾ ਹੈ ਕਿ ਨਸ਼ਾ ਸ਼ਹਿਰ ਦੇ ਹਰ ਆਊਟਰ ਏਰੀਆ ਵਿੱਚ ਪੱਛੜੀਆਂ ਬਸਤੀਆਂ ਵਿੱਚ ਬਿਨਾਂ ਕਿਸੇ ਡਰ-ਭੈਅ ਦੇ ਵਿਕਦਾ ਹੈ। ਇੱਥੇ ਆਉਣ ਵਾਲੀ ਇੱਕ ਔਰਤ ਨੇ ਦੱਸਿਆ ਕਿ ਸ਼ਹਿਰ ਵਿੱਚ ਸੈਕਸ ਵਰਕਰ ਅਤੇ ਸ਼ਾਦੀਆਂ ਵਿੱਚ ਡਾਂਸ ਕਰਨ ਵਾਲੀਆਂ ਡਾਂਸਰਾਂ ਨਸ਼ੇ ਦੀ ਵਰਤੋਂ ਕਰਦੀਆਂ ਹਨ। ਉਨਾਂ ਨੂੰ ਇਹ ਨਸ਼ਾ ਉਨਾਂ ਦੇ ਅੱਡੇ ਤੱਕ ਪਹੁੰਚਾਉਣ ਦਾ ਜ਼ਿੰਮਾ ਦਲਾਲ਼ਾਂ ਦਾ ਹੁੰਦਾ ਹੈ।

ਨਸ਼ੇ ਲਈ 24 ਥਾਵਾਂ ’ਤੇ ਇਨਾਂ ਸੈਂਟਰਾਂ ਵਿੱਚ ਆਉਣ ਵਾਲੇ 95 ਫ਼ੀਸਦੀ ਨਸ਼ੇੜੀ ਅਜਿਹੇ ਹਨ ਜੋ ਦਿਨ ਵੇਲੇ ਤਿੰਨ ਵਾਰ ਨਸ਼ੇ ਦੀ ਡੋਜ਼ ਲੈਂਦੇ ਹਨ ਜਦਕਿ ਕੁਝ ਅਜਿਹੇ ਵੀ ਹਨ ਜੋ ਇਨਾਂ ਤੋਂ ਵੱਧ ਡੋਜ਼ ਵੀ ਲੈਂਦੇ ਹਨ। ਇੱਕ ਵਾਰ ਵਿੱਚ ਉਹ ਤਿੰਨ ਗ੍ਰਾਮ ਚਿੱਟੇ ਦਾ ਸੇਵਨ ਕਰਦੇ ਹਨ ਜੋ ਕਿ ਦਿਨ ਦਾ 9 ਗ੍ਰਾਮ ਬਣਦਾ ਹੈ। ਜੇ ਸਿਰਫ਼ ਇਨਾਂ ਰਜਿਸਟਰਡ ਨਸ਼ੇੜੀਆਂ ਦੀ ਗੱਲ ਕਰੀਏ ਤਾਂ ਹਰ ਮਹੀਨੇ 40 ਕਿੱਲੋ ਤੋਂ ਵੱਧ ਚਿੱਟੇ ਦਾ ਸੇਵਨ ਪੰਜਾਬ ਵਿੱਚ ਸਿਰਫ਼ ਇਹੀ ਕਰ ਰਹੇ ਹਨ, ਮਤਲਬ ਹਰ ਰੋਜ਼ ਸਵਾ ਕਿੱਲੋ ਦੇ ਲਗਭਗ ਹੈਰੋਇਨ ਵਿਕ ਰਹੀ ਹੈ।

ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਦੇ ਡਾਇਰੈਕਟਰ ਡਾ. ਬੌਬੀ ਗੁਲਾਟੀ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਉਨਾਂ ਦੇ ਸਾਰੇ ਸੈਂਟਰਾਂ ’ਤੇ ਨਸ਼ਾ ਕਰਨ ਵਾਲਿਆਂ ਲਈ ਸਿਰਿੰਜ ਮੁਹੱਈਆ ਕਰਵਾਉਣ ਦਾ ਪ੍ਰਾਜੈਕਟ ਚਲਾਇਆ ਜਾਂਦਾ ਹੈ। ਇਹ ਨਸ਼ੇੜੀਆਂ ਨੂੰ ਸਾਡੇ ਸੈਂਟਰਾਂ ਤੱਕ ਬੁਲਾਉਣ ਦਾ ਬਹਾਨਾ ਹੈ ਤਾਂ ਕਿ ਉਨਾਂ ਨੂੰ ਨਸ਼ਾ ਛੁਡਵਾਉਣ ਲਈ ਕੌਂਸਲਿੰਗ ਕੀਤੀ ਜਾ ਸਕੇ। ਸਾਡੀ ਸੁਸਾਇਟੀ ਵਿੱਚ ਸੈਂਕੜੇ ਲੋਕਾਂ ਨੇ ਨਸ਼ੇ ਨੂੰ ਛੱਡਿਆ ਅਤੇ ਬਹੁਤ ਸਾਰੇ ਲੋਕਾਂ ਵਿੱਚ ਨਸ਼ੇ ਦੀ ਡੋਜ਼ ਨੂੰ ਘੱਟ ਕੀਤਾ ਹੈ। ਸਾਡਾ ਪ੍ਰਾਜੈਕਟ ਲਗਾਤਾਰ ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਕੰਮ ਕਰ ਰਿਹਾ ਹੈ।

ਡਾ. ਕੋਟਨਿਸ ਐਕਉਪੈਂਚਰ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਆਈ. ਐੱਸ. ਢੀਂਗਰਾ ਨੇ ਦੱਸਿਆ ਕਿ ਉਨਾਂ ਦੇ ਹਸਪਤਾਲ ਵਿੱਚ ਹੋਣ ਵਾਲੇ ਸਮਾਗਮ ਵਿੱਚ 70 ਤੋਂ 100 ਦੇ ਲਗਭਗ ਨਸ਼ੇੜੀ ਸ਼ਾਮਿਲ ਹਨ ਜਿਨਾਂ ਵਿੱਚ ਕਈ ਚੰਗੇ ਘਰਾਂ ਦੇ ਵੀ ਹਨ। ਉਹ ਨਸ਼ੇ ਲਈ ਸਿਰਿੰਜ ਲੈਣ ਲਈ ਆਉਂਦੇ ਹਨ। ਅਸੀਂ ਇਸ ’ਤੇ ਜ਼ਮੀਨੀ ਪੱਧਰ ’ਤੇ ਕੰਮ ਕੀਤਾ ਅਤੇ ਨਸ਼ਾ ਸਪਲਾਈ ਕਰਨ ਵਾਲਿਆਂ ਦੇ ਪਤੇ ਅਤੇ ਲੋਕੇਸ਼ਨ ਤੱਕ ਲੱਭੀ ਹੈ। ਸਾਡੇ ਇਲਾਕੇ ਵਿੱਚ ਵੀ ਨਸ਼ਾ ਵਿਕਦਾ ਹੈ ਜਿਸ ਬਾਰੇ ਉਨਾਂ ਨੂੰ ਸਿਰਿੰਜ ਲੈਣ ਲਈ ਆਉਣ ਵਾਲੇ ਲੋਕ ਦੱਸਦੇ ਹਨ।

### ਪਿੰਡਾਂ ਵਿੱਚ ਨਸ਼ਿਆਂ ਬਾਰੇ ਮੁਹਿੰਮ

ਪਿਛਲੇ 2 ਦਹਾਕਿਆਂ ਤੋਂ ਪੰਜਾਬ ਅੰਦਰ ਸਮਾਜਿਕ ਅਤੇ ਸਿਆਸੀ ਤੌਰ ’ਤੇ ਨਸ਼ਿਆਂ ਦੇ ਫੈਲਾਅ ਦੀ ਸਮੱਸਿਆ ਵੱਡੇ ਮੁੱਦੇ ਵਜੋਂ ਉੱਭਰ ਕੇ ਸਾਹਮਣੇ ਆ ਰਹੀ ਹੈ। ਬਹੁਤ ਸਾਰੀਆਂ ਪੰਚਾਇਤਾਂ ਨੇ ਸਮੇਂ-ਸਮੇਂ ਆਪਣੇ ਪਿੰਡਾਂ ਵਿੱਚੋਂ ਨਸ਼ੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਸਰਕਾਰ, ਪੁਲਿਸ ਅਤੇ ਮਾਫ਼ੀਆ ਦੀ ਮਿਲੀਭੁਗਤ ਕਰ ਕੇ ਇਹ ਉੱਦਮ ਸਫ਼ਲ ਨਹੀਂ ਹੋਏ। ਬਠਿੰਡਾ ਜ਼ਿਲ੍ਹੇ ਦੇ ਪਿੰਡ ਕਾਲਝਰਾਣੀ ਦੀ ਪੰਚਾਇਤ ਨੇ ਪਿੰਡ ਵਿੱਚ ਚਿੱਟਾ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਸਟੈਂਡ ਲੈਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ਼ ਹੀ ਪਿੰਡ ਨਸ਼ੇ ਦੇ ਆਦੀ ਹੋ ਚੁੱਕੇ ਵਿਅਕਤੀਆਂ ਦੇ ਇਲਾਜ ਦਾ ਖ਼ਰਚ ਪੰਚਾਇਤ ਵੱਲੋਂ ਉਠਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਪਿੰਡ ਦੇ ਲੋਕਾਂ ਦਾ ਗਿਲਾ ਹੈ ਕਿ ਨਸ਼ਾ ਵੇਚਣ ਵਾਲਿਆਂ ਦੀ ਕਥਿਤ ਪਛਾਣ ਹੋਣ ਦੇ ਬਾਵਜੂਦ ਪੁਲਿਸ ਕਾਰਵਾਈ ਕਰਨ ਤੋਂ ਟਾਲਾ ਵੱਟਦੀ ਰਹੀ ਹੈ। ਚਿੱਟਾ ਪੁਲਿਸ ਅਤੇ ਨਸ਼ੇ ਦੇ ਵਪਾਰੀਆਂ ਦੀ ਕਥਿਤ ਮਿਲੀਭੁਗਤ ਨਾਲ਼ ਵਿਕਦਾ ਹੈ। ਪੰਚਾਇਤ ਨੇ ਨਸ਼ੇ ਖ਼ਿਲਾਫ਼ ਮੁਹਿੰਮ ਜਾਰੀ ਰੱਖਣ ਦਾ ਅਹਿਦ ਕੀਤਾ ਹੈ।

### ਨਸ਼ੇ ਦੀ ਵਿਕਰੀ ਨੂੰ ਲੈ ਕੇ ਨਥਾਣਾ ਥਾਣਾ ਅੱਗੇ ਅਣਮਿੱਥੇ ਸਮੇਂ ਲਈ ਧਰਨਾ

ਨਥਾਣਾ ਇਲਾਕੇ ਵਿੱਚ ਨਸ਼ੇ ਦੀ ਵਿਕਰੀ ਦਾ ਪਸਾਰ ਦਿਨ-ਬ-ਦਿਨ ਵਧਣ ਕਰਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਪ੍ਰਧਾਨ ਹੁਸ਼ਿਆਰ ਸਿੰਘ ਅਤੇ ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਜਸਵੰਤ ਸਿੰਘ ਦੀ ਅਗਵਾਈ ਵਿੱਚ ਲੋਕਾਂ ਨੇ ਨਥਾਣਾ ਥਾਣਾ ਅੱਗੇ ਧਰਨਾ ਲਗਾ ਦਿੱਤਾ ਹੈ। ਇਸ ਧਰਨੇ ਨੂੰ ਸੰਬੋਧਨ ਕਰਦਿਆ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਇਲਾਕੇ ਅੰਦਰ ਨਸ਼ੇ ਸ਼ਰੇਆਮ ਵਿਕ ਰਹੇ ਹਨ। ਦਿਨੋ-ਦਿਨ ਨੌਜਵਾਨ ਨਸ਼ੇ ਦੀ ਲਪੇਟ ਵਿੱਚ ਆ ਕੇ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ ਪਰ ਇਲਾਕੇ ਦੀ ਪੁਲਿਸ ਮੂਕ ਦਰਸ਼ਕ ਬਣਕੇ ਇਹ ਸਭ ਕੁਝ ਵੇਖ ਰਹੀ ਹੈ। ਉਨਾਂ ਅੱਗੇ ਕਿਹਾ ਕਿ ਪਿੰਡ ਪੂਹਲਾ ਦੇ ਲੋਕਾਂ ਨੇ 31 ਜਨਵਰੀ 2022 ਨੂੰ ਨਸ਼ਾ ਵੇਚਣ ਵਾਲਿਆਂ ਦੀ ਸੂਚੀ ਪੁਲਿਸ ਨੂੰ ਸੌਂਪੀ ਸੀ ਪਰ ਪੁਲਿਸ ਨੇ ਅਜੇ ਤੱਕ ਕਿਸੇ ਵੀ ਨਸ਼ਾ ਵੇਚਣ ਵਾਲੇ ਨੂੰ ਫੜਿਆ ਨਹੀਂ।

ਇਸ ਮੌਕੇ ਬਲਾਕ ਦੇ ਜਰਨਲ ਸਕੱਤਰ ਬਲਜੀਤ ਸਿੰਘ ਤੇ ਮੀਤ ਪ੍ਰਧਾਨ ਲਖਵੀਰ ਸਿੰਘ ਨੇ ਕਿਹਾ ਕਿ ਇਲਾਕੇ ਵਿੱਚ ਚਿੱਟੇ ਵਰਗੇ ਸਿੰਥੈਟਿਕ ਨਸ਼ੇ ਬੇਝਿਜਕ ਵਿਕ ਰਹੇ ਹਨ ਤੇ ਨੌਜਵਾਨ ਨਸ਼ੇੜੀ ਬਣਕੇ ਲੁੱਟਾਂ ਖੋਹਾਂ ਅਤੇ ਚੋਰੀਆਂ ਆਦਿ ਕਰ ਰਹੇ ਹਨ ਪਰ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ ’ਤੇ ਵੀ ਕੋਈ ਸਖ਼ਤੀ ਨਹੀਂ ਹੋਈ, ਜਿਸ ਕਰਕੇ ਹੁਣ ਕਿਸਾਨ ਯੂਨੀਅਨਾਂ ਦੀ ਅਗਵਾਈ ਵਿੱਚ ਨਥਾਣਾ ਥਾਣੇ ਅੱਗੇ ਨਸ਼ਿਆਂ ਦੇ ਪਸਾਰ ਨੂੰ ਠੱਲ ਪਾਉਣ ਲਈ ਤੇ ਵੇਚਣ ਵਾਲਿਆਂ ਨੂੰ ਨੱਥ ਪਵਾਉਣ ਲਈ ਅਣਮਿੱਥੇ ਸਮੇਂ ਲਈ ਧਰਨਾ ਲਗਾ ਦਿੱਤਾ ਹੈ।

### ਤਸਕਰ ਸੱਤ ਕਰੋੜ ਦੀ ਹੈਰੋਇਨ ਸਣੇ ਕਾਬੂ

**ਲੁਧਿਆਣਾ:** ਇੱਥੋਂ ਦੇ ਬਾਹਰੀ ਇਲਾਕਿਆਂ ਵਿੱਚੋਂ ਐੱਸ. ਟੀ.ਐੱਫ. ਦੀ ਟੀਮ ਨੇ ਹੈਰੋਇਨ ਸਪਲਾਈ ਕਰਨ ਦੇ ਦੋਸ਼ ਹੇਠ ਇੱਕ ਤਸਕਰ ਬਲਵਿੰਦਰ ਸਿੰਘ ਉਰਫ਼ ਵੀਰੂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਮਾਮਲੇ ਵਿੱਚ ਜਨਤਾ ਨਗਰ ਵਾਸੀ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।



# ਮਾਂ ਬੋਲੀ ਤੇ ਭਾਸ਼ਾ ਚੋਣਾਂ ਵਿੱਚ ਮੁੱਦਾ ਨਾ ਬਣੀ

**ਡਾ. ਪਰਮਜੀਤ ਸਿੰਘ ਢੀਂਗਰਾ**

ਇਸ ਵਾਰ ਦੀਆਂ ਚੋਣਾਂ ਕਈ ਪੱਖਾਂ ਤੋਂ ਵਿਸ਼ੇਸ਼ ਸਨ ਕਿਉਂਕਿ ਇਹ ਮੁੱਦਿਆਂ 'ਤੇ ਘੱਟ ਤੇ ਇੱਕ-ਦੂਜੇ ਦੀ ਬਦਖ਼ੋਹੀ ਕਰਨ, ਮੰਦਾ ਬੋਲਣ ਤੇ ਇੱਕ-ਦੂਸਰੇ ਨੂੰ ਪੰਜਾਬ ਨੂੰ ਤਬਾਹ ਕਰਨ ਦੇ ਦੂਸ਼ਣਾਂ ਨਾਲ਼ ਵਧੇਰੇ ਲਬਰੇਜ਼ ਸਨ। ਪੰਜਾਬ ਦੀਆਂ ਅਜੋਕੀਆਂ ਸਮੱਸਿਆਵਾਂ ਲਈ ਹਰ ਕੋਈ ਇੱਕ ਦੂਜੇ ਨੂੰ ਜ਼ਿੰਮੇਵਾਰ ਠਹਿਰਾ ਕੇ ਵੋਟਰਾਂ ਨੂੰ ਭੁਚਲਾ ਰਿਹਾ ਸੀ। ਪੰਜਾਬ ਦੇ ਗੰਭੀਰ ਮੁੱਦਿਆਂ ਵਾਤਾਵਰਨ, ਭਾਸ਼ਾ, ਨਸ਼ੇ, ਬੇਰੁਜ਼ਗਾਰੀ, ਪਰਵਾਸ ਨੂੰ ਕਿਸੇ ਨੇ ਵੀ ਆਪਣੇ ਘੋਸ਼ਣਾ ਪੱਤਰ ਵਿੱਚ ਸ਼ਾਮਿਲ ਨਹੀਂ ਕੀਤਾ। ਜਦ ਕਿ ਚੋਣਾਂ ਦਾ ਮਕਸਦ ਹੁੰਦਾ ਹੈ ਕਿ ਜਾ ਰਹੀ ਸਰਕਾਰ ਆਪਣਾ ਰਿਪੋਰਟ ਕਾਰਡ ਤੱਥਾਂ ਸਮੇਤ ਪੇਸ਼ ਕਰੇ ਤੇ ਚੁਣੇ ਜਾਣ ਦੀ ਸੰਭਾਵਨਾ ਵਾਲੀ ਸਰਕਾਰ ਆਪਣਾ ਭਵਿੱਖ ਦਾ ਏਜੰਡਾ ਪੇਸ਼ ਕਰੇ ਪਰ ਦੂਸ਼ਣਬਾਜ਼ੀ ਵਿੱਚ ਇਹ ਦੋਵੇਂ ਚੀਜ਼ਾਂ ਗ਼ਾਇਬ ਸਨ। ਜਿਹੜੀਆਂ ਪਾਰਟੀਆਂ ਪੰਜਾਬ ਤੋਂ ਬਾਹਰੋਂ ਆ ਕੇ ਚੋਣਾਂ ਲੜ ਰਹੀਆਂ ਸਨ, ਉਨਾਂ ਕੋਲ਼ ਪੰਜਾਬੀ ਭਾਸ਼ਾ ਦਾ ਗਿਆਨ ਨਹੀਂ ਤੇ ਨਾ ਹੀ ਉਹ ਪੰਜਾਬ ਦੇ ਸੱਭਿਆਚਾਰ ਤੇ ਇਤਿਹਾਸ ਤੋਂ ਵਾਕਿਫ਼ ਹਨ। ਅਜਿਹੀਆਂ ਪਾਰਟੀਆਂ ਕੋਲ਼ੋਂ ਪੰਜਾਬ ਦੇ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ ਕਿਉਂਕਿ ਉਨਾਂ ਦੇ ਲੁਕਵੇਂ ਏਜੰਡੇ ਓਨੇ ਪੰਜਾਬ ਦੇ ਮੁੱਦਿਆਂ ਨਾਲ਼ ਜੁੜੇ ਹੋਏ ਨਹੀਂ ਜਿੰਨੇ ਆਪਣੀ ਵਿੱਚ ਵਿਚਾਰਧਾਰਾ ਠੋਸਣ ਨਾਲ਼ ਹਨ।

ਭਾਸ਼ਾ ਮਨੁੱਖ ਲਈ ਸਿਰਫ਼ ਸੰਚਾਰ ਦਾ ਮਾਧਿਅਮ ਹੀ ਨਹੀਂ ਹੁੰਦੀ ਸਗੋਂ ਇਹ ਇਸ ਧਰਤੀ 'ਤੇ ਉਸ ਦੀ ਪਛਾਣ ਤੇ ਹੋਂਦ ਨਾਲ਼ ਵੀ ਜੁੜੀ ਹੁੰਦੀ ਹੈ। ਹਰ ਵਿਅਕਤੀ ਜਿਸ ਸਮਾਜ ਵਿੱਚ ਪੈਦਾ ਹੁੰਦਾ ਹੈ, ਜਿਸ ਸੱਭਿਆਚਾਰ ਦੀ ਗੁੜਤੀ ਲੈਂਦਾ ਹੈ, ਜਿਸ ਵਾਤਾਵਰਨ ਵਿੱਚ ਪਲਦਾ, ਵੱਡਾ ਹੁੰਦਾ ਹੈ, ਉਸੇ ਦੀ ਭਾਸ਼ਾ ਗ੍ਰਹਿਣ ਕਰਦਾ ਹੈ। ਤੋਤਲੇ ਬੋਲਾਂ ਤੋਂ ਸਫ਼ਰ ਸ਼ੁਰੂ ਕਰਦਾ ਉਹ ਭਾਸ਼ਾ ਦੇ ਗੂੜ ਰਹੱਸਾਂ ਦਾ ਗਿਆਤਾ ਬਣ ਜਾਂਦਾ ਹੈ। ਉਸੇ ਭਾਸ਼ਾ ਵਿੱਚ ਉਸ ਦੀ ਸੋਚ ਤੇ ਸੰਸਕਾਰ ਢਲ ਜਾਂਦੇ ਹਨ। ਜੇ ਅੱਜ ਮਨੁੱਖ ਇਸ ਕਾਇਨਾਤ ਦਾ ਸੁਪਰਮੈਨ ਹੈ ਤਾਂ ਇਸ ਪਿੱਛੇ ਉਸ ਦੀ ਭਾਸ਼ਾ ਹੈ। ਜਿਸ ਨੇ ਉਸ ਨੂੰ ਬੁਲੰਦੀਆਂ 'ਤੇ ਪਹੁੰਚਾਇਆ ਹੈ। ਚੰਦਰਮਾ 'ਤੇ ਖੜਾ ਰਕੇਸ਼ ਕੁਮਾਰ ਸ਼ਰਮਾ ਕਦੇ ਧਰਤੀ ਦੇ ਲੋਕਾਂ ਨੂੰ ਦੱਸ ਰਿਹਾ ਸੀ ਕਿ ਉੱਪਰੋਂ ਧਰਤੀ ਕਿੰਨੀ ਹੁਸੀਨ ਨਜ਼ਰ ਆਉਂਦੀ ਹੈ। ਇਹ ਭਾਸ਼ਾ ਤੇ ਤਕਨਾਲੋਜੀ ਦਾ ਕਮਾਲ ਹੈ ਕਿ ਮਨੁੱਖ ਲੱਖਾਂ ਮੀਲਾਂ ਤੋਂ ਗੱਲ-ਬਾਤ ਕਰ ਸਕਦਾ ਹੈ।

ਮਨੁੱਖੀ ਸੋਚ, ਕਲਪਨਾ, ਸੁਪਨਿਆਂ ਪਿੱਛੇ ਮਨੁੱਖ ਦੀ ਭਾਸ਼ਾ ਪਈ ਹੈ ਜੋ ਉਸ ਨੂੰ ਭਵਿੱਖ-ਦਰਸ਼ਾ ਬਣਾਉਂਦੀ ਹੈ। ਜੇ ਕੁਦਰਤ ਦਾ ਕਾਨੂੰਨ ਮੰਨੀਏ ਤਾਂ ਹਰ ਵਿਅਕਤੀ ਨੂੰ ਜਨਮ ਤੋਂ ਅਧਿਕਾਰ ਹੈ ਕਿ ਉਹ ਆਪਣੀ ਅਰਥਾਤ ਆਪਣੇ ਖ਼ਿੱਤੇ ਦੀ ਜ਼ੁਬਾਨ ਬੋਲੇ। ਭਾਰਤੀ ਸੰਵਿਧਾਨ ਭਾਰਤੀਆਂ ਨੂੰ ਅਧਿਕਾਰ ਦਿੰਦਾ ਹੈ ਕਿ ਉਨਾਂ ਨੂੰ ਉਨਾਂ ਦੀਆਂ ਮਾਤ ਭਾਸ਼ਾਵਾਂ ਵਿੱਚ ਸਿੱਖਿਆ, ਨਿਆਂ, ਸਰਕਾਰੀ ਕਾਨੂੰਨਾਂ ਅਤੇ ਨਿਰਦੇਸ਼ਾਂ ਦੀ ਜਾਣਕਾਰੀ ਦਿੱਤੀ ਜਾਵੇ। ਸਰਕਾਰਾਂ ਦਾ ਇਹ ਫ਼ਰਜ਼ ਹੈ ਕਿ ਜਿਸ ਸਰਕਾਰ ਨੂੰ ਲੋਕ ਵੋਟਾਂ ਪਾ ਕੇ ਚੁਣਦੇ ਹਨ, ਟੈਕਸ ਦਿੰਦੇ ਹਨ, ਉਹ ਲੋਕਾਂ ਨੂੰ ਉਨਾਂ ਦੀ ਭਾਸ਼ਾ ਵਿੱਚ ਗਿਆਨ, ਵਿਗਿਆਨ, ਸਿੱਖਿਆ ਤੇ ਸਹੂਲਤਾਂ ਦੇਵੇ। ਇਸ ਲਈ ਕਿਸੇ ਨੇਤਾ, ਸਰਕਾਰੀ ਅਫ਼ਸਰ, ਮੰਤਰੀ, ਸੰਤਰੀ ਨੂੰ ਇਹ ਅਧਿਕਾਰ ਨਹੀਂ ਕਿ ਉਹ ਆਪਣੇ ਲੋਕਾਂ ਨੂੰ ਉਨਾਂ ਦੀ ਭਾਸ਼ਾ ਨਾਲ਼ੋਂ ਤੋੜ ਕੇ ਬੱਚਿਆਂ ਦੇ ਭਵਿੱਖ ਨਾਲ਼ ਖਿਲਵਾੜ ਕਰੇ।

ਭਾਸ਼ਾ ਨੀਤੀ ਬਣਾਉਣ ਦਾ ਕੰਮ ਭਾਸ਼ਾ ਵਿਗਿਆਨੀਆਂ, ਸਿੱਖਿਆ ਸ਼ਾਸਤਰੀਆਂ ਦਾ ਹੈ ਨਾ ਕਿ ਅਫ਼ਸਰਸ਼ਾਹੀ ਜਾਂ ਉਨਾਂ ਨੇਤਾਵਾਂ ਦਾ ਜਿਹੜੇ ਕਦੇ ਸਕੂਲੀ ਸਿੱਖਿਆ ਤੋਂ ਅੱਗੇ ਨਹੀਂ ਟੱਪੇ।

ਪਰ ਪੰਜਾਬ ਵਿੱਚ ਪੰਜਾਬੀ ਜ਼ੁਬਾਨ ਨੂੰ ਸਭ ਤੋਂ ਵੱਧ ਖੋਰਾ ਸਮੇਂ-ਸਮੇਂ ਦੀਆਂ ਸਰਕਾਰਾਂ ਤੇ ਉਨਾਂ ਦੀਆਂ ਕੱਚ ਘਰੜ ਭਾਸ਼ਾ ਤੇ ਸਿੱਖਿਆ ਨੀਤੀਆਂ ਨੇ ਲਾਇਆ ਹੈ। ਇੱਕ ਵਾਰ ਪੰਜਾਬ ਦੇ ਇੱਕ ਸਾਬਕਾ ਮੰਤਰੀ ਵਿਦੇਸ਼ ਗਏ। ਉੱਥੇ ਉਨਾਂ ਨੇ ਦੇਖਿਆ ਕਿ ਬੱਚੇ ਬੜੀ ਫ਼ਰਾਟੇਦਾਰ ਅੰਗਰੇਜ਼ੀ ਬੋਲਦੇ ਹਨ। ਆਉਂਦਿਆਂ ਉਨਾਂ ਨੇ ਹੁਕਮ ਚਾੜ ਦਿੱਤਾ ਕਿ ਪੰਜਾਬ ਦੇ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜਾਈ ਜਾਏਗੀ। ਸਕੂਲਾਂ ਵਿੱਚ ਤਰਥੱਲੀ ਮੱਚ ਗਈ ਪਰ ਮੰਤਰੀ ਦਾ ਕਿਹਾ ਰੱਬੀ ਬੋਲ। ਨਤੀਜਾ ਕੀ ਨਿਕਲਿਆ ਨਾ ਉਨਾਂ ਬੱਚਿਆਂ ਨੂੰ ਨਾ ਪੰਜਾਬੀ ਆਈ ਨਾ ਅੰਗਰੇਜ਼ੀ। ਮੌਜੂਦਾ ਸਰਕਾਰ ਨੇ ਪਿਛਲੀਆਂ ਸਰਕਾਰਾਂ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਆਪਣੇ ਇੱਕ ਫ਼ੈਸਲੇ ਵਿੱਚ ਪਹਿਲੇ ਪੜਾਅ 'ਤੇ 40 ਤੋਂ 60 ਫ਼ੀਸਦੀ ਵਿਦਿਆਰਥੀਆਂ ਦਾ ਮਾਧਿਅਮ ਅੰਗਰੇਜ਼ੀ ਕਰਨ ਦਾ ਟੀਚਾ ਮਿੱਥਿਆ ਗਿਆ। ਦਿਹਾਤੀ ਸਕੂਲਾਂ ਵਿੱਚ 40 ਫ਼ੀਸਦੀ ਤੇ ਸ਼ਹਿਰੀ ਸਕੂਲਾਂ ਵਿੱਚ 60 ਫ਼ੀਸਦੀ ਮਾਧਿਅਮ ਪਰਿਵਰਤਨ ਦਾ ਟੀਚਾ ਮਿੱਥਿਆ ਗਿਆ ਹੈ। ਅਜਿਹੇ ਤੁਗ਼ਲਕੀ ਫ਼ੈਸਲੇ ਕੀ ਕੋਈ ਵਿਸ਼ੇਸ਼ਗ ਕਰਦਾ ਹੈ? ਕੋਈ ਸਿੱਖਿਆ ਸ਼ਾਸਤਰੀ ਕਰਦਾ ਹੈ? ਕੋਈ ਭਾਸ਼ਾ ਵਿਗਿਆਨੀ ਕਰਦਾ ਹੈ? ਨਹੀਂ ਅਜਿਹੇ ਫ਼ੈਸਲੇ ਉਹ ਅਫ਼ਸਰਸ਼ਾਹੀ ਕਰਦੀ ਹੈ ਜੋ ਪੰਜਾਬੀ ਭਾਸ਼ਾ ਦੀ ਦੁਸ਼ਮਣ ਹੈ। ਜਿਵੇਂ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਬੋਲਣ, ਪੰਜਾਬੀ ਵਿੱਚ ਗੱਲ ਕਰਨ 'ਤੇ ਥੱਪੜ ਪੈਂਦੇ ਹਨ, ਜ਼ੁਰਮਾਨੇ ਹੁੰਦੇ ਹਨ। ਉਹ ਦਿਨ ਦੂਰ ਨਹੀਂ ਜਦੋਂ ਸਰਕਾਰ ਸਰਕਾਰੀ ਸਕੂਲਾਂ ਵਿੱਚ ਵੀ ਪੰਜਾਬੀ ਬੋਲਣ 'ਤੇ ਪਾਬੰਦੀ ਲਾ ਦੇਵੇਗੀ, ਕਿਉਂਕਿ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਮਾਡਲ 'ਤੇ ਢਾਲਣ ਦੀ ਤਿਆਰੀ ਵਿੱਚੋਂ ਨਿਸਚੇ ਹੀ ਅਜਿਹੇ ਨਤੀਜੇ ਨਿਕਲਣਗੇ।

ਦੁਨੀਆ ਭਰ ਵਿੱਚ ਇਹ ਤਜਰਬੇ ਕਰਕੇ ਸਿੱਟੇ ਕੱਢੇ ਗਏ ਹਨ ਕਿ ਸਿੱਖਿਆ ਦਾ ਸਭ ਤੋਂ ਉੱਚਤਮ ਮਾਧਿਅਮ ਮਾਤ ਭਾਸ਼ਾ ਹੈ। ਭਾਰਤ ਦੇ ਉਪ ਰਾਸ਼ਟਰਪਤੀ ਸ੍ਰੀ ਵੈਂਕਈਆ ਨਾਇਡੂ ਜਿੱਥੇ ਵੀ ਭਾਸ਼ਣ ਦਿੰਦੇ ਹਨ ਮਾਤ ਭਾਸ਼ਾਵਾਂ ਦੀ ਵਕਾਲਤ ਕਰਦੇ ਹਨ। ਇਸ ਵਾਰ ਪਾਰਲੀਮੈਂਟ ਵਿੱਚ ਰਾਸ਼ਟਰਪਤੀ ਜੀ ਨੇ ਵੀ ਆਪਣੇ ਭਾਸ਼ਣ ਵਿੱਚ ਮਾਤ ਭਾਸ਼ਾਵਾਂ ਵਿੱਚ ਸਿੱਖਿਆ ਦੇਣ 'ਤੇ ਜ਼ੋਰ ਦਿੰਦਿਆਂ ਇਨਾਂ ਦੀ ਵਕਾਲਤ ਕੀਤੀ ਹੈ। ਪਰ ਸਰਕਾਰਾਂ ਇਸ ਤੋਂ ਉਲਟ ਜਾਂਦੀਆਂ ਹਨ। ਅੰਗਰੇਜ਼ ਕਹਿੰਦੇ ਹਨ ਅਸੀਂ ਇੰਗਲੈਂਡ ਛੱਡ ਸਕਦੇ ਹਾਂ, ਪਰ ਅੰਗਰੇਜ਼ੀ ਨਹੀਂ, ਫ਼ਰਾਂਸੀਸੀ ਕਹਿੰਦੇ ਹਨ ਫਰਾਂਸ ਲੈ ਲਵੋ, ਜਿੱਤ ਲਵੋ ਪਰ ਫ਼ਰਾਂਸੀਸੀ ਲਈ ਅਸੀਂ ਜਾਨ ਵਾਰ ਦਿਆਂਗੇ, ਇਹ ਸਾਡੀ ਸ਼ਖ਼ਸੀਅਤ ਹੈ, ਸਾਡਾ ਵਿਅਕਤਿਤਵ ਹੈ। ਰੂਸੀ, ਕੋਰੀਏ, ਚੀਨੀ, ਅਰਬੀ, ਅਫ਼ਰੀਕਨ, ਜਾਪਾਨੀ ਸਾਰੇ ਆਪਣੀਆਂ ਮਾਤ ਭਾਸ਼ਾਵਾਂ ਦੇ ਦੀਵਾਨੇ ਹਨ ਪਰ ਅਸੀਂ ਵਿਦੇਸ਼ੀ ਭਾਸ਼ਾ ਦੇ ਦੀਵਾਨੇ ਹਾਂ। ਵਿਦੇਸ਼ੀ ਸੱਭਿਆਚਾਰ ਦੇ ਦੀਵਾਨੇ ਹਾਂ। ਸਿਤਮ ਦੀ ਗੱਲ ਇਹ ਹੈ ਕਿ ਸਾਡੇ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦੀ ਵੱਡੀ ਕਮੀ ਹੈ, ਪਖਾਨੇ ਨਹੀਂ, ਬਿਜਲੀ ਦਾ ਪ੍ਰਬੰਧ ਨਹੀਂ, ਫ਼ਰਨੀਚਰ ਨਹੀਂ ਤੇ ਸਭ ਤੋਂ ਵੱਡੀ ਗੱਲ ਅਧਿਆਪਕਾਂ ਦੀ ਵੱਡੀ ਘਾਟ ਹੈ। ਅਧਿਆਪਕਾਂ ਲਈ ਉਚਿਤ ਟ੍ਰੇਨਿੰਗ ਤੇ ਨਵੀਆਂ ਤਕਨੀਕਾਂ ਦੀ ਵੱਡੀ ਘਾਟ ਹੈ ਪਰ ਅਫ਼ਸਰਸ਼ਾਹੀ ਤੇ ਸਰਕਾਰ ਅੱਖਾਂ ਬੰਦ ਕਰਕੇ ਅੰਗਰੇਜ਼ੀ ਦੀ ਰੱਟ ਲਾ ਰਹੇ ਹਨ। ਅਸੀਂ ਅੰਗਰੇਜ਼ੀ ਦੇ ਵਿਰੋਧੀ ਨਹੀਂ। ਪੰਜਾਬੀ ਬੱਚਿਆਂ ਨੂੰ ਅੰਗਰੇਜ਼ੀ, ਬੋਲਣ, ਪੜਨ, ਲਿਖਣ, ਸਮਝਣ ਵਿੱਚ ਮੁਹਾਰਤ ਹਾਸਲ ਹੋਣੀ ਅੱਜ ਦੇ ਯੁੱਗ ਵਿੱਚ ਜ਼ਰੂਰੀ ਹੈ। ਪਰ ਅਜਿਹਾ ਕਰਨ ਲਈ ਮਾਂ-ਬੋਲੀ ਨੂੰ ਕੁਰਬਾਨ ਕਰਨਾ ਸਰਾਸਰ ਅਨਿਆਂ ਹੈ। ਅੰਗਰੇਜ਼ੀ ਦੀ ਪੜਾਈ ਉਦੋਂ ਸ਼ੁਰੂ ਕਰਨੀ ਚਾਹੀਦੀ ਹੈ, ਜਦੋਂ ਬੱਚੇ ਇਹ ਭਾਸ਼ਾ ਸਿੱਖਣ ਦੇ ਯੋਗ ਹੋ ਜਾਣ। ਜੇ ਮੁੱਢ ਵਿੱਚ ਹੀ ਬੱਚੇ 'ਤੇ ਇੱਕ ਦੋ-ਤਿੰਨ ਭਾਸ਼ਾਵਾਂ ਥੋਪ ਦਿੱਤੀਆਂ ਜਾਣ ਤਾਂ ਉਹ ਕਿਸੇ ਭਾਸ਼ਾ ਵਿੱਚ ਵੀ ਮੁਹਾਰਤ ਹਾਸਲ ਨਹੀਂ ਕਰ ਸਕੇਗਾ। ਦੂਸਰਾ ਉਸ ਦੀ ਸੋਚਣ ਸ਼ਕਤੀ ਖੀਣ ਹੋ ਜਾਵੇਗੀ। ਉਹ ਇੱਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਵਾਰ-ਵਾਰ ਤਿਲਕੇਗਾ। ਇਸ ਤਿਲਕਣਬਾਜ਼ੀ ਵਿੱਚ ਉਸ ਦੀ ਕਲਪਨਾ, ਸੁਪਨੇ ਤੇ ਬੁੱਧੀਮਤਾ ਦੀ ਹਾਨੀ ਹੋ ਜਾਵੇਗੀ। ਇਸ ਲਈ ਭਾਸ਼ਾਵਾਂ ਨੂੰ ਪੜਾਅਵਾਰ ਲਾਗੂ ਕਰਨ ਲਈ ਉਚਿਤ ਪ੍ਰੋਗਰਾਮ ਬਣਾਉਣੇ ਜ਼ਰੂਰੀ ਹਨ।

ਇੱਥੇ ਇੱਕ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ, ਕੀ ਅਸੀਂ ਬੱਚੇ ਨੂੰ ਸਿਰਫ਼ ਭਾਸ਼ਾ ਸਿਖਾ ਕੇ ਵਿਦਵਾਨ ਬਣਾ ਸਕਾਂਗੇ? ਸਾਡੇ ਕੋਲ਼ ਕਿਸੇ ਵਿਦੇਸ਼ੀ ਭਾਸ਼ਾ ਦਾ ਸਿੱਧਾ ਗਿਆਨ ਹਾਸਲ ਕਰਨ ਦੇ ਕੋਈ ਸਾਧਨ ਨਹੀਂ। ਅਸੀਂ ਤਾਂ ਇਸ ਗੱਲ ਦੇ ਵੀ ਹਾਮੀ ਹਾਂ ਕਿ ਸੰਸਾਰ 'ਤੇ ਹੋ ਰਹੀਆਂ ਤਬਦੀਲੀਆਂ ਦੇ ਮੱਦੇਨਜ਼ਰ ਸਰਕਾਰ ਨੂੰ ਚੀਨੀ, ਜਾਪਾਨੀ, ਸਪੈਨਿਸ਼ ਤੇ ਫਰੈਂਚ ਵਰਗੀਆਂ ਭਾਸ਼ਾਵਾਂ ਪੰਜਾਬੀ ਬੱਚਿਆਂ ਨੂੰ ਸਿਖਾਉਣ ਲਈ ਯੋਜਨਾਬੰਦੀ ਕਰਨੀ ਚਾਹੀਦੀ ਹੈ। ਇਨਾਂ ਨਾਲ਼ ਜੇ ਪੰਜਾਬੀ ਜੁੜੇਗੀ ਤਾਂ ਤਰੱਕੀ ਕਰੇਗੀ ਤੇ ਸਾਡੇ ਬੱਚੇ ਰੁਜ਼ਗਾਰ ਵੀ ਹਾਸਿਲ ਕਰ ਸਕਣਗੇ। ਵਿਸ਼ਵੀ ਸਾਂਝ ਵਧੇਗੀ। ਇਨਾਂ ਭਾਸ਼ਾਵਾਂ ਬਾਰੇ ਗਿਆਨ ਹਾਸਲ ਕਰਨ ਨਾਲ਼ ਕਈ ਪ੍ਰਕਾਰ ਦੇ ਨਵੇਂ ਅਦਾਰੇ ਅਤੇ ਆਦਾਨ-ਪ੍ਰਦਾਨ ਵੀ ਵਧਣ ਦੀ ਸੰਭਾਵਨਾ ਹੈ। ਅਸੀਂ ਇਨਾਂ ਦਾ ਗਿਆਨ ਦੁਜੈਲੇ ਸਾਧਨਾਂ ਤੋਂ ਹਾਸਲ ਕਰ ਰਹੇ ਹਾਂ ਜੋ ਮਸਨੂਈ ਕਿਸਮ ਦਾ ਹੁੰਦਾ ਹੈ। ਜੇ ਅਸੀਂ ਮਾਤ ਭਾਸ਼ਾ ਤੋਂ ਬੱਚੇ ਨੂੰ ਛੁਟਕਾਰਾ ਦਿਵਾ ਦਿੱਤਾ ਤਾਂ ਨਿਸਚੇ ਹੀ ਉਹ ਆਪਣੇ ਦੇਸੀ ਗਿਆਨ ਤੋਂ ਵੀ ਵਾਂਝਾ ਰਹਿ ਜਾਵੇਗਾ। ਸਿੱਖਿਆ ਦਾ ਅਰਥ ਸਿਰਫ਼ ਭਾਸ਼ਾ ਸਿਖਾਉਣਾ ਹੀ ਨਹੀਂ ਬੱਚੇ ਨੂੰ ਗਿਆਨ ਦਾ ਪਾਂਧੀ ਬਣਾਉਣਾ ਵੀ ਹੈ ਤਾਂ ਜੋ ਉਹ ਅੱਗੇ ਜਾ ਕੇ ਵਿਦਵਾਨ ਬਣ ਸਕੇ।

ਜੇ ਦੁਨੀਆ ਭਰ ਦੀਆਂ ਭਾਸ਼ਾਵਾਂ ਤੇ ਸੱਭਿਆਚਾਰਾਂ ਵਿੱਚੋਂ ਲੋਕ ਗਿਆਨ ਦੀਆਂ ਮਿਸਾਲਾਂ ਦੇਖੀਏ ਤਾਂ ਅਨੇਕਾਂ ਹਨ ਜੋ ਦੱਸਦੀਆਂ ਹਨ ਕਿ ਹਰ ਸਮਾਜ, ਸੱਭਿਆਚਾਰਕ ਵਿਹਾਰਕ ਗਿਆਨ ਕਿਸੇ ਬੱਚੇ ਨੂੰ ਗਿਆਨ ਹਾਸਲ ਕਰਨ ਲਈ ਉਸ ਦੀ ਸਮਝ ਨੂੰ ਤਿੱਖਾ ਕਰਨ ਲਈ ਕਿੰਨਾ ਜ਼ਰੂਰੀ ਹੈ। ਨਗੇਲਾ ਲੋਕਾਂ ਨੇ ਮੱਛੀਆਂ ਦੇ 350 ਨਾਂ ਰੱਖੇ ਹਨ, ਜਿਨਾਂ ਦੀ ਜਾਣਕਾਰੀ ਵਿਗਿਆਨੀਆਂ ਨੂੰ ਵੀ ਨਹੀਂ। ਇਨਾਂ ਵਿੱਚੋਂ 70 ਫ਼ੀਸਦੀ ਨਾਂ ਉਹ ਹਨ ਜੋ ਮੱਛੀਆਂ ਦੀ ਜ਼ਿੰਦਗੀ ਬਾਰੇ ਦੱਸਦੇ ਹਨ। ਜਿਵੇਂ ਮੱਛੀ ਕਿਵੇਂ ਫੜੀ ਜਾਂਦੀ ਹੈ, ਉਸ ਦਾ ਨਰਮ ਮਾਸ ਕਿਹੋ ਜਿਹਾ ਹੈ, ਕਿਹੜੀ ਮੱਛੀ ਪੰਛੀ ਖਾਂਦੇ ਹਨ। ਦੂਸਰੇ ਪਾਸੇ ਵੈਨੇਜ਼ੂਏਲਾ ਵਿੱਚ 'ਬਾਰੀ' ਭਾਸ਼ਾ ਬੋਲਣ ਵਾਲੇ, ਜਿਨਾਂ ਦੀ ਗਿਣਤੀ ਸਿਰਫ 1500 ਹੈ, ਪਰ ਉਨਾਂ ਕੋਲ਼ ਐਥਨੋ ਬਾਟਨੀ ਦਾ ਬੜਾ ਵੱਡਾ ਗਿਆਨ ਹੈ। ਐਸਕੀਮੋ ਭਾਸ਼ਾ ਵਿੱਚ ਬਰਫ਼ ਲਈ ਸੌ ਸ਼ਬਦ ਹਨ। ਡਿਗਦੀ ਬਰਫ਼, ਜੰਮਦੀ ਬਰਫ਼, ਪਿਘਲਦੀ ਬਰਫ਼, ਬਰਫ਼ ਦੇ ਘਰ ਅਨੇਕਾਂ ਸ਼ਬਦਾਂ ਵਿੱਚ ਉਨਾਂ ਨੇ ਬਰਫ਼ ਦਾ ਗਿਆਨ ਸਮੇਟਿਆ ਹੋਇਆ ਹੈ। ਅਰਬੀ ਭਾਸ਼ਾ ਵਿੱਚ ਤਲਵਾਰ ਦੇ ਸੌ ਪਰਿਆਏਵਾਚੀ ਸ਼ਬਦ ਹਨ। ਰਾਜਸਥਾਨੀ ਵਿੱਚ ਬੱਦਲਾਂ ਲਈ ਤਿੰਨ ਦਰਜਨ ਨਾਂ ਹਨ। ਹਿੰਦੀ, ਪੰਜਾਬੀ ਵਿੱਚ ਪਾਣੀ, ਸੂਰਜ, ਬੱਦਲ, ਧਰਤੀ, ਅਕਾਸ਼ ਲਈ ਦਰਜਨ ਦੇ ਲਗਭਗ ਪਰਿਆਏਵਾਚੀ ਹਨ ਜਦ ਕਿ ਅੰਗਰੇਜ਼ੀ ਵਿੱਚ ਇੱਕ ਦੋ ਸ਼ਬਦ ਹਨ। ਸੰਸਕ੍ਰਿਤ ਵਿੱਚ ਵਿਸ਼ਨੂੰ ਦੇ ਇੱਕ ਹਜ਼ਾਰ ਨਾਂ ਹਨ। ਅੰਗਰੇਜ਼ੀ ਵਿੱਚ ਇਕੱਲੇ ਅੰਕਲ, ਆਂਟੀ ਹਨ ਜਦ ਕਿ ਸਾਡੇ ਕੋਲ਼ ਚਾਚਾ, ਤਾਇਆ, ਮਾਮਾ, ਮਾਸੜ, ਫੁੱਫੜ ਅਨੇਕਾਂ ਨਾਂ ਹਨ। ਇਸੇ ਤਰਾਂ ਅੰਗਰੇਜ਼ੀ ਆਂਟੀ ਲਈ ਚਾਚੀ, ਤਾਈ, ਭੂਆ, ਮਾਮੀ, ਮਾਸੀ ਹਨ। ਪਰ ਅੰਗਰੇਜ਼ੀ ਭਾਸ਼ਾ ਕਰਕੇ ਸਾਡੇ ਬੱਚੇ ਦੇਸੀ ਗਿਆਨ ਤੋਂ ਵਿਰਵੇ ਹੋ ਰਹੇ ਹਨ। ਇਸੇ ਕਰਕੇ ਪੰਜਾਬੀ ਬੱਚੇ ਪੁੱਛਦੇ ਹਨ ਸੈਂਤੀ ਕਿੰਨੇ ਹੁੰਦੇ ਹਨ, ਉਨਾਨਵੇਂ ਕਿੰਨੇ ਹੁੰਦੇ ਹਨ, ਸਾਂਢੂ ਕੌਣ ਹੈ? ਸਾਲੇਹਾਰ ਕੀਹਨੂੰ ਕਹਿੰਦੇ ਹਨ? ਭਾਵ ਹਰ ਭਾਸ਼ਾ ਦਾ ਵਿਹਾਰਕ ਗਿਆਨ ਬੱਚੇ ਦੇ ਵਿਕਾਸ ਲਈ ਜ਼ਰੂਰੀ ਹੈ ਤੇ ਇਸ ਗਿਆਨ ਨੂੰ ਬੱਚਾ ਕੇਵਲ ਆਪਣੀ ਮਾਂ ਬੋਲੀ ਵਿੱਚ ਹੀ ਸਿੱਖ ਸਕਦਾ ਹੈ। ਕਿਸੇ ਹੋਰ ਬੋਲੀ ਵਿੱਚ ਉਸ ਨੂੰ ਜੋ ਗਿਆਨ ਦਿੱਤਾ ਜਾਵੇਗਾ ਉਹ ਵਿਹਾਰਕ ਨਹੀਂ ਕਿਤਾਬੀ ਹੋਵੇਗਾ। ਕੈਨੇਡਾ ਦੇ ਮੂਲ ਲੋਕ ਆਪਣੇ ਬੱਚਿਆਂ ਨੂੰ ਛੋਟੀ ਉਮਰ ਵਿੱਚ ਘਰ ਵਿੱਚ ਹੀ ਦੇਸੀ ਗਿਆਨ ਨਾਲ਼ ਲੈਸ ਕਰ ਦਿੰਦੇ ਹਨ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਬੱਚਾ ਸਕੂਲ ਜਾਣ ਤੋਂ ਪਹਿਲਾਂ ਆਪਣੇ ਘਰ ਤੇ ਆਲੇ-ਦੁਆਲੇ ਦੇ ਗਿਆਨ ਨਾਲ਼ ਭਾਸ਼ਾਈ ਤੌਰ 'ਤੇ ਪੱਕੀ ਸਾਂਝ ਪਾ ਚੁੱਕਾ ਹੁੰਦਾ ਹੈ ਪਰ ਸਾਡੇ ਬੱਚੇ ਦੇਸੀ ਗਿਆਨ ਤੋਂ ਪੂਰੀ ਤਰਾਂ ਤੋੜ ਦਿੱਤੇ ਗਏ ਹਨ ਤੇ ਉਨਾਂ ਨੂੰ ਖਾਹਮਖਾਹ ਅੰਗਰੇਜ਼ੀ ਦੀ ਚੋਚਲੇਬਾਜ਼ੀ ਨਾਲ਼ ਜੋੜ ਦਿੱਤਾ ਗਿਆ ਹੈ। ਇਸੇ ਕਰਕੇ ਉਹ ਦੇਸੀ ਗਿਆਨ ਤੋਂ ਵਾਂਝੇ ਰਹਿ ਜਾਂਦੇ ਹਨ।

ਸਾਡੇ ਸੱਭਿਆਚਾਰ ਵਿੱਚ ਬਹੁਤ ਵੱਡੀ ਸ਼ਬਦਾਵਲੀ ਹੈ ਜਿਸ ਨਾਲ਼ ਬੱਚੇ ਦਾ ਸੋਚਣ ਢੰਗ ਉਸਾਰੂ ਤੇ ਪੁਖਤਾ ਹੋ ਸਕਦਾ ਹੈ। ਉਹ ਆਪਣੇ ਆਲੇ-ਦੁਆਲੇ ਨੂੰ ਵਧੇਰੇ ਚੰਗੀ ਤਰਾਂ ਸਮਝ ਸਕਦਾ ਹੈ ਪਰ ਜਦੋਂ ਉਸ ਨੂੰ ਕਿਸੇ ਪਰਾਈ ਬੋਲੀ ਵੱਲ ਧੱਕ ਦਿੱਤਾ ਜਾਂਦਾ ਹੈ ਤਾਂ ਬਹੁਤੀ ਵਾਰ ਉਸ ਦੀ ਸਮਝ ਜਵਾਬ ਦੇ ਜਾਂਦੀ ਹੈ। ਭਾਰਤ ਵਿੱਚ ਅੰਗਰੇਜ਼ੀ ਬਾਰੇ ਇੱਕ ਬੜੀ ਦਿਲਚਸਪ ਉਦਾਹਰਨ ਮਿਲਦੀ ਹੈ। ਜਦੋਂ ਕਲਕੱਤੇ ਵਿੱਚ ਕੰਪਨੀ ਸਰਕਾਰ ਨੇ ਇੱਕ ਸਕੂਲ ਖੋਲਣ ਦੀ ਤਜਵੀਜ਼ ਰੱਖੀ ਤਾਂ ਇੱਕ ਦਸ ਮੈਂਬਰੀ ਕਮੇਟੀ ਬਣਾ ਦਿੱਤੀ ਜਿਸ ਨੇ ਫ਼ੈਸਲਾ ਕਰਨਾ ਸੀ ਕਿ ਸਕੂਲ ਦਾ ਮਾਧਿਅਮ ਕੀ ਹੋਵੇ? ਕਮੇਟੀ ਦੋ ਧੜਿਆਂ ਵਿੱਚ ਵੰਡੀ ਗਈ। ਪੰਜ ਮੈਂਬਰ ਸਥਾਨਕ ਭਾਸ਼ਾ ਦਾ ਸਕੂਲ ਖੋਲਣ ਦੀ ਵਕਾਲਤ ਕਰ ਰਹੇ ਸਨ ਜਦ ਕਿ ਪੰਜ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ ਦੀ। ਅੰਗਰੇਜ਼ੀ ਦੀ ਵਕਾਲਤ ਕਰਨ ਵਾਲਿਆਂ ਦੇ ਮੋਹਰੀ ਸਨ ਰਾਜਾ ਰਾਮ ਮੋਹਨ ਰਾਏ। ਉਨਾਂ ਦਾ ਤਰਕ ਸੀ ਕਿ ਇਸ ਸਮੇਂ ਸਾਨੂੰ ਪੱਛਮੀ ਗਿਆਨ ਦੀ ਲੋੜ ਹੈ, ਕਿਉਂਕਿ ਸਾਡੀਆਂ ਭਾਸ਼ਾਵਾਂ ਅਜੇ ਆਧੁਨਿਕਤਾ ਦੇ ਰਾਹ ਨਹੀਂ ਪਈਆਂ। ਮੈਕਾਲੇ ਦੀ ਵੋਟ ਫ਼ੈਸਲਾਕੁੰਨ ਸੀ ਤੇ ਉਹ ਅੰਗਰੇਜ਼ੀ ਦੇ ਹੱਕ ਵਿੱਚ ਭੁਗਤੀ। ਉਦੋਂ ਇਹ ਗੱਲ ਠੀਕ ਸੀ ਪਰ ਹੁਣ ਅਸੀਂ ਆਪਣੀਆਂ ਭਾਸ਼ਾਵਾਂ ਵਿੱਚ ਵੀ ਗਿਆਨ ਸਿਰਜਣ ਦੇ ਸਮਰੱਥ ਹਾਂ, ਪਰ ਸਾਡੀ ਨੀਅਤ ਵਿੱਚ ਖੋਟ ਹੈ।

ਵੱਡਾ ਸਵਾਲ ਇਹ ਹੈ ਕਿ ਅੰਗਰੇਜ਼ੀ ਦੀ ਪੜਾਈ ਕਦੋਂ ਤੇ ਕਿਹੜੀ ਜਮਾਤ ਤੋਂ ਸ਼ੁਰੂ ਕਰਵਾਈ ਜਾਵੇ ਤਾਂ ਜੋ ਬੱਚੇ ਮਾਤ ਭਾਸ਼ਾ 'ਤੇ ਪਕੜ ਮਜ਼ਬੂਤ ਕਰ ਲੈਣ ਤੇ ਅੰਗਰੇਜ਼ੀ ਵੀ ਉਨਾਂ ਨੂੰ ਚੰਗੀ ਤਰਾਂ ਆ ਜਾਵੇ। ਇਸ ਬਾਰੇ ਕਈ ਰਾਵਾਂ ਹਨ। ਕੁਝ ਦਾ ਮਤ ਹੈ ਕਿ ਪਹਿਲੀ ਜਮਾਤ ਤੋਂ ਹੀ ਅੰਗਰੇਜ਼ੀ ਦੀ ਪੜਾਈ ਲਾਜ਼ਮੀ ਕਰ ਦਿੱਤੀ ਜਾਵੇ। ਬਹੁਤੇ ਸੁਝਾਓਦਾਤਾ ਮਾਪੇ ਹੀ ਹਨ ਜੋ ਚਾਹੁੰਦੇ ਹਨ ਕਿ ਉਨਾਂ ਦੇ ਬੱਚੇ ਪੜ-ਲਿਖ ਕੇ ਅੰਗਰੇਜ਼ੀ ਬੋਲ ਸਕਣ, ਵਧੀਆ ਅੰਗਰੇਜ਼ੀ ਲਿਖ ਸਕਣ ਤਾਂ ਜੋ ਦੇਸ਼-ਵਿਦੇਸ਼ ਵਿੱਚ ਉਨਾਂ ਨੂੰ ਚੰਗੀਆਂ ਨੌਕਰੀਆਂ ਹਾਸਿਲ ਹੋ ਸਕਣ ਤੇ ਉਨਾਂ ਦਾ ਸਟੇਟਸ ਉੱਚਾ ਹੋ ਜਾਵੇ ਪਰ ਮਾਪੇ ਇਹ ਨਹੀਂ ਜਾਣਦੇ ਕਿ ਦੋਵਾਂ ਭਾਸ਼ਾਵਾਂ ਅੰਗਰੇਜ਼ੀ ਤੇ ਪੰਜਾਬੀ ਨੂੰ ਪੜਾਉਣ ਦੇ ਢੰਗ ਵੱਖਰੇ ਹਨ। ਜੇ ਬੱਚਾ ਸਕੂਲ ਵਿੱਚ ਅੰਗਰੇਜ਼ੀ ਮਾਧਿਅਮ ਵਿੱਚ ਪੜਦਾ ਹੈ ਤਾਂ ਘਰ ਤੇ ਆਲੇ-ਦੁਆਲੇ ਵਿੱਚ ਉਹ ਘਰ ਦੀ ਬੋਲੀ ਬੋਲਦਾ ਹੈ। ਨਰਸਰੀ ਜਮਾਤ ਵਿੱਚ ਬੱਚੇ ਰੱਟਾ ਲਾ ਰਹੇ ਸਨ 'ਦਿ ਸਨ ਰਾਇਜ਼ਿਜ਼ ਇਨ ਦਿ ਈਸਟ' ਜਦੋਂ ਉਨਾਂ ਨੂੰ ਪੁੱਛਿਆ ਗਿਆ ਕਿ 'ਸਨ' ਕੀ ਹੁੰਦਾ ਤਾਂ ਬੱਚੇ ਹੱਸ ਪਏ ਤੇ ਕਹਿਣ ਲੱਗੇ ਸਾਨੂੰ ਨਹੀਂ ਪਤਾ। ਮੁੱਖ ਗੱਲ ਇਹ ਹੈ ਕਿ ਸਕੂਲਾਂ ਵਿੱਚ ਅੰਗਰੇਜ਼ੀ ਪੜਾਉਣ 'ਤੇ ਵੱਡਾ ਸਮਾਂ ਖ਼ਰਚ ਕਰ ਦਿੱਤਾ ਜਾਂਦਾ ਹੈ।

ਬਾਕੀ ਸਫ਼ਾ 31 'ਤੇ


ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ

ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh

Insurance Specialist, CA --LIC: #0822501

Phone : (510) 441-7490

(877) 441-7490

FAX : (510) 441-2537

ADDRESS : 30042 MISSION BLVD

SUITE #221, HAYWARD, CA 94544

ਅੰਮ੍ਰਿਤਸਰ ਟਾਈਮਜ਼
AMRITSAR TIMES
02 ਮਾਰਚ 2022 ਤੋਂ 08 ਮਾਰਚ 2022

## ਬੀ.ਬੀ.ਐੱਮ.ਬੀ. ਮਾਮਲਾ: ਤਾਕਤਾਂ ਦਾ ਕੇਂਦਰੀਕਰਨ, ਬਿਆਨ ਅਤੇ ਅਗਲਾ ਅਮਲ

ਦਿੱਲੀ ਦਰਬਾਰ ਦੇ ਕੇਂਦਰੀ ਨਿਜ਼ਾਮ ਤਹਿਤ 'ਊਰਜਾ ਮੰਤਰਾਲੇ' ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਅਤੇ ਹਰਿਆਣਾ ਤੋਂ ਕ੍ਰਮਵਾਰ ਮੈਂਬਰ ਊਰਜਾ (ਪਾਵਰ) ਅਤੇ ਮੈਂਬਰ ਸਿੰਚਾਈ ਦੀ ਨਿਯੁਕਤੀ ਕਰਨ ਵਾਲੇ ਨਿਯਮਾਂ ਵਿੱਚ ਫ਼ੇਰ-ਬਦਲ ਕੀਤੀ ਹੈ, ਜਿਸ ਨਾਲ਼ ਇਹ ਸ਼ਰਤ ਹਟਾ ਦਿੱਤੀ ਗਈ ਹੈ ਕਿ ਇਹ ਦੋਵੇਂ ਨਿਯੁਕਤੀਆਂ ਇਹਨਾ ਦੋਵਾਂ ਸੂਬਿਆਂ ਤੋਂ ਹੀ ਭਰੀਆਂ ਜਾਣੀਆਂ ਚਾਹੀਦੀਆਂ ਹਨ। ਕੇਂਦਰੀ ਵਜ਼ਾਰਤ ਨੇ 1974 ਦੇ ਭਾਖੜਾ ਬਿਆਸ ਪ੍ਰਬੰਧ ਨਿਯਮਾਂ ਵਿੱਚ ਫ਼ੇਰ-ਬਦਲ ਕਰਦਿਆਂ 23 ਫ਼ਰਵਰੀ ਨੂੰ ਸਰਕਾਰ ਨੇ ਪੱਤਰ (ਨੋਟੀਫਿਕੇਸ਼ਨ) ਜਾਰੀ ਕੀਤਾ ਹੈ ਜਿਸਦੇ ਤਹਿਤ ਹੁਣ ਉਕਤ ਦੋਹਾਂ ਅਹੁਦਿਆਂ ਲਈ ਨਿਯੁਕਤੀਆਂ ਕਿਸੇ ਵੀ ਸੂਬੇ ਵਿੱਚੋਂ ਕੀਤੀਆਂ ਜਾ ਸਕਦੀਆਂ ਹਨ। ਜ਼ਿਕਰਯੋਗ ਹੈ ਕਿ ਸੱਤ ਦਹਾਕਿਆਂ ਤੋਂ ਬੀ.ਬੀ.ਐੱਮ.ਬੀ. ਵਿੱਚ ਪਾਵਰ ਅਤੇ ਸਿੰਜਾਈ ਮੈਂਬਰ ਪੰਜਾਬ ਅਤੇ ਹਰਿਆਣਾ ਤੋਂ ਲਏ ਜਾਂਦੇ ਰਹੇ ਹਨ ਪਰ ਹੁਣ ਸਰਕਾਰੀ ਪੱਤਰ ਜਾਰੀ ਕਰਕੇ ਇਸ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਪੰਜਾਬ ਦੀ ਬੀ.ਬੀ.ਐੱਮ.ਬੀ. ਵਿੱਚੋਂ ਨੁਮਾਇੰਦਗੀ ਖ਼ਤਮ ਕਰਨ ਨਾਲ਼ ਰਾਜਾਂ ਦਾ ਪਾਣੀਆਂ ਸਮੇਤ ਹੈੱਡ ਵਰਕਸਾਂ ਉੱਪਰ ਨਿਯੰਤਰਣ ਦਾ ਅਧਿਕਾਰ ਖ਼ਤਮ ਹੋ ਜਾਵੇਗਾ।

ਲਿਖਤ ਲਿਖੇ ਜਾਣ ਤੱਕ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਸ ਮੁੱਦੇ 'ਤੇ ਕੇਂਦਰ ਸਰਕਾਰ ਖ਼ਿਲਾਫ਼ ਕੋਈ ਬਿਆਨ ਨਹੀਂ ਦਿੱਤਾ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਇਸ ਮਸਲੇ ਉੱਤੇ ਅਜੇ ਤੱਕ ਚੁੱਪ ਹੀ ਹਨ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਇਸ ਮੁੱਦੇ ਸੰਬੰਧੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਪੱਤਰ ਲਿਖਿਆ ਹੈ ਜਿਸ ਵਿੱਚ ਜਾਖੜ ਨੇ ਮੁੱਖ ਮੰਤਰੀ ਨੂੰ ਕਿਹਾ ਹੈ ਕਿ ਪੰਜਾਬ ਦੇ ਹਿਤਾਂ ਨੂੰ ਢਾਹ ਲਾਉਣ ਵਾਲੇ ਇਸ ਫ਼ੈਸਲੇ ਖ਼ਿਲਾਫ਼ ਸਰਬ-ਪਾਰਟੀ ਵਫ਼ਦ ਵਸਣੇ ਪ੍ਰਧਾਨ ਮੰਤਰੀ ਨਾਲ਼ ਮੁਲਾਕਾਤ ਕੀਤੀ ਜਾਵੇ। ਮੁੱਖ ਮੰਤਰੀ ਚੰਨੀ ਨੇ ਜਾਖੜ ਦੇ ਇਸ ਪੱਤਰ 'ਤੇ ਵੀ ਹਾਲੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਕੇਂਦਰ ਦੀ ਇਸ ਕਾਰਵਾਈ ਨੂੰ ਭਾਜਪਾ ਦੀ ਪੰਜਾਬ ਪ੍ਰਤੀ ਨਫ਼ਰਤ ਤੇ ਬੇਵਸਾਹੀ ਦੱਸਿਆ ਅਤੇ ਭਾਰਤ ਸਰਕਾਰ ਤੋਂ ਇਸ ਫ਼ੈਸਲੇ ਨੂੰ ਵਾਪਸ ਲੈਣ ਅਤੇ ਚੰਡੀਗੜ੍ਹ ਕੇਂਦਰੀ ਸ਼ਾਸਤ ਪ੍ਰਦੇਸ਼ ਵਿੱਚ ਪੰਜਾਬ ਹਰਿਆਣਾ ਕੇਡਰ 'ਚੋਂ 60-40 ਦੀ ਨਿਯੁਕਤੀ ਦੀ ਮੰਗ ਕੀਤੀ ਹੈ। ਮੰਗਾਂ ਨਾ ਮੰਨੀਆਂ ਜਾਣ ਦੀ ਸੂਰਤ ਵਿੱਚ ਕੇਂਦਰ ਸਰਕਾਰ ਖ਼ਿਲਾਫ਼ ਸੂਬਾ ਪੱਧਰ 'ਤੇ ਵਿਰੋਧ ਜਤਾਉਂਦੇ ਹੋਏ ਰੋਸ ਮੁਜ਼ਾਹਰੇ ਕਰਨ ਲਈ ਕਿਹਾ। 'ਆਪ' ਦੇ ਕਨਵੀਨਰ ਭਗਵੰਤ ਮਾਨ ਨੇ ਕਿਹਾ ਹੈ ਕਿ ਇਹ ਕਾਰਵਾਈ ਭਾਰਤ ਦੀ ਸੰਘੀ ਵਿਵਸਥਾ ਉੱਤੇ ਸਿੱਧਾ ਹਮਲਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੰਘੀ ਸਿਧਾਂਤਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ ਅਤੇ ਉਹਨਾਂ ਦੀ ਪਾਰਟੀ ਇਸ ਕਾਰਵਾਈ ਖ਼ਿਲਾਫ਼ ਸੰਘਰਸ਼ ਵਿੱਢੇਗੀ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਇਸ ਫ਼ੈਸਲੇ ਵਿਰੁੱਧ 7 ਮਾਰਚ ਨੂੰ ਪੰਜਾਬ ਵਿੱਚ ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਰੋਸ ਮੁਜ਼ਾਹਰੇ ਕਰਨ ਦਾ ਐਲਾਨ ਕੀਤਾ ਗਿਆ ਹੈ। ਕਿਰਤੀ ਕਿਸਾਨ ਮੋਰਚਾ ਰੋਪੜ ਨੇ ਵੀ ਇਸੇ ਮਾਮਲੇ 'ਤੇ 4 ਮਾਰਚ ਨੂੰ ਨੰਗਲ ਡੈਮ ਵਿੱਚ ਬੀ.ਬੀ.ਐੱਮ.ਬੀ. ਦੇ ਦਫ਼ਤਰ ਅੱਗੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ) ਦੇ ਆਗੂਆਂ ਨੇ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਨੂੰ ਦੇਸ਼ ਦੇ ਸੰਘੀ ਢਾਂਚੇ ਦੇ ਉਲਟ ਅਤੇ ਸੂਬੇ ਦੇ ਪਾਣੀਆਂ 'ਤੇ ਹਮਲਾ ਕਰਾਰ ਦਿੱਤਾ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਕਿਹਾ ਕਿ ਭਵਿੱਖ ਵਿੱਚ ਇਸ ਪ੍ਰਾਜੈਕਟ ਨੂੰ ਨਿਕੰਮਾ ਦਿਖਾ ਕੇ ਇਸ ਦਾ ਨਿੱਜੀਕਰਨ ਕੀਤਾ ਜਾ ਸਕਦਾ ਹੈ। ਜਥੇਬੰਦੀ ਨੇ ਮੰਗ ਕੀਤੀ ਕਿ ਬੀ.ਬੀ.ਐੱਮ.ਬੀ. ਦੀ ਬਣਤਰ ਦੀ ਪਹਿਲੀ ਸਥਿਤੀ ਬਹਾਲ ਕੀਤੀ ਜਾਵੇ ਅਤੇ ਇਸ ਦਾ ਕੰਟਰੋਲ ਪੰਜਾਬ ਤੇ ਹੋਰ ਹਿੱਸੇਦਾਰ ਸੂਬਿਆਂ ਦੇ ਹੱਥਾਂ ਵਿੱਚ ਹੀ ਰਹਿਣ ਦੀ ਗਾਰੰਟੀ ਦਿੱਤੀ ਜਾਵੇ।

ਜਾਣਕਾਰੀ ਅਨੁਸਾਰ 1966 ਵਿੱਚ ਪੰਜਾਬ ਅਤੇ ਹਰਿਆਣਾ ਨੂੰ ਬੀ.ਬੀ.ਐੱਮ.ਬੀ. ਨਾਲ਼ ਸੰਬੰਧਿਤ ਬਿਜਲੀ ਪ੍ਰੋਜੈਕਟਾਂ ਵਿੱਚ 58:42 ਦਾ ਹਿੱਸਾ ਦਿੱਤਾ ਗਿਆ ਸੀ। ਬਾਅਦ ਵਿੱਚ ਰਾਜਸਥਾਨ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਨੂੰ ਵੀ ਹਿੱਸਾ ਦਿੱਤਾ ਗਿਆ। ਬਿਜਲੀ ਬੋਰਡ ਵਿੱਚੋਂ ਉੱਚ ਅਹੁਦੇ ਤੋਂ ਸੇਵਾਮੁਕਤ ਇੰਜੀਨੀਅਰ ਪਦਮਜੀਤ ਸਿੰਘ ਨੇ ਕਿਹਾ ਹੈ ਕਿ 1967 ਤੋਂ ਹੀ ਇਹ ਮੈਂਬਰ ਵੱਡੇ ਸੂਬੇ ਅਤੇ ਹਿੱਸੇਦਾਰ ਹੋਣ ਦੇ ਨਾਤੇ ਪੰਜਾਬ ਅਤੇ ਹਰਿਆਣਾ ਤੋਂ ਲਏ ਜਾਂਦੇ ਰਹੇ ਹਨ ਅਤੇ ਇਨ੍ਹਾਂ ਵਿੱਚੋਂ ਵੱਡੇ ਅਤੇ ਵੱਧ ਹਿੱਸੇ ਪੰਜਾਬ ਨੂੰ ਪਹਿਲੇ ਨੰਬਰ 'ਤੇ ਰੱਖਿਆ ਜਾਂਦਾ ਹੈ ਤੇ ਖ਼ਰਚਾ ਵੀ ਵਧੇਰੇ ਪੰਜਾਬ ਹੀ ਕਰਦਾ ਆ ਰਿਹਾ ਹੈ। ਇੰਜਨੀਅਰ ਪਦਮਜੀਤ ਸਿੰਘ ਨੇ ਇਹ ਵੀ ਕਿਹਾ ਹੈ ਕਿ ਇਹ ਫ਼ੈਸਲਾ ਪਾਵਰ ਮੰਤਰਾਲੇ 'ਤੇ ਆਧਾਰਿਤ ਹੋਣ ਦੇ ਬਾਵਜੂਦ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਲਿਆ ਗਿਆ ਹੈ ਜੋ ਕਿ ਅਧਿਕਾਰਾਂ 'ਤੇ ਡਾਕਾ ਮਾਰਨ ਦੇ ਤੁੱਲ ਹੈ ਅਤੇ ਜੇ ਕੇਂਦਰ ਸਰਕਾਰ ਨੇ ਇਹ ਫ਼ੈਸਲਾ ਤੁਰੰਤ ਵਾਪਸ ਨਾ ਲਿਆ, ਤਾਂ ਇਸ ਤੋਂ ਕਈ ਤਰਾਂ ਦੀਆਂ ਸਮੱਸਿਆਵਾਂ ਉਤਪੰਨ ਹੋ ਸਕਦੀਆਂ ਹਨ।

ਇੰਜੀਨੀਅਰਿੰਗ ਐਸੋਸੀਏਸ਼ਨ (ਪੀ.ਐੱਸ.ਈ.ਬੀ.) ਦੇ ਜਨਰਲ ਸਕੱਤਰ ਅਜੈਪਾਲ ਅਟਵਾਲ ਦਾ ਕਹਿਣਾ ਹੈ ਕਿ ਇਹ ਕੇਂਦਰ ਸਰਕਾਰ ਦਾ ਪ੍ਰਾਜੈਕਟ ਹੀ ਨਹੀਂ ਹੈ ਤੇ ਇਹ ਕਾਰਵਾਈ ਵੀ ਪਿਛਲੇ ਸਾਲ ਥੋਪੇ 'ਬਿਜਲੀ ਐਕਟ 2020' ਦੀ ਤਰਜ਼ 'ਤੇ ਅਮਲ 'ਚ ਲਿਆਂਦੀ ਗਈ। ਇਹ ਸੂਬੇ ਦੇ ਅਧਿਕਾਰਾਂ 'ਤੇ ਡਾਕਾ ਮਾਰਨ ਵਾਲੀ ਕਾਰਵਾਈ ਹੈ। ਜਿਸ ਕਰਕੇ ਕੇਂਦਰ ਦਾ ਇਹ ਵਾਰ ਰੋਕਣ ਲਈ ਰੜੇ ਮੈਦਾਨ ਤਾਂ ਕੁੱਦਣਾ ਹੀ ਪਵੇਗਾ ਪਰ ਨਾਲ਼ ਹੀ ਕਾਨੂੰਨੀ ਲੜਾਈ ਲੜਨ ਲਈ ਉਨ੍ਹਾਂ ਦੀ ਜਥੇਬੰਦੀ ਅਦਾਲਤ ਦਾ ਦਰਵਾਜ਼ਾ ਖੜਕਾਉਣ ਤੋਂ ਵੀ ਗੁਰੇਜ਼ ਨਹੀਂ ਕਰੇਗੀ। ਐਂਪਲਾਈਜ਼ ਫ਼ੈਡਰੇਸ਼ਨ ਚਾਹਲ ਦੇ ਜਨਰਲ ਸਕੱਤਰ ਮਨਜੀਤ ਸਿੰਘ ਚਾਹਲ ਨੇ ਕਿਹਾ ਹੈ ਕਿ ਇਹ ਤੁਗ਼ਲਕੀ ਫ਼ਰਮਾਨ ਪੰਜਾਬ ਦੇ ਹਿੱਸੇ ਦੀਆਂ 1565 ਅਸਾਮੀਆਂ ਨਿਗਲ਼ ਜਾਵੇਗਾ।

ਇੰਡੀਅਨ ਐਕਸਪ੍ਰੈਸ ਅਖ਼ਬਾਰ ਮੁਤਾਬਿਕ ਜਦੋਂ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੇ ਮੈਂਬਰ (ਪਾਵਰ) ਹਰਮਿੰਦਰ ਸਿੰਘ ਚੁੱਘ ਨੂੰ ਪੁੱਛਿਆ ਗਿਆ ਕਿ ਕੀ ਤਬਦੀਲੀ ਕਰਨ ਤੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਸਰਕਾਰਾਂ ਤੋਂ ਟਿੱਪਣੀਆਂ ਮੰਗੀਆਂ ਗਈਆਂ ਸਨ, ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਦਿੱਲੀ ਦਰਬਾਰ ਦਾ ਕੇਂਦਰੀ ਨਿਜ਼ਾਮ ਲਗਾਤਾਰ ਤਾਕਤਾਂ ਦਾ ਕੇਂਦਰੀ ਕਰਨ ਕਰਦਾ ਜਾ ਰਿਹਾ ਹੈ ਅਤੇ ਸੂਬਿਆਂ ਦੇ ਹੱਕ ਅਤੇ ਤਾਕਤਾਂ ਸੀਮਤ ਹੁੰਦੀਆਂ ਜਾ ਰਹੀਆਂ ਹਨ। ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦਾ ਕੇਂਦਰੀ ਨਿਜ਼ਾਮ ਤਹਿਤ ਬਣਨਾ ਹੀ ਪੰਜਾਬ ਦੇ ਹੱਕਾਂ ਉੱਤੇ ਵੱਡਾ ਡਾਕਾ ਸੀ ਪਰ ਹੁਣ ਸੂਬੇ ਨੂੰ ਮਿਲੀ ਥੋੜੀ ਬਹੁਤ ਨੁਮਾਇੰਦਗੀ ਵੀ ਖੋਹਣ ਦਾ ਰਾਹ ਪੱਧਰਾ ਕਰ ਲਿਆ ਗਿਆ ਹੈ। ਹੁਣ ਜਿੱਥੇ ਤਕਰੀਬਨ ਹਰ ਸਿਆਸੀ ਅਤੇ ਗੈਰ-ਸਿਆਸੀ ਪਾਰਟੀ/ਜਥੇਬੰਦੀ ਵੱਲੋਂ ਕੇਂਦਰ ਦੀ ਇਸ ਕਾਰਵਾਈ ਸੰਬੰਧੀ ਬਿਆਨ ਆ ਰਹੇ ਹਨ ਉੱਥੇ ਬਿਆਨਾਂ ਤੋਂ ਅੱਗੇ ਅਮਲੀ ਤੌਰ 'ਤੇ ਕੋਈ ਠੋਸ ਕਦਮ ਲੈਣ ਦੀ ਜ਼ਰੂਰਤ ਹੈ। ਕਿਸਾਨੀ ਸੰਘਰਸ਼ ਵੀ ਜੇਕਰ ਸਫ਼ਲ ਹੋਇਆ ਹੈ ਤਾਂ ਓਹਦੇ ਵਿੱਚ ਵੀ ਬਿਆਨਾਂ ਤੋਂ ਅਗਲੇ ਅਮਲਾਂ ਦਾ ਹੀ ਯੋਗਦਾਨ ਹੈ। ਜੇਕਰ ਵਾਕਿਆ ਹੀ ਕੋਈ ਸਿਆਸੀ ਪਾਰਟੀ ਪੰਜਾਬ ਦੇ ਹਿਤਾਂ ਲਈ ਸੁਹਿਰਦ ਹੈ ਤਾਂ ਉਸ ਨੂੰ ਜ਼ਰੂਰ ਆਪਣੇ ਬਿਆਨਾਂ ਵਾਲੀ ਰੀਤ ਤੋਂ ਅੱਗੇ ਤੁਰਨ ਦੀ ਜ਼ਰੂਰਤ ਹੈ। ਮਹਿਜ ਬਿਆਨਾਂ ਨਾਲ਼ ਤਾਕਤਾਂ ਦੇ ਕੇਂਦਰੀਕਰਨ ਦੇ ਰੁਝਾਨ ਨੂੰ ਠੱਲ ਨਹੀਂ ਪੈ ਸਕਦੀ।

# ਹਿੰਦੂ ਰਾਸ਼ਟਰਵਾਦ ਵਿਰੁੱਧ ਖ਼ੁਦਮੁਖ਼ਤਿਆਰੀ ਦਾ ਯੁੱਗ ਜਲਦ ਆਵੇਗਾ

**ਜੇ ਤੁਸੀਂ ਸਾਰਿਆਂ ਨਾਲ਼ ਵਿਤਕਰਾ ਕਰਦੇ ਹੋ ਤਾਂ ਉਹ ਕਦੋਂ ਤੱਕ ਚੁੱਪ ਰਹਿਣਗੇ ? ਭਾਰਤ ਵਿੱਚ ਬਹੁਤ ਸਾਰੇ ਮਜ਼ਬੂਤ ਮੁੱਖ ਮੰਤਰੀ ਉੱਭਰ ਰਹੇ ਹਨ, ਸਟਾਲਿਨ, ਵਿਜਯਨ, ਮਮਤਾ ਸਾਰੇ ਤਜਰਬੇਕਾਰ ਖਿਡਾਰੀ ਹਨ, ਉਨ੍ਹਾਂ ਨਾਲ਼ ਕੇਂਦਰ ਪੱਖੀ ਧਿਰਾਂ ਜ਼ਿਆਦਾ ਦੇਰ ਨਹੀਂ ਖੇਡ ਸਕਦੀਆਂ। ਮੋਦੀ ਵਰਗੇ ਵਰਤਾਰੇ ਦਾ ਸਮਾਂ ਖ਼ਤਮ ਹੋ ਗਿਆ ਹੈ। ਭਾਜਪਾ ਵੱਲੋਂ ਸਟੇਟ ਦੇ ਡੰਡੇ ਦਾ ਡਰ ਦਿਖਾਇਆ ਜਾਵੇਗਾ, ਪਰ ਜਨਤਾ ਮੁਕਾਬਲੇ ਵਿੱਚ ਖੜੀ ਹੋਵੇਗੀ। ਅੱਜ ਜੋ ਨਜ਼ਾਰਾ ਅਸੀਂ ਸਮਾਜ ਵਿੱਚ, ਸੜਕ ਉੱਤੇ ਵਾਪਰਦੇ ਵੇਖ ਰਹੇ ਹਾਂ, ਉਹ ਬਹੁਤ ਚਿੰਤਾਜਨਕ ਹੈ। ਪਰ ਇਹ ਸਭ ਖ਼ਤਮ ਹੋ ਜਾਵੇਗਾ, ਲੋਕ ਇਸ ਨੂੰ ਖ਼ਤਮ ਕਰ ਦੇਣਗੇ।**



ਅਰੁੰਧਤੀ ਰੋਇ

ਅੱਜ, ਅਡਾਨੀ ਨੇ ਮੋਦੀ ਦੇ ਸਭ ਤੋਂ ਪਿਆਰੇ ਉਦਯੋਗਪਤੀ ਅੰਬਾਨੀ ਨੂੰ ਪਛਾੜ ਕੇ ਪਹਿਲੇ ਸਥਾਨ ਉੱਪਰ ਕਬਜ਼ਾ ਕਰ ਲਿਆ ਹੈ। ਬੀਤੇ ਇੱਕ ਸਾਲ ਵਿੱਚ ਅਡਾਨੀ ਦੀ ਸੰਪਤੀ 88 ਅਰਬ ਡਾਲਰ ਵਧ ਗਈ ਹੈ, ਜਦ ਕਿ ਅੰਬਾਨੀ 87 ਅਰਬ ਡਾਲਰ ਨਾਲ਼ ਦੂਜੇ ਸਥਾਨ ਉੱਪਰ ਹਨ। ਅਡਾਨੀ ਕੋਲ਼ ਇਸ ਬੇਸ਼ੁਮਾਰ ਦੌਲਤ ਵਿੱਚ ਇੱਕ ਸਾਲ ਦੌਰਾਨ 51 ਬਿਲੀਅਨ ਡਾਲਰ ਜਮਾਂ ਹੋਏ ਹਨ, ਜਦੋਂ ਕਿ ਇਸ ਸਮੇਂ ਦੌਰਾਨ ਭਾਰਤ ਦੇ ਕਰੋੜਾਂ ਲੋਕ ਗ਼ਰੀਬੀ, ਭੁੱਖਮਰੀ ਅਤੇ ਬੇਰੁਜ਼ਗਾਰੀ ਵਿੱਚ ਧੱਕੇ ਗਏ ਹਨ। ਭਾਵੇਂ ਇਹ ਸਿਲਸਿਲਾ ਕੇਂਦਰ ਵਿੱਚ ਮੋਦੀ ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ, ਪਰ ਮੋਦੀ ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਹੀ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਦਾ 25% ਹਿੱਸਾ 100 ਚੋਣਵੇਂ ਕਾਰਪੋਰੇਟਾਂ ਦੇ ਹੱਥਾਂ ਵਿੱਚ ਸੀ, ਪਰ ਮੋਦੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਕੁਝ ਕੁ ਕਾਰਪੋਰੇਟ ਘਰਾਣਿਆਂ ਨੇ ਅਮੀਰੀ ਦੀ ਜੋ ਰਫ਼ਤਾਰ ਫੜੀ ਹੈ, ਉਹ ਆਪਣੇ ਆਪ ਵਿੱਚ ਹੈਰਾਨੀਜਨਕ ਹੈ। 2002 ਦੇ ਗੁਜਰਾਤ ਹਿੰਸਾ ਦੌਰਾਨ ਹਜ਼ਾਰਾਂ ਮੁਸਲਿਮ ਭਾਈਚਾਰੇ ਦੇ ਕਤਲੇਆਮ ਅਤੇ ਹਿਜਰਤ ਹੋਣ ਬਾਅਦ ਰਤਨ ਟਾਟਾ ਅਤੇ ਅੰਬਾਨੀ ਸਮੇਤ ਕਾਰਪੋਰੇਟ ਜਗਤ ਨੇ ਮੋਦੀ ਉੱਪਰ ਭਵਿੱਖ ਦੇ ਅਗਲੇ ਪ੍ਰਧਾਨ ਮੰਤਰੀ ਵਜੋਂ ਮੋਹਰ ਲਗਾ ਦਿੱਤੀ। ਅੱਜ ਦੇ ਚੋਣ ਮਾਹੌਲ ਵਿੱਚ ਯੂ.ਪੀ. ਦੇ ਇੱਕ ਸਾਧਾਰਨ ਕਿਸਾਨ ਨੇ ਬਹੁਤ ਹੀ ਮਜ਼ਾਕੀਆ ਲਹਿਜੇ ਵਿੱਚ ਕਿਹਾ ਕਿ ਇਸ ਦੇਸ਼ ਨੂੰ ਚਾਰ ਲੋਕ ਚਲਾਉਂਦੇ ਹਨ, ਦੋ ਲੋਕ ਵੇਚਦੇ ਹਨ, ਦੋ ਲੋਕ ਖ਼ਰੀਦਦੇ ਹਨ ਅਤੇ ਚਾਰੇ ਗੁਜਰਾਤ ਦੇ ਹਨ। 'ਜੇਕਰ ਧਿਆਨ ਨਾਲ਼ ਦੇਖਿਆ ਜਾਵੇ ਤਾਂ ਜਿਸ ਤਰਾਂ ਭਾਰਤ ਦੇ ਪੈਟਰੋ ਕੈਮੀਕਲ, ਮੀਡੀਆ, ਇੰਟਰਨੈੱਟ, ਬੰਦਰਗਾਹਾਂ ਸਮੇਤ ਸਾਰੇ ਸਾਧਨਾਂ 'ਤੇ ਇਨ੍ਹਾਂ ਕਾਰਪੋਰੇਟਾਂ ਨੇ ਕਬਜ਼ਾ ਕੀਤਾ ਹੋਇਆ ਹੈ, ਪਰ ਅਜਿਹੀ ਇਜਾਰੇਦਾਰੀ ਪੱਛਮੀ ਦੇਸ਼ਾਂ ਵਿੱਚ ਕਿਤੇ ਨਜ਼ਰ ਨਹੀਂ ਆਉਂਦੀ।'

ਹਾਲ ਹੀ ਵਿੱਚ ਸੰਸਦ ਦੇ ਅੰਦਰ ਬਜਟ ਸੈਸ਼ਨ ਦੌਰਾਨ ਰਾਹੁਲ ਗਾਂਧੀ ਵੱਲੋਂ ਦਿੱਤੇ ਗਏ ਭਾਸ਼ਣ ਵਿੱਚ ਉਨ੍ਹਾਂ ਨੇ ਅਮੀਰ ਭਾਰਤ ਅਤੇ ਗ਼ਰੀਬ ਭਾਰਤ ਦੀ ਗੱਲ ਕੀਤੀ ਸੀ। ਅਸਲ ਵਿੱਚ ਜੋ ਰਾਹੁਲ ਨੇ ਕਿਹਾ ਹੈ ਉਹ ਭਾਰਤ ਦੀ ਅਸਲ ਤਸਵੀਰ ਹੈ। ਹਿੰਦੂ ਰਾਸ਼ਟਰਵਾਦ ਤਹਿਤ ਕਾਰਪੋਰੇਟ ਵਰਗ ਨੂੰ ਬੈਂਕ ਲੁੱਟ ਦੀ ਗਾਰੰਟੀ ਮਿਲ ਗਈ ਹੈ ਅਤੇ ਹੁਣ ਮੋਦੀ ਦੀ 56 ਇੰਚ ਦੀ ਛਾਤੀ ਨਾਲ਼ ਇਹ ਗਿਰਾਵਟ ਆਈ ਹੈ ਕਿ ਭਾਰਤ ਦੀ ਮਾਇਆ ਕੁਝ ਕਾਰਪੋਰੇਟਾਂ ਤੱਕ ਸੀਮਤ ਹੋ ਗਈ ਹੈ। ਗ਼ਰੀਬੀ ਵਿੱਚ ਵਾਧਾ ਹੋ ਰਿਹਾ ਹੈ। ਲੋਕਤੰਤਰ ਅਤੇ ਇਸ ਦੀਆਂ ਸੰਸਥਾਵਾਂ ਦਾ ਪਤਨ ਬਹੁਤ ਤੇਜ਼ੀ ਨਾਲ਼ ਹੋਇਆ ਹੈ। ਮੋਦੀ ਰਾਜ ਤੋਂ ਪਹਿਲਾਂ ਭਾਵੇਂ ਯੂ.ਪੀ.ਏ. ਦਾ ਰਾਜ ਚੱਲ ਰਿਹਾ ਸੀ, ਉਦੋਂ ਵੀ ਜਮਹੂਰੀਅਤ ਨੂੰ ਖੋਰਾ ਲੱਗ ਰਿਹਾ ਸੀ, ਪਰ ਅੱਜ ਇਸ ਦੀ ਰਫ਼ਤਾਰ ਭਿਆਨਕ ਪੱਧਰ ਤੱਕ ਪਹੁੰਚ ਗਈ ਹੈ। ਅੱਜ ਅਸੀਂ ਉਸ ਸਥਿਤੀ 'ਤੇ ਪਹੁੰਚ ਗਏ ਹਾਂ ਜਿੱਥੇ ਪੈਸੇ ਨਾਲ਼ ਲੋਕਤੰਤਰ ਖ਼ਰੀਦਿਆ ਜਾ ਸਕਦਾ ਹੈ। ਪ੍ਰੈੱਸ, ਅਦਾਲਤਾਂ, ਖ਼ੁਫ਼ੀਆ ਪ੍ਰਣਾਲੀ ਤੇ ਇੱਥੋਂ ਤੱਕ ਕਿ ਫ਼ੌਜ, ਸਿੱਖਿਆ ਦੇ ਖੇਤਰ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ। ਸੰਸਦ ਮਨ ਦੀ ਬਾਤ ਬਣ ਗਈ ਹੈ। ਕਸ਼ਮੀਰ ਵਿੱਚ ਧਾਰਾ 370 ਖ਼ਤਮ ਕਰਕੇ, ਖੇਤੀ ਸੰਬੰਧੀ ਕਾਰਪੋਰੇਟ ਪੱਖੀ ਕਨੂੰਨ ਬਣਾਕੇ, ਲੋਕਾਂ ਦੇ ਜੀਵਨ ਤੇ ਅਜ਼ਾਦੀ ਨੂੰ ਪੂਰੀ ਤਰਾਂ ਤਬਾਹ ਕੀਤਾ ਗਿਆ ਹੈ ਅਤੇ ਇਹ ਕਹਿਣ ਦੀ ਲੋੜ ਨਹੀਂ ਕਿ ਸੁਪਰੀਮ ਕੋਰਟ ਵੀ ਕਿਤੇ ਨਾ ਕਿਤੇ ਇੱਕ ਪਾਸੜ ਫ਼ੈਸਲੇ ਲੈ ਰਹੀ ਹੈ ਜੋ ਮੋਦੀ ਸਰਕਾਰ ਦੇ ਹੱਕ ਵਿੱਚ ਭੁਗਤਦੇ ਹਨ। ਪ੍ਰਧਾਨ ਮੰਤਰੀ ਨੇ ਇੱਕ ਦਿਨ ਫ਼ੈਸਲਾ ਕੀਤਾ ਕਿ ਨੋਟਬੰਦੀ ਕੀਤੀ ਜਾਣੀ ਹੈ ਅਤੇ ਬਿਨਾਂ ਕਿਸੇ ਨਾਲ਼ ਸਲਾਹ ਕੀਤੇ, ਪੂਰੇ ਦੇਸ਼ ਲਈ ਨੋਟਬੰਦੀ ਲਾਗੂ ਕਰ ਦਿੱਤੀ। ਇਸੇ ਤਰਾਂ ਕੋਵਿਡ-19 ਲਈ ਭਾਵੇਂ ਚਾਰ ਘੰਟਿਆਂ ਦੇ ਅੰਦਰ ਲਾਕਡਾਊਨ ਲਾਗੂ ਕਰਨ ਦਾ ਐਲਾਨ ਹੋਵੇ ਜਾਂ ਤਿੰਨ ਖੇਤੀ ਕਾਨੂੰਨਾਂ ਦਾ ਐਲਾਨ, ਜਾਂ ਫਿਰ ਨਾਗਰਿਕਤਾ ਸੋਧ ਬਿੱਲ, ਇਹ ਸਭ ਕੁਝ ਕਿਤੇ ਨਾ ਕਿਤੇ ਲੋਕਤੰਤਰ ਦੇ ਵਿਚਾਰ ਤੇ ਸਿਧਾਂਤ ਨਾਲ਼ ਖਿਲਵਾੜ ਕੀਤਾ ਜਾ ਰਿਹਾ ਹੈ ਅਤੇ ਹੁਣ ਸਥਿਤੀ ਇਹ ਬਣ ਗਈ ਹੈ ਕਿ ਭਾਜਪਾ ਅਤੇ ਇਸ ਦੇ ਆਗੂ ਰਾਸ਼ਟਰ ਦੇ ਸੰਕਲਪ ਨੂੰ ਲੈ ਕੇ ਭੰਬਲਭੂਸੇ ਵਿੱਚ ਹਨ। ਮੋਦੀ ਸਰਕਾਰ ਨੇ ਭਾਰਤੀ ਲੋਕਤੰਤਰ ਨੂੰ ਸ਼ੋਅ ਪੀਸ ਬਣਾ ਕੇ ਰੱਖਿਆ ਹੋਇਆ ਹੈ। ਹੁਣੇ ਜਿਹੇ ਹਰਿਦੁਆਰ ਵਿੱਚ ਹਿੰਦੂਤਵੀਆਂ ਵੱਲੋਂ ਧਰਮ ਸੰਸਦ ਦੌਰਾਨ ਮੁਸਲਮਾਨਾਂ ਦੇ ਕਤਲੇਆਮ ਦੀ ਚਰਚਾ ਹੋਈ। ਇਸ ਤੋਂ ਇਲਾਵਾ ਹਿੰਦੂਤਵੀਆਂ ਵੱਲੋਂ ਸੈਂਕੜੇ ਈਸਾਈਆਂ ਤੇ ਚਰਚਾਂ ਉੱਪਰ ਹਮਲੇ ਕੀਤੇ ਜਾ ਰਹੇ ਹਨ, ਯਿਸੂ ਮਸੀਹ ਦੇ ਬੁੱਤ ਨੂੰ ਭੰਨਿਆ ਗਿਆ। ਧਰਮ ਸੰਸਦ ਦੌਰਾਨ ਮੁਸਲਿਮ ਕਤਲੇਆਮ ਦੀ ਧਮਕੀ ਦੇਣ ਵਾਲੇ ਦੋਸ਼ੀ ਫ਼ਿਰਕਾਪ੍ਰਸਤ ਯੇਤੀ ਨਰਸਿਮਹਾਨੰਦ ਨੂੰ ਹਾਲ ਹੀ ਵਿੱਚ ਅਦਾਲਤ ਨੇ ਜ਼ਮਾਨਤ 'ਤੇ ਰਿਹਾਅ ਕੀਤਾ ਸੀ। ਇਸ ਲਈ ਅਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਕੰਮ ਸਿਰਫ਼ ਸਰਕਾਰ ਹੀ ਕਰ ਰਹੀ ਹੈ, ਸਗੋਂ ਪੂਰੀ ਸਰਕਾਰੀ ਮਸ਼ੀਨਰੀ ਇਸ ਫਾਸ਼ੀਵਾਦੀ ਹਿੰਦੂਤਵ ਦੀ ਲਪੇਟ ਵਿੱਚ ਆ ਗਈ ਹੈ। ਪ੍ਰੋਫ਼ੈਸਰਾਂ, ਪੱਤਰਕਾਰਾਂ, ਵਕੀਲਾਂ, ਕਵੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਲੋਕਾਂ ਨੂੰ ਕੈਦ ਕੀਤਾ ਗਿਆ ਹੈ, ਜਦੋਂ ਕਿ ਨਸਲਕੁਸ਼ੀ ਬਾਰੇ ਖੁੱਲ ਕੇ ਗੱਲ ਕਰਨ ਵਾਲਿਆਂ ਨੂੰ ਜਲਦੀ ਜ਼ਮਾਨਤ ਮਿਲ ਰਹੀ ਹੈ। ਇਸ ਤੋਂ ਇਲਾਵਾ ਅਜਿਹੀਆਂ ਕਈ ਉਦਾਹਰਣਾਂ ਹਨ, ਜਿਵੇਂ ਕਿ ਕਰਨਾਟਕ ਵਿੱਚ ਸ਼ੁਰੂ ਹੋਏ ਹਿਜਾਬ ਵਿਵਾਦ ਨੂੰ ਦੇਖ ਸਕਦੇ ਹੋ। ਇੱਥੇ ਅਦਾਲਤ ਖੁੱਲੇਆਮ ਨਹੀਂ, ਕਿਤੇ ਨਾ ਕਿਤੇ ਅਸਥਾਈ ਤੌਰ 'ਤੇ ਹਿੰਦੂਤਵੀ ਜਥੇਬੰਦੀਆਂ ਦੇ ਹੱਕ ਵਿੱਚ ਹੈ। ਫ਼ਿਲਹਾਲ ਇਹ ਮੰਨ ਲਈਏ ਕਿ ਹਿਜਾਬ ਪਾ ਕੇ ਕਾਲਜ ਆਉਣ ਵਾਲੀਆਂ ਕੁੜੀਆਂ ਇੱਕ ਸਮੱਸਿਆ ਪੈਦਾ ਕਰ ਰਹੀਆਂ ਹਨ, ਪਰ ਕਿਸੇ ਸੂਬੇ ਦੇ ਮੁੱਖ ਮੰਤਰੀ ਨੂੰ ਭਗਵੇਂ ਕੱਪੜਿਆਂ ਵਿੱਚ ਆਪਣੇ ਦਫ਼ਤਰ ਵਿੱਚ ਰਹਿਣਾ ਕਿਵੇਂ ਸਵੀਕਾਰਯੋਗ ਹੈ। ਪ੍ਰਧਾਨ ਮੰਤਰੀ ਮੋਦੀ ਦੁਆਰਾ ਜਨਤਕ ਥਾਵਾਂ 'ਤੇ ਖੁੱਲੇਆਮ ਧਾਰਮਿਕ ਪ੍ਰਦਰਸ਼ਨਾਂ ਨੂੰ ਕਿਵੇਂ ਸਵੀਕਾਰ ਕੀਤਾ ਜਾ ਸਕਦਾ ਹੈ ? ਅਸੀਂ ਕਹਿ ਸਕਦੇ ਹਾਂ ਕਿ ਸਾਡੇ ਦੇਸ਼ ਵਿੱਚ ਬਹੁਤ ਵਧੀਆ ਕਾਨੂੰਨ ਹੈ, ਬਹੁਤ ਵਧੀਆ ਕਾਨੂੰਨੀ ਫ਼ੈਸਲੇ ਲਏ ਜਾਂਦੇ ਹਨ, ਪਰ ਜੇਕਰ ਇਸਦੀ ਵਿਆਖਿਆ ਤੁਹਾਡੀ ਜਾਤ, ਧਰਮ ਅਤੇ ਜਮਾਤੀ ਪਿਛੋਕੜ, ਲਿੰਗ, ਨਸਲ ਦੇ ਆਧਾਰ 'ਤੇ ਕੀਤੀ ਜਾਵੇ, ਤਾਂ ਕਿਤੇ ਨਾ ਕਿਤੇ ਅਸੀਂ ਰੇਤ ਦੇ ਢੇਰ 'ਤੇ ਖੜੇ ਹਾਂ, ਜੋ ਕਿ ਕਿਸੇ ਵੇਲੇ ਵੀ ਢਹਿ ਢੇਰੀ ਹੋ ਸਕਦਾ ਹੈ।

ਭਾਰਤ ਵਿੱਚ ਹਿੰਦੂ ਰਾਸ਼ਟਰ ਬਾਰੇ ਕੋਈ ਸਵਾਲ ਨਹੀਂ ਕਰ ਸਕਦਾ। ਅਸਲ ਵਿੱਚ ਹਿੰਦੂ ਸਰਵਉੱਚਤਾ ਦਾ ਇਹ ਵਿਚਾਰ ਆਪਣੇ ਆਪ ਵਿੱਚ ਸਮੱਸਿਆ ਪੈਦਾ ਕਰਨ ਵਾਲਾ ਹੈ। ਕਿਉਂਕਿ ਸੰਘ ਪਰਿਵਾਰ 19ਵੀਂ ਸਦੀ ਤੋਂ ਹੀ ਹਿੰਦੂ ਸਰਵਉੱਚਤਾ ਦਾ ਸਿਆਸੀ ਪ੍ਰਵਚਨ ਰਚਨ ਦੇ ਯਤਨਾਂ ਵਿੱਚ ਲੱਗਾ ਹੋਇਆ ਸੀ। ਆਰੀਆ ਸਮਾਜ ਤੇ ਬਾਅਦ ਵਿੱਚ ਆਰ. ਐੱਸ.ਐੱਸ ਦੀ ਕੋਸ਼ਿਸ਼ ਇਹ ਸੀ ਕਿ ਜਾਤ-ਪ੍ਰਣਾਲੀ ਨੂੰ ਜਿਉਂ ਦਾ ਤਿਉਂ ਰੱਖਿਆ ਜਾਵੇ, ਪਰ ਉਹ ਇਸ ਗੱਲੋਂ ਡੂੰਘੇ ਫ਼ਿਕਰਮੰਦ ਸਨ ਕਿ ਵੱਡੀ ਗਿਣਤੀ ਵਿੱਚ ਦਲਿਤ ਹਿੰਦੂ ਧਰਮ ਤੋਂ ਬਾਹਰ ਨਿਕਲ ਕੇ ਇਸਲਾਮ ਜਾਂ ਈਸਾਈ ਜਾਂ ਸਿੱਖ ਧਰਮ ਵਿੱਚ ਸ਼ਾਮਿਲ ਹੋ ਰਹੇ ਹਨ, ਜਦਕਿ ਹਿੰਦੂ ਆਬਾਦੀ ਘਟ ਰਹੀ ਹੈ। ਇਸ ਦੇ ਮੱਦੇਨਜ਼ਰ ਹਿੰਦੂ ਰਾਸ਼ਟਰਵਾਦੀਆਂ ਵੱਲੋਂ ਅਸੀਂ ਸਾਰੇ ਇੱਕ ਹਾਂ ਦਾ ਪ੍ਰਚਾਰ ਸ਼ੁਰੂ ਕੀਤਾ ਗਿਆ। ਪਰ ਹਿੰਦੂ ਰਾਸ਼ਟਰਵਾਦੀ ਦਲਿਤਾਂ ਨੂੰ ਹਿੰਦੂ ਧਰਮ ਵਿੱਚ ਬਰਾਬਰੀ ਦਾ ਸਥਾਨ ਦੇਣ ਲਈ ਤਿਆਰ ਨਹੀਂ ਹਨ।

ਹਾਲ ਹੀ ਵਿੱਚ ਅਮਿਤ ਸ਼ਾਹ ਨੇ ਕਿਹਾ ਕਿ ਅਸੀਂ ਮੁਗ਼ਲਾਂ ਨਾਲ਼ ਲੜ ਰਹੇ ਹਾਂ। ਮੁਗ਼ਲਾਂ ਤੋਂ ਸ਼ਾਇਦ ਉਸਦਾ ਮਤਲਬ ਮੁਸਲਮਾਨ ਸੀ। ਉਨ੍ਹਾਂ ਦੀ ਕੋਸ਼ਿਸ਼ ਜ਼ਰੂਰ ਇਹ ਦਰਸਾਉਣ ਦੀ ਰਹੀ ਹੋਵੇਗੀ ਕਿ ਮੁਸਲਿਮ ਕੌਮ ਮੁਗ਼ਲਾਂ ਦੀ ਸੰਤਾਨ ਹੈ, ਜਿਨ੍ਹਾਂ ਨੇ ਸਾਡੇ 'ਤੇ ਰਾਜ ਕੀਤਾ ਅਤੇ ਜ਼ੁਲਮ ਕੀਤਾ। ਇਸੇ ਤਰਾਂ ਈਸਾਈ ਪੱਛਮ ਦੇ ਏਜੰਟ ਹਨ, ਇਸ ਲਈ ਉਨ੍ਹਾਂ ਦੀ ਨਸਲਕੁਸ਼ੀ ਵਰਗੇ ਸ਼ਬਦ ਵਰਤੇ ਜਾਂਦੇ ਹਨ। ਪਰ ਸੱਚਾਈ ਇਹ ਹੈ ਕਿ ਸਾਡੇ ਦੇਸ਼ ਵਿੱਚ ਕਰੋੜਾਂ ਲੋਕਾਂ ਨੇ ਜਾਤੀ ਸ਼ੋਸ਼ਣ ਤੋਂ ਅਜ਼ਾਦੀ ਲੈਣ ਲਈ ਹੀ ਇਸਲਾਮ, ਸਿੱਖ ਧਰਮ ਜਾਂ ਈਸਾਈ ਧਰਮ ਅਪਣਾਇਆ ਸੀ ਪਰ ਹੁਣ ਹਿੰਦੂਤਵੀ ਉਨ੍ਹਾਂ ਵਿਰੁੱਧ ਨਫ਼ਰਤ ਫ਼ੈਲਾ ਰਹੇ ਹਨ। ਉਨ੍ਹਾਂ ਨੂੰ ਮੁਗ਼ਲ, ਵਿਦੇਸ਼ੀ ਜਾਂ ਅੱਤਵਾਦੀ ਕਹਿੰਦੇ ਹਨ। ਇਲੀਟ ਮੀਡੀਆ ਚੋਣਾਂ ਵੇਲੇ ਸਿਰਫ਼ ਜਾਤ-ਪਾਤ ਦੀ ਗੱਲ ਕਰਦਾ ਹੈ ਅਤੇ ਦਲਿਤ ਵੋਟ ਬੈਂਕ ਦਾ ਵਿਸ਼ਲੇਸ਼ਣ ਵੱਡੇ ਪੱਧਰ 'ਤੇ ਕੀਤਾ ਜਾਂਦਾ ਹੈ, ਪਰ ਜਦੋਂ ਚੋਣਾਂ ਖ਼ਤਮ ਹੋ ਜਾਂਦੀਆਂ ਹਨ ਤਾਂ ਉਹ ਇਸ ਮੁੱਦੇ ਨੂੰ ਭੁੱਲ ਜਾਂਦਾ ਹੈ। ਮੀਡੀਆ ਲਈ ਦਲਿਤ ਸ਼ੋਸ਼ਣ ਦੀ ਗੱਲ ਹੀ ਖ਼ਤਮ ਹੋ ਜਾਂਦੀ ਹੈ। ਮੰਡਲ ਕਮਿਸ਼ਨ ਤੋਂ ਪੈਦਾ ਹੋਏ ਲਾਲੂ, ਮੁਲਾਇਮ ਅਤੇ ਮਾਇਆਵਤੀ ਦੀ ਸਿਆਸਤ ਭਾਵੇਂ ਕੁਝ ਸਮੇਂ ਲਈ ਹਾਸ਼ੀਏ 'ਤੇ ਰਹਿ ਗਈ ਹੋਵੇ, ਪਰ ਅੱਜ ਵੀ ਦਲਿਤ ਹੱਥੀਂ ਮੈਲਾ ਚੁੱਕਦੇ ਹਨ। ਉਨ੍ਹਾਂ ਨਾਲ਼ ਵਿਤਕਰਾ ਜਾਰੀ ਹੈ। ਅਸੀਂ ਕਦੇ ਇਹ ਨਹੀਂ ਪੁੱਛਦੇ ਕਿ ਸਾਡਾ ਚਾਰਟਰਡ ਅਕਾਊਂਟੈਂਟ ਕਿਸ ਜਾਤ ਦਾ ਹੈ। ਇਹ 100 ਕਾਰਪੋਰੇਟ ਜਿਨ੍ਹਾਂ ਦਾ ਅੱਜ ਭਾਰਤ ਦੀ ਅਰਥਵਿਵਸਥਾ ਉੱਪਰ ਪੂਰਾ ਕੰਟਰੋਲ ਹੈ, ਉਹ ਕਿਹੜੀਆਂ ਜਾਤਾਂ ਦੇ

# ਰੂਸੀ ਫ਼ੌਜ ਮਾਨਸਿਕ ਤੌਰ 'ਤੇ ਯੂਕਰੇਨ ਵਾਸੀਆਂ ਤੋਂ ਜੰਗ ਹਾਰੀ

## 'ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ'



**ਗਗਨਦੀਪ ਸਿੰਘ ਸਰਾਂ**

**98145 10030**

ਅੱਜ ਦੁਨੀਆਂ ਦੀਆਂ ਨਜ਼ਰਾਂ ਰੂਸ ਅਤੇ ਯੂਕਰੇਨ ਦਰਮਿਆਨ ਹੋ ਰਹੀ ਅਸਾਵੀਂ ਜੰਗ ਉੱਪਰ ਲੱਗੀਆਂ ਹੋਈਆਂ ਹਨ। ਅਸਾਵੀਂ ਜੰਗ ਇਸ ਕਰ ਕੇ ਕਿਉਂਕਿ ਰੂਸ ਦਾ ਯੂਕਰੇਨ ਨਾਲ਼ ਕੋਈ ਮੁਕਾਬਲਾ ਨਹੀਂ ਹੈ। ਯੂਕਰੇਨ ਖੇਤਰਫ਼ਲ, ਵਸੋਂ, ਫ਼ੌਜਾਂ ਦੀ ਗਿਣਤੀ ਤੇ ਫ਼ੌਜੀ ਸਾਜੋ ਸਮਾਨ ਪੱਖੋਂ ਰੂਸ ਦੇ ਮੁਕਾਬਲੇ ਕਮਜ਼ੋਰ ਹੈ। ਪਰ ਇਸ ਅਸਾਵੀਂ ਜੰਗ ਵਿੱਚ ਜਿਸ ਤਰਾਂ ਯੂਕਰੇਨ ਵਾਸੀਆਂ ਵੱਲੋਂ ਆਪਣੀ ਹੋਂਦ ਨੂੰ ਬਚਾਉਣ ਲਈ ਹੰਕਾਰੀ ਧਿਰ ਰੂਸ ਦਾ ਮੁਕਾਬਲਾ ਕਰਿਆ ਜਾ ਰਿਹਾ ਹੈ। ਉਸ ਜਜ਼ਬੇ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਜਿਵੇਂ ਕਿ ਆਪਾਂ ਜਾਣਦੇ ਹਾਂ ਕਿ ਹਰ ਦੇਸ਼ ਨੇ ਆਪਣੀਆਂ ਸਰਹੱਦਾਂ ਅਤੇ ਦੇਸ਼ ਵਾਸੀਆਂ ਦੀ ਹਿਫ਼ਾਜ਼ਤ ਲਈ ਫ਼ੌਜਾਂ ਦਾ ਗਠਨ ਕੀਤਾ ਹੋਇਆ ਹੈ ਤੇ ਫ਼ੌਜਾਂ ਦਾ ਕੰਮ ਹੀ ਜੰਗ-ਏ-ਮੈਦਾਨ ਵਿੱਚ ਜੂਝਣਾ ਹੁੰਦਾ ਹੈ। ਪਰ ਰੂਸ ਤੇ ਯੂਕਰੇਨ ਦੀ ਜੰਗ ਹੋਰਨਾਂ ਸੰਸਾਰ ਜੰਗਾਂ ਤੋਂ ਵਿਲੱਖਣ ਹੈ ਕਿਉਂਕਿ ਇਸ ਜੰਗ ਵਿੱਚ ਯੂਕਰੇਨ ਵਾਸੀ (ਜਿਨਾਂ ਵਿੱਚ ਬਜ਼ੁਰਗਾਂ ਤੋਂ ਲੈ ਕੇ ਬੱਚਿਆਂ ਤੱਕ ਹਰ ਵਰਗ) ਖ਼ੁਦ ਆਪਣੇ ਮੁਲਕ ਦੀ ਹਿਫ਼ਾਜ਼ਤ ਕਰਨ ਲਈ ਹੱਥਾਂ ਵਿੱਚ ਹਥਿਆਰਾਂ ਫੜ ਰੂਸੀ ਫ਼ੌਜ ਦਾ ਟਾਕਰਾ ਕਰ ਰਹੇ ਹਨ। ਜਿਸ ਵਿੱਚ ਪਹਿਲੀ ਸਭ ਤੋਂ ਪਹਿਲੀ ਉਦਾਹਰਨ ਵਿਟਾਲੀ ਕਲਿਟਸਕੋ ਹੈ, ਜਿਸ ਨੇ ਇਨਾਂ ਸ਼ਬਦਾਂ ਨੂੰ ਸੱਚ ਕਰ ਦਿੱਤਾ ਕਿ ਜਿਸ ਨੂੰ ਕੌਮ ਨਾਲ਼ ਪਿਆਰ ਹੋਵੇ ਤਾਂ ਉਹ ਆਪਣਾ ਆਪਾ ਵੀ ਵਾਰ ਜਾਂਦਾ ਹੈ।

ਇਸ ਸਮੇਂ ਕੀਵ ਦੇ ਮੇਅਰ ਵਿਟਾਲੀ ਕਲਿਟਸਕੋ ਆਪਣੇ ਦੇਸ਼ ਦੀ ਰੱਖਿਆ ਲਈ ਲੜਾਈ ਦੇ ਮੋਰਚੇ 'ਤੇ ਨਾਇਕ ਦੀ ਭੂਮਿਕਾ ਨਿਭਾ ਰਹੇ ਹਨ। ਵਿਟਾਲੀ ਕਲਿਟਸਕੋ ਇੱਕ ਸਾਬਕਾ ਮੁੱਕੇਬਾਜ਼ੀ ਚੈਂਪੀਅਨ ਅਤੇ ਇੱਕ ਕਰੋੜਪਤੀ ਹੈ,



ਉਹ ਪ੍ਰਾਈਵੇਟ ਜੈੱਟ ਦੁਆਰਾ ਯੂਕਰੇਨ ਤੋਂ ਭੱਜ ਸਕਦਾ ਸੀ, ਕਿਤੇ ਹੋਰ ਖ਼ੁਸ਼ਹਾਲ ਜੀਵਨ ਬਤੀਤ ਕਰ ਸਕਦਾ ਸੀ, ਪਰ ਉਸਨੇ ਆਪਣੇ ਦੇਸ਼ ਲਈ ਲੜਨ ਦਾ ਫ਼ੈਸਲਾ ਕੀਤਾ।

ਇਸ ਦੇ ਨਾਲ਼ ਹੀ ਸੰਸਾਰ ਭਰ ਦੇ ਸਿਆਸਤਦਾਨਾਂ ਲਈ ਇੱਕ ਮਿਸਾਲ ਕਾਇਮ ਕਰਦੇ ਹੋਏ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਜੋ ਰੂਸ ਤੇ ਪੁਤਿਨ ਤੋਂ ਯੂਕਰੇਨੀਅਨ ਮਾਤਭੂਮੀ ਦੀ ਰੱਖਿਆ ਕਰਨ ਲਈ ਮੈਦਾਨ ਵਿੱਚ ਆ ਗਏ ਹਨ। ਬੇਸ਼ਕ ਇਸ ਸਮੇਂ ਯੂਕਰੇਨ ਰੂਸ ਨਾਲ਼ ਇਕੱਲਾ ਯੁੱਧ ਕਰ ਰਿਹਾ ਹੈ ਪਰ ਇਸ ਦੇਸ਼ ਦੇ ਸੱਚੇ ਨੇਤਾਵਾਂ ਨੇ ਦੱਸ ਦਿੱਤਾ ਹੈ ਕਿ ਸਮਾਂ ਆਉਣ 'ਤੇ ਉਹ ਜੰਗ ਦੇ ਮੈਦਾਨ ਵਿੱਚ ਵੀ ਆ ਜਾਂਦੇ ਹਨ।

ਜਦੋਂ ਮੈਂ ਹੁਣ ਪ੍ਰਤੱਖ ਰੂਪ ਵਿੱਚ ਯੂਕਰੇਨ ਵਾਸੀਆਂ ਦਾ ਇਹ ਜਜ਼ਬਾ ਦੇਖ ਰਿਹਾ ਹਾਂ ਤਾਂ ਮੇਰੀ ਸੁਰਤ ਮੈਨੂੰ ਕੁੱਪ-ਰਹੀੜਾ ਦੇ ਉਸ ਮੈਦਾਨ ਵਿੱਚ ਲੈ ਗਈ ਜਿੱਥੇ ਵੱਡਾ ਘੱਲੂਘਾਰਾ ਵਾਪਰਿਆ ਸੀ। ਜਿੱਥੇ ਸਿੱਖਾਂ ਨੂੰ ਸਮੂਹਿਕ ਤੌਰ 'ਤੇ ਸ਼ਹੀਦ ਕਰ ਕੇ ਉਨਾਂ ਦਾ ਬੀਜ ਨਾਸ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਦੋਂ ਅਹਿਮਦਸ਼ਾਹ ਅਬਦਾਲੀ ਅਫ਼ਗ਼ਾਨਿਸਤਾਨ ਤੋਂ ਭਾਰੀ ਸੈਨਾ ਲੈ ਕੇ ਮਰਹੱਟਿਆਂ ਵਾਂਗ ਸਿੱਖਾਂ ਦਾ ਖ਼ੁਰਾ-ਖੋਜ ਮਿਟਾਉਣ ਲਈ ਤੁਰ ਪਿਆ ਸੀ।

ਇੰਨੀ ਵੱਡੀ ਤਾਦਾਦ ਵਿੱਚ ਦੁਸ਼ਮਣ ਦੀ ਫ਼ੌਜ ਚੜ੍ਹੀ ਆਉਂਦੀ ਦੇਖ ਉਸ ਸਮੇਂ ਸਿੱਖ ਘਬਰਾਏ ਨਹੀਂ ਬਲਕਿ ਉਨਾਂ ਨੇ ਇਸ ਬੇਜੋੜ ਯੁੱਧ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਾਕ 'ਸਵਾ ਲੱਖ ਨਾਲ਼ ਇੱਕ ਨੂੰ ਲੜਾਉਣ' ਨੂੰ ਸੱਚ ਕਰ ਵਿਖਾਇਆ। ਉਸ ਅਸਾਵੀਂ ਜੰਗ ਵਿੱਚ ਸਿੱਖ ਯੋਧਿਆਂ ਦੇ ਨਾਲ਼-ਨਾਲ਼ ਸਿੱਖ ਬੱਚਿਆਂ ਬਜ਼ੁਰਗਾਂ ਤੇ ਮਤਾਵਾਂ-ਭੈਣਾਂ ਨੇ ਆਪਣੇ ਹੱਥ ਵਿੱਚ ਹਥਿਆਰ ਫੜ ਦੁਰਾਨੀ ਦੀ ਫ਼ੌਜ ਨਾਲ਼ ਦੋ ਹੱਥ ਕੀਤੇ ਤੇ ਲਗਭਗ ਤੀਹ ਤੋਂ ਪੈਂਤੀ ਹਜ਼ਾਰ ਸਿੱਖ ਇਸ ਲੜਾਈ ਵਿੱਚ ਸ਼ਹੀਦੀ ਪਾ ਗਏ। ਕੋਈ ਵੀ ਸਿੱਖ ਅਜਿਹਾ ਨਹੀਂ ਸੀ ਬਚਿਆ ਜਿਸ ਦੇ ਸਰੀਰ 'ਤੇ ਕੋਈ ਜ਼ਖਮ ਨਾ ਹੋਵੇ। ਹਰ ਸਿੰਘ ਨੇ ਆਪਣਾ ਪੂਰਾ ਤਾਣ ਲਾ ਕੇ ਇਹ ਯੁੱਧ ਲੜਿਆ ਅਤੇ ਸਿੰਘਾਂ 'ਤੇ ਕਾਬੂ ਨਾ ਪੈਂਦਾ ਵੇਖ ਕੇ ਅਹਿਮਦ ਸ਼ਾਹ ਅਬਦਾਲੀ ਨੂੰ ਪੱਲੇ ਨਮੋਸ਼ੀ ਪਾ ਕੇ ਵਾਪਿਸ ਮੁੜਨਾ ਪਿਆ।

ਨਤੀਜਾ ਰੂਸ ਤੇ ਯੂਕਰੇਨ ਵਿਚਕਾਰ ਹੋ ਰਹੀ ਜੰਗ ਦਾ ਵੀਂ ਇਹੀ ਨਿਕਲਣਾ ਹੈ। ਰੂਸ ਨੂੰ ਜੰਗ ਜਿੱਤੇ ਬਿਨਾਂ ਮੁੜਨਾ ਪੈਣਾ। ਕਿਉਂਕਿ ਜਦੋਂ ਕਿਸੇ ਕੌਮ ਦੇ ਬੱਚੇ ਬਜ਼ੁਰਗ ਮੌਤ ਅੱਗੇ ਹਿੱਕਾਂ ਢਾਹ ਕੇ ਮੌਤ ਦਾ ਖ਼ੌਫ਼ ਭੁੱਲ ਜਾਣ ਉਸ ਕੌਮ ਦਾ ਬੀਜ ਕਦੇ ਨਾਸ ਨਹੀਂ ਹੁੰਦਾ ਅਤੇ ਨਾ ਹੀ ਅਜਿਹੀਆਂ ਕੌਮਾਂ ਮਾਨਸਿਕ ਤੌਰ 'ਤੇ ਜਿੱਤੀਆਂ ਜਾ ਸਕਦੀਆਂ ਹਨ।

ਮੇਰੀ ਸੋਚ ਮੁਤਾਬਿਕ ਤਾਂ ਰੂਸ ਇਹ ਜੰਗ ਹਾਰ ਚੁੱਕਾ ਹੈ ਕਿਉਂਕਿ ਜਿਸ ਹੰਕਾਰੀ ਰਵੱਈਏ ਦੇ ਕਵਚ ਨਾਲ਼ ਰੂਸ ਯੂਕਰੇਨ ਨੂੰ ਜਿੱਤਣ ਤੁਰਿਆ ਸੀ ਉਹ ਤਾਂ ਪਹਿਲੇ ਸੱਟੇ ਹੀ ਯੂਕਰੇਨ ਵਾਸੀਆਂ ਦੇ ਆਤਮ ਵਿਸ਼ਵਾਸ ਨੇ ਚਕਨਾਚੂਰ ਕਰ ਕੇ ਰੱਖ ਦਿੱਤਾ ਹੈ। ਗੱਲ ਜਿੱਤ ਹਾਰ ਦੀ ਨਹੀਂ ਹੁੰਦੀ ਗੱਲ ਹੁੰਦੀ ਹੈ ਜੰਗ-ਏ-ਮੈਦਾਨ ਵਿੱਚ ਜੂਝ ਕੇ ਮਰਨਾ ਨਾ ਕਿ ਡਰਪੋਕ ਬਣ ਦੁਸ਼ਮਣ ਅੱਗੇ ਡਰ ਕੇ ਹਥਿਆਰ ਸੁੱਟ ਦੇਣੇ। ਇਸ ਲਈ ਰੂਸ ਤੇ ਯੂਕਰੇਨ ਦੇ ਯੁੱਧ ਦਾ ਨਤੀਜਾ ਕੁੱਝ ਵੀ ਹੋਵੇ ਪਰ ਯੂਕਰੇਨ ਵਾਸੀਆਂ ਵੱਲੋਂ ਰਣ ਭੂਮੀ ਅੰਦਰ ਜੂਝ ਕੇ ਮਰਨ ਦੇ ਸੰਕਲਪ ਨੇ ਇੱਕ ਵਾਰ ਤਾਂ ਰੂਸ ਨੂੰ ਹਰਾ ਦਿੱਤਾ ਹੈ।

ਜੰਗ ਲੱਗਣਾ ਹੀ ਮਨੁੱਖਤਾ ਉੱਪਰ ਭੱਦਾ ਕਲੰਕ ਹੈ। ਜੰਗ ਕਦੇ ਹੋਣੀ ਹੀ ਨਹੀਂ ਚਾਹੀਦੀ ਪਰ ਜੇ ਹੁਣ ਹਾਕਮਾਂ ਦੀ ਹਉਮੈ ਕਰ ਕੇ ਜੰਗ ਸ਼ੁਰੂ ਹੋ ਗਈ ਤਾਂ ਆਉ ਉਸ ਡਾਹਢੇ ਰੱਬ ਅੱਗੇ ਅਰਦਾਸ ਕਰੀਏ ਕਿ ਏ ਜੰਗ ਜਲਦੀ ਸਮਾਪਤ ਹੋਵੇ ਤਾਂ ਕਿ ਸੁਹਾਗਣਾਂ ਦੇ ਸੁਹਾਗ ਤੇ ਮਾਪਿਆਂ ਦੇ ਘਰਾਂ ਚਿਰਾਗ਼ ਬੁਝਣ ਤੋਂ ਬਚ ਜਾਣ।

# ਵਰਤਮਾਨ ਵਿੱਚ ਕਈ ਦੀਪ ਸਿੰਘਾਂ ਦੀ ਲੋੜ ਹੈ

**ਦਵਿੰਦਰ ਸਿੰਘ ਇਤਿਹਾਸਕਾਰ**

ਸਿੱਖੀ, ਬਾਣੀ ਗੁਰੂ ਦੀ ਹੈ, ਤਿਸ ਵਿੱਚ ਹੀ ਹੈ ਮੀਰੀ-ਪੀਰੀ ਦੀ ਵਿੱਦਿਆ ਅਤੇ ਜੀਵ ਦੀ ਕਰਤਾ ਪੁਰਖ ਤੋਂ ਬਖ਼ਸ਼ਿਸ਼ ਦਾਤ ਸੰਪ੍ਰਭੁਤਾ। ਇਹ ਸੰਪ੍ਰਭੁਤਾ ਮਨਸੂਹੀ ਯਾਨਿ ਮਨੁੱਖੀ ਕਲਪਨਾ ਦੁਆਰਾ ਸਥਾਪਿਤ ਕਾਨੂੰਨੀ ਹਸਤੀਆਂ, ਜਿਵੇਂ ਕਿ ਸਟੇਟ, ਅਧਿਕਾਰੀ, ਕੰਪਨੀ ਆਦਿਕ ਆਦਿਕ ਨੂੰ ਦਿੱਤੀ ਨਹੀਂ ਜਾ ਸਕਦੀ।

ਦੇਹੁਰੇ, ਗੁਰਦੁਆਰੇ ਆਦਿਕ ਵਿੱਦਿਆ ਦਾਤ ਪਰਦਾਨ ਕਰਨ ਲਈ ਸੰਗਤ ਅਸਥਾਨ ਵਾਲਾ ਸਿਧਾਂਤ ਹੁੰਦੇ ਹਨ, ਨਾ ਕਿ ਬਾਣੀ ਗੁਰੂ ਦਾ ਬਦਲ, ਤੀਰਥ ਜਾਂ ਪੂਜਾ ਜਾਂ ਰਾਜੀ-ਤਖ਼ਤ ਜਾਂ ਪੀਰੀ ਤਖ਼ਤ ਦੇ ਰੂਪ ਵਿੱਚ ਬਾਣੀ ਗੁਰੂ ਦਾ ਬਦਲ ਸਥਾਪਿਤ ਕੀਤਾ ਜਾਣਾ ਹੀ ਸਿੱਖੀ ਦਾ ਪਤਨ ਵਿੱਚ ਗ਼ਰਕ ਹੋਣਾ ਤਹਿ ਹੈ। ਮੀਰੀ-ਪੀਰੀ ਸਿੰਘਾਂ ਅਤੇ ਖ਼ਾਲਸੇ ਦਾ ਅਨਿੰਨ ਅੰਗ ਹੈ, ਕੋਈ ਅਸਥਾਨ ਇਸ ਦਾ ਪ੍ਰਤੀਕ ਨਹੀਂ ਬਣ ਸਕਦਾ ਅਤੇ ਨਾ ਹੀ ਅਸਥਾਨਿਕ ਮਰਿਯਾਦਾ ਜਾਂ ਕਾਨੂੰਨ ਸੰਵਿਧਾਨ ਵਿੱਚ ਇਸ ਨੂੰ ਬੰਨਿਆ ਜਾ ਸਕਦਾ ਹੈ।

ਅੰਗਰੇਜ਼ਾਂ ਦੇ ਨਾਮਜ਼ਦ ਸਰਬਰਾਹਾਂ ਦੇ 70 ਸਾਲਾ ਕਬਜ਼ੇ ਵੇਲੇ ਬਣੀ ਮਰਿਯਾਦਾ 1925 ਈਸਵੀ ਵਿੱਚ ਖ਼ਤਮ ਹੋਣੀ ਚਾਹੀਦੀ ਸੀ, ਜੋ ਨਹੀਂ ਕੀਤੀ ਜਾ ਸਕੀ। ਸਗੋਂ ਸਿੱਖ ਗੁਰਦੁਆਰਾ ਐਕਟ ਅਧੀਨ ਚੁਣੀ ਗਈ ਸ਼੍ਰੋਮਣੀ ਕਮੇਟੀ ਨੇ ਬੁੰਗੇ ਨੂੰ ਤਖ਼ਤ ਅਤੇ ਸਰਬਰਾਹ ਨੂੰ ਜਥੇਦਾਰ ਵਾਲਾ ਨਾਉਂ ਦੇ ਕੇ ਅਕਾਲੀ ਦਲ ਦੀ ਸਿਆਸੀ ਲੀਡਰਸ਼ਿਪ ਦੇ ਅਧੀਨ ਕਰ ਲਿਆ, ਜੋ ਕਿ ਸਿਆਸੀ ਹਾਕਮ ਬਣੀ ਅਤੇ ਇਸ ਪ੍ਰਕਾਰ ਸਿੱਖੀ ਰਾਜਸ਼ਕਤੀ ਦੀ ਹੱਥ-ਠੋਕਾ ਬਣ ਗਈ।

ਹੁਣ 1925 ਤੋਂ ਲਗਾਤਾਰ 95 ਸਾਲਾਂ ਤੋਂ (ਅਕਾਲ) ਤਖ਼ਤ ਉੱਤੇ ਕਬਜ਼ਾ, ਬਸਤੀਵਾਦੀ ਰਾਜ ਦੀ ਪੈਦਾਵਾਰ, ਯਾਨਿ ਨਵਸਿੱਖਾਂ ਦੀ ਸੰਵਿਧਾਨਕ ਸਿਆਸੀ ਪਾਰਟੀ ਅਕਾਲੀ ਦਲ ਦੇ ਦੁਆਰਾ ਨਾਮਜ਼ਦ ਤਨਖ਼ਾਹਖ਼ੋਰ ਨੌਕਰਾਂ ਦਾ ਚੱਲਿਆ ਆ ਰਿਹਾ ਹੈ। ਸਿੱਖਾਂ ਦੇ ਚੁਣੇ ਹੋਏ ਸੰਵਿਧਾਨਕ ਪਾਰਟੀ ਪ੍ਰਤਿਨਿਧੀ ਜਿਹਨੂੰ ਚਾਹੁਣ ਚੁਣ ਲੈਣ, ਅਜਿਹਾ ਸਿਲਸਿਲਾ, ਇਹ 95 ਸਾਲਾ ਇਤਿਹਾਸਕ ਦੌਰ ਵਾਲਾ ਹੱਕ ਸਿੱਖਾਂ ਨੇ ਪੱਕਾ ਕਰ ਲਿਆ ਹੈ। ਇਹ ਨਵ ਸਿੱਖ ਦਸਤੂਰ ਹੈ ਪ੍ਰੰਤੂ ਨਵ ਸਿੱਖੀ ਦੀ, ਪੰਜਾਬ ਉੱਤੇ ਰਾਜ ਕਰਵਾਉਣ ਵਾਲੇ ਵੋਟ ਬੈਂਕ ਦਸਤੂਰ ਦੀ ਵਾੜ ਬਹੁਤ ਤੰਗ ਹੋ ਚੁੱਕੀ ਹੈ ਅਤੇ ਕਈ ਨਾਨਕ ਪੰਥੀ ਤਬਕਿਆਂ ਨੂੰ ਨਵੇਂ 1925 ਵਿੱਚ ਨਾਉਂਕਰਨ ਕੀਤੇ ਅਕਾਲ ਤਖ਼ਤ ਦੁਆਰਾ ਨਿਸਕਾਸ਼ਿਤ ਕਰਦੇ ਹੋਏ ਹੋਰ ਤੋਂ ਹੋਰ ਤੰਗ ਹੁੰਦੀ ਜਾ ਰਹੀ ਹੈ। ਇਹ ਸਿਆਸੀ ਪਾਰਟੀ ਪ੍ਰਤਿਨਿਧੀ ਚੋਣ ਪ੍ਰਣਾਲੀ ਦੁਆਰਾ ਦੌਲਤਾਂ ਦੇ ਭੰਡਾਰ ਉੱਤੇ ਮੀਰੀ ਗ਼ਲਬੇ ਦੇ ਲੋਭ ਲਾਲਚ ਦਾ ਫਲ਼ ਹੈ।

ਸਿੱਖ ਗੁਰਦੁਆਰਾ ਐਕਟ 1925 ਅਧੀਨ ਬਣੀ ਅਤੇ ਪਰਿਚਾਲਤ ਸ਼੍ਰੋਮਣੀ ਕਮੇਟੀ ਅਤੇ ਇਸ ਦੇ ਅਧੀਨ (ਅਕਾਲ) ਤਖ਼ਤ, ਦੇ ਦੁਆਰਾ ਸੰਵਿਧਾਨਕ ਪਾਰਟੀ ਅਕਾਲੀ ਦਲ ਦੇ ਸਰਦਾਰਾਂ ਦੀ ਮਰਜ਼ੀ ਮੁਤਾਬਿਕ ਚਲ ਰਹੀ ਸਿੱਖੀ, ਦਰਅਸਲ ਇੰਡੀਆ ਦੀ ਸੰਵਿਧਾਨਕ ਸਟੇਟ ਦੀ ਬਹੁਗਿਣਤੀ ਹਾਕਮ ਇੰਤਜਾਮੀਆਂ ਦੁਆਰਾ ਹੀ ਪਰਿਚਾਲਤ ਹੈ, ਜਿਸਦੇ ਅਧੀਨ ਨਾਨਕ ਪੰਥੀ ਵਿਰਾਸਤ ਅਤੇ ਵਿੱਦਿਆ ਦਾ ਘਾਣ ਕੀਤਾ ਗਿਆ, ਜੋ ਅੱਜ ਵੀ ਜਾਰੀ ਹੈ।

ਖ਼ਾਲਸਾ ਰਾਜ ਦੀ ਮੁੜ ਸਥਾਪਤੀ ਲਈ ਸੰਘਰਸ਼ਸ਼ੀਲ ਨਾਮਧਾਰੀ ਬਾਬਾ ਰਾਮ ਸਿੰਘ ਨੇ, ਅਕਾਲ ਬੁੰਗਾ ਉੱਤੇ ਅੰਗਰੇਜ਼ਾਂ ਦੁਆਰਾ ਸਥਾਪਿਤ ਸਰਬਰਾਹਾਂਦੁਆਰਾਮਰੋੜੀਜਾਂਦੀਬਾਂਹਤੋਂਪਿੱਛਾਛੁਡਵਾਉਣ ਲਈ ਇਨਾਂ ਦਾ ਸਿੱਖ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਨੂੰ ਵੀ ਸਰਬਰਾਹਾਂ ਨੇ ਹੀ ਪੰਥ ਵਿੱਚੋਂ ਕੱਢਣ ਦਾ ਨਾਟਕ ਕੀਤਾ ਸੀ। ਅਤੇ ਧਰਮ-ਅਸਥਾਨ ਰੂਪੀ ਪ੍ਰਤੀਕ ਦੇ ਸ਼ਰਧਾਵਾਨ ਸਿੱਖਾਂ ਨੇ ਮੰਨ ਵੀ ਲਿਆ ਸੀ।

**ਵਿਸ਼ੇਸ਼ ਚਰਚਾ**

ਕੋਈ ਵੀ ਤਖ਼ਤ, ਸਾਕਾਰ ਰੂਪ ਵਿੱਚ ਕਾਲ ਅਧੀਨ ਤੇ ਹੋ ਸਕਦਾ ਹੈ, ਪ੍ਰੰਤੂ ਅਕਾਲ ਤਾਂ ਨਿਰੰਕਾਰ ਹੈ, ਸੋ ਅਕਾਲ ਤਖ਼ਤ ਦਾ ਨਾਉਂਕਰਨ ਰੂਪ ਨਹੀਂ ਕੀਤਾ ਜਾ ਸਕਦਾ ਸੀ। ਅਕਾਲ ਦਾ ਤਖ਼ਤ ਤਾਂ ਨਿਰੰਜਨੀ ਹੈ, ਹੁਕਮੁ ਦੀ ਸਤਿਸਰ ਗੁਣ ਨਿਰਾਕਾਰ ਹੋਂਦ ਵਿੱਚ ਸਰਬੱਤਰ ਦਿਸ਼ਾ ਵਿਸ਼ਾ ਹੋਇ ਫੈਲਿਓ ਅਨੁਰਾਗ, ਸੋ ਇਹ ਸਥਾਨਕ ਨਹੀਂ ਹੈ।



ਅੰਗਰੇਜ਼ਾਂ ਨੇ ਖ਼ਾਲਸੇ ਦੀ ਸਭਾ ਦੇ ਸਮੂਹਿਕ ਗੁਰਮਤੇ ਦੇ ਸਿਧਾਂਤ ਨੂੰ, ਤਖ਼ਤ ਅਕਾਲ ਬੁੰਗੇ ਦੇ ਪੂਜਾਰੀ ਸਰਬਰਾਹਾਂ ਦੇ ਫ਼ਤਵੇ ਦੇ ਰੂਪ ਵਿੱਚ ਸਥਾਪਤ ਕਰਕੇ, ਸਿੰਘਾਂ ਨੂੰ ਖ਼ਾਲਸੇ ਦੀ ਕੁਦਰਤ ਦੁਆਰਾ ਬਖ਼ਸ਼ੀ ਆਤਮ-ਸੰਪ੍ਰਭਤਾ ਖੋਹ ਕੇ, ਚਰਚ ਦੀ ਨਕਲ ਵਾਲੀ ਧਰਮੋ ਸਥਾਨ-ਪ੍ਰਤੀਕ ਦੀ ਪੂਜਾਰੀ-ਤਰਜ਼ ਵਿੱਚ ਜਜ਼ਬ ਕਰ ਦਿੱਤੀ, ਯਾਨਿ ਮੱਠ-ਧਰਮ ਨੂੰ ਸਿੱਖੀ ਦਾ ਰੂਪ ਬਣਾ ਦਿੱਤਾ।

ਸਾਡੀ ਬੇਇਜ਼ਤੀ ਅਤੇ ਦੁਰਗਤੀ ਕਰਨ ਲਈ ਭਿੰਨ-ਭਿੰਨ ਸਮਿਆਂ ਦੇ ਹਾਕਮਾਂ ਅਤੇ ਸਰਕਾਰਾਂ ਨੇ ਸਾਡੇ ਇਤਿਹਾਸਕ ਸਥਾਨਾਂ ਅਤੇ ਗੁਰੂ ਕੇ ਚੱਕ (ਅੰਮ੍ਰਿਤਸਰ) ਉੱਤੇ ਭਿੰਨ ਪ੍ਰਕਾਰ ਦੇ ਹਮਲੇ, ਸਿੰਘਾਂ ਤੇ ਖ਼ਾਲਸੇ ਦੀ ਹਸਤੀ ਮਿਟਾਉਣ ਦੇ ਭਰਮ ਵਿੱਚ ਕੀਤੇ ਅਤੇ ਸਿੰਘਾਂ ਨੇ ਇਸ ਨੂੰ ਪੱਤ ਉੱਤੇ ਹਮਲਾ ਜਾਣ ਕਰਕੇ ਪੱਤ ਦੀ ਰਾਖੀ ਲਈ ਸੀਸ ਦਿੱਤੇ। ਅੰਗਰੇਜ਼ ਸਭ ਤੋਂ ਵੱਧ ਚਲਾਕ ਸਨ ਅਤੇ ਐਂਗਲੋ ਚਰਚ ਸੰਸਥਾ ਬਣਾਉਣ ਦੇ ਤਜਰਬੇਕਾਰ ਵੀ ਸਨ, ਸੋ ਉਨਾਂ ਨੇ 1850-1947 ਦੇ ਲੰਮੇ ਹਕੂਮਤ ਸਮੇਂ ਦੌਰਾਨ ਸਿੱਖੀ ਨੂੰ ਮੰਦਰ-ਸਿੱਖੀ, ਚਰਚ ਪਰਿਪਾਟੀ ਦੇ ਅਨੁਰੂਪ ਵਰਗੀ ਬਣਾ ਕੇ, ਸਿੱਖਾਂ ਨੂੰ ਮੱਠ-ਧਰਮੀ ਬਣਾ ਕੇ ਸਾਹ ਲਿਆ। ਅੱਜ ਡੇਰੇਦਾਰ ਸਿੱਖੀ ਉਸੇ ਦਾ ਨਤੀਜਾ ਹੈ।

ਮੇਰਾ ਇਤਿਹਾਸਕ ਨਜ਼ਰੀਆ ਬਾਣੀ ਗੁਰੂ ਦੇ ਮੀਰੀ-ਪੀਰੀ ਨੇਮ ਅਤੇ ਸਮੂਹ ਖ਼ਾਲਸਾ ਸਭਾਵਾਂ ਦੇ ਗੁਰਮਤੇ ਦੀ ਸੰਪ੍ਰਭੁਤਾ ਨੂੰ ਮੰਨਦਾ ਹੈ। ਅੰਗਰੇਜ਼ੀ ਜ਼ੁਬਾਨ ਵਿੱਚ ਇਸੇ ਨੂੰ ਡੈਮੋਕ੍ਰੇਸੀ ਕਿਹਾ ਜਾਂਦਾ ਹੈ। ਜੋ ਪ੍ਰਚਲਿਤ ਹੈ ਉਹ ਸਿਰਫ਼ ਪ੍ਰਤੀਨਿਧੀ ਚੋਣ ਪ੍ਰਣਾਲੀ ਹੈ, ਲੋਕ-ਰਾਜ ਨਹੀਂ।

ਸੰਸਾਰ ਭਰ ਦਾ ਸਮੂਹ ਖ਼ਾਲਸਾ, ਭਿੰਨ-ਭਿੰਨ ਕਿੱਤਾ-ਹੁਨਰ ਦੀਆਂ ਇਲੈਕਟੋਰੇਟ ਸਭਾਵਾਂ ਬਣਾ ਕੇ ਆਪੋ ਆਪਣੇ ਨੁਮਾਇੰਦੇ ਚੁਣ ਕੇ, ਯੂਨੀਵਰਸਲ-ਸਭਾ ਕਿਸੇ ਐਸੇ ਸਥਾਨ ਉੱਤੇ ਕਰੇ ਜਿੱਥੇ ਸਾਰੀ ਸਭਾ ਅਜ਼ਾਦੀ ਨਾਲ਼ ਮਿਲ ਬੈਠਣ ਅਤੇ ਫ਼ਲਸਰੂਪ ਸੌ ਤੋਂ ਉੱਪਰ ਦੇਸ਼ਾਂ ਵਿੱਚ ਬੈਠੇ ਸਿੱਖ ਵੀ ਖੰਡੇ ਕੀ ਪਹੁਲ਼ ਲੈ ਕੇ ਅਕਾਲ ਪੁਰਖ ਦੀ ਫ਼ੌਜ ਸਰੂਪ ਧਾਰਨ ਕਰ ਕੇ ਰਾਖੀ ਸੰਭਾਲ਼ਣ ਲਈ ਵਲੰਟੀਅਰ ਬਣਨ ਅਤੇ ਫਿਰ ਸਰਬ ਸੰਸਾਰੀ ਪੱਧਰ ਉੱਤੇ ਗੁਰ ਨਜ਼ਰੀਏ ਦੁਆਰਾ ਮਤੇ ਸੋਧਣ ਤੇ ਅਮਲ ਕਰਨ।

ਇਹੋ ਨਿਆਰਾ ਰਾਹ ਹੈ, ਨਹੀਂ ਤੇ ਸਿੱਕਾ ਤਾਜਰ ਦੇ ਵੱਨ ਵਰਲਡ ਆਰਡਰ ਦੇ ਸ਼ਿਕਾਰ ਬਣੋ।

ਸੰਦੀਪ ਸਿੰਘ ਸਿੱਧੂ ਉਰਫ ਦੀਪ ਸਿੱਧੂ ਅਜਿਹੇ ਹੀ ਜਾਲ-ਫੰਧ ਦੇ ਵਿਸਥਾਰ ਦਿਆ ਕਰਦਾ ਸੀ। ਸਰਬੱਗ ਵਿਚਾਰਾਂ ਦੇ ਦੰਗਲ ਅਤੇ ਆਈਡਿਆਲੋਜੀਜ਼ ਦੇ ਜੰਗਲਾਂ ਵਿੱਚੋਂ ਦੀ ਲੰਘਣ ਦੀ ਯੋਗਤਾ ਤੋਂ ਬਿਨਾਂ ਸਿੱਖਾਂ ਪਾਸ ਹੋਰ ਕੋਈ ਰਾਹ ਨਹੀਂ। ਵਰਤਮਾਨ ਵਿੱਚ ਕਈ ਦੀਪ ਸਿੰਘਾਂ ਦੀ ਲੋੜ ਹੈ ਜੋ ਕਿ ਦੀਪ ਵਾਂਗੂ ਸਿਸਟਮ ਦੇ ਹੀਜ ਪਿਆਜ ਨੂੰ ਸਮੁੱਚਤਾ ਅਤੇ ਬਾਰੀਕੀ ਵਿੱਚ ਪਛਾਣਦੇ ਹੋਣ।

# ਹਿਜਾਬ ਉੱਪਰ ਪਾਬੰਦੀ ਸਮਾਜ ਵਿੱਚ ਫ਼ਿਰਕੂ ਤਣਾਅ ਖੜ੍ਹਾ ਕਰੇਗੀ

**ਡਾ. ਧਰਮ ਸਿੰਘ**

ਮਨੁੱਖ ਆਪਣੀ ਬੁੱਧੀ ਅਤੇ ਭਾਸ਼ਾ ਕਰ ਕੇ ਕੁੱਲ ਆਲਮ ਵਿੱਚ ਸਭ ਤੋਂ ਉੱਤਮ ਜੀਵ ਮੰਨਿਆ ਗਿਆ ਹੈ। ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਸ਼ਬਦ ਹਨ ਜੋ ਸੰਚਾਰ ਕਰਨ ਤੋਂ ਬਿਨਾਂ ਸੱਭਿਆਚਾਰਕ ਪ੍ਰਤੀਮਾਨਾਂ ਦਾ ਸੂਚਕ ਮੰਨ ਕੇ ਇਨ੍ਹਾਂ ਦਾ ਅਧਿਐਨ ਇੱਕ ਸਮੱਗਰ ਇਕਾਈ ਵਜੋਂ ਕਰਨ ਉੱਪਰ ਬਲ ਦਿੱਤਾ ਜਾਂਦਾ ਹੈ। ਜਦ ਵੀ ਮਨੁੱਖ ਆਪਣੇ ਵਿਚਾਰਾਂ ਦਾ ਸਿਧਾਂਤੀਕਰਨ ਜਾਂ ਸੰਕਲਪੀਕਰਨ ਕਰਦਾ ਹੈ ਤਾਂ ਉਹ ਉਸ ਦੇ ਨਾਮਕਰਨ ਲਈ ਸਥਾਨਕ ਭਾਸ਼ਾ ਵਿੱਚੋਂ ਹੀ ਸ਼ਬਦ ਚੁਣਦਾ ਹੈ। ਇਸੇ ਕਰ ਕੇ ਜੇ ਅਸੀਂ ਸ਼ਬਦਾਂ (ਸੰਕਲਪਾਂ) ਦੀ ਗਹਿਰਾਈ ਵਿੱਚ ਜਾ ਕੇ ਉਨ੍ਹਾਂ ਦੇ ਅਰਥ ਲੱਭੀਏ ਤਾਂ ਕਈ ਗੁੰਝਲਾਂ ਆਪਣੇ-ਆਪ ਹੀ ਖੁੱਲ੍ਹ ਜਾਂਦੀਆਂ ਹਨ। ਭਾਰਤੀ ਕਾਵਿ-ਸ਼ਾਸਤਰ ਵਿੱਚ ਸ਼ਬਦ ਸ਼ਕਤੀਆਂ ਦਾ ਸੰਕਲਪ, ਅਸਲ ਵਿੱਚ ਸ਼ਬਦਾਂ ਦੇ ਭਿੰਨ-ਭਿੰਨ ਅਰਥ ਹੀ ਫ਼ਰੋਲਦਾ ਹੈ। ਹਥਲੇ ਲੇਖ ਵਿੱਚ ਅਸੀਂ ਕੁਝ ਅਜਿਹੇ ਸ਼ਬਦਾਂ ਦੀ ਚਰਚਾ ਕਰਨੀ ਚਾਹਾਂਗੇ ਜੋ ਇਸਤਰੀ ਦੀ ਦਸ਼ਾ ਅਤੇ ਸਮਾਜ ਵਿੱਚ ਉਸ ਦੇ ਰੁਤਬੇ ਨੂੰ ਨਿਰਧਾਰਿਤ ਕਰਦੇ ਹਨ।

ਅੱਜ-ਕੱਲ੍ਹ ਇਸਤਰੀਆਂ ਦੀ ਦਸ਼ਾ ਬਾਰੇ ਅਖ਼ਬਾਰਾਂ-ਰਸਾਲਿਆਂ ਅਤੇ ਹੋਰ ਕਈ ਸੰਚਾਰ ਮਾਧਿਅਮਾਂ ਵਿੱਚ ਬੜੀ ਚਰਚਾ ਹੋ ਰਹੀ ਹੈ। ਇਸਤਰੀ ਲਈ ਪੰਜਾਬੀ ਵਿੱਚ ਪੰਜਾਹ ਤੋਂ ਉੱਪਰ ਸ਼ਬਦ ਪ੍ਰਚਲਿਤ ਹਨ। ਇਨ੍ਹਾਂ ਸ਼ਬਦਾਂ ਦੀ ਇੱਕ ਧਾਰਾ ਅਰਬੀ/ਫ਼ਾਰਸੀ ਮੂਲਕ ਸ਼ਬਦਾਂ ਦੀ ਹੈ ਜੋ ਇਸਲਾਮ ਦੇ ਪ੍ਰਭਾਵ ਕਾਰਨ ਪ੍ਰਚਲਿਤ ਹੋ ਗਏ। ਦੂਜੀ ਧਾਰਾ ਭਾਰਤੀ ਪਿਛੋਕੜ ਵਾਲੇ ਸ਼ਬਦਾਂ ਦੀ ਹੈ। ਇਹ ਸ਼ਬਦ ਵਧੇਰੇ ਕਰਕੇ ਉਨ੍ਹਾਂ ਤੋਂ ਭਿੰਨ ਹਨ ਜੋ ਇਸਤਰੀ ਨਾਲ਼ ਰਿਸ਼ਤੇਦਾਰੀ ਦਰਸਾਉਣ ਲਈ ਵਰਤੇ ਜਾਂਦੇ ਹਨ। ਦਸ਼ਾ-ਸੂਚਕ ਸ਼ਬਦ ਅਸੀਂ ਕੇਵਲ ਉਨ੍ਹਾਂ ਸ਼ਬਦਾਂ ਨੂੰ ਹੀ ਮੰਨਿਆ ਹੈ ਜੋ ਇਸਤਰੀ ਹੋਣ ਕਰ ਕੇ ਉਸ ਦਾ ਸਮਾਜਿਕ ਰੁਤਬਾ ਦਰਸਾਉਣ ਲਈ ਵਰਤੇ ਜਾਂਦੇ ਹਨ। ਅਰਬੀ/ਫ਼ਾਰਸੀ ਮੂਲਕ ਸ਼ਬਦਾਂ ਵਿੱਚ ਸਭ ਤੋਂ ਵਧੇਰੇ ਵਰਤਿਆ ਜਾਣ ਵਾਲਾ ਸ਼ਬਦ ਔਰਤ ਹੈ। ਗੁਰਬਾਣੀ ਵਿੱਚ ਇਸ ਦੇ ਸ਼ਬਦ ਜੋੜ ਹਨ ਅਉਰਤ। ਇਸ ਤੋਂ ਬਿਨਾਂ ਜਨ, ਜਨਨੀ, ਜੋਰੂ, ਮਸਤੂਰਾ ਆਦਿ ਸ਼ਬਦ ਹਨ। ਔਰਤ ਦੇ ਸ਼ਾਬਦਿਕ ਅਰਥ ਹਨ, ਉਹ ਵਸਤੂ ਜੋ ਛੁਪਾਉਣਯੋਗ ਹੋਵੇ।

ਅਰਬੀ ਦਾ ਹੀ ਇੱਕ ਹੋਰ ਸ਼ਬਦ ਮਸਤੂਰਾ (ਬਹੁਵਚਨ ਮਸਤੂਰਾਤ) ਹੈ ਜਿਸ ਦੇ ਅਰਥ ਵੀ ਪਰਦਾ ਨਸ਼ੀਨੀ ਦੇ ਹਨ। ਇਨ੍ਹਾਂ ਦੋਹਾਂ ਸ਼ਬਦਾਂ ਵਿੱਚ ਔਰਤ ਨੂੰ ਦੂਜਿਆਂ ਕੋਲ਼ੋਂ ਲੁਕਾਉਣ ਦੇ ਅਰਥ ਛੁਪੇ ਹੋਏ ਹਨ। ਸ਼ਾਇਦ ਏਸੇ ਕਰ ਕੇ ਬੁਰਕਾ, ਹਿਜਾਬ ਜਾਂ ਨਕਾਬ ਔਰਤ ਨੂੰ ਪਹਿਨਾਏ ਜਾਂਦੇ ਹਨ ਤਾਂ ਜੋ ਉਹ ਦੂਜਿਆਂ ਦੀ ਨਜ਼ਰ ਤੋਂ ਲੁਕੀ ਰਹੇ।




**ਪਗੜੀ ਸਿੱਖ ਸੈਨਿਕਾਂ ਦੀ, ਖ਼ਾਸ ਤੌਰ 'ਤੇ ਵਰਦੀ ਦਾ ਅੰਗ ਹੈ। ਸਿੱਖ ਰੈਜਮੈਂਟ ਵਾਲੇ ਤਾਂ ਪਗੜੀ ਉੱਪਰ ਚੱਕਰ ਵੀ ਸਜਾਉਂਦੇ ਹਨ ਅਤੇ ਇਹ ਚੱਕਰ ਵੀ ਧਾਰਮਿਕਤਾ ਦਾ ਚਿੰਨ੍ਹ ਹੈ। ਜੇ ਇਹ ਦੋਵੇਂ ਚੀਜ਼ਾਂ ਸੈਨਾਵਾਂ ਦੇ ਅਨੁਸ਼ਾਸਨ ਵਿੱਚ ਪ੍ਰਵਾਨਿਤ ਹਨ ਤਾਂ ਹਿਜਾਬ ਵੀ ਪ੍ਰਵਾਨ ਕਰਨਾ ਪਵੇਗਾ। ਉਂਜ ਵੀ ਹਿਜਾਬ ਕਿਸੇ ਵੀ ਤਰਾਂ ਦੀ ਕਾਰਜ-ਕੁਸ਼ਲਤਾ ਵਿੱਚ ਰੋਕ ਨਹੀਂ ਪਾਉਂਦਾ ਫਿਰ ਇਹ ਵਾਵੇਲਾ ਕਿਉਂ? ਪਗੜੀ ਦੀ ਤਰਾਂ ਹਿਜਾਬ ਵੀ ਲਿਬਾਸ ਦਾ ਹਿੱਸਾ ਹੈ ਅਤੇ ਕਾਨੂੰਨ ਇਸ ਦੀ ਰਾਖੀ ਦੀ ਜ਼ਾਮਨੀ ਵੀ ਦਿੰਦਾ ਹੈ। ਇਸ ਬਾਰੇ ਬੇਲੋੜਾ ਵਿਵਾਦ ਖੜਾ ਕਰਨਾ ਕਿਸੇ ਵੀ ਤਰਾਂ ਉਚਿਤ ਨਹੀਂ।**

ਮੁਸਲਮਾਨ ਅਣ-ਵਿਆਹੀਆਂ ਕੁੜੀਆਂ ਵਧੇਰੇ ਕਰਕੇ ਹਿਜਾਬ ਅਤੇ ਨਕਾਬ ਦੀ ਵਰਤੋਂ ਕਰਦੀਆਂ ਹਨ। ਬਣਤਰ ਤਾਂ ਦੋਹਾਂ ਦੀ ਵੱਖੋ-ਵੱਖ ਹੈ ਪਰ ਲੁਕਾਉਣ ਦਾ ਪ੍ਰਯੋਜਨ ਦੋਹਾਂ ਵਿੱਚ ਸਾਂਝਾ ਹੈ।

ਬੁਰਕਾ ਵਧੇਰੇ ਕਰ ਕੇ ਵਿਆਹੁਤਾ ਔਰਤਾਂ ਪਹਿਨਦੀਆਂ ਹਨ ਜਿਸ ਵਿੱਚ ਸਾਰਾ ਸਰੀਰ ਹੀ ਢੱਕਿਆ ਜਾਂ ਲੁਕਿਆ ਰਹਿੰਦਾ ਹੈ। ਇਸਲਾਮੀ ਪ੍ਰਭਾਵ ਅਧੀਨ ਹਿੰਦੂ-ਸਿੱਖ ਔਰਤਾਂ (ਵਿਸ਼ੇਸ਼ ਤੌਰ 'ਤੇ ਕੁਲੀਨ ਜਾਂ ਉੱਚ ਵਰਗ ਦੀਆਂ) ਨੇ ਵੀ ਬੁਰਕੇ ਪਾਉਣੇ ਜਾਂ ਘੁੰਡ ਕੱਢਣੇ ਸ਼ੁਰੂ ਕਰ ਦਿੱਤੇ। ਘੁੰਡ ਵਧੇਰੇ ਕਰ ਕੇ ਪਤੀ ਨਾਲ਼ੋਂ ਵਡੇਰੀ ਉਮਰ ਦੇ ਮਰਦਾਂ ਕੋਲ਼ੋਂ ਓਹਲਾ ਰੱਖਣ ਵਾਸਤੇ ਕੱਢਿਆ ਜਾਂਦਾ ਹੈ। ਲੁਕਾਉਣ ਜਾਂ ਛੁਪਾਉਣ ਦੀ ਭਾਵਨਾ ਕਾਰਨ ਹੀ ਚਾਦਰ ਅਤੇ ਚਾਰ-ਦੀਵਾਰੀ ਔਰਤਾਂ ਦਾ ਮੁਕੱਦਰ ਬਣ ਗਏ ਅਤੇ ਉਨ੍ਹਾਂ ਨੂੰ ਘਰਾਂ ਤੱਕ ਹੀ ਸੀਮਤ ਕਰ ਦਿੱਤਾ ਗਿਆ। ਕੁਰਾਨ ਸ਼ਰੀਫ਼ ਦੀਆਂ ਦੋ ਆਇਤਾਂ (24 ਤੇ 33) ਵਿੱਚ ਔਰਤਾਂ ਦੇ ਲਿਬਾਸ ਬਾਰੇ ਵਿਸ਼ੇਸ਼ ਹੁਕਮ ਦਿੱਤੇ ਗਏ ਹਨ।

ਸੂਰਤ-ਅਲ-ਨੂਰ ਦੇ ਸ਼ਬਦ ਹਨ, 'ਈਮਾਨ ਵਾਲੀਆਂ ਬੀਬੀਆਂ ਨੂੰ ਆਖ ਦਿਉ ਕਿ ਆਪਣੀਆਂ ਨਜ਼ਰਾਂ ਬਚਾ ਕੇ ਰੱਖਣ, ਆਪਣੇ ਗੁਪਤ ਅੰਗਾਂ ਦੀ ਰਾਖੀ ਕਰਨ, ਆਪਣਾ ਹਾਰ-ਸ਼ਿੰਗਾਰ ਨਾ ਵਿਖਾਉਣ ਛੁੱਟ ਉਸ ਦੇ ਜੋ ਆਪੇ ਜ਼ਾਹਰ ਹੋ ਜਾਵੇ ਅਤੇ ਆਪਣੇ ਸੀਨਿਆਂ ਉੱਤੇ ਆਪਣੀਆਂ ਚਾਦਰਾਂ ਦੀ ਬੁੱਕਲ ਮਾਰੀ ਰੱਖਣ'। ਅਜਿਹਾ ਹੀ ਹੁਕਮ ਸੂਰਤ-ਅਲ-ਅਹਜ਼ਾਬ ਵਿੱਚ ਹੈ। ਇਸ ਸੂਰਤ ਵਿੱਚ ਦਰਜ ਹੈ 'ਆਪਣੀਆਂ ਸੁਪਤਨੀਆਂ, ਸਪੁੱਤਰੀਆਂ ਅਤੇ ਈਮਾਨ ਵਾਲਿਆਂ ਦੀਆਂ ਇਸਤਰੀਆਂ ਨੂੰ ਆਖ ਦਿਉ ਕਿ ਆਪਣੇ ਉੱਤੇ ਚਾਦਰਾਂ ਦੇ ਪੱਲੇ ਲਮਕਾਅ ਲਿਆ ਕਰਨ।

ਪਰਦੇ ਵਾਲੀ ਗੱਲ ਕੇਵਲ, ਮੁਟਿਆਰਾਂ ਅਤੇ ਨੌਜਵਾਨ ਔਰਤਾਂ ਤੱਕ ਹੀ ਸੀਮਿਤ ਨਹੀਂ, ਬਿਰਧ ਔਰਤਾਂ ਤੱਕ ਵੀ ਫ਼ਲਦੀ ਹੈ। ਸੂਰਤ-ਅਲ-ਨੂਰ ਵਿੱਚ ਫ਼ੁਰਮਾਨ ਹੈ ਕਿ ਜਿਹੜੀਆਂ ਇਸਤਰੀਆਂ ਬਿਰਧ ਅਵਸਥਾ ਨੂੰ ਪੁੱਜ ਚੁੱਕੀਆਂ ਹੋਣ, ਉਹ ਜੇ ਚਾਦਰਾਂ ਲਾਹ ਕੇ ਰੱਖ ਦੇਣ ਤਾਂ ਉਨ੍ਹਾਂ ਸਿਰ ਕੋਈ ਗੁਨਾਹ ਨਹੀਂ ਪਰ ਸ਼ਰਤ ਇਹ ਹੈ ਕਿ ਉਹ ਆਪਣੇ ਹਾਰ-ਸ਼ਿੰਗਾਰ ਦਾ ਵਿਖਾਵਾ ਕਰਨ ਵਾਲੀਆਂ ਨਾ ਹੋਣ।'

ਪਤੀ, ਖ਼ਸਮ, ਮਾਲਕ ਸਾਈਂ ਆਦਿ ਸ਼ਬਦ ਵਿਆਹੁਤਾ ਮਰਦਾਂ ਲਈ ਵਰਤੇ ਜਾਂਦੇ ਹਨ ਜੋ ਇਸਤਰੀ ਉੱਪਰ ਉਸ ਦੇ ਅਧਿਕਾਰ ਜਾਂ ਵਸੀਕਾਰ ਹੋਣਾ ਦਰਸਾਉਂਦੇ ਹਨ। ਇਨ੍ਹਾਂ ਸ਼ਬਦਾਂ ਵਿੱਚ ਇਸਤਰੀ ਉੱਪਰ ਮਰਦ ਦੇ ਮਾਲਕਾਨਾ ਹੱਕਾਂ ਨੂੰ ਵੀ ਤਸਲੀਮ ਕੀਤਾ ਗਿਆ ਹੈ।

ਇਹ ਸਾਰੇ ਸ਼ਬਦ ਮਰਦ ਨੂੰ ਔਰਤ ਦਾ ਰਖਵਾਲਾ ਨਹੀਂ, ਮਾਲਕ ਦਰਸਾਉਂਦੇ ਹਨ। ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਇਸਲਾਮ ਵਿੱਚ ਔਰਤ ਦੀ ਸਥਿਤੀ ਦੂਜੈਲੀ ਜਾਂ ਦੂਜੇ ਦਰਜੇ ਦੇ ਸ਼ਹਿਰੀ ਦੀ ਹੈ। ਹਿਜਾਬ/ਨਕਾਬ ਨੂੰ ਇਸੇ ਪ੍ਰਸੰਗ ਵਿੱਚ ਰੱਖ ਕੇ ਵੇਖਣਾ ਚਾਹੀਦਾ ਹੈ। ਅਰਬੀ/ਫ਼ਾਰਸੀ ਕੋਸ਼ਾਂ ਵਿੱਚ ਹਿਜਾਬ ਦੇ ਅਰਥ ਪਰਦਾ, ਲੁਕਾਉਣਾ, ਛੁਪਾਉਣਾ, ਸ਼ਰਮ, ਹਯਾ, ਸੰਗ ਤੇ ਓਹਲਾ ਹਨ। ਮਹਾਨਕੋਸ਼ ਵਿੱਚ ਪਰਦਾ ਅਤੇ ਆਵਰਣ ਹਨ (ਪੰਨਾ 274)। ਪੰਜਾਬੀ ਕੋਸ਼ (ਜਿਲਦ ਦੂਜੀ) ਅਨੁਸਾਰ ਹਿਜਾਬ ਦੇ ਮਾਅਨੇ ਪਰਦਾ, ਘੁੰਡ, ਬੁਰਕਾ, ਨਕਾਬ, ਸ਼ਰਮ, ਹਯਾ, ਲੱਜਿਆ ਤੇ ਸੰਗ ਕੀਤੇ ਗਏ ਹਨ (ਪੰਨਾ 269)।

ਇੰਜ ਹਿਜਾਬ ਧਾਰਮਿਕ ਨਾਲ਼ੋਂ ਸੱਭਿਆਚਾਰਕ ਵਸਤ ਵਧੇਰੇ ਸਾਬਿਤ ਹੁੰਦਾ ਹੈ। ਸਾਡਾ ਸੰਵਿਧਾਨ ਅਤੇ ਕਾਨੂੰਨ ਹਰ ਭਾਰਤੀ ਸ਼ਹਿਰੀ ਨੂੰ ਇਹ ਹੱਕ ਦੇਂਦਾ ਹੈ ਕਿ ਉਹ ਆਪਣੀ ਮਰਜ਼ੀ ਅਤੇ ਅਕੀਦੇ ਮੁਤਾਬਕ ਆਪਣੇ ਧਰਮ ਦੀ ਪਾਲਣਾ ਕਰੇ। ਸਮਾਜਿਕ ਮਰਿਆਦਾ ਵਿੱਚ ਰਹਿ ਕੇ ਆਪਣੀ ਸੱਭਿਆਚਾਰਕ ਪਛਾਣ ਬਣਾਈ ਰੱਖੇ। ਭਾਰਤ ਇੱਕ ਬਹੁ-ਧਰਮੀ ਤੇ ਬਹੁ-ਸੱਭਿਆਚਾਰੀ ਦੇਸ਼ ਹੈ ਜਿਸ ਵਿੱਚ ਅੱਗੋਂ ਕਈ ਉਪ-ਸੱਭਿਆਚਾਰ ਵੀ ਹਨ। ਇਹੋ ਬਹੁ-ਸੱਭਿਆਚਾਰਾਵਾਦ ਭਾਰਤ ਦੀ ਪਛਾਣ ਵੀ ਹੈ ਅਤੇ ਸ਼ਾਨ ਵੀ।

ਬਾਕੀ ਸਫ਼ਾ 30 'ਤੇ

# ਭਾਰਤ ਮਨੁੱਖੀ ਤਸਕਰੀ ਨਾਲ਼ ਨਜਿੱਠਣ ਲਈ ਅਸਰਦਾਰ ਢੰਗ ਲਾਗੂ ਕਰੇ

**ਡਾ. ਰਜਿੰਦਰ ਕੌਰ**

19 ਜਨਵਰੀ ਨੂੰ ਮੈਨੀਟੋਬਾ ਨੇੜੇ ਕੈਨੇਡੀਅਨ ਬਾਰਡਰ 'ਤੇ ਇੱਕ ਗੁਜਰਾਤੀ ਪਰਿਵਾਰ ਦੇ 4 ਜੀਆਂ ਦੀ ਕੜਾਕੇ ਦੀ ਠੰਢ ਨਾਲ਼ ਜੂਝਦਿਆਂ ਦਮ ਤੋੜ ਜਾਣ ਦੀ ਖ਼ਬਰ ਨੇ ਬੇਲਗਾਮ ਹੋ ਕੇ ਲਗਾਤਾਰ ਵਧ ਰਹੀ ਮਨੁੱਖੀ ਤਸਕਰੀ ਨੂੰ ਇੱਕ ਵਾਰ ਫਿਰ ਕੌਮਾਂਤਰੀ ਪੱਧਰ 'ਤੇ ਉਭਾਰ ਦਿੱਤਾ ਹੈ। ਗੁਜਰਾਤ ਦੇ ਅਹਿਮਦਾਬਾਦ ਨੇੜੇ ਗਾਂਧੀਨਗਰ ਜ਼ਿਲ੍ਹੇ ਵਿੱਚ ਦਿਨਗੁਚਾ ਪਿੰਡ ਦੇ ਇਸ ਪਰਿਵਾਰ ਨੇ ਸੋਚਿਆ ਵੀ ਨਹੀਂ ਹੋਣਾ ਕਿ ਉਹ ਕਿੰਨੇ ਭਿਆਨਕ ਦਰਦਨਾਕ ਹਾਦਸੇ ਵੱਲ ਵਧ ਰਿਹਾ ਹੈ। ਏਜੰਟ ਰੂਪੀ ਖੂੰਖਾਰ ਤਸਕਰਾਂ ਦੇ ਹੱਥ ਚੜ੍ਹ ਕੇ, ਸੁਨਹਿਰੇ ਭਵਿੱਖ ਲਈ ਦਿਖਾਏ ਗਏ ਝੂਠੇ ਸਬਜ਼ਬਾਗ਼ ਦੇ ਜਾਲ਼ ਵਿੱਚ ਫਸ ਕੇ, ਚੰਗੀ ਭਲੀ ਗੁਜ਼ਰ ਬਸਰ ਕਰ ਰਹੇ ਪੜ੍ਹੇ ਲਿਖੇ ਲੋਕ ਗ਼ੈਰ-ਕਾਨੂੰਨੀ ਢੰਗ ਨਾਲ਼ ਸਰਹੱਦਾਂ ਪਾਰ ਕਰਨ ਲਈ ਪਤਾ ਨਹੀਂ ਕਿਉਂ ਉਤਾਵਲੇ ਹਨ? ਝੂਠੀਆਂ ਸੰਸਾਰਕ ਲਾਲਸਾਵਾਂ ਦੀ ਪੂਰਤੀ ਲਈ, ਖ਼ਤਰਨਾਕ ਡੌਂਕੀਆਂ ਦੀ ਭੇਂਟ ਚੜ੍ਹਦੇ ਹਜ਼ਾਰਾਂ ਨੌਜਵਾਨ, ਪਰਿਵਾਰ ਸਮੇਤ ਨਿੱਤ ਦਿਨ ਮਨੁੱਖੀ ਤਸਕਰੀ ਦਾ ਸ਼ਿਕਾਰ ਹੋ ਰਹੇ ਹਨ। ਗ਼ੈਰ-ਕਾਨੂੰਨੀ ਤਸਕਰੀ ਦਾ ਸ਼ਿਕਾਰ ਹੋਏ ਗੁਜਰਾਤੀ ਪਰਿਵਾਰ ਦੀ ਦਰਦਨਾਕ ਮੌਤ ਪਿੱਛੋਂ 8 ਫ਼ਰਵਰੀ ਨੂੰ ਮਨੁੱਖੀ ਤਸਕਰੀ ਖ਼ਿਲਾਫ਼ ਪ੍ਰਾਰਥਨਾ ਤੇ ਜਾਗਰੂਕਤਾ ਲਈ ਮਨਾਏ ਜਾਂਦੇ ਕੌਮਾਂਤਰੀ ਦਿਹਾੜੇ ਤੇ ਸੇਂਟ ਪੀਟਰ ਸਕੁਏਅਰ ਵਿੱਚ ਪੋਪ ਫ਼ਰਾਂਸਿਸ ਨੇ ਘੱਟ ਵਿਕਸਿਤ ਖ਼ਿੱਤਿਆਂ ਦੇ ਲੋਕਾਂ ਵੱਲੋਂ ਗ਼ੈਰ-ਕਾਨੂੰਨੀ ਢੰਗ ਨਾਲ਼ ਅਮਰੀਕਾ ਅਤੇ ਯੂਰਪੀਅਨ ਮੁਲਕਾਂ ਵਿੱਚ ਦਾਖ਼ਲ ਹੋਣ ਦੇ ਯਤਨਾਂ ਨੂੰ ਮੁੱਖ ਰੱਖਦਿਆਂ ਚਿੰਤਾ ਜਤਾਉਂਦਿਆਂ ਕਿਹਾ ਕਿ 'ਤਸਕਰਾਂ ਵੱਲੋਂ ਮਨੁੱਖੀ ਜ਼ਿੰਦਗੀ ਨੂੰ ਚੰਦ ਸਿੱਕਿਆਂ ਖ਼ਾਤਿਰ ਦਾਅ ਤੇ ਲਾਉਣ ਕਰਕੇ ਵਾਪਰੇ ਇਸ ਘਿਨਾਉਣੇ ਕਾਰਨਾਮੇ ਨੇ ਮਨੁੱਖਤਾ ਲਈ ਗਹਿਰਾ ਜ਼ਖ਼ਮ ਛੱਡਿਆ ਹੈ'।

ਮਨੁੱਖੀ ਤਸਕਰੀ ਦਾ ਵੱਡਾ ਕਾਰਨ ਘੱਟ ਵਿਕਸਿਤ ਮੁਲਕਾਂ ਦੇ ਲੋਕ ਜੋ ਭੁੱਖਮਰੀ, ਗ਼ਰੀਬੀ, ਬੇਰੁਜ਼ਗਾਰੀ ਤੇ ਮਾੜੇ ਸਰਕਾਰੀ ਤੰਤਰ ਦਾ ਸ਼ਿਕਾਰ ਹੋ ਕੇ ਸੁਨਹਿਰੇ ਭਵਿੱਖ ਦੀ ਕਾਮਨਾ ਹਿਤ ਵਿਕਸਿਤ ਮੁਲਕਾਂ ਵਿੱਚ ਕਾਨੂੰਨੀ/ਗ਼ੈਰ-ਕਾਨੂੰਨੀ ਢੰਗ ਨਾਲ਼ ਕੂਚ ਕਰਨ ਦਾ ਮਨ ਬਣਾ ਲੈਂਦੇ ਹਨ। 2020 ਦੇ ਸ਼ੁਰੂ ਤੋਂ ਸੰਸਾਰ ਪੱਧਰ ਤੇ ਤਕਰੀਬਨ 124 ਮਿਲੀਅਨ ਲੋਕ ਕੋਵਿਡ-19 ਮਹਾਂਮਾਰੀ ਕਰਕੇ ਅਤਿ ਦੀ ਗ਼ਰੀਬੀ ਵੱਲ ਧੱਕੇ ਜਾ ਚੁੱਕੇ ਹਨ। 2018 ਵਿੱਚ ਨੋਬੇਲ ਪੁਰਸਕਾਰ ਪ੍ਰਾਪਤ ਕਰਨ ਵਾਲੀ ਯਜ਼ੀਦੀ ਭਾਈਚਾਰੇ ਦੀ ਕੁੜੀ ਨਾਦੀਆ ਮੁਰਾਦ ਜਿਸ ਨੂੰ 2014 ਵਿੱਚ ਇਰਾਕ ਦੇ ਕੋਚੋ ਪਿੰਡ ਤੋਂ ਅਗਵਾ ਕਰਕੇ ਅਗਵਾਕਾਰਾਂ ਨੇ ਕਿਵੇਂ ਤਿੰਨ ਮਹੀਨੇ ਦਾਸੀ ਬਣਾ ਕੇ ਰੱਖਿਆ ਤੇ ਸਮੂਹਿਕ ਰੂਪ ਵਿੱਚ ਸਰੀਰਕ ਸ਼ੋਸ਼ਣ ਕੀਤਾ, ਇਸ ਦਾ ਅਸਰ ਅਜੇ ਵੀ ਸੰਸਾਰ ਦੇ ਮਨੁੱਖੀ ਭਲਾਈ ਲਈ ਸਥਾਪਿਤ ਸੰਵੇਦਨਸ਼ੀਲ ਮੰਚਾਂ 'ਤੇ ਪੈ ਰਿਹਾ ਹੈ।

ਤਸਕਰੀ ਕੀਤੇ ਮਨੁੱਖਾਂ ਵਿੱਚੋਂ ਇੱਕ ਤਿਹਾਈ ਹਿੱਸਾ ਬੱਚੇ ਹੁੰਦੇ ਹਨ। ਇਨ੍ਹਾਂ ਇੱਕ ਤਿਹਾਈ ਬੱਚਿਆਂ ਵਿੱਚੋਂ 75 ਫ਼ੀਸਦੀ 15 ਸਾਲ ਤੱਕ ਦੇ ਹੁੰਦੇ ਹਨ ਜਿਨ੍ਹਾਂ ਨੂੰ ਜਬਰੀ ਮਜ਼ਦੂਰੀ, ਭੀਖ, ਸਰੀਰਕ ਸ਼ੋਸ਼ਣ ਲਈ ਮਜਬੂਰ ਕੀਤਾ ਜਾਂਦਾ ਹੈ ਤੇ ਫਿਰ ਗੁਲਾਮ ਬਣਾ ਕੇ ਜਗ੍ਹਾ-ਜਗ੍ਹਾ ਵਪਾਰ ਕੀਤਾ ਜਾਂਦਾ ਹੈ। ਬਾਲਗ ਮਨੁੱਖਾਂ ਦੀ ਤਸਕਰੀ ਉਨ੍ਹਾਂ ਦੇ ਨਰੋਏ ਸਰੀਰਕ ਅੰਗ ਕੱਢ ਕੇ ਵੇਚਣ ਲਈ ਕੀਤੀ ਜਾਂਦੀ ਹੈ। 2021 ਵਿੱਚ ਤਸਕਰੀ ਬਾਰੇ ਜਾਰੀ ਇੱਕ ਗਲੋਬਲ ਰਿਪੋਰਟ ਅਨੁਸਾਰ ਤਸਕਰੀ ਦਾ ਸ਼ਿਕਾਰ ਹੁੰਦੇ ਹਰ 10 ਮਨੁੱਖਾਂ ਵਿੱਚੋਂ 5 ਬਾਲਗ ਔਰਤਾਂ ਅਤੇ 2 ਕੁੜੀਆਂ ਹੁੰਦੀਆਂ ਹਨ ਜੋ ਸਮੂਹਿਕ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ। 2019 ਦੌਰਾਨ ਅਮਰੀਕਾ ਵਿੱਚ ਤਸਕਰੀ ਕੀਤੇ ਮਨੁੱਖਾਂ ਦਾ 62 ਫ਼ੀਸਦੀ ਹਿੱਸਾ ਸਿਰਫ਼ ਸਰੀਰਕ ਸ਼ੋਸ਼ਣ ਲਈ ਹੀ ਕੀਤਾ ਗਿਆ।

ਸੰਸਾਰ ਪੱਧਰ ਤੇ ਮਨੁੱਖੀ ਤਸਕਰੀ ਰੋਕਣ ਲਈ ਸੰਯੁਕਤ ਰਾਸ਼ਟਰ ਆਮ ਸਭਾ ਨੇ 9 ਦਸੰਬਰ, 1998 ਨੂੰ ਇੱਕ ਸੰਕਲਪ ਅਪਣਾਇਆ ਜਿਸ ਤਹਿਤ ਕੌਮਾਂਤਰੀ ਪੱਧਰ ਉੱਤੇ ਧਰਾਤਲੀ, ਹਵਾਈ ਤੇ ਸਮੁੰਦਰੀ ਰਸਤਿਆਂ ਰਾਹੀਂ ਤਸਕਰੀ ਕੀਤੇ ਜਾਂਦੇ ਔਰਤਾਂ/ਮਰਦਾਂ ਅਤੇ ਬੱਚਿਆਂ ਨਾਲ਼ ਯੋਜਨਾਬੱਧ ਸਾਜ਼ਿਸ਼ ਰਾਹੀਂ ਕੀਤੇ ਜਾਂਦੇ ਜੁਰਮਾਂ ਨੂੰ



ਠੱਲ ਪਾਉਣ ਲਈ ਇਕਰਾਰਨਾਮਾ ਕੀਤਾ ਗਿਆ ਜੋ 29 ਸਤੰਬਰ, 2003 ਨੂੰ ਹਰਕਤ ਵਿੱਚ ਆਇਆ।

2004 ਵਿੱਚ ਸੰਯੁਕਤ ਰਾਸ਼ਟਰ ਦੇ ਡਰੱਗਜ਼ ਅਤੇ ਅਪਰਾਧਾਂ ਨਾਲ਼ ਸੰਬੰਧਿਤ ਦਫ਼ਤਰ ਨੂੰ ਦਿੱਤੀ ਸੂਚਨਾ ਵਿੱਚ ਉਸ ਵੇਲੇ ਦੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਕੋਫ਼ੀ ਅਨਾਨ ਨੇ ਮਨੁੱਖੀ ਤਸਕਰੀ ਕਰਨ ਵਾਲੀਆਂ ਤਾਕਤਾਂ ਨੂੰ 'ਗ਼ੈਰ-ਸੱਭਿਅਕ ਸਮਾਜ' ਕਿਹਾ ਸੀ। ਕੋਫ਼ੀ ਅਨਾਨ ਨੇ ਕਿਹਾ ਸੀ ਕਿ 'ਅੱਤਵਾਦੀ ਅਤੇ ਅਪਰਾਧਿਕ ਗਤੀਵਿਧੀਆਂ ਸਮੇਤ ਡਰੱਗਜ਼ ਅਤੇ ਮਨੁੱਖੀ ਤਸਕਰੀ ਵਿੱਚ ਮਸ਼ਰੂਫ਼ ਇਹ ਗ਼ੈਰ-ਸੱਭਿਅਕ ਸਮਾਜ ਵੱਖ ਵੱਖ ਮੁਲਕਾਂ ਵਿੱਚ ਕਾਰਜਸ਼ੀਲ ਹੈ ਜਿਸ ਉੱਤੇ ਪ੍ਰਸ਼ਾਸਨਿਕ ਕਵਾਇਦ ਦਾ ਕੋਈ ਅਸਰ ਨਹੀਂ ਹੁੰਦਾ ਬਲਕਿ ਇਸ ਗ਼ੈਰ-ਸੱਭਿਅਕ ਸਮਾਜ ਦੀ ਕਾਰਵਾਈ ਅਤਿ ਦਰਜੇ ਦੀ ਅਸੱਭਿਅਕ ਹੁੰਦੀ ਹੈ।'

'ਕੌਮਾਂਤਰੀ ਪੱਧਰ 'ਤੇ ਯੋਜਨਾਬੱਧ ਜੁਰਮਾਂ ਖ਼ਿਲਾਫ਼ ਸੰਯੁਕਤ ਰਾਸ਼ਟਰ ਇਕਰਾਰਨਾਮੇ/ਕਨਵੈਨਸ਼ਨ' ਦਾ ਮੁੱਖ ਉਦੇਸ਼ ਮੁੱਖ ਰੂਪ ਵਿੱਚ ਦੋ ਮਸਲਿਆਂ ਨਾਲ਼ ਨਜਿੱਠਣਾ ਹੈ- ਔਰਤਾਂ/ਮਰਦਾਂ ਤੇ ਬੱਚਿਆਂ ਦੀ ਤਸਕਰੀ ਅਤੇ ਧਰਾਤਲੀ, ਹਵਾਈ ਅਤੇ ਸਮੁੰਦਰੀ ਰਸਤਿਆਂ ਰਾਹੀਂ ਤਸਕਰੀ ਕੀਤੇ ਜਾਂਦੇ ਪਰਵਾਸੀ। ਇਨ੍ਹਾਂ ਮੁੱਖ ਮਸਲਿਆਂ/ਏਜੰਡਿਆਂ ਦੀ ਪੂਰਤੀ ਲਈ 'ਸੰਯੁਕਤ ਰਾਸ਼ਟਰ ਵਲੰਟਰੀ ਟਰੱਸਟ ਫ਼ੰਡ' ਵੀ ਕਾਇਮ ਕੀਤਾ ਗਿਆ। 'ਸੰਯੁਕਤ ਰਾਸ਼ਟਰ ਡਰੱਗਜ਼ ਅਤੇ ਕ੍ਰਾਈਮ ਆਫ਼ਿਸ' ਦੀ ਕਾਰਜਕਾਰੀ ਨਿਰਦੇਸ਼ਕ ਘਾਡਾ ਵਲੀ ਨੇ ਕਿਹਾ ਕਿ 'ਅਸੀਂ ਤਸਕਰੀ ਦੇ ਸ਼ਿਕਾਰ ਲੋਕਾਂ ਨੂੰ ਸਹਿਯੋਗ ਦੇ ਕੇ ਉਨ੍ਹਾਂ ਨੂੰ ਨਿਆਂ ਅਤੇ ਸ਼ਕਤੀ ਮੁਹੱਈਆ ਕਰਦੇ ਹਾਂ'।

ਗ਼ੈਰ-ਕਾਨੂੰਨੀ ਢੰਗ ਨਾਲ਼ ਫ਼ਰਜ਼ੀ ਦਸਤਾਵੇਜ਼ਾਂ ਜ਼ਰੀਏ ਫ਼ਰੇਬੀ ਯਾਤਰਾਵਾਂ ਨਾਲ਼ ਮਨੁੱਖੀ ਤਸਕਰ ਆਪਣੇ ਨਿੱਜੀ ਹਿਤਾਂ ਲਈ ਪਰਵਾਸੀਆਂ ਦੀ ਜਾਨ ਨਾਲ਼ ਖੇਡਦੇ ਹਨ। ਭਾਰਤ ਨੇ 'ਕੌਮਾਂਤਰੀ ਪੱਧਰ 'ਤੇ ਯੋਜਨਾਬੱਧ ਜੁਰਮਾਂ ਖ਼ਿਲਾਫ਼ ਸੰਯੁਕਤ ਰਾਸ਼ਟਰ ਕਨਵੈਨਸ਼ਨ' ਉੱਤੇ 12 ਦਸੰਬਰ, 2002 ਵਿੱਚ ਦਸਤਖ਼ਤ ਕੀਤੇ ਸਨ। ਭਾਰਤ ਨੇ ਐਲਾਨ ਕੀਤਾ ਸੀ ਕਿ 'ਤਸਕਰੀ ਤਹਿਤ ਕਾਬੂ ਕੀਤੇ ਮਨੁੱਖਾਂ ਨੂੰ ਕਨਵੈਨਸ਼ਨ ਨਾਲ਼ ਸੰਬੰਧਿਤ ਮੁਲਕਾਂ ਨੂੰ ਹਵਾਲਗੀ/ਸਪੁਰਦਗੀ ਦੇਣ ਲਈ ਭਾਰਤ ਕਨਵੈਨਸ਼ਨ ਨੂੰ ਕਾਨੂੰਨੀ ਆਧਾਰ ਮੰਨੇਗਾ ਅਤੇ ਕੌਮਾਂਤਰੀ ਮਿਲਵਰਤਨ ਤਹਿਤ ਹਰ ਸੰਭਵ ਤਰੀਕੇ ਨਾਲ਼ ਆਪਸੀ ਕਾਨੂੰਨੀ ਸਹਾਇਤਾ ਮੁਹੱਈਆ ਕਰੇਗਾ'।

ਉਂਝ, ਸੰਸਾਰ ਪੱਧਰ ਦੇ ਅਜਿਹੇ ਪ੍ਰਬੰਧਾਂ ਦੇ ਬਾਵਜੂਦ ਮਨੁੱਖੀ ਤਸਕਰੀ ਲਗਾਤਾਰ ਵਧ ਰਹੀ ਹੈ। ਭਾਰਤ ਅੰਦਰ ਵੀ ਭਾਵੇਂ ਇਸ ਸੰਬੰਧੀ ਸਖ਼ਤ ਕਾਨੂੰਨੀ ਡੰਡਾਵਲੀ ਮੌਜੂਦ ਹੈ। ਪਰ ਮਨੁੱਖੀ ਤਸਕਰੀ ਨਾਲ਼ ਨਜਿੱਠਣ ਲਈ ਵਿਆਪਕ ਯੋਜਨਾਵਾਂ ਢੁੱਕਵੇਂ ਅਤੇ ਅਸਰਦਾਰ ਢੰਗ ਨਾਲ਼ ਸਮਰਪਿਤ ਅਦਾਰਿਆਂ ਰਾਹੀਂ ਫ਼ੌਰੀ ਅਤੇ ਸਖ਼ਤੀ ਨਾਲ਼ ਲਾਗੂ ਕਰਨ ਦੀ ਲੋੜ ਹੈ, ਨਹੀਂ ਤਾਂ ਤਸਕਰੀ ਦੇ ਸ਼ਿਕਾਰ ਲੋਕ ਦਰਦਨਾਕ ਹਾਦਸਿਆਂ ਦੀ ਭੇਂਟ ਚੜ੍ਹਦੇ ਰਹਿਣਗੇ।

# ਆਤਮਜੀਤ ਵੱਲੋਂ 'ਕਿਸ਼ਤੀਆਂ ਵਿੱਚ ਜਹਾਜ਼' ਦਾ ਨਾਟਕੀ ਪਾਠ

ਪ੍ਰਸਿੱਧ ਸ਼ਾਇਰ ਅਤੇ ਸ਼ਹੀਦ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਜੀਵਨ ਉੱਤੇ ਆਧਾਰਿਤ ਨਾਟਕ 'ਕਿਸ਼ਤੀਆਂ ਵਿੱਚ ਜਹਾਜ਼' ਦਾ ਨਾਟਕੀ ਪਾਠ ਨਾਟਕਕਾਰ ਆਤਮਜੀਤ ਨੇ ਕੀਤਾ। ਰਚਨਾ ਦਾ ਪਾਠ ਦੀਵਾਨ ਸਿੰਘ ਦੀ ਯਾਦ ਵਿੱਚ ਪਿੰਡ ਸਿਸਵਾਂ ਦੇ ਨੇੜੇ ਬਣੇ ਅਜਾਇਬਘਰ ਵਿੱਚ ਕੀਤਾ ਗਿਆ। ਡਾ. ਆਤਮਜੀਤ ਨੇ ਕਿਹਾ ਕਿ ਉਨਾਂ ਦੀ ਭਰਪੂਰ ਇੱਛਾ ਸੀ ਕਿ ਇਸ ਨਾਟਕ ਦਾ ਪਹਿਲਾ ਪਾਠ ਇਸ ਮਿਊਜ਼ੀਅਮ ਵਿੱਚ ਕਰਕੇ ਉਸ ਅਮਰ ਸ਼ਹੀਦ ਨੂੰ ਸ਼ਰਧਾਂਜਲੀ ਦਿੱਤੀ ਜਾਵੇ। ਨਾਟਕ ਵਿੱਚ ਡਾ. ਦੀਵਾਨ ਸਿੰਘ ਦੇ ਲਗਭਗ ਸਾਰੇ ਜੀਵਨ ਨੂੰ ਬਹੁਤ ਨਾਟਕੀ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਹੈ। ਰਚਨਾ ਵਿੱਚ ਹਿੰਦੁਸਤਾਨ ਵਿੱਚ ਡਾਕਟਰ ਦੇ ਰੂਪ ਵਿੱਚ ਅੰਗਰੇਜ਼ੀ ਫ਼ੌਜ ਦੀ ਨੌਕਰੀ ਤੋਂ ਲੈ ਕੇ ਅੰਡੇਮਾਨ ਟਾਪੂ ਦੀ ਸੈਲੂਲਰ ਜੇਲ ਵਿੱਚ ਸੇਵਾ ਤੱਕ ਦੀਆਂ ਮਹੱਤਵਪੂਰਨ ਨਾਟਕੀ ਘਟਨਾਵਾਂ ਨੂੰ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਬੰਨਿਆਂ ਗਿਆ ਹੈ। ਜਦੋਂ 1942 ਵਿੱਚ ਟਾਪੂਆਂ ਉੱਤੇ ਜਾਪਾਨੀਆਂ ਦਾ ਰਾਜ ਹੋ ਗਿਆ ਤਾਂ ਉਸ ਵੇਲੇ ਦੇ ਜ਼ੁਲਮ ਨੂੰ ਵਿਸ਼ੇਸ਼ ਤੌਰ 'ਤੇ ਬਿਆਨ ਕੀਤਾ ਗਿਆ ਹੈ। ਡਾਕਟਰ ਦੀਵਾਨ ਸਿੰਘ ਸਿਰਫ਼ ਡਾਕਟਰ ਨਹੀਂ ਸੀ, ਉਹ ਟਾਪੂ ਵਿੱਚ ਵੱਸਦੇ ਆਮ ਲੋਕਾਂ ਵਾਸਤੇ ਇੱਕ ਮਸੀਹਾ ਬਣ ਚੁੱਕਾ ਸੀ। ਉਸ ਵੱਲੋਂ ਸਥਾਪਿਤ ਕੀਤੇ ਗੁਰਦਵਾਰੇ ਦਾ ਇਸ ਟਾਪੂ ਦੀ ਸੱਭਿਆਚਾਰਕ ਅਤੇ ਸਮਾਜਿਕ ਜ਼ਿੰਦਗੀ ਵਿੱਚ ਅਹਿਮ ਰੋਲ ਸੀ। ਦੀਵਾਨ ਸਿੰਘ ਦਾ ਬਣਾਇਆ ਇਹ ਗੁਰਦਵਾਰਾ ਇਨਸਾਨੀ ਕਦਰਾਂ ਕੀਮਤਾਂ ਦੀ ਉੱਚਤਮ ਮਿਸਾਲ ਕਾਇਮ ਕਰਦਾ ਹੈ। ਡਾਕਟਰ ਦੀਵਾਨ ਸਿੰਘ ਨੇ ਇਸ ਗੁਰਦਵਾਰੇ ਨੂੰ ਸੱਭਿਆਚਾਰਕ, ਧਾਰਮਿਕ ਅਤੇ ਆਰਥਿਕ ਕੇਂਦਰ ਦੇ ਤੌਰ 'ਤੇ ਵਿਕਸਿਤ ਕੀਤਾ ਅਤੇ ਲੋਕਾਂ ਨੂੰ ਇੱਕ ਨਵੀਂ ਦਸ਼ਾ ਦਿੱਤੀ। ਪਰ ਕੁਝ ਸਵਾਰਥੀ ਅਤੇ ਨਾ ਅਹਿਲ ਲੋਕਾਂ ਨੇ ਦੀਵਾਨ ਸਿੰਘ ਨੂੰ ਬਿਨਾਂ ਕਿਸੇ ਆਧਾਰ ਦੇ ਜਾਸੂਸ ਸਾਬਤ ਕਰਕੇ ਅਸਹਿ ਤਸੀਹੇ ਦਿੱਤੇ ਅਤੇ ਇਸ ਮਹਾਨ ਮਨੁੱਖ ਦੀ ਜਾਨ ਲੈ ਲਈ। ਨਾਟਕ ਅਨੁਸਾਰ ਸਮੁੰਦਰਾਂ ਵਿੱਚ ਘਿਰੇ ਇਸ ਇਲਾਕੇ ਦੇ ਬਹੁਤ ਸਾਰੇ ਲੋਕ 'ਕਿਸ਼ਤੀਆਂ' ਵਰਗੇ ਸਨ ਜਦੋਂ ਕਿ ਦੀਵਾਨ ਸਿੰਘ ਦੀ ਸ਼ਖ਼ਸੀਅਤ ਅਤੇ ਕੰਮ-ਕਾਜ ਦਾ ਕੱਦ-ਕਾਠ 'ਜਹਾਜ਼' ਵਰਗਾ ਸੀ।

ਨਾਟਕ ਦੇ ਪਾਠ ਉਪਰੰਤ ਪ੍ਰਸਿੱਧ ਰਾਜਸੀ ਇਤਿਹਾਸਕਾਰ ਪ੍ਰੋਫ਼ੈਸਰ ਹਰੀਸ਼ ਪੁਰੀ ਨੇ ਨਾਟਕ ਵਿੱਚ ਪੇਸ਼ ਕੀਤੇ ਪਾਤਰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਭੂਮਿਕਾ ਬਾਰੇ ਕੁਝ ਅਹਿਮ ਨੁਕਤੇ ਉਠਾਏ। ਪ੍ਰਸਿੱਧ ਚਿੰਤਕ ਪ੍ਰੋਫ਼ੈਸਰ ਹਰਕਿਸ਼ਨ ਮਹਿਤਾ ਅਨੁਸਾਰ ਇਹ ਨਾਟਕ ਡਾਕਟਰ ਦੀਵਾਨ ਸਿੰਘ ਦੀ ਬਹੁਪੱਖੀ ਸ਼ਖ਼ਸੀਅਤ ਦੀ ਭਰਪੂਰ ਉਸਾਰੀ ਕਰਨ ਦੇ ਨਾਲ-ਨਾਲ ਉਸ ਸਮੇਂ ਦੀ ਰਾਜਸੀ ਅਤੇ ਸਮਾਜਿਕ ਪਰਿਸਥਿਤੀ ਦੀ ਵੀ ਸੋਹਣੀ ਨੱਕਾਸ਼ੀ ਕਰਦਾ ਹੈ। ਪ੍ਰਸਿੱਧ ਕਹਾਣੀ ਕਾਰ ਗੁਲਜ਼ਾਰ ਸਿੰਘ ਸੰਧੂ ਨੇ ਦੱਸਿਆ ਕਿ ਉਹ ਡਾਕਟਰ ਦੀਵਾਨ ਸਿੰਘ ਦੇ ਸਾਰੇ ਪਰਿਵਾਰ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਹਨ ਪਰ ਆਤਮਜੀਤ ਨੇ ਜਿਸ ਅੰਦਾਜ਼ ਵਿੱਚ ਘਟਨਾਵਾਂ ਨੂੰ ਗੁੰਦਿਆ ਹੈ ਉਹ ਨਵੀਂ ਜਾਣਕਾਰੀ ਵੀ ਦਿੰਦਾ ਹੈ ਅਤੇ ਦਰਸ਼ਕਾਂ ਨੂੰ ਪ੍ਰਭਾਵਿਤ ਵੀ ਕਰਦਾ ਹੈ। ਇਵੇਂ ਹੀ ਪ੍ਰਸਿੱਧ ਕਹਾਣੀਕਾਰ ਜਸਬੀਰ ਭੁੱਲਰ ਦੀ ਰਾਏ ਸੀ ਕਿ ਆਤਮਜੀਤ ਨੇ ਨਾਵਲ ਦੇ ਵੱਡੇ ਆਕਾਰ ਵਾਲੀ ਸਮੱਗਰੀ ਨੂੰ ਬਹੁਤ ਕਲਾਤਮਕਤਾ ਨਾਲ਼ ਨਾਟਕ ਦੀ ਸੰਜਮੀ



ਵਿਧਾ ਵਿੱਚ ਬੰਨਿਆ ਹੈ। ਨਾਟਕ-ਆਲੋਚਕ ਡਾਕਟਰ ਸਤੀਸ਼ ਕੁਮਾਰ ਵਰਮਾ ਅਨੁਸਾਰ ਇਨਾਂ ਟਕਬਰੈਸ਼ਤੀਅਨ ਸ਼ੈਲੀ ਦਾ ਪ੍ਰਮਾਣੀਕ ਨਮੂਨਾ ਹੈ ਪਰ ਇਸਦੇ ਦੂਜੇ ਭਾਗ ਵਿੱਚ ਨਾਟਕੀਅਤਾ ਨੂੰ ਵਧਾਉਣ ਦੀ ਲੋੜ ਹੈ। ਸੀਨੀਅਰ ਪੱਤਰਕਾਰ ਦਲਜੀਤ ਸਿੰਘ ਅਨੁਸਾਰ ਆਤਮਜੀਤ ਨੇ ਇਹ ਨਾਟਕ ਬਹੁਤ ਜ਼ਿਆਦਾ ਜਜ਼ਬਾਤੀ ਹੋ ਕੇ ਲਿਖਿਆ ਪ੍ਰਤੀਤ ਹੁੰਦਾ ਹੈ। ਉਸਨੇ ਇਸ ਰਚਨਾ ਨੂੰ ਪੜ੍ਹਿਆ ਹੀ ਨਹੀਂ, ਖੇਡਿਆ ਵੀ ਹੈ ਕਿਉਂਕਿ ਉਸਦਾ ਪਾਠ ਪੇਸ਼ਕਾਰੀ ਵਰਗਾ ਸੀ। ਡਾਕਟਰ ਦੀਵਾਨ ਸਿੰਘ ਦੀ ਨੂੰਹ ਪ੍ਰੋਫ਼ੈਸਰ ਗੁਰਦਰਸ਼ਨ ਕੌਰ ਢਿੱਲੋਂ ਦੇ ਸ਼ਬਦਾਂ ਵਿੱਚ ਆਤਮਜੀਤ ਨੇ ਡਾਕਟਰ ਦੀਵਾਨ ਸਿੰਘ ਦੇ ਪਾਤਰ ਨੂੰ ਬਹੁਤ ਸਟੀਕ ਅਤੇ ਪ੍ਰਭਾਵਸ਼ਾਲੀ ਬੋਲੀ ਵਿੱਚ ਚਿਤਰਿਆ ਹੈ। ਅਮਰੀਕਾ ਵਿੱਚ ਰਹਿੰਦੀ ਦੀਵਾਨ ਸਿੰਘ ਦੀ ਪੋਤਰੀ ਸੋਨੀਆ ਨੇ ਕਿਹਾ, ਉਸ ਦਾ ਖ਼ਿਆਲ ਸੀ ਕਿ ਨਾਟਕ ਵਰਗੀ ਰਚਨਾ ਵਿੱਚ ਦੀਵਾਨ ਸਿੰਘ ਵਰਗੇ ਮਹਾਂਕਾਵਿਕ ਜੀਵਨ ਨੂੰ ਨਹੀਂ ਸਮੇਟਿਆ ਜਾ ਸਕਦਾ। ਪਰ ਨਾਟਕ ਨੂੰ ਸੁਣਨ ਤੋਂ ਬਾਅਦ ਉਸਨੂੰ ਪਛਤਾਵਾ ਹੈ ਕਿ ਇਸ ਕਮਾਲ ਦੇ ਨਾਟਕੀ ਪਾਠ ਦੀ ਉਸਨੇ ਵੀਡੀਓ ਕਿਉਂ ਨਹੀਂ ਬਣਾਈ। ਪ੍ਰੋਫ਼ੈਸਰ ਸਵਰਨਜੀਤ ਮਹਿਤਾ ਨੇ ਨਾਟਕਕਾਰ ਨੂੰ ਇਸ ਗੱਲ ਦੀ ਵਧਾਈ ਦਿੱਤੀ ਕਿ ਉਸਨੇ ਦੀਵਾਨ ਸਿੰਘ ਦੀ ਪਤਨੀ ਦੇ ਪਾਤਰ ਰਾਹੀਂ ਔਰਤ ਦੇ ਦ੍ਰਿਸ਼ਟੀਕੋਣ ਨੂੰ ਢੁਕਵੇਂ ਤਰੀਕੇ ਨਾਲ਼ ਉਸਾਰਿਆ ਹੈ।

ਨਾਟਕਕਾਰ ਨੇ ਪ੍ਰਬੰਧਕਾਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਉਹ 1998 ਤੋਂ ਇਸ ਨਾਟਕ ਨੂੰ ਲਿਖਣ ਬਾਰੇ ਸੋਚ ਰਿਹਾ ਸੀ ਪਰ ਉਸਦੀ ਪ੍ਰੇਰਨਾ ਨੂੰ ਸਭ ਤੋਂ ਵੱਡਾ ਹੁਲਾਰਾ ਉਦੋਂ ਮਿਲਿਆ ਜਦੋਂ ਸੈਲੂਲਰ ਜੇਲ ਵਿੱਚ ਕੁਝ ਸਮਾਂ ਰਹੇ ਵੀਰ ਸਾਵਰਕਰ ਨੂੰ ਭਾਰਤ ਰਤਨ ਦੇਣ ਦੀ ਚਰਚਾ ਸਾਹਮਣੇ ਆਈ। ਉਸਨੇ ਉਮੀਦ ਕੀਤੀ ਕਿ ਇਨਾਂ ਨਾਟਕਾਂ ਦਾ ਜਲਦੀ ਹੀ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋਵੇਗਾ ਅਤੇ ਮੰਚ ਉੱਤੇ ਵੀ ਖੇਡਿਆ ਜਾਵੇਗਾ।

# ਗ਼ਰੀਬੀ, ਮਹਿੰਗਾਈ ਤੇ ਕੰਗਾਲੀ ਦੀ ਦਲਦਲ ਵਿੱਚ ਭਾਰਤੀ ਲੋਕਤੰਤਰ

**ਨਵਤੇਜ ਸਿੰਘ**

ਪਿਛਲੇ ਕੁਝ ਅਰਸੇ ਤੋਂ ਭਾਰਤੀ ਲੋਕਤੰਤਰ ਵਿੱਚੋਂ ਲੋਕਾਂ ਦੀ ਭਰੋਸੇਯੋਗਤਾ ਘਟ ਰਹੀ ਹੈ। ਲੋਕਤੰਤਰ ਵਿੱਚੋਂ ਲੋਕ ਅਲੋਪ ਹੋ ਰਹੇ ਹਨ ਤੇ ਤੰਤਰ ਬਾਕੀ ਰਹਿ ਗਿਆ ਹੈ। ਲੋਕਤੰਤਰ ਹਰੇਕ ਧਰਮ, ਜਾਤ, ਰੰਗ, ਨਸਲ ਦੇ ਲੋਕਾਂ ਤੇ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲਿਆਂ ਨੂੰ ਬਰਾਬਰੀ ਦੇ ਅਧਿਕਾਰ ਦਿੰਦਾ ਹੈ ਪਰ ਭਾਰਤ ਵਿੱਚ ਧਰਮ-ਜਾਤ ਦੇ ਆਧਾਰ 'ਤੇ ਖੁੱਲੀ ਸਿਆਸਤ ਕੀਤੀ ਜਾ ਰਹੀ ਹੈ। ਜਿਸ ਦੇ ਹੇਠ ਦੇਸ਼ ਦੇ ਅਹਿਮ ਮਸਲਿਆਂ ਨੂੰ ਦਬਾਇਆ ਜਾ ਰਿਹਾ ਹੈ। ਅਸਲ ਵਿੱਚ ਜਦੋਂ ਲੋਕਾਂ ਤੱਕ ਮੁੱਢਲੀਆਂ ਸਹੂਲਤਾਂ ਵੀ ਨਹੀਂ ਪੁੱਜਦੀਆਂ ਕੀਤੀਆਂ ਜਾਂਦੀਆਂ, ਉਨਾਂ ਨੂੰ ਵਿਕਾਸ ਤੋਂ ਵਿਰਵੇ ਰੱਖਿਆ ਜਾਂਦਾ ਹੈ, ਤਾਂ ਲੋਕਾਂ ਪ੍ਰਤੀ ਇਸ ਜਵਾਬਦੇਹੀ ਤੋਂ ਬਚਣ ਲਈ ਧਰਮ-ਜਾਤ ਅਧਾਰਿਤ ਮੁੱਦਿਆਂ 'ਤੇ ਰੌਲਿਆਂ ਨੂੰ ਉਠਾ ਕੇ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਦੇਸ਼ ਦੀ ਵਰਤਮਾਨ ਹਾਲਤ ਨੂੰ ਵੀ ਇਸੇ ਸੰਦਰਭ ਵਿੱਚ ਸਮਝਿਆ ਜਾ ਸਕਦਾ ਹੈ, ਜਿੱਥੇ ਨਿੱਤ ਨਵਾਂ ਮਸਲਾ ਉਠਾ ਕੇ ਉਸ 'ਤੇ ਸਿਆਸਤ ਸ਼ੁਰੂ ਕਰ ਦਿੱਤੀ ਜਾਂਦੀ ਹੈ। ਕਿਸੇ ਇੱਕ ਮਸਲੇ ਨੂੰ ਠੰਢੇ ਪੈਣ ਤੋਂ ਪਹਿਲਾਂ ਹੀ ਦੂਸਰਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਭਾਰਤ ਦੀ ਆਬਾਦੀ ਜ਼ਿਆਦਾ ਹੋਣ ਕਰਕੇ ਮਸਲਿਆਂ ਦੀ ਪਹਿਲਾਂ ਹੀ ਭਰਮਾਰ ਸੀ। ਉੱਪਰੋਂ ਕੋਰੋਨਾ ਮਹਾਂਮਾਰੀ ਨੇ ਦੋ ਸਾਲਾਂ ਦਰਮਿਆਨ ਭਾਰਤ ਦੀ ਆਰਥਿਕਤਾ ਨੂੰ ਵੱਡੀ ਸੱਟ ਮਾਰੀ ਹੈ। ਕੇਂਦਰ ਤੇ ਸੂਬਾ ਸਰਕਾਰਾਂ ਸਾਹਮਣੇ ਪਹਿਲਾਂ ਹੀ ਅਨੇਕਾਂ ਸਮੱਸਿਆਵਾਂ ਮੂੰਹ ਅੱਡੀ ਖੜੀਆਂ ਹਨ, ਜਿਹੜੀਆਂ ਕਿ ਸਰਕਾਰ ਦੇ ਧਿਆਨ ਦੀ ਮੰਗ ਕਰਦੀਆਂ ਹਨ। ਇੱਕ ਰਿਪੋਰਟ ਮੁਤਾਬਿਕ ਅਪ੍ਰੈਲ 2020 ਤੋਂ ਅਪ੍ਰੈਲ 2021 ਤੱਕ 23 ਕਰੋੜ ਨਵੇਂ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਦੀ ਸ਼੍ਰੇਣੀ ਵੀ ਵਿੱਚ ਜੁੜ ਗਏ ਹਨ, ਜਿਸ ਨਾਲ਼ ਭਾਰਤ 8 ਜਾਂ 9 ਸਾਲ ਪਛੜ ਗਿਆ ਹੈ। ਸਾਲ 2021 'ਚ ਗਰੈਜੂਏਟ ਤੋਂ ਪੋਸਟ ਗਰੈਜੂਏਟ ਬੇਰੁਜ਼ਗਾਰ ਪੜਿਆਂ-ਲਿਖਿਆਂ ਦੀ ਦਰ 19.4 ਫ਼ੀਸਦੀ ਸੀ।

ਵਾਅਦਾ ਤਾਂ ਹਰੇਕ ਸਾਲ 2 ਕਰੋੜ ਲੋਕਾਂ ਲਈ ਨਵੀਆਂ ਨੌਕਰੀਆਂ ਪੈਦਾ ਕਰਨ ਦਾ ਸੀ, ਪਰ ਇਸ ਦੇ ਉਲਟ ਕੋਰੋਨਾ ਕਾਲ ਤੇ ਨਿੱਜੀਕਰਨ ਦੇ ਦੌਰ ਵਿੱਚ 10 ਕਰੋੜ ਲੋਕਾਂ ਦੀਆਂ ਨੌਕਰੀਆਂ ਖੁੱਸ ਗਈਆਂ। ਅਮੀਰੀ-ਗ਼ਰੀਬੀ ਦਾ ਪਾੜਾ ਬੇਹੱਦ ਵਧ ਗਿਆ ਹੈ। ਵਰਲਡ ਇਕਨਾਮਿਕ ਫ਼ੋਰਮ ਦੀ ਰਿਪੋਰਟ ਅਨੁਸਾਰ ਦੇਸ਼ ਦੇ ਇੱਕ ਫ਼ੀਸਦੀ ਧਨ ਕੁਬੇਰਾਂ ਕੋਲ 70 ਫ਼ੀਸਦੀ ਆਬਾਦੀ ਦੇ ਬਰਾਬਰ ਧਨ ਹੈ, ਇੱਕ ਪਾਸੇ ਵਿਜੇ ਮਾਲਿਆ, ਨੀਰਵ ਮੋਦੀ ਤੇ ਮੇਹੁਲ ਚੋਕਸੀ ਵਰਗੇ ਧਨ ਕੁਬੇਰ ਸਰਕਾਰੀ ਬੈਂਕਾਂ ਤੋਂ ਹਜ਼ਾਰਾਂ ਕਰੋੜਾਂ ਦੇ ਕਰਜ਼ੇ ਲੈ ਕੇ ਵਿਦੇਸ਼ਾਂ 'ਚ ਐਸ਼ੋ-ਇਸ਼ਰਤ ਦਾ ਜੀਵਨ ਜਿਊਂ ਰਹੇ ਹਨ, ਜਿਸ ਕਾਰਨ ਬੈਂਕਾਂ ਦਾ ਦੀਵਾਲਾ ਨਿਕਲ ਗਿਆ। ਦੂਸਰੇ ਪਾਸੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲੇ ਲੋਕਾਂ ਨੂੰ ਦੋ ਵਕਤ ਦੀ ਰੋਟੀ ਦੀ ਚਿੰਤਾ ਸਤਾ ਰਹੀ ਹੈ। ਬੇਰੁਜ਼ਗਾਰੀ ਭਾਰਤ ਲਈ ਸਭ ਤੋਂ ਵੱਡੀ ਤੇ ਗੰਭੀਰ ਚੁਣੌਤੀ ਹੈ, ਪਰ ਅਫ਼ਸੋਸ ਵਾਲੀ ਗੱਲ ਇਹ ਹੈ ਕਿ ਇਸ ਮਹੱਤਵਪੂਰਨ ਵਿਸ਼ੇ 'ਤੇ ਸੋਚਣ ਜਾਂ ਯੋਜਨਾਵਾਂ ਬਣਾਉਣ ਦੀ ਥਾਂ ਇਸ ਨੂੰ ਲਗਾਤਾਰ ਦਰਕਿਨਾਰ ਕੀਤਾ ਜਾ ਰਿਹਾ ਹੈ। ਰੁਜ਼ਗਾਰ ਦੀਆਂ ਨਵੀਆਂ ਯੋਜਨਾਵਾਂ ਉਲੀਕਣ ਦੀ ਲੋੜ ਹੈ, ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਰੁਜ਼ਗਾਰਾਂ ਤੇ ਸਵੈ-ਰੁਜ਼ਗਾਰਾਂ ਨਾਲ਼ ਜੋੜਿਆ ਜਾਵੇ, ਪਰ ਹੋ ਤਾਂ ਇਸ ਤੋਂ ਉਲਟ ਰਿਹਾ ਹੈ। ਜਨਤਕ ਅਦਾਰਿਆਂ ਦੀ ਧੜਾਧੜ ਬੋਲੀ ਲਗਾਈ ਜਾ ਰਹੀ ਹੈ। ਸਰਕਾਰੀ ਬੈਂਕ, ਕੋਲਾ, ਖਾਣਾਂ, ਤੇਲ ਕੰਪਨੀਆਂ, ਬੀ.ਐੱਸ. ਐੱਨ.ਐੱਲ., ਰੇਲਵੇ, ਏਅਰ ਲਾਈਨਜ਼, ਖੇਡ ਮੈਦਾਨ ਤੇ ਬੀਮਾ ਕੰਪਨੀਆਂ ਆਦਿ ਭਾਰਤ ਸਰਕਾਰ ਦੀ ਕਮਾਈ ਦੇ ਵੱਡੇ ਅਦਾਰੇ ਹਨ, ਨਾਲ਼ ਹੀ ਇਨਾਂ 'ਚ ਨੌਕਰੀਆਂ ਕਰਦੇ ਲੱਖਾਂ ਲੋਕਾਂ ਦੇ ਪਰਿਵਾਰਾਂ ਦਾ ਗੁਜ਼ਾਰਾ ਵੀ ਚੱਲਦਾ ਹੈ ਪਰ ਇਸ ਵੇਲੇ ਇਹ ਸਾਰੇ ਅਦਾਰੇ ਮੰਡੀ ਦੀ ਵਸਤੂ ਬਣ ਗਏ ਹਨ। ਇਨਾਂ ਦੀ ਸੇਲ ਲਗਾ ਦਿੱਤੀ ਗਈ ਹੈ, ਜਿਨਾਂ ਦੇ ਖ਼ਰੀਦਦਾਰ ਮਿਲ ਗਏ ਹਨ, ਉਹ ਅਦਾਰੇ ਸਰਕਾਰ ਦੇ ਹੱਥਾਂ ਵਿੱਚੋਂ ਨਿਕਲ ਕੇ ਕਾਰੋਬਾਰੀਆਂ ਦੀ ਨਿੱਜੀ ਮਲਕੀਅਤ ਬਣ ਗਏ ਹਨ ਅਤੇ ਜਿਹੜੇ ਇੱਕਾ-ਦੁੱਕਾ ਰਹਿ ਗਏ ਹਨ, ਉਨਾਂ ਦੇ ਖ਼ਰੀਦਦਾਰਾਂ ਦੀ ਉਡੀਕ ਬੜੀ ਬੇਸਬਰੀ ਨਾਲ਼ ਕੀਤੀ ਜਾ ਰਹੀ ਹੈ। ਇੰਜ ਦਿਖਾਇਆ ਜਾ ਰਿਹਾ ਹੈ ਜਿਵੇਂ ਇਹ ਅਦਾਰੇ ਸਰਕਾਰ ਲਈ ਸਭ ਤੋਂ ਵੱਡਾ ਬੋਝ ਹੋਣ, ਜਿਨਾਂ ਨੂੰ ਨਿੱਜੀ ਹੱਥਾਂ ਵੀ ਵਿੱਚ ਦੇ ਕੇ ਸਰਕਾਰ ਸੁਰਖ਼ਰੂ ਹੋਣਾ ਚਾਹੁੰਦੀ ਹੋਵੇ। ਪਰ ਦੇਸ਼ ਦੇ ਸਾਹਮਣੇ ਸਵਾਲ ਹੈ ਕਿ ਜੇਕਰ ਸਰਕਾਰ ਲੋਕਾਂ ਨੂੰ ਰੁਜ਼ਗਾਰ ਦੇਣ ਤੋਂ ਅਸਮਰੱਥਾ ਜ਼ਾਹਿਰ ਕਰ ਰਹੀ ਹੈ ਤਾਂ ਨਿੱਜੀ ਖੇਤਰ 'ਚ ਏਨੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਨੌਕਰੀਆਂ ਕਿਵੇਂ ਦਿੱਤੀਆਂ ਜਾ ਸਕਦੀਆਂ ਹਨ। ਸਰਕਾਰ ਦੇ ਅਜਿਹੇ ਕਦਮਾਂ ਨਾਲ਼ ਆਉਂਦੇ ਸਾਲਾਂ 'ਚ ਬੇਰੁਜ਼ਗਾਰੀ ਦਾ ਹੋਰ ਵਿਕਰਾਲ ਰੂਪ ਦੇਖਣ ਨੂੰ ਮਿਲੇਗਾ। ਧਨ ਕੁਝ ਗਿਣਤੀ ਦੇ ਲੋਕਾਂ ਦੇ ਹੱਥਾਂ ਵਿੱਚ ਇਕੱਠਾ ਹੋ ਜਾਵੇਗਾ ਤੇ ਆਮ ਲੋਕ ਰੋਟੀ ਨੂੰ ਤਰਸ ਜਾਣਗੇ। ਜਿਸ ਨਾਲ਼ ਲੁੱਟਾਂ-ਖੋਹਾਂ, ਨਸ਼ੇ, ਚੋਰੀਆਂ, ਡਕੈਤੀਆਂ, ਅਗਵਾ ਕਾਂਡ ਤੇ ਮਾਰਧਾੜ ਦੀਆਂ ਘਟਨਾਵਾਂ ਵਧਣਗੀਆਂ। ਜਨਤਕ ਅਦਾਰੇ ਲੋਕਾਂ ਦੀਆਂ ਸਹੂਲਤਾਂ ਲਈ ਉਸਾਰੇ ਗਏ ਸਨ, ਪਰ ਕਾਰੋਬਾਰੀ ਤੇ ਵਪਾਰੀ ਵਸਤਾਂ ਦੀ ਬੋਲੀ ਲਾਉਂਦੇ ਹਨ, ਜਿਹੜਾ ਵੱਧ ਕੀਮਤ ਦੇਵੇ, ਉਹ ਹੀ ਸਹੂਲਤ ਲੈ ਸਕਦਾ ਹੈ, ਜਿਸ ਕੋਲ ਪੈਸਾ ਨਹੀਂ, ਉਸ ਨੂੰ ਸਹੂਲਤ ਵੀ ਕੋਈ ਨਹੀਂ ਮਿਲੇਗੀ। ਨਿੱਜੀਕਰਨ ਸਦਕਾ ਸਿੱਖਿਆ ਤੇ ਸਿਹਤ ਵਰਗੀਆਂ ਸਹੂਲਤਾਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਇਹ ਦੋਵੇਂ ਮੰਡੀ ਦੀਆਂ ਵਸਤੂਆਂ ਹਨ। ਗ਼ਰੀਬ ਵਰਗ ਦੀ ਦੇਸ਼ ਦੇ ਪ੍ਰਬੰਧ ਵਿੱਚੋਂ ਸਾਂਝਦਾਰੀ ਖ਼ਤਮ ਹੋ ਜਾਵੇਗੀ, ਕਿਉਂਕਿ ਗ਼ਰੀਬ ਪਰਿਵਾਰ ਦੇ ਬੱਚੇ ਮਹਿੰਗੀ ਉੱਚ ਸਿੱਖਿਆ ਕਿਵੇਂ ਹਾਸਲ ਕਰਨਗੇ? ਗ਼ਰੀਬ ਪਰਿਵਾਰ ਦਾ ਬੱਚਾ ਇੱਕ ਕਰੋੜ ਖ਼ਰਚ ਕੇ ਕਿਵੇਂ ਡਾਕਟਰ ਬਣੇਗਾ? ਬੱਚਿਆਂ ਕੋਲ ਹੁਨਰ ਤਾਂ ਹੋਵੇਗਾ, ਪਰ ਮੌਕੇ ਨਹੀਂ ਹੋਣਗੇ। ਸਰਕਾਰ ਨੂੰ ਨਿੱਜੀਕਰਨ ਦੀ ਹੱਦਬੰਦੀ ਤੈਅ ਕਰਨੀ ਚਾਹੀਦੀ ਹੈ। ਰੇਲਵੇ, ਸੰਚਾਰ, ਬੀਮਾ, ਹਵਾਈ ਆਦਿ ਖੇਤਰਾਂ ਦਾ ਬਿਲਕੁਲ ਨਿੱਜੀਕਰਨ ਨਾ ਹੋਵੇ, ਜਿੱਥੇ ਇਹ ਦੇਸ਼ ਦੀ ਆਮਦਨ ਦਾ ਮੁੱਖ ਸਰੋਤ ਹਨ, ਉੱਥੇ ਲੋਕਾਂ ਲਈ ਰੁਜ਼ਗਾਰਦਾਤਾ ਵੀ ਹਨ। ਨਿੱਜੀ ਖੇਤਰਾਂ 'ਚ ਰੁਜ਼ਗਾਰ ਦੇ ਨਾਂ 'ਤੇ ਸ਼ੋਸ਼ਣ ਵਧੇਰੇ ਹੁੰਦਾ ਹੈ। ਹਾਲੇ ਵੀ ਦੇਸ਼ ਵਿੱਚ 1.77 ਲੱਖ ਲੋਕਾਂ ਕੋਲ ਘਰ ਨਹੀਂ, ਜੋ ਖੁੱਲੇ ਅਸਮਾਨ ਹੇਠ ਗਰਮੀਆਂ-ਸਰਦੀਆਂ ਕੱਟਦੇ ਹਨ। ਅੰਨ ਨਾਲ਼ ਦੇਸ਼ ਦੇ ਭੰਡਾਰ ਭਰੇ ਪਏ ਹਨ, ਅਨਾਜ ਸੜ ਰਿਹਾ ਹੈ। ਇਸ ਦੇ ਰਖਵਾਲੇ ਕਰੋੜਾਂ ਦੇ ਅਨਾਜ ਦਾ ਗ਼ਬਨ ਕਰ ਜਾਂਦੇ ਹਨ ਪਰ ਦੂਸਰੇ ਪਾਸੇ 7000 ਲੋਕਾਂ ਦੀ ਭੁੱਖ ਕਾਰਨ ਰੋਜ਼ਾਨਾ ਮੌਤ ਹੁੰਦੀ ਹੈ। ਕੌਮੀ ਭੁੱਖ ਸੂਚੀ (2021) 'ਚ 116 ਦੇਸ਼ਾਂ ਵਿੱਚੋਂ ਭਾਰਤ ਦਾ 101ਵਾਂ ਸਥਾਨ ਰਿਹਾ। ਇਸ ਸੱਚ ਨੂੰ ਕਬੂਲਣ ਦੀ ਥਾਂ ਰਿਪੋਰਟ ਨੂੰ ਨਿਰਾਧਾਰ ਦੱਸਿਆ ਗਿਆ ਹੈ। 20 ਕਰੋੜ ਲੋਕ ਹਾਲੇ ਵੀ ਦੇਸ਼ ਵਿੱਚ ਭੁੱਖੇ ਸੌਂਦੇ ਹਨ। 2019-20 'ਚ 8.8 ਲੱਖ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਕੁਪੋਸ਼ਣ ਕਰਕੇ ਹੋ ਗਈ। ਇਨਾਂ ਵਿੱਚੋਂ ਕੋਈ ਵੀ ਮਸਲਾ ਅੱਜ ਤੱਕ ਰਾਸ਼ਟਰੀ ਚੈਨਲਾਂ ਦੀ ਬਹਿਸ ਦਾ ਵਿਸ਼ਾ ਨਹੀਂ ਬਣਿਆ। ਮੰਦਰ, ਮਸਜਿਦ, ਹਿੰਦੂ ਰਾਸ਼ਟਰ ਤੇ ਹੁਣ ਹਿਜਾਬ ਵਰਗੇ ਮਸਲਿਆਂ ਦੁਆਲੇ ਘੁੰਮਦੀ ਸਿਆਸਤ ਭਾਰਤ ਨੂੰ ਹੋਰ ਗ਼ਰੀਬੀ, ਮਹਿੰਗਾਈ ਤੇ ਕੰਗਾਲੀ ਦੀ ਦਲਦਲ ਵਿੱਚ ਧਕੇਲ ਦੇਵੇਗੀ।

ਵਿਸ਼ੇਸ਼ ਮੁੱਦਾ

# ਬੱਚਿਆਂ 'ਤੇ ਤਸ਼ੱਦਦ ਕਰਵਾਉਣ ਵਾਲੇ ਯੂਕਰੇਨੀ ਹਾਕਮ ਤਰਸ ਦੇ ਪਾਤਰ ਜਾਂ ਨਫ਼ਰਤ ਦੇ....?

**ਸ਼ਮਸ਼ੇਰ ਸਿੰਘ ਜੇਠੂਵਾਲ**

ਰੂਸ ਦੇ ਰਾਸ਼ਟਰਪਤੀ ਵਾਲਦੀਮੀਰ ਪੂਤਿਨ ਵੱਲੋਂ ਯੂਕਰੇਨ ਵਿੱਚ ਕੀਤੇ ਜਾ ਰਹੇ ਹਮਲੇ ਅਜੇ ਤੱਕ ਇੱਕ ਦਾਇਰੇ ਤੱਕ ਸੀਮਤ ਹਨ।

ਬੀਤੇ ਕੱਲ ਪੂਤਿਨ ਵੱਲੋਂ ਗੱਲਬਾਤ ਦਾ ਰਸਤਾ ਅਖ਼ਤਿਆਰ ਕਰਨ ਨੂੰ ਸਹਿਮਤੀ ਦਿੱਤੀ ਸੀ, ਹਮਲਿਆਂ ਦੀ ਸ਼ੁਰੂਆਤ ਤੋਂ ਪਹਿਲਾਂ ਵੀ ਲੰਮਾਂ ਸਮਾਂ ਗੱਲਬਾਤ ਰਾਹੀ ਰਾਹ ਕੱਢਣ ਦੇ ਹੱਕ ਵਿੱਚ ਸੀ, ਪਰ ਤਕੜਿਆਂ ਦੀ ਚੁੱਕ ਵਿੱਚ ਆਏ ਯੂਕਰੇਨੀ ਭੰਡ ਨੇ ਇੱਕ ਨਾ ਮੰਨੀ।

ਯੂਕਰੇਨ ਰਾਹੀਂ ਰੂਸ ਨੂੰ ਹਰ ਪਾਸਿਓ ਘੇਰਨ ਦੀ ਤਿਆਰੀ ਕਰੀ ਬੈਠੀਆਂ ਪੂਰੀ ਦੁਨੀਆਂ ਦੀਆਂ ਮਹਾਂ-ਸ਼ਕਤੀਆਂ ਯੂਕਰੇਨੀ ਰਾਸ਼ਟਰਪਤੀ ਦੇ ਮੋਢੇ ਤੇ ਬੰਦੂਕ ਰੱਖ ਚਲਾ



ਰਹੀਆਂ ਸਨ ਤੇ ਫ਼ੌਜੀ ਵਰਦੀ ਪਾ ਕੇ ਪਖੰਡ ਕਰ ਰਹੇ ਭੰਡ ਦੇ ਮੋਢੇ ਤੇ ਵਾਰ ਕਰਕੇ ਰੂਸ ਵੱਲੋਂ ਸੰਸਾਰ ਦੀਆਂ ਮਹਾਂ-ਸ਼ਕਤੀਆਂ ਨੂੰ ਵੰਗਾਰਨਾ ਕੋਈ ਘੱਟ ਦਲੇਰੀ ਭਰਿਆ ਕਦਮ ਨਹੀਂ ਹੈ...ਨਾਟੋ ਸ਼ਕਤੀਆਂ ਨੇ ਵੀ ਸੀਰੀਆ ਵਰਗੇ ਬੜੇ ਦੇਸ਼ ਤਬਾਹ ਕੀਤੇ ਹਨ...

'ਕੱਲਾ ਸੀਰੀਆ ਹੀ ਨਹੀਂ ਯੂਗੋਸਲਾਵੀਆ, ਅਫ਼ਗਾਨਿਸਤਾਨ, ਇਰਾਕ ਬਥੇਰੇ ਗ਼ਰੀਬ ਮੁਲਕਾਂ ਨੂੰ ਕੁਚਲਣ ਵਾਲੀਆਂ ਇਹ ਸ਼ਕਤੀਆਂ ਨੇ ਜੇ ਮਾਂ ਦਾ ਦੁੱਧ ਪੀਤਾ ਹੈ ਤਾਂ ਹੁਣ ਅਗਾਂਹ ਹੋਣ..ਰੂਸ ਵੀ ਧਾਰ ਕੇ ਬੈਠਾ

ਡੁਬੇਗੀ ਕਿਸ਼ਤੀ ਤੋ ਡੁਬੇਂਗੇ ਸਾਰੇ
ਨਾ ਬਚੋਗੇ ਤੁਮ ਨਾ ਸਾਥੀ ਤੁਮਾਰੇ...

ਯੂਕਰੇਨੀ ਹਾਕਮ ਕਿੰਨਾ ਘਟੀਆ ਤੇ ਨੀਚ ਹੋਵੇਗਾ ਜਿਸਦਾ ਅੰਦਾਜ਼ਾ ਤੁਸੀਂ ਇਸ ਗੱਲ ਤੋ ਲਾ ਸਕਦੇ ਹੋ, ਜਿਸ ਦਿਨ ਦੇ ਰੂਸ ਨੇ ਹਮਲੇ ਸ਼ੁਰੂ ਕੀਤੇ ਹਨ, ਉਸਨੇ ਆਪਣੇ ਮੁਲਕ ਦੇ 18 ਤੋਂ 40 ਸਾਲ ਤੱਕ ਦੇ ਕਿਸੇ ਵੀ ਵਿਅਕਤੀ ਦੇ ਬਾਹਰ ਜਾਣ ਤੇ ਪਾਬੰਦੀ ਲਾ ਦਿੱਤੀ ਹੈ, ਜਿਸ ਕਾਰਨ ਹਜ਼ਾਰਾਂ ਲੱਖਾਂ ਔਰਤਾਂ ਆਪਣੇ ਬੱਚੇ ਲੈ ਕੇ ਰੋਮਾਨੀਆਂ, ਪੋਲੈਂਡ ਨੂੰ ਹਿਜਰਤ ਕਰ ਚੁੱਕੀਆਂ ਹਨ, ਕਿੰਨੇ ਪਰਿਵਾਰ ਤੋੜ ਦਿੱਤੇ ਗਏ...ਜੇਕਰ ਯੂਕਰੇਨੀ ਹਾਕਮ ਤੇ ਉਸਦਾ ਫ਼ੌਜੀ ਤਾਣਾ-ਬਾਣਾ ਲੜਨ ਜੋਗਾ ਨਹੀਂ ਸੀ ਤਾਂ ਤਕੜੇ ਦੀ ਚੁੱਕ ਵਿੱਚ ਆਣ ਰੂਸ ਨਾਲ਼ ਪੰਗਾ ਲੈਣ ਦੀ ਕੀ ਜ਼ਰੂਰਤ ਸੀ...?

ਸੋਚ ਆਪੋ ਆਪਣੀ

ਢੱਠੇ ਖੂਹ ਪਵੇ ਐਸੀ ਹਮਦਰਦੀ... ਭੰਡ ਨੇ ਆਪ ਤਾਂ ਮਰਨਾ ਹੀ ਹੈ ਲੱਗਦਾ ਜੀਉਣ ਜੋਗਾ ਕਿਸੇ ਨੂੰ ਵੀ ਨਹੀਂ ਛੱਡੇਗਾ...ਆਪਣੇ ਦੇਸ਼ ਦੇ ਨੌਜਵਾਨਾਂ ਦੇ ਬਾਹਰ ਨਿਕਲਣ ਤੇ ਪਾਬੰਦੀ ਲਾਉਣ ਤੋਂ ਬਾਅਦ ਨਿਰਦਈ ਨੇ ਦੂਜੇ ਦੇਸ਼ਾਂ 'ਚੋਂ ਯੂਕਰੇਨ ਪੜਨ ਗਏ ਮਾਂ/ਬਾਪ ਦੇ ਨੌਜਵਾਨ ਧੀਆਂ,

ਬਾਕੀ ਸਫ਼ਾ 30 'ਤੇ




# ਮਾਵਾਂ ਧੀਆਂ ਦੇ ਲੇਖੇ

**ਨਰਿੰਦਰ ਗਰੇਵਾਲ**

ਸ਼ਿੰਦੇ ਉੱਠ ਜਾ। ਦੇਖੀਂ ਸੂਰਜ ਸਿਰ 'ਤੇ ਆਇਆ ਹੋਇਆ ਤੇ ਇਹ ਉੱਠਦਾ ਹੀ ਨੀਂ, ਮਾਂ ਨੇ ਹੌਲੀ ਜਿਹੇ ਆ ਕੇ ਮੈਨੂੰ ਕਹਿਣਾ ਜਾ ਸੁੱਖੋ ਤੂੰ ਠਾਲ ਆਪਣੇ ਭਰਾ ਨੂੰ, ਮੈਂ ਰੋਟੀ ਲੱਗਦੀ ਆ ਤੇ ਇਹ ਉੱਠ ਕੇ ਖੇਤ ਰੋਟੀ ਫੜਾ ਆਵੇ। ਮੈਂ ਆਵਾਜ਼ ਦੇਣੀ ਪਰ ਉਹਨੇ ਆਪਣਾ ਬੂਹਾ ਵੀ ਨਾ ਖੋਲਣਾ। ਭਰਾ ਤੇ ਭਰਜਾਈ ਨੂੰ ਕਮਰੇ ਵਿੱਚ ਰੋਟੀ ਮੇਰੀ ਮਾਂ ਹੀ ਫੜਾ ਆਉਂਦੀ ਸੀ, ਨਾਲ਼ੇ ਕਹਿ ਦਿੰਦੀ ਇਹ ਤਾਂ ਏਦਾਂ ਹੀ ਕਰਦੇ। ਮੇਰੀ ਮਾਂ ਦਾ ਨਾ ਰਾਣੋ ਸੀ। ਰੰਗ ਰੂਪ ਪੱਖੋਂ ਰੱਜ ਕੇ ਸੋਹਣੀ, ਸ਼ਾਂਤ ਜਿਹਾ ਸੁਭਾਅ ਅਤੇ ਚਿਹਰੇ 'ਤੇ ਨੂਰ ਲਿਸ਼ਕਦਾ ਸੀ। ਜਦ ਕਦੇ ਘਰ ਮੇਰੇ ਵਿਆਹ ਦੀ ਗੱਲ ਤੁਰਦੀ ਤਾਂ ਮੇਰੇ ਬਾਪੂ ਨੇ ਆਖਣਾ ਕੋਈ ਮੇਰੀ ਧੀ ਦੇ ਨੱਕ ਵਾਰੇ ਗੱਲ ਨਾ ਕਰੇ। ਨੱਕ ਪੱਖੋਂ ਮੈਂ ਥੋੜੀ ਜਿਹੀ ਮਾਰ ਖਾਂਦੀ ਸੀ ਤੇ ਮੇਰੇ ਬਾਪੂ ਨੇ ਕਹਿਣਾ, ਸੁੱਖੋ ਤੇਰੇ ਵਿਆਹ ਤੇ ਲੱਖ ਰੁਪਏ ਤਾਂ ਮੈਂ ਤੇਰੇ ਨੱਕ ਦੇ ਦੇਵਾਂਗਾ। ਉਹ ਜ਼ਮਾਨੇ ਵਿੱਚ ਲੱਖ ਰੁਪਏ ਵਿੱਚ ਤਾਂ ਵਿਆਹ ਹੋ ਜਾਇਆ ਕਰਦਾ ਸੀ। ਮੈਂ ਹੱਸ ਪੈਂਦੀ ਸੀ ਤੇ ਮਾਣ ਹੁੰਦਾ ਸੀ ਬਾਪੂ ਤੇ ਜੋ ਮੇਰਾ ਹੌਂਸਲਾ ਬਣਾਈ ਰੱਖਦਾ ਸੀ। ਰਾਣੀਆਂ ਵਾਂਗ ਰਹਿੰਦੀ ਸੀ ਮੈਂ ਆਪਣੇ ਘਰ।

ਇੱਕ ਦਿਨ ਰਿਸ਼ਤਾ ਆਇਆ ਤੇ ਮੁੰਡਾ ਪਰਦੇਸੀ ਸੀ। ਸਾਰਾ ਕੁਝ ਦੇਖ ਵੇਖ ਕੇ ਮੇਰੇ ਬਾਪੂ ਤੇ ਤਾਏ ਚਾਚੇ ਦੀ ਸਹਿਮਤੀ ਨਾਲ਼ ਮੇਰਾ ਰਿਸ਼ਤਾ ਪੱਕਾ ਹੋ ਗਿਆ। ਮਾਂ ਬਾਪ ਨੇ ਬਹੁਤ ਚਾਵਾਂ ਨਾਲ਼ ਮੇਰਾ ਵਿਆਹ ਕੀਤਾ। ਖੇਤ ਵਿੱਚ ਵਿਆਹ ਵਾਲਾ ਟੈਂਟ ਲਾ ਕੇ ਸੰਗੀਤਕਾਰ ਲਵਾ ਕੇ ਮੇਰਾ ਮੰਗਣਾ ਕਰਿਆ ਤੇ ਮੈਰਿਜ ਪੈਲੇਸ ਵਿੱਚ ਮੇਰਾ ਵਿਆਹ ਕਰਿਆ। ਵਿਆਹ ਪਿੱਛੋਂ ਮੇਰਾ ਘਰਵਾਲਾ ਮੁੜ ਪਰਦੇਸ ਚਲਾ ਗਿਆ। ਜਦ ਮੇਰੀ ਪਹਿਲੀ ਵਾਰ ਫ਼ਾਈਲ ਲਾਈ ਸੀ ਤਾਂ ਉਹ ਰਿਜੈਕਟ ਹੋ ਗਈ। ਸਹੁਰੇ ਘਰ ਇਕੱਲੀ ਦਾ ਦਰਾਣੀ ਤੇ ਜਠਾਣੀ ਵਿੱਚ ਰਹਿਣਾ ਵੀ ਔਖਾ ਸੀ। ਮੈਂ ਮੁੜ ਆਪਣੇ ਪੇਕੇ ਘਰ ਆ ਗਈ।

ਦੁਬਾਰਾ ਫ਼ਾਈਲ ਲਾਉਣੀ ਸੀ ਤਾਂ ਮੇਰੇ ਬਾਪੂ ਨੇ ਨਵਾਂ ਏਜੰਟ ਲੱਭ ਕੇ ਸਾਰਾ ਖ਼ਰਚਾ ਕਰਿਆ ਪਰ ਫੇਰ ਰਿਜੈਕਟ ਹੋ ਗਿਆ। ਕਹਿਣ ਨੂੰ ਤਾਂ ਮੇਰਾ ਪੇਕਾ ਘਰ ਸੀ ਪਰ ਭਰਜਾਈ ਦੇ ਬੋਲ ਤਾਂ ਸ਼ਰੀਕੇ ਨਾਲ਼ੋਂ ਵੀ ਮਾੜੇ। ਇੱਕ ਦਿਨ ਭਰੀ ਪੀਤੀ ਬੋਲਣ ਲੱਗੀ, ਕਿੱਥੇ ਇਹਦਾ ਰਿਸ਼ਤਾ ਹੋ ਗਿਆ, ਨਾ ਇਹਦਾ ਬਣਦਾ ਤੇ ਨਾ ਇਹ ਜਾਂਦੀ ਆ, ਸਾਡਾ ਤਾਂ ਘਰ ਖਾ ਗਈ। ਇਹ ਗੱਲ ਸੁਣ ਮੇਰੀ ਮਾਂ ਤੇ ਬਾਪੂ ਨੂੰ ਬੜਾ ਦੁੱਖ ਲੱਗਾ ਸੀ। ਮਾਂ ਨੇ ਤਾਂ ਕਹਿ ਦਿੱਤਾ ਸੀ ਕਿ ਭਾਈ ਸਾਡੀ ਕਰੀ ਹੋਈ ਕਮਾਈ ਆ, ਜੇਕਰ ਤੇਰੇ ਕੋਲ਼ੋਂ ਜਾਂ ਤੇਰੇ ਹਿੱਸੇ ਦੇ ਲਾਏ ਫੇਰ ਬੋਲੀਂ। ਭਾਬੀ ਦਾ ਬੂਹਾ ਫੇਰ ਬੰਦ ਤੇ ਵੀਰਾ ਵੀ ਨਾ ਬੋਲਿਆ। ਰਾਤ ਦੀ ਰੋਟੀ ਮਾਂ ਕਮਰੇ ਵਿੱਚ ਭਰਾ ਨੂੰ ਫੜਾ ਆਈ ਸੀ। ਮੈਂ ਮਾਂ ਨਾਲ਼ ਪਈ ਸੋਚੀ ਜਾਵਾਂ, ਮੈਂ ਵੀ ਤਾਂ ਇਸ ਘਰੇ ਪੱਚੀ ਸਾਲ ਕੰਮ ਕਰਿਆ, ਉਹਦਾ ਕੋਈ ਮੁੱਲ ਨਹੀਂ? ਵੀਰਾ ਤਾਂ ਕੁਝ ਕਹਿ ਹੀ ਸਕਦਾ ਸੀ। ਮਾਂ ਨੇ ਮੈਨੂੰ ਕਹਿਣਾ ਸੁੱਖੋ ਤੂੰ ਐਵੇਂ ਗੱਲ ਦਿਲ 'ਤੇ ਨਾ ਲਾਈਂ ਸਿਰਫ਼ ਆਪਣੇ ਵੱਲ ਧਿਆਨ ਦੇਵੀਂ।

ਹੁਣ ਮੇਰੀ ਗੋਦੀ ਇੱਕ ਕੁੜੀ ਸੀ। ਵਿਆਹ ਪਿੱਛੋਂ 3-4 ਸਾਲ ਲੰਘ ਗਏ ਸੀ। ਇੱਕ ਦਿਨ ਬਾਪੂ ਆ ਕੇ ਆਖਣ ਲੱਗਾ ਚੱਲ ਸੁੱਖੋ ਇੱਕ ਨਵਾਂ ਏਜੰਟ ਲੱਭਿਆ, ਉਹਦੇ ਕੋਲ਼ੋਂ ਬਣ ਜਾਣਾ ਕੰਮ। ਮੇਰੇ ਘਰਵਾਲੇ ਨੇ ਸਾਰੇ ਪੇਪਰ ਭੇਜ ਦਿੱਤੇ। ਮੈਨੂੰ ਬੇਸਬਰੀ ਨਾਲ਼ ਇੰਤਜ਼ਾਰ ਸੀ ਕਿ ਵੀਜ਼ਾ ਲੱਗ ਜਾਵੇ, ਨਹੀਂ ਤਾਂ ਭਾਬੀ ਨੇ ਸਾਹ ਵੀ ਨੀਂ ਲੈਣ ਦੇਣਾ ਘਰ ਵਿੱਚ। ਉਸ ਦਿਨ ਜਿਵੇਂ ਹਨੇਰਾ ਛਾ ਗਿਆ ਹੋਵੇ। ਰਿਜੈਕਟ ਵਾਲੇ ਪੇਪਰ ਲੈ ਮੈਂ ਤੇ ਮੇਰਾ ਬਾਪੂ ਘਰ ਮੁੜ ਆਏ। ਸਾਰੇ ਚੁੱਪ ਸੀ, ਬਸ ਇੱਕ ਵੱਖਰੀ ਖ਼ਾਮੋਸ਼ੀ। ਕਰਦੇ ਕਰਾਉਂਦੇ ਏਦਾਂ ਹੀ ਬਹੁਤ ਦਿਨ ਲੰਘ ਗਏ।

ਇੱਕ ਦਿਨ ਮੇਰੀ ਮਾਂ ਬਹੁਤ ਬੀਮਾਰ ਹੋ ਗਈ। ਬੜਾ ਇਲਾਜ ਕਰਵਾਇਆ, ਪਰ ਕੋਈ ਮੋੜ ਨਾ ਪਿਆ। ਮੈਂ ਲੱਖਾਂ ਤਾਹਨੇ ਦੇਣੇ ਰੱਬ ਨੂੰ ਕਿ ਜੇਕਰ ਮਾਂ ਨੂੰ ਕੁਝ ਹੋ ਗਿਆ ਤਾਂ ਮੈਨੂੰ ਪੇਕੇ ਕੌਣ ਸਹਾਰਾ ਦਊ? ਮੇਰੀ ਮਾਂ ਰਾਣੋ ਨਾਲ਼ ਤਾਂ ਘਰ ਵਿੱਚ ਬਹਾਰਾਂ ਸੀ, ਉਹ ਘਰ ਤੁਰਦੀ ਸੀ ਤਾਂ ਘਰ ਵਿੱਚ ਮਹਿਕਾਂ ਉੱਠਦੀਆਂ ਸੀ, ਰੰਗ ਖਿਲ ਜਾਂਦੇ ਸੀ ਤੇ ਫੁੱਲਾਂ ਦੀਆਂ ਕੋਮਲ ਪੱਤੀਆਂ ਵਿੱਚ ਰੰਗ ਭਰ ਜਾਂਦੇ ਸੀ। ਮੇਰੀ



ਮਾਂ ਦੇ ਹੱਥਾਂ ਵਿੱਚ ਇੱਕ ਵੱਖਰਾ ਸਵਾਦ ਸੀ। ਬਾਹਰ ਇੱਕ ਸਬਜ਼ੀ ਤੋੜਨ ਜਾਂਦੀ ਤਾਂ ਨਾਲ਼ ਪਤਾ ਨੀਂ ਕਿੰਨੀਆਂ ਫ਼ਲ ਤੇ ਸਬਜ਼ੀਆਂ ਲੱਭ ਲਿਉਂਦੀ। ਮਾਂ ਜਦ ਬੀਮਾਰ ਸੀ ਤਾਂ ਉਸਨੇ ਮੈਨੂੰ ਅਕਸਰ ਕਹਿਣਾ, ਸੁੱਖੋ ਮੇਰੇ ਜਾਣ ਤੋਂ ਪਹਿਲਾਂ ਹੀ ਤੇਰਾ ਕੁਝ ਬਣ ਜਾਂਦਾ, ਮੈਨੂੰ ਇੱਕ ਰਾਹਤ ਮਿਲ ਜਾਣੀ ਸੀ। ਮੈਂ ਇੰਨੀ ਗੱਲ ਸੁਣ ਘਬਰਾ ਜਾਇਆ ਕਰਦੀ, ਕਾਲਜਾ ਖਾਣ ਨੂੰ ਪੈਂਦਾ। ਮੈਂ ਉੱਚੀ ਜਿਹੀ ਆਵਾਜ਼ ਵਿੱਚ ਕਹਿਣਾ ਕੁਝ ਨੀਂ ਹੁੰਦਾ ਤੈਨੂੰ, ਕੋਈ ਨੀਂ ਸਭ ਠੀਕ ਹੋ ਜਾਣਾ।

ਬੜੀ ਮੰਦਭਾਗੀ ਘੜੀ ਸੀ ਜਦ ਮੇਰੀ ਮਾਂ ਸਾਨੂੰ ਸਦੀਵੀ ਵਿਛੋੜਾ ਦੇ ਗਈ। ਉਹ ਦਿਨ ਘਰ ਦੀਆਂ ਰੌਣਕਾਂ ਮਾਂ ਜਿਵੇਂ ਆਪਣੇ ਨਾਲ਼ ਹੀ ਲੈ ਗਈ। ਉਹ ਸੁੰਨੇ-ਸੁੰਨੇ ਪੇਟੀਆਂ ਵਾਲੇ ਬੰਦ ਕਮਰੇ, ਉਹ ਕਿਸੇ ਸਮੇਂ ਰੌਣਕਾਂ ਨਾਲ਼ ਭਰੀਆਂ ਹੋਈਆਂ ਬੈਠਕਾਂ ਹੁਣ ਯਾਦਾਂ ਨਾਲ਼ ਬੰਦ ਹੋ ਗਈਆਂ ਸੀ। ਮਾਂ ਮੇਰੀ ਮੈਨੂੰ ਬਹੁਤ ਕੁਝ ਜਾਣ ਤੋਂ ਪਹਿਲਾਂ ਸਿਖਾ ਗਈ। ਮਾਂ ਦੇ ਬੋਲ ਮੈਂ ਅੱਜ ਵੀ ਪੱਲੇ ਨਾਲ਼ ਬੰਨ ਕੇ ਤੁਰੀ ਫ਼ਿਰਦੀ ਆਂ। ਕਿੰਨੇ ਸੋਹਣੇ ਪਲ ਸੀ ਮਾਂ ਨਾਲ਼। ਮਾਂ ਦੇ ਜਾਣ ਮਗਰੋਂ ਤਿੰਨ ਚਾਰ ਮਹੀਨੇ ਪਿੱਛੋਂ ਮੇਰਾ ਵੀਜ਼ਾ ਲੱਗ ਗਿਆ ਤੇ ਮੈਂ ਪਰਦੇਸ ਆਪਣੇ ਘਰ ਸੁਖੀ ਹੋ ਗਈ। ਦੁੱਖ ਸੀ ਕਿ ਮਾਂ ਮੈਨੂੰ ਸੁਖੀ ਹੁੰਦੀ ਨੂੰ ਦੇਖ ਨਾ ਸਕੀ। ਪਰ ਖ਼ੁਸ਼ੀ ਸੀ ਮੈਂ ਆਪਣੀ ਮਾਂ ਨਾਲ਼ ਓਹਦੀ ਸਾਰੀ ਜ਼ਿੰਦਗੀ ਨਾਲ਼ ਰਹੀ। ਮੈਂ ਮਾਂ ਦੇ ਦੁੱਖ ਵਿੱਚ ਓਹਦੇ ਨਾਲ਼ ਸੀ। ਰੱਬ ਨੇ ਮੇਰੇ ਲੇਖ ਮੇਰੀ ਮਾਂ ਨਾਲ਼ ਲਿਖੇ ਸੀ ਧੁਰ ਤੱਕ। ਮੇਰਾ ਦਾਣਾ ਪਾਣੀ ਮੇਰੀ ਮਾਂ ਨਾਲ਼ ਲਿਖਿਆ ਸੀ ਉਸ ਤੋਂ ਪਹਿਲਾ ਮੈਂ ਕਿਤੇ ਨੀ ਸੀ ਜਾ ਸਕਦੀ।

*ਮੈਂ ਮਾਂ ਨੂੰ ਅਕਸਰ ਕਹਿੰਦੀ ਹੁੰਦੀ ਸੀ :-*
*ਮਾਏ ਨੀ ਮਾਏ .....ਇਹ ਕਿਹੋ ਜਿਹੇ ਲੇਖੇ ,*
*ਕੁਝ ਤੂੰ ਵੀ ਦੇਖੇ .... ਤੇ ਕੁਝ ਮੈਂ ਵੀ ਦੇਖੇ,*
*ਆਸਰਾ ਸੀ ਮਾਏ ਤੇਰਾ ..... ,*
*ਜੋ ਵੀ ਦੇਖੇ .....ਤੇਰੇ ਨਾਲ਼ ਹੀ ਦੇਖੇ,*
*ਬੱਸ ਮਾਵਾਂ ਧੀਆਂ ਦੇ ਸੀ ਇਹ ਲੇਖੇ।*

## ਭੈਣ ਨਾਲ਼ ਸਫ਼ਰ

ਭੈਣੇ,
ਕਿੰਨਾ ਕੁ ਸਫ਼ਰ
ਰਹਿ ਗਿਆ ?
ਮੈਂ ਦੱਸਾਂ,
ਪਿੱਛੇ ਬੈਠੀ,
ਗੁੱਡੋ ਬੋਲੀ,
ਦੋ ਟਾਇਰਾਂ,
ਦਾ ਰਹਿ ਗਿਆ,
ਹੈਂਅ।
ਕਾਰ ਹੋਊ,
ਆਪਣੇ ਕੋਲ਼ੇ,
ਨਹੀਂ,
ਦਸ ਟਾਇਰਾਂ,
ਦਾ ਰਹਿ ਗਿਆ,
ਮੂਹਰੇ ਬੈਠੀ,
ਰਾਣੋ ਬੋਲੀ,
ਹੈਂਅ।
ਕੱਲੀ-ਕੱਲੀ,
ਕੋਲ਼ ਕਾਰ ਹੋਊ,
ਅਮਨੀ ਕਹਿੰਦੀ,
ਨਹੀਂ ਕਮਲੀਓ,
ਸਫ਼ਰ,
ਟਾਇਰਾਂ ਦਾ ਨੀ,
ਪੈਰਾਂ ਦਾ ਰਹਿ ਗਿਆ,
ਹੈਂਅ।
ਆਪਾਂ ਨੂੰ,
ਦੇਖ ਕੇ,
ਦੁਨੀਆਂ ਦੀ,
ਹਰ ਧੀ ਦੇ,
ਪੈਰ ਸਕੂਲ,
ਵਿੱਚ ਪੈਣ,
ਫਿਰ,
ਇਹ ਸਫ਼ਰ,
ਪੈਰ, ਟਾਇਰ
ਤੋਂ ਹੁੰਦਾ,
ਕੁੱਲ ਦੀ,
ਖ਼ੈਰ ਤੱਕ,
ਦਾ ਹੋਵੇਗਾ।

**ਜਸਵਿੰਦਰ ਸਿੰਘ ਚਾਹਲ**
9876915035

# ਅਨਮੋਲ ਰਿਸ਼ਤਾ ਜੀਵਨ ਸਾਥੀ ਦਾ

**ਭੁਪਿੰਦਰ ਸਿੰਘ ਸੇਖੋਂ**

ਇਨਸਾਨ ਨਾਲ਼ ਜੁੜਿਆ ਹਰ ਰਿਸ਼ਤਾ ਇੱਕ ਅਜਿਹੀ ਮੋਹ ਦੀ ਤੰਦ ਦੇ ਪਿਆਰੇ ਬੰਧਨ ਵਿੱਚ ਬੱਝਿਆ ਹੁੰਦਾ ਹੈ, ਜਿਸ ਦਾ ਪਿਆਰਾ ਅਹਿਸਾਸ ਮਹਿਸੂਸ ਕਰਦਿਆਂ ਇਨਸਾਨ ਆਪਣਾ ਜੀਵਨ ਬਤੀਤ ਕਰਦਾ ਹੈ ਅਤੇ ਇਨਸਾਨ ਦੇ ਹਰ ਰਿਸ਼ਤੇ ਦਾ ਆਪਣਾ ਮਹੱਤਵ ਹੈ। ਇਸ ਲਈ ਕਿਸੇ ਵੀ ਰਿਸ਼ਤੇ ਦਾ ਅਧੂਰਾਪਣ ਇਨਸਾਨ ਦੀ ਜੀਵਨਸ਼ੈਲੀ ਉੱਪਰ ਨਕਾਰਾਤਮਕ ਅਸਰ ਪਾਉਂਦਾ ਹੈ। ਪਰ ਜੀਵਨ ਸਾਥੀ ਦਾ ਰਿਸ਼ਤਾ ਰਿਸ਼ਤਿਆਂ ਦੀ ਮਾਲਾ ਦਾ ਇੱਕ ਅਜਿਹਾ ਚਮਕਦਾ ਮਣਕਾ ਹੈ ਜੋ ਇਨਸਾਨ ਦੇ ਸੁਪਨਿਆਂ ਦੀ ਪੂਰਤੀ ਦੇ ਰਾਹ ਨੂੰ ਸਦਾ ਰੌਸ਼ਨ ਰੱਖਦਾ ਹੈ। ਪਰ ਅਫ਼ਸੋਸ ਅੱਜ-ਕੱਲ ਇਨਸਾਨ ਦੀ ਜੀਵਨਸ਼ੈਲੀ ਕਾਰਨ ਜੀਵਨ ਸਾਥੀ ਵਾਲੇ ਰਿਸ਼ਤੇ ਦਾ ਨਿੱਘ ਬਹੁਤਿਆਂ ਨੂੰ ਨਸੀਬ ਨਹੀਂ ਹੋ ਰਿਹਾ।

ਇੱਕ ਦਿਨ ਮੈਂ ਦੋਸਤ ਦੀ ਦੁਕਾਨ ਉੱਪਰ ਬੈਠਾ ਸੀ। ਉਹ ਮੈਨੂੰ ਕਹਿੰਦਾ ਕਿ ਸਭ ਕੁਝ ਹੋਣ ਦੇ ਬਾਵਜੂਦ ਘਰ ਦਾ ਮਾਹੌਲ ਤਣਾਅਪੂਰਨ ਰਹਿੰਦਾ ਹੈ। ਬਿਨਾਂ ਮਤਲਬ ਤੋਂ ਮੱਥੇ ਤਿਉੜੀਆਂ ਪਈਆਂ ਰਹਿੰਦੀਆਂ ਹਨ। ਮੈਂ ਉਸ ਨੂੰ ਪੁੱਛਿਆ ਕਿ ਘਰ ਜਾ ਕੇ ਸਾਰੇ ਦਿਨ ਦੀਆਂ ਦੁਕਾਨ ਦੀਆਂ ਗੱਲਾਂ ਘਰਵਾਲੀ ਨਾਲ਼ ਕਰਦਾ ਹੋਵੇਗਾ। ਜਿਵੇਂ ਕਿ ਅੱਜ ਨੌਕਰ ਨੇ ਇਹ ਕੀਤਾ, ਗਾਹਕ ਨਾਲ਼ ਹੋਈ ਨੋਕ-ਝੋਕ ਵੀ



ਤੇ ਮੈਂ ਕਿਹਾ ਕਿ ਘਰ ਜਾ ਕੇ ਇਹ ਜ਼ਰੂਰ ਕਹਿੰਦਾ ਹੋਵੇਂਗਾ ਕਿ ਮੈਂ ਸਾਰਾ ਦਿਨ ਦੁਕਾਨ ਉੱਪਰ ਕੰਮ ਕਰਦਾ ਹਾਂ, ਮੈਂ ਥੱਕ ਜਾਂਦਾ ਹਾਂ ਆਦਿ। ਕਹਿੰਦਾ ਤੈਨੂੰ ਕਿਵੇਂ ਪਤਾ? ਇਹੋ ਸਭ ਕੁਝ ਹੁੰਦਾ ਹੈ। ਮੈਂ ਕਿਹਾ ਤੂੰ ਜੀਵਨ ਸਾਥੀ ਨੂੰ ਲੈਟਰ ਬਾਕਸ ਸਮਝ ਰੱਖਿਆ ਜਿਸ ਵਿੱਚ ਖ਼ੁਸ਼ੀ-ਗ਼ਮੀ ਤੇ ਲੜਾਈ ਝਗੜੇ ਦੀਆਂ ਚਿੱਠੀਆਂ ਪਾਉਂਦੇ ਸੀ। ਉਸ ਤਰਾਂ ਹੀ ਤੂੰ ਕਾਰੋਬਾਰ ਦਾ, ਔਲਾਦ ਦਾ ਆਪਣੇ ਸਰੀਰ ਦੀ ਦਿੱਕਤ ਤੇ ਦੁਕਾਨ ਦੇ ਸਭ ਦੁੱਖ-ਸੁੱਖ ਉਸ ਨੂੰ ਸੁਣਾਉਂਦਾ ਹੈ। ਜਦੋਂ ਕਿ ਉਹ ਸਾਰਾ ਦਿਨ ਕੀ ਕਰਦੀ ਹੈ? ਕਿਵੇਂ ਰਹਿੰਦੀ ਹੈ? ਉਸ ਨੂੰ ਕੋਈ ਤਕਲੀਫ਼ ਤਾਂ ਨਹੀਂ? ਹੋਰ ਵੀ ਕਿੰਨੀਆਂ ਗੱਲਾਂ ਹਨ ਜੋ ਜੀਵਨ ਸਾਥੀ ਆਪਸ ਵਿੱਚ ਕਰਦੇ ਹਨ। ਜੇ ਤੂੰ ਇਹ ਸਭ ਕਰੇਂਗਾ ਤਾਂ ਜੋ ਗੱਲਾਂ ਤੂੰ ਉਸ ਨੂੰ ਧੱਕੇ ਨਾਲ਼ ਦੱਸਦਾ ਹੈ ਉਹ ਤੈਨੂੰ ਆਪਣੇ ਆਪ ਪੁੱਛੇਗੀ ਤੇ ਉਹ ਸਮਾਂ ਤੇਰੀ ਜ਼ਿੰਦਗੀ ਦੇ ਸਕੂਨਮਈ ਪਲ ਹੋਣਗੇ। ਹਾਲਾਂਕਿ ਬਹੁਤ ਔਰਤਾਂ ਵੀ ਆਪਣੇ ਜੀਵਨ ਸਾਥੀ ਨਾਲ਼ ਬਿਨਾਂ ਸੋਚੇ ਸਮਝੇ ਆਪਣਾ ਬੇਵਕਤ ਰਾਗ ਅਲਾਪ ਦੀਆਂ ਹਨ, ਜਿਸ ਕਰਕੇ ਇਨਸਾਨ ਦਾ ਇਹ ਅਨਮੋਲ ਰਿਸ਼ਤਾ ਖ਼ੁਸ਼ੀਆਂ ਦੀ ਥਾਂ ਚਿੜਚਿੜੇਪਣ ਦੇ ਸਾਗਰ ਵਿੱਚ ਡੁੱਬਦਾ ਜਾ ਰਿਹਾ ਹੈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)


# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਪੰਜਾਬ ਮੁੜ ਖੇਡਾਂ ਦੀ ਹੱਬ ਬਣੇ

**ਜਗਦੀਪ ਸਿੰਘ ਕਾਹਲੋਂ**

ਕੌਮਾਂਤਰੀ ਪੱਧਰ ਦੇ ਪੰਜਾਬੀ ਖਿਡਾਰੀਆਂ ਦੀ ਹਿੱਸੇਦਾਰੀ ਬਹੁਤ ਘਟ ਰਹੀ ਹੈ। ਕਿਸੇ ਸਮੇਂ ਪੰਜਾਬ ਨੂੰ ਭਾਰਤ ਦੀਆਂ ਖੇਡਾਂ ਦੀ ਹੱਬ ਵੀ ਕਿਹਾ ਜਾਂਦਾ ਸੀ, ਪਰ ਅੱਜ ਇਹ ਖ਼ਿਤਾਬ ਖੁੱਸਦਾ ਨਜ਼ਰ ਆ ਰਿਹਾ ਹੈ। ਪੰਜਾਬੀ ਖਿਡਾਰੀ ਉਲੰਪਿਕ ਖੇਡਾਂ, ਰਾਸ਼ਟਰਮੰਡਲ ਖੇਡਾਂ, ਏਸ਼ਿਆਈ ਖੇਡਾਂ ਵਰਗੇ ਵੱਡੇ ਟੂਰਨਾਮੈਂਟਾਂ ਵਿੱਚ ਭਾਰਤ ਦੀ ਅਗਵਾਈ ਕਰਦੇ ਸਨ। ਕੋਈ ਸਮਾਂ ਸੀ ਜਦੋਂ ਭਾਰਤੀ ਹਾਕੀ ਟੀਮ ਵਿੱਚ 10-10 ਖਿਡਾਰੀ ਪੰਜਾਬੀ ਹੁੰਦੇ ਸਨ।

ਸਾਈਕਲਿੰਗ, ਅਥਲੈਟਿਕਸ ਕੁਸ਼ਤੀ ਆਦਿ ਖੇਡਾਂ ਦੀਆਂ ਭਾਰਤੀ ਟੀਮਾਂ ਵਿੱਚ ਪੰਜਾਬੀ ਖਿਡਾਰੀਆਂ ਦਾ ਦਬਦਬਾ ਰਹਿੰਦਾ ਸੀ। ਪਰ ਦਿਨੋ-ਦਿਨ ਪੰਜਾਬੀ ਖਿਡਾਰੀਆਂ ਦੀ ਭਾਗੀਦਾਰੀ ਦੀ ਨਫ਼ਰੀ ਘਟਦੀ ਹੀ ਗਈ। ਜੋ ਇੱਕ ਚਿੰਤਾ ਦਾ ਵਿਸ਼ਾ ਹੈ। ਇਸ ਸਭ ਦਾ ਵੱਡਾ ਕਾਰਨ ਰਾਜ ਸਰਕਾਰਾਂ ਵੱਲੋਂ ਖਿਡਾਰੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਨਾ ਮਿਲਣਾ, ਨਕਦੀ ਰਾਸ਼ੀ ਵਿੱਚ ਕਮੀ, ਖੇਡਾਂ ਦਾ ਸਹੀ ਕੈਲੰਡਰ ਨਾ ਹੋਣਾ ਵਰਗੇ ਹੋਰ ਵੀ ਕਈ ਕਾਰਨ ਹਨ ਜਿਨਾਂ ਕਰਕੇ ਪੰਜਾਬ ਖੇਡਾਂ ਦੇ ਖੇਤਰ ਵਿੱਚ ਪਿਛੜ ਰਿਹਾ ਹੈ। ਅੱਜ ਇਸ ਬੇਰੁਜ਼ਗਾਰੀ ਦੇ ਦੌਰ 'ਚ ਪੰਜਾਬੀ ਖਿਡਾਰੀਆਂ ਨੂੰ ਪੰਜਾਬ ਵਿੱਚ ਨੌਕਰੀ ਨਾ ਮਿਲਣ ਕਾਰਨ ਖਿਡਾਰੀ ਪੰਜਾਬ ਤੋਂ ਦੂਰ ਹੁੰਦੇ ਜਾ ਰਹੇ ਹਨ।

ਅੱਜ ਪੰਜਾਬ ਪੁਲਿਸ ਵਰਗੇ ਵਿਭਾਗ ਨੂੰ ਛੱਡ ਦੇਈਏ ਤਾਂ ਕੋਈ ਵੀ ਵਿਭਾਗ ਖਿਡਾਰੀਆਂ ਨੂੰ ਭਰਤੀ ਨਹੀਂ ਕਰਦਾ ਜੇਕਰ ਕੋਈ ਹੋਰ ਵਿਭਾਗ ਭਰਤੀ ਕਰਦਾ ਵੀ ਹੈ ਸਿਰਫ਼ ਨਾਮਾਤਰ ਹੀ ਹੈ। ਕਹਿਣ ਨੂੰ ਪੰਜਾਬ ਵਿੱਚ 3 ਪ੍ਰਤੀਸ਼ਤ ਖਿਡਾਰੀਆਂ ਨੂੰ ਰਾਖਵਾਂਕਰਨ ਦਾ ਕੋਟਾ ਮਿਲਦਾ ਹੈ। ਪਰ ਉਹ ਕਿੰਨਾ ਕੁ ਸਫ਼ਲ ਹੈ ਇਹ ਇੱਕ ਸੋਚਣ ਵਾਲਾ ਵਿਸ਼ਾ ਹੈ। ਇਸ ਗੱਲ ਵਿੱਚ ਕਿੰਨੀ ਸੱਚਾਈ ਹੈ ਕਿ ਰਾਸ਼ਟਰੀ-ਅੰਤਰਰਾਸ਼ਟਰੀ ਖਿਡਾਰੀਆਂ ਨੂੰ ਪੰਜਾਬ ਵਿੱਚ 3 ਪ੍ਰਤੀਸ਼ਤ ਖੇਡ ਕੋਟੇ ਦਾ ਲਾਭ ਮਿਲ ਰਿਹਾ ਹੈ।

ਇਸੇ ਕਰਕੇ ਪੰਜਾਬੀ ਖਿਡਾਰੀ ਦੂਜੇ ਰਾਜਾਂ ਤੋਂ ਰਾਸ਼ਟਰੀ ਖੇਡਾਂ ਅਤੇ ਹੋਰ ਵੱਡੇ ਟੂਰਨਾਮੈਂਟਾਂ ਵਿੱਚ ਖੇਡਣਾ ਪਸੰਦ ਕਰਦੇ ਹਨ। ਭਾਰਤ ਨੇ ਪਹਿਲੀ ਵਾਰ 1900 ਵਿੱਚ ਉਲੰਪਿਕ ਖੇਡਾਂ ਵਿੱਚ ਭਾਗ ਲੈਣਾ ਸ਼ੁਰੂ ਕੀਤਾ। ਜੇਕਰ ਗੱਲ ਸਾਲ 2016 ਦੀਆਂ ਰੀਓ ਉਲੰਪਿਕ ਖੇਡਾਂ ਦੀ ਕਰੀਏ ਤਾਂ ਇਸ ਵਿੱਚ 13 ਖਿਡਾਰੀਆਂ ਨੇ ਕੁਆਲੀਫ਼ਾਈ ਕੀਤਾ ਸੀ, ਪਰ ਕੋਈ ਵੀ ਖਿਡਾਰੀ ਤਮਗ਼ਾ ਜਿੱਤਣ ਵਿੱਚ ਸਫ਼ਲ ਨਹੀਂ ਹੋ ਸਕਿਆ। ਸਾਲ



2018 ਦੀਆਂ ਰਾਸ਼ਟਰਮੰਡਲ ਖੇਡਾਂ ਦੀ ਗੱਲ ਕਰੀਏ ਤਾਂ ਪੰਜਾਬ ਦੇ 28 ਖਿਡਾਰੀਆਂ ਨੇ ਹਿੱਸਾ ਲਿਆ। ਸਰਕਾਰਾਂ ਦਾਅਵੇ ਤਾਂ ਬਹੁਤ ਕਰਦੀਆਂ ਹਨ ਪਰ ਉਹ ਹਕੀਕਤ ਤੋਂ ਬਹੁਤ ਦੂਰ ਹਨ।

ਅੱਜ ਲੋੜ ਹੈ ਖਿਡਾਰੀਆਂ ਨੂੰ ਸਮੇਂ ਸਿਰ ਉਨਾਂ ਦਾ ਮਾਣ-ਸਨਮਾਨ ਦੇਣ ਦੀ। ਪੰਜਾਬ ਵਿੱਚ ਨਕਦ ਪੁਰਸਕਾਰ ਦੀ ਇਨਾਮੀ ਰਾਸ਼ੀ ਵਿੱਚ ਵਾਧਾ ਕੀਤਾ ਜਾਵੇ, ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਸਮੇਂ ਸਿਰ ਦਿੱਤੇ ਜਾਣਾ, ਖਿਡਾਰੀ ਜੋ ਕੌਮਾਂਤਰੀ ਪੱਧਰ 'ਤੇ ਤਮਗ਼ੇ ਜਿੱਤਣ ਉਨਾਂ ਨੂੰ ਕਲਾਸ ਵਨ ਅਫ਼ਸਰ ਦੀ ਨੌਕਰੀ ਦਿੱਤੀ ਜਾਵੇ। ਅੱਜ ਪੰਜਾਬ ਵਿੱਚ ਖੇਡ ਨਰਸਰੀ ਤਿਆਰ ਕਰਨ ਦੀ ਬਹੁਤ ਜ਼ਰੂਰਤ ਹੈ। ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਖੇਡ ਅਕੈਡਮੀ ਹੋਣੀ ਚਾਹੀਦੀ ਹੈ। ਉਦਾਹਰਨ ਦੇ ਤੌਰ 'ਤੇ ਗੁਰਦਾਸਪੁਰ ਵਿੱਚ ਖਿਡਾਰੀਆਂ ਦੇ ਕੱਦ ਲੰਮੇ ਹੁੰਦੇ ਹਨ ਉੱਥੇ ਬਾਸਕਟਬਾਲ ਅਕੈਡਮੀ ਖੋਲਣੀ ਚਾਹੀਦੀ ਹੈ। ਹੁਸ਼ਿਆਰਪੁਰ, ਪਟਿਆਲਾ, ਜਲੰਧਰ, ਲੁਧਿਆਣਾ ਵਰਗੇ ਜ਼ਿਲ੍ਹਿਆਂ ਵਿੱਚ ਸਾਈਕਲਿੰਗ ਨੂੰ ਨੌਜਵਾਨ ਪਸੰਦ ਕਰਦੇ ਹਨ। ਇਸ ਜਗਾ 'ਤੇ ਸਾਈਕਲਿੰਗ ਅਕੈਡਮੀ ਖੋਲਣੀ ਚਾਹੀਦੀ ਹੈ। ਆਸ ਕਰਦੇ ਹਾਂ ਕਿ ਸਰਕਾਰਾਂ ਸਿਰਫ਼ ਦਾਅਵੇ ਨਾ ਕਰਨ ਧਰਾਤਲ 'ਤੇ ਕੰਮ ਕਰਦੇ ਹੋਏ ਪੁਰਾਣੇ ਸਾਬਕਾ ਉਲੰਪੀਅਨ ਅਤੇ ਤਜਰਬੇਕਾਰ ਖਿਡਾਰੀਆਂ ਦੀ ਕਮੇਟੀ ਬਣਾ ਕੇ ਪੰਜਾਬ ਦੀਆਂ ਖੇਡਾਂ ਨੂੰ ਪ੍ਰਫੁੱਲਿਤ ਕਰਨ ਵੱਲ ਧਿਆਨ ਦੇਣ। ਪੰਜਾਬ ਵਿੱਚ ਜ਼ਿਲ੍ਹਾ ਪੱਧਰ 'ਤੇ ਨਰਸਰੀਆਂ ਵਿਕਸਤ ਕੀਤੀਆਂ ਜਾਣ, ਖਿਡਾਰੀਆਂ ਨੂੰ ਪੰਜਾਬ ਸਰਕਾਰ ਬਣਦੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਕਰੇ ਤਾਂ ਕਿ ਪੰਜਾਬ ਮੁੜ ਖੇਡਾਂ ਦੀ ਹੱਬ ਬਣ ਸਕੇ।

# ਖੇਡ ਮਨੋਵਿਗਿਆਨ ਦਾ ਇਤਿਹਾਸ

**ਅਮੈਰੀਕਨ ਸਾਇਕਲੋਜੀਕਲ ਐਸੋਸੀਏਸ਼ਨ**

ਮਨੋਵਿਗਿਆਨ ਖੇਡਾਂ, ਐਥਲੈਟਿਕ ਪ੍ਰਦਰਸ਼ਨ, ਕਸਰਤ ਅਤੇ ਸਰੀਰਕ ਗਤੀਵਿਧੀ ਨੂੰ ਕਿਵੇਂ ਪ੍ਰਭਾਵਤ ਕਰਦਾ ਹੈ। ਕੁਝ ਖੇਡ ਮਨੋਵਿਗਿਆਨੀ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਅਤੇ ਪ੍ਰੇਰਣਾ ਵਧਾਉਣ ਲਈ ਪੇਸ਼ੇਵਰ ਖਿਡਾਰੀ ਅਤੇ ਕੋਚ ਨਾਲ਼ ਕੰਮ ਕਰਦੇ ਹਨ। ਹੋਰ ਪੇਸ਼ਾਵਰ ਲੋਕਾਂ ਦੀ ਜ਼ਿੰਦਗੀ ਨੂੰ ਵਧਾਉਣ ਲਈ ਅਤੇ ਸਾਰੀ ਉਮਰ ਭਰ ਵਿੱਚ ਤੰਦਰੁਸਤੀ ਲਈ ਕਸਰਤ ਅਤੇ ਖੇਡਾਂ ਦੀ ਵਰਤੋਂ ਕਰਦੇ ਹਨ।



ਪ੍ਰੋਫ਼ੈਸ਼ਨਲ ਸਪੋਰਟਸ ਮਨੋਵਿਗਿਆਨੀ ਅਕਸਰ ਅਥਲੈਟਿਕ ਟੀਮ ਨੂੰ ਅਤਿ ਦਬਾਅ ਨਾਲ਼ ਸਿੱਝਦੇ ਹਨ ਜੋ ਮੁਕਾਬਲੇ ਤੋਂ ਆਉਂਦੇ ਹਨ ਅਤੇ ਫ਼ੋਕਸ ਅਤੇ ਪ੍ਰੇਰਣਾ ਨਾਲ਼ ਸਮੱਸਿਆਵਾਂ ਨੂੰ ਦੂਰ ਕਰਦੇ ਹਨ। ਉਹ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ ਅਤੇ ਸੱਟਾਂ ਤੋਂ ਠੀਕ ਹੋਣ ਲਈ ਐਥਲੀਟਾਂ ਦੇ ਨਾਲ਼ ਵੀ ਕੰਮ ਕਰਦੇ ਹਨ ਪਰ ਖੇਡ ਮਨੋਵਿਗਿਆਨੀ ਸਿਰਫ਼ ਕੁੱਤੇ ਅਤੇ ਪੇਸ਼ੇਵਰ ਅਥਲੀਟਾਂ ਨਾਲ਼ ਕੰਮ ਨਹੀਂ ਕਰਦੇ ਹਨ। ਉਹ ਨਿਯਮਤ ਲੋਕ ਖੇਡਾਂ ਦਾ ਅਨੰਦ ਸਿੱਖਣ ਅਤੇ ਕਸਰਤ ਪ੍ਰੋਗਰਾਮ ਨਾਲ਼ ਜੁੜਨ ਬਾਰੇ ਸਿੱਖਣ ਵਿੱਚ ਮਦਦ ਕਰਦੇ ਹਨ।

ਖੇਡ ਮਨੋਵਿਗਿਆਨ ਦਾ ਇਤਿਹਾਸ

ਖੇਡ ਮਨੋਵਿਗਿਆਨ, ਮਨੋਵਿਗਿਆਨ ਦੇ ਅੰਦਰ ਇੱਕ ਮੁਕਾਬਲਤਨ ਜਵਾਨ ਅਨੁਸ਼ਾਸਨ ਹੈ। 1920 ਵਿੱਚ, ਕਾਰਲ ਡਾਇਮੇ ਨੇ ਬਰਲਿਨ, ਜਰਮਨੀ ਵਿੱਚ ਡਾਇਸ਼ ਸਪੋਰਚਸ਼ਚੁਲੀ ਵਿਖੇ ਦੁਨੀਆ ਦੀ ਪਹਿਲੀ ਖੇਡ ਮਨੋਵਿਗਿਆਨ ਪ੍ਰਯੋਗਸ਼ਾਲਾ ਦੀ ਸਥਾਪਨਾ ਕੀਤੀ। 1925 ਵਿੱਚ, ਦੋ ਹੋਰ ਮਨੋਵਿਗਿਆਨ ਪ੍ਰਯੋਗਸ਼ਾਲਾਵਾਂ ਦੀ ਸਥਾਪਨਾ ਕੀਤੀ ਗਈ- ਇੱਕ ਜ਼ੀਨੂਨ ਪੁਨੀ ਜਿਸ ਨੇ ਇਲਿਨੋਨੋਇ ਯੂਨੀਵਰਸਿਟੀ ਵਿੱਚ ਲੈਨਿਨਗ੍ਰਾਡ ਵਿੱਚ ਭੌਤਿਕ ਕਲਿਆਣ ਸੰਸਥਾਨ ਅਤੇ ਦੂਜਾ ਕੋਲਮੈਨ ਗ੍ਰੀਫ਼ਿਥ ਦੁਆਰਾ। ਗ੍ਰੀਫਿਥ ਨੇ 1923 ਵਿੱਚ ਖੇਡ ਮਨੋਵਿਗਿਆਨ ਵਿੱਚ ਪਹਿਲਾ ਕੋਰਸ ਪੇਸ਼ ਕਰਨਾ ਆਰੰਭ ਕੀਤਾ, ਅਤੇ ਬਾਅਦ ਵਿੱਚ ਸਿਰਲੇਖ ਬਾਰੇ ਮਨੋਰੰਜਨ ਕੋਚਿੰਗ (1926) ਦੀ ਪਹਿਲੀ ਕਿਤਾਬ ਪ੍ਰਕਾਸ਼ਿਤ ਕੀਤੀ।

ਬਦਕਿਸਮਤੀ ਨਾਲ਼, ਫ਼ੰਡਾਂ ਦੀ ਘਾਟ ਕਾਰਨ 1932 ਵਿੱਚ ਗ੍ਰੀਫ਼ਿਥ ਦੀ ਲੈਬ ਬੰਦ ਹੋ ਗਈ ਸੀ। ਲੈਬ ਬੰਦ ਹੋਣ ਤੋਂ ਬਾਅਦ, ਖੇਡ ਮਨੋਵਿਗਿਆਨ 'ਤੇ ਬਹੁਤ ਘੱਟ ਖੋਜ ਹੋਈ, ਜਦੋਂ ਤੱਕ ਇਸ ਦੇ ਵਿਸ਼ੇ ਵਿੱਚ 1960 ਦੇ ਦਹਾਕੇ ਦੌਰਾਨ ਵਿਆਜ ਦੀ ਮੁੜ ਸੁਰਜੀਤੀ ਦਾ ਅਨੁਭਵ ਨਹੀਂ ਹੋਇਆ।

ਫ਼ਰੂਸੀਓ ਐਂਟੋਨੇਲੀ ਨੇ 1965 ਵਿੱਚ ਇੰਟਰਨੈਸ਼ਨਲ ਸੋਸਾਇਟੀ ਆਫ਼ ਸਪੋਰਟ ਸਾਈਕਾਲੋਜੀ (ਆਈ.ਐੱਸ.ਪੀ.ਪੀ.) ਦੀ ਸਥਾਪਨਾ ਕੀਤੀ ਅਤੇ 1970 ਦੇ ਦਹਾਕੇ ਤੱਕ ਉੱਤਰੀ ਅਮਰੀਕਾ ਵਿੱਚ ਯੂਨੀਵਰਸਿਟੀ ਦੇ ਕੋਰਸ ਦੀ ਪੇਸ਼ਕਸ਼ ਵਿੱਚ ਖੇਡ ਮਨੋਵਿਗਿਆਨ ਦੀ ਸ਼ੁਰੂਆਤ ਕੀਤੀ ਗਈ।

ਪਹਿਲਾ ਅਕਾਦਮਿਕ ਜਰਨਲ, ਇੰਟਰਨੈਸ਼ਨਲ ਜਰਨਲ ਆਫ਼ ਸਪੋਰਟ ਸਾਈਕਾਲੋਜੀ , ਨੂੰ 1970 ਵਿੱਚ ਪੇਸ਼ ਕੀਤਾ ਗਿਆ ਸੀ, ਜਿਸਦੇ ਬਾਅਦ 1979 ਵਿੱਚ ਜਰਨਲ ਆਫ਼ ਸਪੋਰਟ ਸਾਈਕਲੋਜੀ ਦੀ ਸਥਾਪਨਾ ਕੀਤੀ ਗਈ ਸੀ।

1980 ਦੇ ਦਹਾਕੇ ਤੱਕ, ਖੇਡ ਮਨੋਵਿਗਿਆਨ ਵਧੇਰੇ ਸਖ਼ਤ ਵਿਗਿਆਨਕ ਫ਼ੋਕਸ ਦਾ ਵਿਸ਼ਾ ਬਣ ਗਿਆ ਜਦੋਂ ਖੋਜਕਰਤਾਵਾਂ ਨੇ ਐਥਲੇਟਿਕ ਕਾਰਗੁਜ਼ਾਰੀ ਨੂੰ ਸੁਧਾਰਨ ਲਈ ਮਾਨਸਿਕਤਾ ਦਾ ਇਸਤੇਮਾਲ ਕਿਵੇਂ ਕੀਤਾ ਜਾ ਸਕਦਾ ਹੈ, ਨਾਲ਼ ਹੀ ਮਾਨਸਿਕ ਤੰਦਰੁਸਤੀ ਅਤੇ ਹੇਠਲੇ ਦਬਾਅ ਦੇ ਪੱਧਰ ਵਿੱਚ ਸੁਧਾਰ ਕਰਨ ਲਈ ਕਿਵੇਂ ਕਸਰਤ ਕੀਤੀ ਜਾ ਸਕਦੀ ਹੈ।

ਸਮਕਾਲੀ ਖੇਡ ਮਨੋਵਿਗਿਆਨ ਇੱਕ ਵਿਵਿਧ ਖੇਤਰ ਹੈ। ਖਿਡਾਰੀ ਦੀ ਮਦਦ ਕਰਨ ਦੇ ਤਰੀਕੇ ਲੱਭਦੇ ਹੋਏ ਨਿਸ਼ਚਿਤ ਤੌਰ 'ਤੇ ਖੇਡ ਮਨੋਵਿਗਿਆਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਗ਼ੈਰ-ਖਿਡਾਰੀ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਕਸਰਤ ਅਤੇ ਸਰੀਰਕ ਗਤੀਵਿਧੀਆਂ ਨੂੰ ਲਾਗੂ ਕਰਨਾ ਇੱਕ ਮੁੱਖ ਫ਼ੋਕਸ ਹੈ।

# ਪਿੰਡ ਅਠੌਲਾ ਵਿੱਚ ਕਬੱਡੀ ਖਿਡਾਰੀ ਨੂੰ ਮਾਰੀ ਗੋਲੀ

## ਕਬੱਡੀ ਖਿਡਾਰੀ ਦੀ ਜਾਨ ਖ਼ਤਰੇ ਤੋਂ ਬਾਹਰ, ਕਾਫ਼ੀ ਸਮੇਂ ਤੋਂ ਮਿਲ ਰਹੀਆਂ ਸਨ ਧਮਕੀਆਂ

**ਲਾਂਬੜਾ/ਏ.ਟੀ.ਨਿਊਜ਼** :- ਥਾਣਾ ਲਾਂਬੜਾ ਅਧੀਨ ਆਉਂਦੇ ਪਿੰਡ ਅਠੌਲਾ ਵਿੱਚ ਕਰਵਾਏ ਜਾ ਰਹੇ ਕਬੱਡੀ ਟੂਰਨਾਮੈਂਟ ਵਿੱਚ ਮੈਚ ਖੇਡ ਕੇ ਬਾਹਰ ਆ ਰਹੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਇੰਦਰਜੀਤ ਸਿੰਘ ਨੂੰ ਸਵਿਫ਼ਟ ਕਾਰ ਵਿੱਚ ਸਵਾਰ ਤਿੰਨ ਨੌਜਵਾਨਾਂ ਨੇ ਗੋਲ਼ੀ ਮਾਰ ਦਿੱਤੀ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਇੰਦਰਜੀਤ ਸਿੰਘ ਕਬੱਡੀ ਟੂਰਨਾਮੈਂਟ ਦੇ ਸੈਮੀਫ਼ਾਈਨਲ ਮੈਚ ਵਿੱਚ ਖੇਡ ਰਿਹਾ ਸੀ, ਇਸ ਦੌਰਾਨ ਇੱਕ ਸਵਿਫ਼ਟ ਕਾਰ ਉੱਥੇ ਆਈ, ਜਿਸ ਵਿੱਚ 3 ਦੇ ਕਰੀਬ ਵਿਅਕਤੀ ਸਵਾਰ ਸਨ, ਜਿਨਾਂ ਨੇ ਆਉਂਦੇ ਹੀ ਇੰਦਰਜੀਤ 'ਤੇ ਗੋਲੀ ਚਲਾ ਦਿੱਤੀ, ਜੋ ਉਸ ਦੀ ਖੱਬੀ



ਲੱਤ ਦੇ ਹੇਠਲੇ ਹਿੱਸੇ ਵਿੱਚ ਲੱਗੀ। ਮੌਕੇ 'ਤੇ ਪੁੱਜੇ ਡੀ. ਐੱਸ. ਪੀ. ਕਰਤਾਰਪੁਰ ਸੁਖਪਾਲ ਸਿੰਘ ਰੰਧਾਵਾ ਨੇ ਆਪਣੀ ਪੁਲਿਸ ਪਾਰਟੀ ਸਮੇਤ ਜ਼ਖ਼ਮੀ ਨੂੰ ਨਕੋਦਰ ਚੌਂਕ ਨੇੜੇ ਇੱਕ ਨਿੱਜੀ ਹਸਪਤਾਲ 'ਚ ਦਾਖ਼ਲ ਕਰਵਾਇਆ। ਇਲਾਜ ਦੌਰਾਨ ਡਾਕਟਰਾਂ ਨੇ ਇੰਦਰਜੀਤ ਦੀ ਲੱਤ ਵਿੱਚ ਲੱਗੀ ਗੋਲ਼ੀ ਨੂੰ ਕੱਢ ਕੇ ਉਸ ਨੂੰ ਆਈ. ਸੀ. ਯੂ. ਵਿੱਚ ਦਾਖ਼ਲ ਕੀਤਾ। ਪੁਲਿਸ ਵੱਲੋਂ ਪਿੰਡ ਅਠੌਲਾ ਨੇੜੇ ਕਈ ਪਿੰਡਾਂ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਰਾਹਤ ਦੀ ਖ਼ਬਰ ਇਹ ਹੈ ਕਿ ਕਬੱਡੀ ਖਿਡਾਰੀ ਦੀ ਜਾਨ ਖ਼ਤਰੇ ਤੋਂ ਬਾਹਰ ਹੈ।

ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਸਵਿਫ਼ਟ ਕਾਰ ਵਿੱਚ ਆਏ ਹਮਲਾਵਰ ਪਹਿਲਾਂ ਜ਼ਿਲਾ ਕਪੂਰਥਲਾ ਅਧੀਨ ਪੈਂਦੇ ਪਿੰਡ ਮਲੂਕਾਜਲਾ ਵਿੱਚ ਇੰਦਰਜੀਤ ਦੀ ਭੂਆ ਦੇ ਘਰ ਗਏ, ਜਿੱਥੇ ਉਸ ਦੀ ਭਾਲ ਕੀਤੀ ਗਈ, ਜਦੋਂ ਉਹ ਉੱਥੇ ਨਹੀਂ ਮਿਲਿਆ ਤਾਂ ਹਮਲਾਵਰਾਂ ਨੇ 3 ਗੋਲੀਆਂ ਚਲਾਈਆਂ ਅਤੇ ਉੱਥੋਂ ਫ਼ਰਾਰ ਹੋ ਗਏ।

### ਮਿਲ ਰਹੀਆਂ ਸਨ ਧਮਕੀਆਂ

ਇੰਦਰਜੀਤ ਦੇ ਦੋਸਤ ਹਸਪਤਾਲ ਦੇ ਬਾਹਰ ਖੜੇ ਆਪਸ ਵਿੱਚ ਗੱਲਾਂ ਕਰ ਰਹੇ ਸਨ ਕਿ ਕਾਫ਼ੀ ਸਮੇਂ ਤੋਂ ਧਮਕੀਆਂ ਮਿਲ ਰਹੀਆਂ ਸਨ ਪਰ ਹੁਣ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕਿਸ ਕਾਰਨ ਅਤੇ ਕੌਣ ਧਮਕੀਆਂ ਦੇ ਰਿਹਾ ਸੀ। ਪੁਲਿਸ ਇਸ ਮਾਮਲੇ ਨੂੰ ਗੰਭੀਰਤਾ ਨਾਲ਼ ਲੈ ਰਹੀ ਹੈ ਅਤੇ ਇੰਦਰਜੀਤ ਦੇ ਮੋਬਾਈਲ ਨੰਬਰ ਦੀ ਕਾਲ ਡਿਟੇਲ ਵੀ ਕੱਢਵਾ ਰਹੀ ਹੈ ਤਾਂ ਕਿ ਇਹ ਪਤਾ ਲੱਗ ਸਕੇ ਕਿ ਉਸ ਨੂੰ ਕੌਣ ਧਮਕੀਆਂ ਦੇ ਰਿਹਾ ਸੀ।

### ਹਮਲਾਵਰਾਂ ਵਿੱਚੋਂ ਇੱਕ ਦੀ ਹੋਈ ਪਛਾਣ

ਇਸ ਗੋਲੀ ਕਾਂਡ ਨੂੰ ਅੰਜਾਮ ਦੇਣ ਵਾਲੇ ਇੱਕ ਵਿਅਕਤੀ ਦੀ ਪਛਾਣ ਹੋ ਗਈ ਹੈ। ਡੀ. ਐੱਸ. ਪੀ. ਰੰਧਾਵਾ ਨੇ ਦੱਸਿਆ ਕਿ ਹਮਲਾਵਰਾਂ ਵਿੱਚੋਂ ਇੱਕ ਦੀ ਪਛਾਣ ਜਿੰਦਰ ਪਿੰਡ ਸੁੱਨੜਾਂ ਜ਼ਿਲਾ ਕਪੂਰਥਲਾ ਵਜੋਂ ਹੋਈ ਹੈ। ਉਨਾਂ ਦੱਸਿਆ ਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਹੈ ਅਤੇ ਜਲਦੀ ਹੀ ਇਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਸੂਤਰਾਂ ਮੁਤਾਬਕ ਜਿੰਦਰ ਖ਼ਿਲਾਫ਼ ਪਹਿਲਾਂ ਵੀ ਕਈ ਅਪਰਾਧਿਕ ਪਰਚੇ ਦਰਜ ਹਨ।

ਦੱਸਣਯੋਗ ਹੈ ਕਿ ਇੰਦਰਜੀਤ ਸਿੰਘ ਇਟਲੀ ਦੇ ਇੱਕ ਕਲੱਬ ਲਈ ਕਬੱਡੀ ਖੇਡਦਾ ਹੈ ਅਤੇ ਅੱਜ ਕੱਲ ਆਪਣੇ ਜੱਦੀ ਪਿੰਡ ਕੋਹਾਲਾ ਆਇਆ ਹੋਇਆ ਸੀ ਅਤੇ ਪਿੰਡ ਅਠੌਲਾ ਵਿੱਚ ਕਰਵਾਏ ਜਾ ਰਹੇ ਕਬੱਡੀ ਟੂਰਨਾਮੈਂਟ ਦੇ ਸੈਮੀਫ਼ਾਈਨਲ ਮੈਚ ਵਿੱਚ ਖੇਡ ਰਿਹਾ ਸੀ।

# ਦੀਪ ਦੀ ਅੰਤਿਮ ਅਰਦਾਸ ਅਤੇ ਵਿਚਾਧਾਰਕ ਸਿੱਖ ਰਾਜਨੀਤੀ ਦਾ ਸੰਕਲਪ

## ✪ ਦੀਪ ਸਿੱਧੂ ਦੇ ਸ਼ਰਧਾਂਜਲੀ ਸਮਾਗਮ ਵਿਚ ਵੱਡੀ ਗਿਣਤੀ 'ਚ ਲੋਕ ਪੁੱਜੇ ✪ ਸਿੱਖ ਜਥੇਬੰਦੀਆਂ ਨੇ ਸਿਰੋਪੇ ਪਾ ਕੇ ਸਿੱਧੂ ਦੇ ਪਰਿਵਾਰਕ ਮੈਂਬਰ ਸਨਮਾਨੇ ✪ ਸਿੱਧੂ ਦੀ ਮੌਤ ਦੀ ਜਾਂਚ ਬਾਰੇ ਮਾਨ ਯੂਐਨਓ ਤੱਕ ਕਰੇਗਾ ਪਹੁੰਚ



**- ਬਘੇਲ ਸਿੰਘ ਧਾਲੀਵਾਲ**

**99142-58142**

ਜ਼ਿਲਾ ਫ਼ਤਹਿਗੜ ਸਾਹਿਬ ਸਥਿਤ ਗੁਰਦੁਆਰਾ ਸ੍ਰੀ ਫਤਹਿਗੜ ਸਾਹਿਬ ਦੇ ਪਿੱਛੇ ਬਣੇ ਦੀਵਾਨ ਟੋਡਰ ਮੱਲ ਹਾਲ ਵਿੱਚ ਦੀਪ ਸਿੱਧੂ ਦਾ ਅੰਤਿਮ ਅਰਦਾਸ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਵੱਡੀ ਗਿਣਤੀ ਲੋਕਾਂ ਨੇ ਸ਼ਮੂਲੀਅਤ ਕਰਕੇ ਦੀਪ ਸਿੱਧੂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਲੋਕਾਂ ਨੇ ਦੀਪ ਸਿੱਧੂ ਨਾਲ ਵਾਪਰੇ ਹਾਦਸੇ ਦੀ ਜਾਂਚ ਕਰਨ ਦੀ ਮੰਗ ਵੀ ਕੀਤੀ, ਜਦੋਂਕਿ ਦੀਪ ਸਿੱਧੂ ਦੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਨੇ ਵਾਰ-ਵਾਰ ਲੋਕਾਂ ਨੂੰ ਅਪੀਲ ਕੀਤੀ ਕਿ ਦੀਪ ਸਿੱਧੂ ਦੀ ਅੰਤਿਮ ਅਰਦਾਸ ਵਿੱਚ ਅਜਿਹੀ ਕੋਈ ਗੱਲ ਨਾ ਕੀਤੀ ਜਾਵੇ, ਜਿਸ ਨਾਲ ਕੋਈ ਗਲਤ ਪ੍ਰਚਾਰ ਹੋ ਸਕੇ। ਸ਼ਰਧਾਂਜਲੀ ਦੇਣ ਵਾਲਿਆਂ 'ਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਐੱਸਜੀਪੀਸੀ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ, ਪਲਵਿੰਦਰ ਸਿੰਘ ਤਲਵਾੜਾ, ਇਕਬਾਲ ਸਿੰਘ ਟਿਵਾਣਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਸਿੱਖ ਆਗੂ ਸ਼ਾਮਲ ਸਨ। ਦੀਪ ਸਿੱਧੂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਪਹਿਲਾਂ ਉਨਾਂ ਦੇ ਘਰ ਵਿੱਚ ਪਾਏ ਗਏ। ਇੱਥੇ ਪਾਠ ਦੇ ਭੋਗ ਪਾਉਣ ਤੋਂ ਬਾਅਦ ਸਾਰਾ ਪਰਿਵਾਰ ਸ੍ਰੀ ਫਤਿਹਗੜ ਸਾਹਿਬ ਲਈ ਰਵਾਨਾ ਹੋ ਗਿਆ। ਇਸ ਮੌਕੇ ਦੀਪ ਸਿੱਧੂ ਦੀ ਮਾਤਾ, ਉਨਾਂ ਦੀ ਪਤਨੀ ਤੇ ਧੀ ਵੀ ਹਾਜ਼ਰ ਸਨ।ਆਪਣੀ ਜਾਨ 'ਤੇ ਖੇਡ ਕੇ ਪੰਜਾਬ ਪ੍ਰਸਤੀ ਦਾ ਸਬੂਤ ਪੇਸ਼ ਕਰਨ ਵਾਲੇ ਲੋਕ ਨਾਇਕ ਸੰਦੀਪ ਸਿੰਘ ਦੀਪ ਸਿੱਧੂ ਦੀ ਯਾਦ ਅੰਦਰ ਸ੍ਰੀ ਫਤਿਹਗੜ ਸਾਹਿਬ ਵਿਖੇ ਹੋਏ ਕਈ ਲੱਖਾਂ ਦੇ ਇਤਿਹਾਸਕ ਇਕੱਠ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਦੀਪ ਸਿੱਧੂ ਕੋਈ ਆਮ ਵਿਅਕਤੀ ਨਹੀਂ ਸੀ, ਬਲਕਿ ਉਹ ਇੱਕੀਵੀਂ ਸਦੀ ਦਾ ਅਜਿਹਾ ਹੋਣਹਾਰ ਸ਼ਖਸੀਅਤ ਸੀ, ਜਿਸ ਨੇ ਗੁਰੂ ਦੀ ਕਲਾ ਦੇ ਵਰਤਾਰੇ ਨੂੰ ਸਰਲ ਭਾਸ਼ਾ ਅਤੇ ਅਭਿਆਸੀ ਰੂਪ ਵਿਚ ਪਰਿਭਾਸ਼ਤ ਕਰਕੇ ਆਪਣੇ ਸ਼ਾਨਮੱਤੇ ਵਿਰਸੇ ਤੋਂ ਮੂੰਹ ਮੋੜੀ ਬੈਠੀ ਜੁਆਨੀ ਅੰਦਰ ਅਜਿਹਾ ਕੌਮੀ ਜਜ਼ਬਾ ਪੈਦਾ ਕਰ ਦਿੱਤਾ, ਜਿਸ ਤੋਂ ਪ੍ਰਭਾਵਤ ਹੋਈ ਸਿੱਖ ਜੁਆਨੀ ਜਬਰ ਜ਼ੁਲਮ ਨਾਲ ਲੜਨ ਉਤਾਰੂ ਹੋ ਗਈ, ਲਿਹਾਜ਼ਾ ਕਿਸਾਨੀ ਅੰਦੋਲਨ ਅਜਿਹੇ ਮੀਲ ਪੱਥਰ ਗੱਡਣ ਵਿੱਚ ਕਾਮਯਾਬ ਹੋ ਸਕਿਆ, ਜਿਸ ਦੀ ਕਿਸੇ ਨੂੰ ਸੁਪਨੇ ਵਿੱਚ ਵੀ ਆਸ ਉਮੀਦ ਨਹੀ ਸੀ। ਵਿਦਵਤਾ ਦੇ ਚਮਕਦੇ ਦੀਪ ਨੇ ਪੰਜਾਬ ਦੀ ਰਾਹੋਂ ਭਟਕੀ ਜੁਆਨੀ ਨੂੰ ਆਪਣੇ ਕੌਮੀ ਵਿਰਸੇ ਦੀ ਅਜਿਹੀ ਬਾਦਸ਼ਾਹਤ ਚਿਣਗ ਲਾਉਣ ਵਿਚ ਕਾਮਯਾਬੀ ਹਾਸਲ ਕੀਤੀ, ਜਿਹੜੀ ਗਹਿਰੀਆਂ ਸਾਜ਼ਿਸ਼ਾਂ ਤਹਿਤ ਜੂਨ 1984 ਤੋਂ ਬਾਅਦ ਸਿੱਖ ਜੁਆਨੀ ਵਿਚੋਂ ਮਨਫੀ ਕਰ ਦਿੱਤੀ ਗਈ ਸੀ। ਉਹ ਲੰਮੇ ਸਮੇਂ ਤੋਂ ਘੂਕ ਸੁੱਤੀ ਪੰਜਾਬ ਦੀ ਗੈਰਤ ਨੂੰ ਜਗਾਉਣ ਅਤੇ ਪੰਜਾਬ ਦੇ ਸੰਘਰਸ਼ੀ ਪਿੜ ਵਿਚ ਆਈ ਖੜੋਤ ਨੂੰ ਤੋੜਨ ਵਾਲਾ ਕੌਮੀ ਯੋਧਾ ਹੋ ਨਿਬੜਿਆ ਹੈ, ਜਿਸਨੇ ਬਹੁਤ ਹੀ ਥੋੜੇ ਸਮੇ ਵਿਚ ਨਵੇਂ ਦਿਸਹੱਦੇ ਸਿਰਜੇ ਅਤੇ ਉਤਸ਼ਾਹੀ ਪੁਲਾਂਘਾਂ ਦੇ ਅਮਿੱਟ ਨਿਸ਼ਾਨ ਛੱਡੇ। ਦੀਪ ਦੇ ਅੰਤਮ ਅਰਦਾਸ ਮੌਕੇ ਜੁੜੇ ਬੇਮਿਸਾਲ ਭਾਵਨਾਤਮਕ ਅਤੇ ਜਜ਼ਬਾਤੀ ਇਕੱਠ ਦੌਰਾਨ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਦੀਪ ਸਿੱਧੂ ਦੀ ਮੌਤ ਦੀ ਜਾਂਚ ਲਈ ਯੂਐਨਓ ਨੂੰ ਲਿਖਤੀ ਤੌਰ 'ਤੇ ਬੇਨਤੀ ਕੀਤੀ ਜਾਵੇਗੀ। ਉਨਾਂ ਕਿਹਾ ਕਿ 6 ਮਾਰਚ ਨੂੰ ਦੀਪ ਸਿੱਧੂ ਦਾ ਬਰਗਾੜੀ ਵਿਚ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ ਜਿਸ ਵਿੱਚ ਉਨਾਂ ਸੰਗਤ ਨੂੰ ਵੱਧ ਚੜ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਦੀਪ ਸਿੱਧੂ ਦੀ ਅੰਤਿਮ ਅਰਦਾਸ ਤੇ ਭੋਗ ਦੇ ਮੌਕੇ 'ਤੇ ਖਾਲਸਾ ਏਡ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਸੋਗ ਸਭਾ ਵਿਚ ਆਉਣ ਵਾਲੀ ਸੰਗਤ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ।

ਦੀਪ ਸਿੱਧੂ ਦੀ ਅੰਤਿਮ ਅਰਦਾਸ ਤੇ ਭੋਗ ਲਈ ਪ੍ਰਬੰਧਾਂ ਵਿਚ ਲੱਗੇ ਪੰਜਾਬੀ ਤੇ ਹਿੰਦੀ ਫਿਲਮਾਂ ਦੇ ਅਦਾਕਾਰ ਦਿਲਜੀਤ ਕਲਸੀ ਨੇ ਕਿਹਾ ਕਿ ਦੀਪ ਸਿੱਧੂ ਕੌਮ ਦਾ ਹੀਰਾ ਸੀ। ਉਨਾਂ ਨੇ ਕਿਹਾ ਕਿ ਦੀਪ ਸਿੱਧੂ ਦੀ ਅੰਤਿਮ ਅਰਦਾਸ ਵਿਚ ਹਿੱਸਾ ਲੈਣ ਲਈ ਪੂਰੇ ਪੰਜਾਬ ਹੀ ਨਹੀਂ ਬਲਕਿ ਨਾਲ ਲੱਗਦੇ ਸੂਬਿਆਂ ਤੋਂ ਵੀ ਭਾਰੀ ਗਿਣਤੀ ਵਿਚ ਲੋਕ ਪਹੁੰਚੇ ਹਨ। ਦੀਪ ਸ਼ਾਂਤ ਸਮੁੰਦਰ ਰੂਪੀ ਸਿੱਖ ਨੌਜਵਾਨੀ ਵਿੱਚ ਅਜਿਹੀ ਹਲਚਲ ਪੈਦਾ ਕਰ ਗਿਆ ਜਿਹੜੀ ਸੁਨਾਮੀ ਦੀਆਂ ਅਸ਼ਾਂਤ ਲਹਿਰਾਂ ਬਣਨ ਲਈ ਬੇਹੱਦ ਕਾਹਲੀ ਹੈ। ਸਿੱਖ ਜਜ਼ਬਾਤਾਂ ਅਤੇ ਵਿਦਵਤਾ ਦੇ ਵਗਦੇ ਵਹਿਣ ਨੂੰ ਲਗਾਤਾਰ ਵਗਦਾ ਰੱਖਣ ਅਤੇ ਆਪਣੇ ਰੰਗਲੇ ਸੱਜਣ ਦੀ ਨਿੱਘੀ ਤੇ ਮਿੱਠੀ ਯਾਦ ਨੂੰ ਹਮੇਸ਼ਾ ਦਿਲਾਂ ਵਿਚ ਬਣਾਈ ਰੱਖਣ ਲਈ ਜਿੱਥੇ ਸਿੱਖ ਜੁਆਨੀ ਦੀਪ ਦੇ ਸੁਪਨਿਆਂ ਨੂੰ ਸੱਚ ਕਰਨ ਦਾ ਸੰਕਲਪ ਲੈ ਰਹੀ ਸੀ, ਉੱਥੇ ਦੀਪ ਦੇ ਬੇਵਕਤੀ ਵਿਛੋੜੇ 'ਤੇ ਪ੍ਰਮਾਤਮਾ ਨਾਲ ਵੀ ਨਰਾਜ਼ਗੀ ਅਤੇ ਪੰਜਾਬ ਵਿਰੋਧੀ ਸੋਚ ਪ੍ਰਤੀ ਨੌਜਵਾਨਾਂ ਦੇ ਚਿਹਰਿਆਂ 'ਤੇ ਗੁੱਸਾ ਝਲਕਦਾ ਸਪੱਸ਼ਟ ਦੇਖਿਆ ਜਾ ਰਿਹਾ ਸੀ। ਹੁਣ ਜਦੋਂ ਲੋਕ ਉਸ ਦੀਆਂ ਤਕਰੀਰਾਂ ਸੁਣਦੇ ਹਨ ਤਾਂ ਇੱਕਦਮ ਡੂੰਘਾ ਹੌਕਾ ਲੈ ਕੇ ਰੱਬ 'ਤੇ ਰੋਸਾ ਕਰਦੇ ਹਨ ਕਿ ਹੇ ਅਕਾਲ ਪੁਰਖ ਤੂੰ ਇਸ ਕੌਮੀ ਯੋਧੇ ਦੇ ਸੁਆਸਾਂ ਵਿਚ ਐਨੀ ਕੰਜੂਸੀ ਕਿਉਂ ਕੀਤੀ ? ਜਦੋਂ ਕਿ ਤੇਰੇ ਘਰ ਤਾਂ ਕਿਸੇ ਚੀਜ਼ ਦਾ ਕੋਈ ਘਾਟਾ ਨਹੀਂ। ਉਹਦੇ ਬਦਲੇ ਬਹੁਤ ਸਾਰੇ ਅਜਿਹੇ ਸ਼ਖਸ ਇਸ ਧਰਤੀ 'ਤੇ ਬੋਝ ਕਿਉਂ ਬਣੇ ਹੋਏ ਹਨ, ਜਿਹੜੇ ਨਿੱਜੀ ਲੋਭ ਲਾਲਸਾ ਵਿਚ ਗ੍ਰਸਤ ਹੋ ਕੇ ਕੌਮ ਦੀਆਂ ਦੁਸ਼ਮਣ ਤਾਕਤਾਂ ਦੇ ਹੱਥਾਂ ਦੀਆਂ ਕਠਪੁਤਲੀਆਂ ਬਣ ਕੇ ਅਜਿਹਾ ਤਾਂਡਵ ਨੱਚ ਰਹੀਆਂ ਹਨ ਜਿਸ ਨੇ ਕੌਮ ਨੂੰ ਉਹ ਦਰਦ ਦਿੱਤੇ ਜਿਨਾਂ ਦਾ ਕੋਈ ਇਲਾਜ ਵੀ ਸੰਭਵ ਨਹੀਂ ਹੈ। ਫਿਰ ਉਨਾਂ ਅਕ੍ਰਿਤਘਣਾਂ ਦਾ ਬੋਝ ਧਰਤੀ ਤੋਂ ਹਲਕਾ ਕਿਉਂ ਨਹੀਂ ਕੀਤਾ। ਜਦੋਂ ਕਿ ਤੂੰ ਤਾਂ ਸਮਰੱਥ ਅਤੇ ਸਾਰਾ ਕੁੱਝ ਜਾਨਣ ਵਾਲਾ ਹੈਂ ਦੁਨੀਆ ਦਿਆ ਪਾਤਸ਼ਾਹਾ! ਫਿਰ ਵੀ ਇਹ ਵਿਤਕਰਾ ਕਿਉਂ ਹੈ। ਇਹ ਦਰਦ ਪੰਜਾਬ ਦੇ ਹਿੱਸੇ ਹੀ ਕਿਉਂ ਆਏ ਹਨ ? ਇਹ ਦਰਦ ਸਿੱਖ ਕੌਮ ਦੇ ਹਿੱਸੇ ਹੀ ਕਿਉਂ ਹਨ ਸੱਚਿਆ ਪਾਤਸ਼ਾਹਾ ? ਕਿਉਂ ਨਹੀਂ ਹੁੰਦਾ ਸੱਚ ਦਾ ਬੋਲਬਾਲਾ, ਕਿਉਂ ਪਾਪੀਆਂ ਦੀ ਜੈ ਜੈ ਜੈਕਾਰ ਹੁੰਦੀ ਹੈ ਇਸ ਧਰਤੀ ਉਪਰ ? ਸੱਚ ਦੀ ਉਮਰ ਐਨੀ ਥੋੜੀ ਕਿਉਂ ਅਤੇ ਝੂਠ ਸਦੀਆਂ ਤੱਕ ਵੀ ਕਿਉਂ ਜ਼ਿੰਦਾ ਰਹਿੰਦਾ ਹੈ। ਇਹ ਬੁਝਾਰਤ ਸਮਝਣ ਦੀ ਸੋਝੀ ਵੀ ਬਖ਼ਸ਼ ਮੇਰੇ ਮਾਲਕਾ। ਅਜਿਹਾ ਬਹੁਤ ਸਾਰਾ ਦਰਦ ਲੋਕ ਮਨਾਂ ਵਿਚੋਂ ਨਿਕਲਦੇ ਹੌਂਕਿਆਂ ਵਿੱਚੋਂ ਪ੍ਰਮਾਤਮਾ ਨੂੰ ਉਲਾਹਮੇ ਦੇ ਰੂਪ ਵਿਚ ਦਿੱਤਾ ਜਾ ਰਿਹਾ ਹੈ। ਦੀਪ ਸਿੱਧੂ ਦੀਆਂ ਤਕਰੀਰਾਂ ਬਹੁਤ ਹੀ ਬੇਸਬਰੀ ਨਾਲ ਸੁਣੀਆਂ ਜਾ ਰਹੀਆਂ ਹਨ ਅਤੇ ਸਮਝਣ ਦੀ ਕੋਸ਼ਿਸ਼ ਕੀਤੀ ਜਾਣ ਲੱਗੀ ਹੈ। ਉਨਾਂ ਦੇ ਧੁਰ ਅੰਦਰ ਤੱਕ ਲਹਿ ਜਾਣ ਵਾਲੇ ਜਟਕੇ ਸ਼ਬਦਾਂ ਨੂੰ ਸੁਣਕੇ ਸਮਝ ਪੈਂਦੀ ਹੈ ਕਿ ਦੀਪ ਦੇ ਬੋਲਾਂ ਅੰਦਰ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਪੰਥ ਦਾ ਦਰਦ ਛੁਪਿਆ ਹੋਇਆ ਹੈ, ਜਿਸ ਨੇ ਦੀਪ ਵਰਗੇ ਉੱਚ ਕੋਟੀ ਦੇ ਵਕੀਲ ਅਤੇ ਮਕਬੂਲ ਅਦਾਕਾਰ ਨੂੰ ਆਪਣਾ ਪੇਸ਼ਾ ਛੱਡ ਕੇ ਵੱਡੀਆਂ ਤਾਕਤਾਂ ਦੇ ਖਿਲਾਫ ਬਗਾਵਤ ਕਰਨ ਲਈ ਪ੍ਰੇਰਿਤ ਕੀਤਾ। ਉਨਾਂ ਅੰਦਰ ਕੌਮ ਨੂੰ ਹਲੂਣਾ ਦੇਣ ਦੀ ਤਾਕਤ ਇਸ ਕਰਕੇ ਸੀ, ਕਿਉਂਕਿ ਉਹ ਅੰਦਰੋਂ ਅਤੇ ਬਾਹਰੋਂ ਇੱਕ ਸਨ। ਸੋ, ਦੀਪ ਸਿੱਧੂ ਦੇ ਅੰਤਮ ਸੰਸਕਾਰ ਅਤੇ ਭੋਗ ਸਮਾਗਮਾਂ 'ਤੇ ਹੋਇਆ ਰਿਕਾਰਡਤੋੜ ਇਕੱਠ ਜਿਸ ਵਿੱਚ ਜੁਆਨੀ ਦੀ ਵੱਡੀ ਗਿਣਤੀ ਦਰਜ ਕੀਤੀ ਗਈ ਹੈ, ਨੇ ਜਿੱਥੇ ਦੀਪ ਸਿੱਧੂ ਦੀ ਲੋਕਪ੍ਰਿਅਤਾ ਨੂੰ ਦਰਸਾਇਆ ਹੈ, ਉੱਥੇ ਉਨਾਂ ਦੀ ਸੋਚ ਨਾਲ ਖੜਨ ਵਾਲੇ ਗੈਰਤਮੰਦ ਸਿਰਾਂ ਦਾ ਹੋਕਾ ਸਟੇਟ ਮਸ਼ੀਨਰੀ ਨੂੰ ਬੇਹੱਦ ਬੇਚੈਨ ਕਰ ਗਿਆ ਹੈ। ਭਾਵੇਂ ਕਿਸੇ ਕਾਰਨ ਸਟੇਜ ਤੋਂ ਨੌਜਵਾਨੀ ਨੂੰ ਕੋਈ ਵੀ ਪ੍ਰੋਗਰਾਮ ਨਾ ਦੇਣਾ ਕਈ ਸਵਾਲ ਖੜੇ ਕਰਨ ਦੇ ਮੌਕੇ ਪੈਦਾ ਕਰਦਾ ਹੈ, ਪ੍ਰੰਤੂ ਨੌਜਵਾਨਾਂ ਦੇ ਦਿਲਾਂ ਵਿੱਚ ਜਿਸ ਤਰਾਂ ਦੀਪ ਸਿੱਧੂ ਨੇ ਆਪਣਾ ਵਸੇਬਾ ਕਰ ਲਿਆ ਹੈ, ਉਸ ਤੋਂ ਕੌਮ ਦੇ ਚੰਗੇਰੇ ਭਵਿੱਖ ਦੀ ਆਸ ਕਰਨੀ ਬਣਦੀ ਹੈ। ਆਉਣ ਵਾਲੇ ਦਿਨਾਂ ਵਿੱਚ ਦੀਪ ਦੀ ਜਥੇਬੰਦੀ ਵੱਲੋਂ ਜੋ ਪ੍ਰੋਗਰਾਮ ਉਲੀਕੇ ਜਾਣਗੇ ਨੌਜਵਾਨ ਉਨਾਂ ਪ੍ਰੋਗਰਾਮਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰਨਗੇ, ਇਹ ਗੱਲ ਦਾਅਵੇ ਨਾਲ ਇਸ ਕਰਕੇ ਕਹੀ ਜਾ ਸਕਦੀ ਹੈ, ਕਿਉਂਕਿ ਦੀਪ ਨੇ ਆਪਾ ਕੁਰਬਾਨ ਕਰਕੇ ਜੋ ਦੀਪ ਜਲ਼ਾਏ ਹਨ ਉਨਾਂ ਦੀ ਗਿਣਤੀ ਸੈਂਕੜਿਆਂ ਵਿੱਚ ਨਹੀਂ ਬਲਕਿ ਹਜ਼ਾਰਾਂ ਵਿੱਚ ਹੈ, ਜਿਹੜੇ ਪੰਜਾਬ ਦਾ ਭਵਿੱਖ ਰੌਸ਼ਨ ਕਰਨ ਲਈ ਦੀਪ ਸਿੱਧੂ ਦੇ ਪਾਏ ਪੂਰਨਿਆਂ 'ਤੇ ਪਹਿਰਾ ਦੇ ਕੇ ਜਿੱਥੇ ਆਪਣੇ ਮਹਿਬੂਬ ਦੋਸਤ, ਮਹਿਬੂਬ ਆਗੂ ਨੂੰ ਆਪਣੇ ਦਿਲਾਂ ਵਿਚ ਰੱਖ ਸਕਣਗੇ, ਓਥੇ ਕੌਮ ਦੀ ਬਿਗੜੀ ਸੰਵਾਰਨ ਲਈ ਵੱਡਾ ਯੋਗਦਾਨ ਵੀ ਪਾ ਸਕਣਗੇ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਬੇ.ਗਮਪੁਰਾ ਦਾ ਸੰਕਲਪ



ਡਾ. ਦਿਲਵਰ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿੱਥੇ 6 ਗੁਰੂ ਸਾਹਿਬਾਨ, 3 ਗੁਰਸਿੱਖਾਂ ਅਤੇ 11 ਭੱਟ ਸਾਹਿਬਾਨ ਦੀ ਬਾਣੀ ਦਰਜ ਹੈ, ਉੱਥੇ 15 ਭਗਤ ਸਾਹਿਬਾਨ ਜੀ ਦੀ ਬਾਣੀ ਵੀ ਸ਼ਾਮਲ ਕੀਤੀ ਗਈ ਹੈ। ਇਨ੍ਹਾਂ ਭਗਤ ਸਾਹਿਬਾਨ ਵਿੱਚ ਭਗਤ ਰਵਿਦਾਸ ਜੀ ਵੀ ਸ਼ਾਮਿਲ ਹਨ । ਇਨ੍ਹਾਂ ਦੇ 16 ਰਾਗਾਂ ਵਿੱਚ ਉਚਾਰਣ ਕੀਤੇ ਹੋਏ 40 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਭਗਤ ਰਵਿਦਾਸ ਜੀ ਨੇ ਸੰਨ 1376 ਈ. ਵਿੱਚ ਪਿਤਾ ਬਾਬਾ ਸੰਤੋਖ ਦਾਸ ਜੀ ਦੇ ਘਰ ਅਤੇ ਮਾਤਾ ਕਲਸਾਂ ਦੇਵੀ ਜੀ ਦੀ ਕੁੱਖੋਂ ਵਾਰਾਣਸੀ/ਕਾਸ਼ੀ ਵਿੱਚ ਜਨਮ ਲਿਆ। ਭਗਤ ਰਵਿਦਾਸ ਜੀ ਦੀ ਸਾਰੀ ਬਾਣੀ ਦਾ ਆਸ਼ਯ ਗੁਰਬਾਣੀ ਨਾਲ਼ ਇੰਨ-ਬਿੰਨ ਮੇਲ ਖਾਂਦਾ ਹੈ। ਇਸੇ ਕਰਕੇ ਇਸ ਪਵਿੱਤਰ ਬਾਣੀ ਨੂੰ ਗੁਰਬਾਣੀ ਦੇ ਤੁੱਲਯ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਗਿਆ ਹੈ। ਗੁਰੂ ਸਾਹਿਬਾਨ ਨੇ ਭਗਤ ਰਵਿਦਾਸ ਜੀ ਦੀ ਉਪਮਾ ਆਪਣੀ ਬਾਣੀ ਵਿੱਚ ਵੀ ਕੀਤੀ ਹੈ। ਸ੍ਰੀ ਗੁਰੂ ਰਾਮਦਾਸ ਜੀ ਫਰਮਾਉਂਦੇ ਹਨ :

**ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇੱਕ ਗਾਇ॥**
**ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 733)**

**ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ॥**
**(ਉਹੀ, ਪੰਨਾ 835)**

**ਗੁਰੂ ਅਰਜਨ ਦੇਵ ਜੀ ਭਗਤ ਜੀ ਪਰਥਾਏ ਉਪਮਾ ਕਰਦੇ ਫ਼ਰਮਾਉਂਦੇ ਹਨ :**

**ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥**
**ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥**
**(ਉਹੀ, ਪੰਨਾ 487)**

**ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ॥**
**(ਉਹੀ, ਪੰਨਾ 1207)**

ਭੱਟ ਬਾਣੀ ਵਿੱਚ ਵੀ ਦਰਜ ਹੈ :

**ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥**
**(ਉਹੀ, ਪੰਨਾ 1390)**

ਭਗਤ ਰਵਿਦਾਸ ਜੀ ਦੀ ਵਡਿਆਈ ਕਰਦਿਆਂ ਭਾਈ ਗੁਰਦਾਸ ਜੀ ਆਪਣੀ 10ਵੀਂ ਵਾਰ ਦੀ 17 ਵੀਂ ਪਾਉੜੀ ਵਿੱਚ ਲਿਖਦੇ ਹਨ :

**ਭਗਤੁ ਭਗਤੁ ਜਗ ਵਜਿਆ ਚਹੁੰ ਚਕਾਂ ਦੇ ਵਿਚਿ ਚਮਿਰੇਟਾ॥**
**ਪਾਣਾ ਗੰਢੇ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ॥**

ਸ੍ਰੀ ਸਰਬਲੋਹ ਗ੍ਰੰਥ ਸਾਹਿਬ ਵਿੱਚ ਵੀ ਜ਼ਿਕਰ ਹੈ ਕਿ:

**ਭਗਤਿ ਕਬੀਰ ਰਵਿਦਾਸ ਨਾਮਦੇਵ ਅਨਨਯ ਸੇਵ ਪਦ ਪਾਏ॥**
**(3762)**

ਭਗਤ ਰਵਿਦਾਸ ਜੀ ਦਾ ਇਸ਼ਟ ਇੱਕ ਅਕਾਲ ਪੁਰਖ ਹੈ ਜੋ ਕਿ ਉਨ੍ਹਾਂ ਦੀ ਬਾਣੀ ਤੋਂ ਭਲੀ-ਭਾਂਤ ਸਪੱਸ਼ਟ ਹੁੰਦਾ ਹੈ। ਉਹ ਕਿਸੇ ਠਾਕੁਰ ਦੀ ਪੂਜਾ ਅਰਥਾਤ ਕਰਮ-ਕਾਂਡ ਵਿੱਚ ਰੁਚਿਤ ਨਹੀਂ ਸਨ। ਉਹ ਤਾਂ ਕੇਵਲ ਅਕਾਲ ਪੁਰਖ ਦਾ ਨਾਮ ਜਪਦੇ ਸਨ ਜੋ ਉਨ੍ਹਾਂ ਦੀ ਬਾਣੀ ਵਿੱਚੋਂ ਸਪੱਸ਼ਟ ਹੋ ਜਾਂਦਾ ਹੈ। ਆਪਣੀ ਕਿਰਤ ਕਰਕੇ ਆਪਣਾ ਜੀਵਨ ਗੁਜ਼ਾਰਦੇ ਸਨ ਅਤੇ ਆਪਣੀ ਦਸਾਂ ਨਹੁੰਆਂ ਦੀ ਪਵਿੱਤਰ ਕਮਾਈ ਵਿੱਚੋਂ ਲੋੜਵੰਦਾਂ ਨੂੰ ਵੰਡ ਕੇ ਅਤੇ ਆਏ-ਗਏ ਸੰਤਾਂ-ਮਹਾਂਪੁਰਸ਼ਾਂ ਦੀ ਸੇਵਾ ਕਰਕੇ ਕਿਰਤ ਨੂੰ ਸਫ਼ਲ ਬਣਾਉਂਦੇ ਸਨ। ਉਨ੍ਹਾਂ ਨੇ ਸਾਰੀ ਉਮਰ ਨਾਮ ਜਪਿਆ, ਕਿਰਤ ਕੀਤੀ ਅਤੇ ਵੰਡ ਕੇ ਛਕਿਆ। ਪ੍ਰੋਫ਼ੈਸਰ ਸਾਹਿਬ ਸਿੰਘ ਅਨੁਸਾਰ ਬਨਾਰਸ ਵਿੱਚ ਜਿੱਥੇ ਇੱਕ ਪਾਸੇ ਉੱਚੀ ਜਾਤਿ ਦੇ ਵਿਦਵਾਨ ਲੋਕ ਮੰਦਿਰਾਂ ਵਿੱਚ ਜਾ-ਜਾ ਕੇ ਮੂਰਤੀਆਂ ਪੂਜਣ, ਦੂਜੇ ਪਾਸੇ ਇੱਕ ਬੜੀ ਨੀਵੀਂ ਜਾਤ ਦਾ ਕੰਗਾਲ ਤੇ ਗ਼ਰੀਬ ਰਵਿਦਾਸ ਇੱਕ ਪ੍ਰਮਾਤਮਾ ਦੇ ਸਿਮਰਨ ਦਾ ਹੋਕਾ ਦੇਵੇ, ਇਹ ਇੱਕ ਅਜੀਬ ਜਿਹੀ ਖੇਡ ਬਨਾਰਸ ਵਿੱਚ ਹੋ ਰਹੀ ਸੀ। ਭਗਤ ਜੀ ਕਹਿੰਦੇ ਹਨ ਕਿ ਮੈਂ ਲੋਕਾਂ ਵਾਂਗ ਦਿਨ-ਰਾਤ ਸਰੀਰ ਦੇ ਆਹਰ ਵਿੱਚ ਹੀ ਨਹੀਂ ਰਹਿੰਦਾ, ਮੈਂ ਪ੍ਰਭੂ ਦਾ ਨਾਮ ਸਿਮਰਨਾ ਆਪਣਾ ਮੁੱਖ ਧਰਮ ਬਣਾਇਆ ਹੈ। ਤਾਂਹੀ ਮੈਨੂੰ ਮੌਤ ਦਾ, ਸਰੀਰ ਦੇ ਨਾਸ਼ ਹੋਣ ਦਾ, ਡਰ ਨਹੀਂ ਰਿਹਾ। (ਭਗਤ ਬਾਣੀ ਸਟੀਕ ਹਿੱਸਾ ਦੂਜਾ, ਪੰਨੇ 38-39)

ਭਗਤ ਰਵਿਦਾਸ ਜੀ ਆਪਣੀ ਆਤਮਿਕ ਅਵਸਥਾ ਦਾ ਜ਼ਿਕਰ ਗਉੜੀ ਰਾਗ ਵਿੱਚ ਉਚਾਰਣ ਕੀਤੇ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਬਾਖ਼ੂਬੀ ਕਰਦੇ ਹਨ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਕ 345 'ਤੇ ਦਰਜ ਹੈ। ਇਸ ਸ਼ਬਦ ਵਿੱਚ ਭਗਤ ਜੀ ਨੇ ਆਪਣੀ ਆਤਮਿਕ ਅਵਸਥਾ ਦੇ ਜ਼ਿਕਰ ਦੇ ਨਾਲ਼-ਨਾਲ਼ ਹੋਰਾਂ ਨੂੰ ਵੀ ਇਸ ਅਵਸਥਾ ਨੂੰ ਮਾਨਣ ਅਤੇ ਬੇਗ਼ਮਪੁਰਾ ਦੇ ਵਾਸੀ ਬਣਨ ਦਾ ਉਪਦੇਸ਼ ਦਿੱਤਾ ਹੈ। ਭਗਤ ਜੀ ਦੀ ਇਹ ਆਤਮਕ ਅਵਸਥਾ 'ਜੀਵਨ ਮੁਕਤਿ' ਆਤਮਿਕ ਅਵਸਥਾ ਹੈ। ਭਗਤ ਜੀ ਇਸ ਜੀਵਨ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਸਵਰਗ-ਨਰਕ ਦੀ ਵਿਚਾਰਧਾਰਾ ਨੂੰ ਛੱਡ ਕੇ ਜੀਊਂਦੇ-ਜੀਅ ਆਤਮਕ ਆਨੰਦ ਪ੍ਰਦਾਨ ਕਰਨ ਵਾਲੀ ਵਿਚਾਰਧਾਰਾ ਦੇ ਅਨੁਸਾਰੀ ਸਨ ਅਤੇ ਉਨ੍ਹਾਂ ਨੇ ਇਸ ਆਤਮਕ ਅਵਸਥਾ ਦੇ ਅਨੰਦ ਨੂੰ ਬਾਖ਼ੂਬੀ ਮਾਣਿਆ। ਸਮਾਜ ਵਿੱਚ ਰਹਿੰਦਿਆਂ ਭਾਵੇਂ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਗ਼ਰੀਬੀ ਵਿੱਚ ਗੁਜ਼ਾਰਿਆ ਪਰ ਆਤਮਕ ਤੌਰ 'ਤੇ ਉਨ੍ਹਾਂ ਵਰਗਾ ਅਮੀਰ ਕੋਈ ਨਹੀਂ ਸੀ। ਸਮਾਜ ਭਾਵੇਂ ਉਨ੍ਹਾਂ ਨੂੰ ਅਖੌਤੀ ਨੀਵੀਂ ਜਾਤ ਦਾ ਮੰਨਦਾ ਸੀ ਪਰ ਉਨ੍ਹਾਂ ਨੇ ਤਾਂ ਨਾਮ ਜਪ ਕੇ ਆਪਣਾ ਜੀਵਨ ਸਫ਼ਲ ਬਣਾ ਲਿਆ ਸੀ। ਇਸ ਅਵਸਥਾ ਵਿੱਚ ਉਨ੍ਹਾਂ ਨੂੰ ਨੀਵੀਂ ਜਾਤ, ਉੱਚੀ ਜਾਤ ਦਾ ਕੋਈ ਡਰ ਜਾਂ ਅਭਿਮਾਨ ਨਹੀਂ ਪੋਹ ਸਕਦਾ ਸੀ। ਉਹ ਗ਼ਮ ਤੋਂ ਰਹਿਤ ਸ਼ਹਿਰ ਭਾਵ ਆਤਮਿਕ ਅਵਸਥਾ ਦੇ ਵਾਸੀ ਬਣ ਗਏ ਸਨ। ਜਿੱਥੇ ਨਾ ਕੋਈ ਦੁੱਖ, ਨਾ ਕੋਈ ਚਿੰਤਾ, ਨਾ ਕਿਸੇ ਤਰਾਂ ਦੀ ਕੋਈ ਘਬਰਾਹਟ ਮੌਜੂਦ ਸੀ। ਜਦੋਂ ਕਿ ਸਮਾਜਕ ਪੱਧਰ ਤੇ ਦੁੱਖ, ਚਿੰਤਾ, ਘਬਰਾਹਟ ਮਨੁੱਖ ਦਾ ਪਿੱਛਾ ਨਹੀਂ ਛੱਡਦੇ। ਪਰ ਭਗਤ ਜੀ ਨਿਰਲੇਪ ਸਨ। ਬੇਗ਼ਮਪੁਰਾ ਵਿੱਚ ਵਸਦਿਆਂ ਨਾ ਕਿਸੇ ਦੁਨਿਆਵੀ ਜਾਇਦਾਦ ਦੀ ਲੋੜ ਹੁੰਦੀ ਹੈ ਅਤੇ ਜੋ ਜਾਇਦਾਦ (ਰੱਬੀ ਨਾਮ ਦਾ ਖ਼ਜ਼ਾਨਾ) ਹੁੰਦੀ ਹੈ ਉਸ ਨੂੰ ਕੋਈ ਟੈਕਸ ਲਗਣ ਦਾ ਡਰ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਪਾਪ ਕਰਮ ਦਾ ਡਰ ਹੁੰਦਾ ਹੈ। ਕਿਉਂਕਿ ਇਹ ਅਵਸਥਾ ਪਾਪ ਕਰਮਾਂ ਨੂੰ ਮੇਟ ਕੇ ਹੀ ਪ੍ਰਾਪਤ ਹੁੰਦੀ ਹੈ ਤੇ ਇਸ ਦੀ ਪ੍ਰਾਪਤੀ ਦਾ ਸਾਧਨ ਅਤੇ ਪਾਪ ਕਰਮਾਂ ਨੂੰ ਮੇਟਣ ਦਾ ਸਭ ਤੋਂ ਵੱਡਾ ਸਰੋਤ ਅਕਾਲ ਪੁਰਖ ਦਾ ਨਾਮ ਹੀ ਹੁੰਦਾ ਹੈ। ਇਹੀ ਨਾਮ ਭਗਤ ਜੀ ਨੇ ਜਾਪਿਆ ਅਤੇ ਆਪਣੇ ਆਪ ਨੂੰ ਬੇਗ਼ਮਪੁਰਾ ਦਾ ਵਾਸੀ ਬਣਾ ਲਿਆ। ਭਗਤ ਜੀ ਕਹਿੰਦੇ ਹਨ ਕਿ ਬੇਗ਼ਮਪੁਰਾ ਸ਼ਹਿਰ (ਆਤਮਕ ਅਵਸਥਾ) ਦਾ ਪਾਤਸ਼ਾਹ ਆਪ ਅਕਾਲ ਪੁਰਖ ਹੈ ਜੋ ਸਦੀਵੀ ਰਹਿਣ ਵਾਲਾ ਹੈ ਤੇ ਉਸ ਦੀਆਂ ਨਜ਼ਰਾਂ ਵਿੱਚ ਸਭ ਬਰਾਬਰ ਹਨ। ਕੋਈ ਉੱਚਾ-ਨੀਵਾਂ ਨਹੀਂ। ਉੱਥੇ ਦਰਜਾਬੰਦੀ ਨਹੀਂ ਹੁੰਦੀ। ਉੱਥੋਂ ਦੇ ਵਸਨੀਕ ਵੱਡੇ ਧਨਾਢ ਤੇ ਰੱਜੇ ਹੋਏ (ਪ੍ਰਭੂ ਨਾਮ ਨਾਲ਼) ਬੰਦੇ ਹਨ ਜੋ ਦੁਨਿਆਵੀ ਪਦਾਰਥਾਂ ਦੀ ਭੁੱਖ ਤੋਂ ਉੱਚੇ ਉੱਠ ਕੇ ਮੇਰ-ਤੇਰ ਤੋਂ ਨਿਰਲੇਪ ਹੋ ਕੇ ਵਿਚਰਦੇ ਹਨ। ਉਸ ਸ਼ਹਿਰ ਵਿੱਚ ਕਿਸੇ ਨੂੰ ਕੋਈ ਘਾਟਾ ਨਹੀਂ ਪੈਂਦਾ ਅਰਥਾਤ ਪ੍ਰਭੂ ਨਾਮ ਜਪਣ ਨਾਲ ਕੋਈ ਘਾਟ ਨਹੀਂ ਰਹਿੰਦੀ। ਉਹ ਪ੍ਰਭੂ ਦੇ ਮਹਿਲ ਦੇ ਭੇਤੀ ਹੁੰਦੇ ਹਨ ਤੇ ਉਨ੍ਹਾਂ ਨੂੰ ਪ੍ਰਭੂ ਦੇ ਮਹਿਲ ਵਿੱਚ ਆਉਣ ਜਾਣ ਤੋਂ ਕੋਈ ਰੋਕ ਨਹੀਂ ਸਕਦਾ। ਭਗਤ ਜੀ ਦੁਨਿਆਵੀ ਰਾਜ ਨਾਲ਼ ਤੁਲਨਾ ਕੇ ਬੇਗ਼ਮਪੁਰਾ ਸ਼ਹਿਰ ਦੇ ਆਨੰਦ ਦਾ ਜ਼ਿਕਰ ਕਰ ਰਹੇ ਹਨ। ਭਗਤ ਜੀ ਫ਼ਰਮਾਉਂਦੇ ਹਨ ਕਿ ਜਿਹੜਾ ਉਸ ਸ਼ਹਿਰ ਦਾ ਵਾਸੀ ਬਣ ਗਿਆ ਹੈ ਉਹ ਹੀ ਸਾਡਾ ਨਜ਼ਦੀਕੀ ਹੈ; ਉਹ ਹੀ ਸਾਡਾ ਮਿੱਤਰ ਹੈ। ਭਗਤ ਜੀ ਆਤਮਕ ਅਨੰਦ ਦੀ ਅਵਸਥਾ ਵਿੱਚ ਵਿਚਰਨ ਵਾਲਿਆਂ ਨੂੰ ਹੀ ਅਸਲ ਬੇਗ਼ਮਪੁਰਾ ਸ਼ਹਿਰ ਦੇ ਵਾਸੀ ਅਤੇ ਆਪਣੇ ਮਿੱਤਰ, ਸਤਸੰਗੀ ਸਵੀਕਾਰ ਕਰਦੇ ਹਨ :

**ਬੇਗਮਪੁਰਾ ਸਹਰ ਕੋ ਨਾਉ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ॥**
**ਨਾ ਤਸਵੀਸ ਖਿਰਾਜੁ ਨ ਮਾਲੁ॥**
**ਖਉਫੁ ਨ ਖਤਾ ਨ ਤਰਸੁ ਜਵਾਲੁ॥1॥**
**ਅਬ ਮੋਹਿ ਖੂਬ ਵਤਨ ਗਹ ਪਾਈ॥**
**ਊਹਾਂ ਖੈਰਿ ਸਦਾ ਮੇਰੇ ਭਾਈ॥ ਰਹਾਉ॥**
**ਕਾਇਮੁ ਦਾਇਮੁ ਸਦਾ ਪਾਤਿਸਾਹੀ॥**
**ਦੋਮ ਨ ਸੇਮ ਏਕ ਸੋ ਆਹੀ॥**
**ਆਬਾਦਾਨੁ ਸਦਾ ਮਸਹੂਰ॥**
**ਊਹਾਂ ਗਨੀ ਬਸਹਿ ਮਾਮੂਰ॥2॥**
**ਤਿਉ ਤਿਉ ਸੈਲ ਕਰਹਿ ਜਿਉ ਭਾਵੈ॥**
**ਮਹਰਮ ਮਹਲ ਨਾ ਕੋ ਅਟਕਾਵੈ॥**
**ਕਹਿ ਰਵਿਦਾਸ ਖਲਾਸ ਚਮਾਰਾ॥**
**ਜੋ ਹਮ ਸਹਰੀ ਸੋ ਮੀਤੁ ਹਮਾਰਾ॥3॥**

ਜਦੋਂ ਕਿ ਜਿਸ ਸਮਾਜ ਵਿੱਚ ਅਸੀਂ ਰਹਿ ਰਹੇ ਹੁੰਦੇ ਹਾਂ ਉੱਥੇ ਗ਼ਮ, ਦੁੱਖ, ਚਿੰਤਾ, ਘਬਰਾਹਟ, ਜਾਇਦਾਦ ਨੂੰ ਟੈਕਸ ਦਾ ਡਰ, ਪਾਪ ਕਰਮਾਂ ਦੇ ਵਾਪਰਨ ਦਾ ਖ਼ਦਸ਼ਾ, ਗਿਰਾਵਟ, ਰਾਜ ਸੱਤਾ ਦਾ ਬਦਲਣਾ, ਸਮਾਜਿਕ ਦਰਜਾਬੰਦੀ, ਗ਼ਰੀਬ-ਅਮੀਰ ਦਾ ਪਾੜਾ, ਵਿਤਕਰਾ, ਦੁਨਿਆਵੀ ਪਦਾਰਥਾਂ ਦੀ ਭੁੱਖ, ਰਾਜਨੀਤਕ ਹਸਤੀਆਂ ਦਾ ਮੇਲ ਮਿਲਾਪ ਆਦਿ ਦਾ ਡਰ ਬਣਿਆ ਰਹਿੰਦਾ ਹੈ ਪਰ ਆਤਮਿਕ ਅਵਸਥਾ ਵਿੱਚ ਜਿੱਥੇ ਭਗਤ ਜੀ ਬੇਗ਼ਮਪੁਰਾ ਵਿੱਚ ਵਿਚਰ ਰਹੇ ਹਨ ਉੱਥੇ ਕੇਵਲ ਅਨੰਦ ਹੀ ਅਨੰਦ ਹੈ। ਡਰ ਹੈ ਹੀ ਨਹੀਂ।

## ਸਾਲਾਨਾ ਜੋੜ ਮੇਲੇ 'ਤੇ ਵਿਸ਼ੇਸ਼

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਇਤਿਹਾਸਕ ਸਥਾਨ ਗੁਰਦੁਆਰਾ ਕਰੀਰ ਸਾਹਿਬ

ਤਸਵਿੰਦਰ ਸਿੰਘ ਵੜੈਚ
ਮੋਬਾ : 7527931887

ਇਤਿਹਾਸਕ ਤੇ ਪਵਿੱਤਰ ਨਗਰ ਪਿੰਡ ਲਿੱਤਰ ਆਪਣੇ ਅੰਦਰ ਵਡਮੁੱਲਾ, ਗੌਰਵਮਈ ਅਤੇ ਮਹਾਨ ਇਤਿਹਾਸ ਸਮੋਈ ਬੈਠਾ ਹੈ। ਇਸ ਨਗਰ ਵਿੱਚ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਤਿਹਾਸਕ ਗੁਰਦੁਆਰਾ ਕਰੀਰ ਸਾਹਿਬ ਹੈ। ਇਤਿਹਾਸ ਮੁਤਾਬਿਕ ਇਸ ਪਵਿੱਤਰ ਅਸਥਾਨ 'ਤੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਿਕਰਮੀ 1689 ਫੱਗਣ ਮਹੀਨੇ ਨਥਾਣਾ ਮਹਿਰਾਜ ਦੀ ਜੰਗ ਨੂੰ ਜਿੱਤਣ ਮਗਰੋਂ ਭਾਈ ਕੀ ਡਰੋਲੀ ਤੋਂ ਚੱਲ ਕੇ ਦੀਨਾ ਕਾਂਗੜ, ਤਖ਼ਤੂਪੁਰਾ, ਹਠੂਰ, ਜੱਟਪੁਰਾ ਹੁੰਦੇ ਹੋਏ ਤਿੰਨ ਹਜ਼ਾਰ ਘੋੜ ਸਵਾਰ ਯੋਧਿਆਂ ਸਮੇਤ ਇਸ ਧਰਤੀ 'ਤੇ ਚਰਨ ਪਾਏ। ਛੇਵੇਂ ਪਾਤਸ਼ਾਹ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇੱਥੇ 25 ਦਿਨ ਨਿਵਾਸ ਕੀਤਾ ਅਤੇ ਸੰਗਤਾਂ ਨੂੰ ਨਾਮ ਬਾਣੀ ਦਾ ਉਪਦੇਸ਼ ਦੇ ਕੇ ਤਾਰਿਆ। ਉਨ੍ਹਾਂ ਨੇ ਸੰਗਤਾਂ ਨੂੰ ਨਾਮ ਜਪੋ, ਵੰਡ ਛਕੋ ਅਤੇ ਦਸਾਂ ਨਹੁੰਆਂ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਜਿਸ ਅਸਥਾਨ 'ਤੇ ਸਤਿਗੁਰੂ ਜੀ ਨੇ ਨਿਵਾਸ ਕੀਤਾ, ਉਸ ਅਸਥਾਨ 'ਤੇ ਅੱਜ ਗੁਰਦੁਆਰਾ ਸ੍ਰੀ ਕਰੀਰ ਸਾਹਿਬ ਦੀ ਗੁੰਮਦਾ



ਸਹਿਤ ਗੁਰੂਘਰ ਦੀ ਬਹੁਤ ਹੀ ਸ਼ਾਨਦਾਰ, ਆਲੀਸ਼ਾਨ ਇਮਾਰਤ ਸੁਸ਼ੋਭਿਤ ਹੈ, ਜਿਸ ਦੇ ਖੁੱਲ੍ਹੇ ਦਰਬਾਰ ਹਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹਨ। ਗੁਰਦੁਆਰਾ ਸਾਹਿਬ ਦੇ ਨਜ਼ਦੀਕ ਆਕਾਸ਼ ਨੂੰ ਛੂੰਹਦਾ ਕੇਸਰੀ ਨਿਸ਼ਾਨ ਸਾਹਿਬ ਝੂਲ ਰਿਹਾ ਹੈ। ਗੁਰਦੁਆਰਾ ਸ੍ਰੀ ਕਰੀਰ ਸਾਹਿਬ ਰਾਏਕੋਟ ਤੋਂ ਸਰਾਭਾ (ਲੁਧਿਆਣਾ) ਜਾਣ ਵਾਲੀ ਸੜਕ 'ਤੇ 5 ਕਿਲੋਮੀਟਰ ਦੀ ਦੂਰੀ 'ਤੇ, ਲੁਧਿਆਣਾ ਤੋਂ ਤਕਰੀਬਨ 28 ਕਿਲੋਮੀਟਰ ਦੀ ਦੂਰੀ 'ਤੇ ਅਤੇ ਜਗਰਾਉਂ ਤੋਂ 27 ਕਿਲੋਮੀਟਰ ਦੀ ਦੂਰੀ 'ਤੇ ਪਿੰਡ ਲਿੱਤਰ ਵਿਖੇ ਸਥਿਤ ਹੈ। ਇਸ ਅਸਥਾਨ 'ਤੇ ਹਰ ਮਹੀਨੇ ਮੱਸਿਆ, ਗੁਰਪੁਰਬ ਦਾ ਦਿਹਾੜਾ ਬੜੇ ਉਤਸ਼ਾਹ ਨਾਲ਼ ਮਨਾਇਆ ਜਾਂਦਾ ਹੈ। ਹਰ ਸਾਲ ਸ਼ਿਵਰਾਤਰੀ ਨੂੰ ਸਾਲਾਨਾ ਜੋੜ ਮੇਲਾ ਵੀ ਹੁੰਦਾ ਹੈ। ਧਾਰਮਿਕ ਦੀਵਾਨ ਸਜਦੇ ਹਨ, ਸੰਗਤਾਂ ਆਪੋ-ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਲਈ ਇੱਥੇ ਵੱਡੀ ਤਦਾਦ ਵਿੱਚ ਨਤਮਸਤਕ ਹੁੰਦੀਆ ਹਨ। ਰਾਗੀ, ਢਾਡੀ ਅਤੇ ਕਥਾਵਾਚਕ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਾਉਂਦੇ ਹਨ।



# ‘ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ’

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

ਭਾਗ-28

**ਸੰਪਾਦਤ: ਸਰਬਜੀਤ ਕੌਰ ਸਰਬ**

ਇਨਾਂ ਸ਼ਬਦਾਂ ਦੇ ਜੋ ਅਰਥ ਜਗਤ ਜਿਵੇਂ ਪੜਦਾ ਹੈ ਉਹ ਇਸ ਦੇ ਅਰਥ ਨਹੀਂ ਹਨ। ਅੱਜ ਤੱਕ ਜਿਨਾਂ ਅਰਥਾਂ ਵਿੱਚ ਇਸ ਨੂੰ ਪੜਿਆ ਜਾ ਰਿਹਾ ਹੈ ਉਹ ਅਰਥ ਸਹੀ ਨਹੀਂ ਹਨ। ਮਨੁੱਖ ਇਸ ਦੇ ਅਰਥ ਕਰਦਾ ਹੈ ਅਣਹੋਨੀ ਹੋਈ, ਘਟਨਾ ਘਟੀ ਤਾਂ ਚਿੰਤਾ ਪ੍ਰਗਟ ਕੀਤੀ ਭਾਵ ਮੌਤ ਹੋ ਗਈ ਅਣਹੋਣੀ ਹੋ ਗਈ ਹੈ, ਕੋਈ ਜਵਾਨ ਜਦ ਬੁੱਢਾ ਹੋ ਜਾਂਦਾ ਹੈ ਤਦ ਇਹ ਅਣਹੋਣੀ ਹੋ ਗਈ ਹੈ। ਬਿਮਾਰੀ ਜਦ ਚਰਨ ਸੀਮਾ ਉੱਤੇ ਪਹੁੰਚ ਜਾਂਦੀ ਹੈ ਤਾਂ ਕਹਿ ਦਿੰਦਾ ਹੈ ਕਿ ਮੇਰੇ ਨਾਲ ਅਣਹੋਣੀ ਹੋ ਗਈ ਹੈ। ਘਾਟਾ ਪੈ ਗਿਆ ਹੈ,ਦੀਵਾਲੀਆ ਹੋ ਗਿਆ ਹਾਂ ਕਹਿ ਦਿੰਦੇ ਹਾਂ, ਇਸ ਸਮੇਂ ਵੀ ਕਹਿ ਦਿੰਦੇ ਹਨ ਕਿ ਮੇਰੇ ਨਾਲ ਅਣਹੋਣੀ ਹੋ ਗਈ ਹੈ। ਗੁਰਬਾਣੀ ਦਾ ਫੁਰਮਾਨ ਹੈ, ਚਿੰਤਾ ਉਸ ਦੀ ਕਰ ਜੋ ਅਣਹੋਣੀ ਹੁੰਦੀ ਹੈ :

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥**
**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥51॥**
**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥52॥**
**ਪੰਨਾ 1429**

ਮਨੁੱਖੀ ਮਨ ਦੀ ਸੋਚ, ਮੇਰੇ ਨਾਲ ਐਸਾ ਨਹੀਂ ਹੋਣਾ ਚਾਹੀਦਾ। ਇਹ ਮਨੁੱਖ ਦੀ ਚਾਹਤ ਹੈ ਕਿ ਮੇਰੇ ਨਾਲ ਐਸਾ ਨਹੀਂ ਹੋਣਾ ਚਾਹੀਦਾ ਗੁਆਂਢੀ ਨਾਲ ਭਾਵੇਂ ਹੋ ਜਾਵੇ ਮੇਰੇ ਨਾਲ ਐਸਾ ਨਹੀਂ ਹੋਣਾ ਚਾਹੀਦਾ, ਪਰ ਅੰਦਰ ਚਿੰਤਾਵਾਂ ਬਣੀਆਂ ਹੋਈਆਂ ਹਨ ਕਿ ਮੇਰੇ ਨਾਲ ਕਿਧਰੇ ਹੋ ਨਾ ਜਾਵੇ, ਮੇਰੇ ਨਾਲ ਐਸਾ ਹੋਣਾ ਚਾਹੀਦਾ ਹੈ ਜੋ ਮੈਂ ਚਾਹੁੰਦਾ ਹਾਂ, ਮੇਰੀ ਇੱਛਾ ਹੈ, ਮੇਰੀ ਕਲਮ ਹੈ, ਮੇਰੀ ਚਾਹਤ ਹੈ, ਮੇਰੀ ਖਾਹਸ਼ ਹੈ, ਐਸਾ ਹੋਣਾ ਹੀ ਚਾਹੀਦਾ ਹੈ ਪਰ ਚਿੰਤਾ ਬਣੀ ਹੋਈ ਹੈ ਕਿ ਜੇ ਨਾ ਹੋਵੇ ਫੇਰ।



ਚਿੰਤਾ ਦੇ ਦੋ ਕਾਰਨ ਨੇ ਐਸਾ ਨਹੀਂ ਹੋਣਾ ਚਾਹੀਦਾ ਹੈ, ਮੈਂ ਚਾਹੁੰਦਾ ਹਾਂ ਐਸਾ ਹੋਣਾ ਹੀ ਚਾਹੀਦਾ ਹੈ। ਪਹਿਲੇ ਇਸ ਗੱਲ ਦੀ ਚਿੰਤਾ ਕਿ ਕਿਧਰੇ ਹੋ ਹੀ ਨਾ ਜਾਵੇ ਜੋ ਮੈਂ ਨਹੀਂ ਚਾਹੁੰਦਾ ਅਤੇ ਜੋ ਮੈਂ ਚਾਹੁੰਦਾ ਹਾਂ ਐਸਾ ਨਾ ਹੋਵੇ ਕਿ ਕਿਧਰੇ ਨਾ ਹੋਵੇ, ਕਹਿਣ ਤੋਂ ਭਾਵ ਜੋ ਮਨੁੱਖ ਦੇ ਅੰਦਰ ਦੀ ਚਾਹਤ ਹੈ ਜੇ ਕਿਧਰੇ ਉਹ ਪੂਰੀ ਨਾ ਹੋਵੇ ਤਾਂ ਵੀ ਉਸ ਦੀ ਚਿੰਤਾ ਬਣੀ ਰਹਿੰਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਫਰਮਾਉਂਦੇ ਹਨ : ਹੇ ਭਾਈ ਤੂੰ ਚਿੰਤਾ ਨੂੰ ਇੱਕ ਪਾਸੇ ਰੱਖ ਜੋ ਹੁੰਦਾ ਹੈ ਉਹ ਹੁੰਦਾ ਹੈ ਜੋ ਨਹੀਂ ਹੁੰਦਾ ਉਹ ਨਹੀਂ ਹੁੰਦਾ। ਚਿੰਤਾ ਨੂੰ ਪਰੇ ਸੁੱਟ ਜੋ ਹੁੰਦਾ ਹੈ, ਉਹ ਹੁੰਦਾ ਹੈ ਜਿਵੇਂ ਬੁਢਾਪਾ ਆਉਣਾ ਇਹ ਅਟਲ ਹੈ ਅਗਰ ਇਕ ਬੁੱਢਾ ਆਖੇ ਕਿ ਮੈਂ ਇੱਕ ਮਾਸੂਮ ਬੱਚੀ-ਬੱਚੇ ਦੀ ਤਰਾਂ ਹੋ ਜਾਵਾਂ, ਉਹ ਨਹੀਂ ਹੁੰਦਾ ਅਤੇ ਇਕ ਨੌਜਵਾਨ ਆਖੇ ਕਿ ਮੈਂ ਕਦੇ ਬੁੱਢਾ ਨਾ ਹੋਵਾਂ, ਨਹੀਂ ਹੁੰਦਾ, ਇਕ ਬਜ਼ੁਰਗ ਆਖੇ ਕਿ ਮੈਂ ਕਦੇ ਨਾ ਮਰਾਂ, ਇੰਝ ਨਹੀਂ ਹੁੰਦਾ। ਜੋ ਹੁੰਦਾ ਹੈ, ਉਹ ਹੁੰਦਾ ਹੀ ਹੈ ਅਤੇ ਜੋ ਨਹੀਂ ਹੁੰਦਾ ਉਹ ਕਦੇ ਨਹੀਂ ਹੁੰਦਾ। ਇਹ ਹੀ ਅਕਾਲ ਪੁਰਖ ਦੀ ਅਜਿਹੀ ਸ਼ਕਤੀ ਹੈ ਜਿਸ ਦੇ ਅੱਗੇ ਸਾਇੰਸ ਵੀ ਨਹੀਂ ਚੱਲੀ। ਜਨਮ ਹੋ ਗਿਆ ਹੈ, ਹੋਣਾ ਸੀ, ਮਰਨ ਹੋ ਗਿਆ ਹੈ, ਨਫ਼ਾ ਹੋ ਗਿਆ ਹੈ, ਨੁਕਸਾਨ ਹੋ ਗਿਆ ਹੈ ਇਹ ਸੱਭ ਕਬੂਲ ਕਰਦਿਆਂ ਹੀ ਮਨੁੱਖ ਦਾ ਜਨਮ ਜੀਵਨ ਅਤੇ ਮਰਨ ਦੀ ਪੀੜਾ ਤੋਂ ਬਲਤੇਜ ਹੋ ਜਾਂਦਾ ਹੈ। ਪਰ ਇਹ ਸੱਭ ਕਿਵੇਂ ਹੋਵੇ, ਇਸ ਦੀ ਸਾਧਨਾ ਕੀਤੀ ਜਾਵੇ ਤੇ ਕਿਸ ਤਰਾਂ ਕੀਤੀ ਜਾਵੇ, ਕਿਉਂਕਿ ਗੱਲ ਇਤਨੀ ਚੱਲ ਰਹੀ ਹੈ। ਧੰਨ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਵ ਭਰ ਨੇ ਜਿਸ ਆਵਾਜ਼ ਨਾਲ ਪੁਕਾਰਿਆ ਸੀ ਉਹ ਸੀ, ‘ਬਾਬਾ ਵੈਦ ਰੋਗੀਆਂ ਦਾ ਬਾਬਾ ਵੈਦ ਰੋਗੀਆਂ ਦਾ’। ਰੋਗ ਜਨਮ ਹੈ, ਰੋਗ ਜੀਵਨ ਹੈ, ਰੋਗ ਮਰਨ ਹੈ, ਕਿਵੇਂ ਛੁਟਕਾਰਾ ਹੋਵੇ, ਗੁਰੂ ਨਾਨਕ ਕਿਸ ਢੰਗ ਨਾਲ ਇਲਾਜ ਕਰਦੇ ਸਨ, ਕਿਵੇਂ ਇਲਾਜ ਕਰਦੇ ਸਨ, ਪਹਿਲਾਂ ਇਹ ਦੇਖਣਾ ਪਏਗਾ ਕਿ ਮਨੁੱਖ ਜਿੱਥੇ ਵੀ ਬੈਠਾ ਹੈ, ਪਰਿਵਾਰ ਵਿੱਚ ਬੈਠਾ ਹੈ, ਬਾਜ਼ਾਰ ਵਿੱਚ ਬੈਠਾ ਹੈ, ਮੰਦਿਰ ਮਸਜਿਦ ਜਾਂ ਗੁਰਦੁਆਰੇ ਵਿਚ ਬੈਠਾ ਹੈ, ਕਾਰੋਬਾਰ ਵਿੱਚ ਬੈਠਾ ਹੈ, ਵਿਹਲਾ ਬੈਠਾ ਹੈ।

ਭੂਤਕਾਲ ਦੀਆਂ ਯਾਦਾਂ ਵਿਚ ਬੈਠਾ ਹੈ ਜਾਂ ਭਵਿੱਖ ਦੀਆਂ ਚਿੰਤਾਵਾਂ ਵਿੱਚ ਇਸ ਦਾ ਬੋਝ ਇਸ ਦੇ ਦਿਮਾਗ਼ ਉੱਤੇ ਪਏ ਹਨ। ਮਨੁੱਖ ਹਮੇਸ਼ਾ ਭਵਿੱਖ ਵਿੱਚ ਜਿਊਂਦਾ ਹੈ, ਮਨੁੱਖ ਹਮੇਸ਼ਾ ਭੂਤਕਾਲ ਦੇ ਵਿੱਚ ਜਿਊਂਦਾ ਹੈ, ਕਹਿੰਦੇ ਹਨ ਤਨ ਨੂੰ ਭੱਜਣ ਦੌੜਨ ਲਈ ਜਗਾ ਚਾਹੀਦੀ ਹੈ ਤੇ ਮਨ ਨੂੰ ਭੱਜਣ ਲਈ ਸਮਾਂ ਚਾਹੀਦਾ ਹੈ। ਮਨ ਦੀ ਦੌੜ ਭੱਜ ਸਮੇਂ ਵਿੱਚ ਹੁੰਦੀ ਹੈ, ਸਥਾਨ ਵਿਚ ਨਹੀਂ, ਅਸਥਾਨ ਵਿੱਚ ਦੌੜ ਭੱਜ ਹੁੰਦੀ ਹੈ, ਮਨ ਦੀ ਸਮੇਂ ਵਿਚ ਦੌੜ ਭੱਜ ਹੁੰਦੀ ਹੈ। ਮਨ ਦੀ ਅਗਰ ਜਗਾ ਹੀ ਨਹੀਂ ਤਾਂ ਤਨ ਇੱਕ ਜਗਾ ਬੈਠ ਜਾਂਦਾ ਹੈ। ਅਗਰ ਸਮਾਂ ਹੀ ਖੋ ਜਾਏ ਤਾਂ ਮਨ ਮਿਟ ਜਾਏ ਮਨ ਟਿਕਿਆ ਰਹੇਗਾ। ਸਾਰੀ ਦੁਨੀਆਂ ਦੀ ਇੱਕ ਗੱਲ ਤਾਂ ਪਕੜ ਵਿੱਚ ਆ ਗਈ ਹੈ ਕਿ ਨਾ ਸੁਖ ਬਣਦਾ ਹੈ, ਨਾ ਦੁੱਖ ਬਣਦਾ ਹੈ, ਜਦੋਂ ਮਨ ਟਿਕ ਜਾਏ ਇਕਾਗਰ ਹੋ ਜਾਏ, ਕਿਸੇ ਸੰਗੀਤਕਾਰ ਦੀ ਧੁਨ, ਵਿੱਚ ਕਿਸੇ ਨਰਤਕੀ ਦੀ ਕਲਾ ਵਿੱਚ, ਕਿਸੇ ਸਾਜ਼ ਦੇ ਵਾਦਨ ਵਿੱਚ, ਮਧੁਰ ਧੁਨੀ ਵਿੱਚ ਵਕਤੀ ਤੌਰ ’ਤੇ ਮਨ ਟਿਕ ਜਾਏ ਰਸ ਤਾਂ ਬਣ ਜਾਂਦਾ ਹੈ ਆਨੰਦ ਤਾਂ ਬਣ ਜਾਂਦਾ ਹੈ ਪਰ ਸਦੀਵੀ ਟਿਕਾਊ ਨਹੀਂ ਹੁੰਦਾ, ਕਿਉਂਕਿ ਮਨ ਭਟਕਦਾ ਹੈ। ਸਮੇਂ ਵਿੱਚ ਤੇ ਸਮਾਂ ਬਹੁਤ ਵੱਡਾ ਹੈ, ਭਾਵੇਂ ਸਮਾਂ ਬਹੁਤ ਵੱਡਾ ਹੈ ਪਰ ਭੂਤਕਾਲ ਦਾ ਪਤਾ ਨਹੀਂ। ਜਿੰਦਗੀ ਕਦੋਂ ਚਲੀ ਜਾਵੇ, ਲੰਬੀ ਯਾਤਰਾ ਹੈ, ਵੱਡਾ ਸਮਾਂ ਹੈ। ਅਸੀਂ ਅੱਜ ਦੇ ਨਹੀਂ ਹਾਂ, ਹਿਮਾਲਿਆ ਪਰਬਤ ਤੋਂ ਪਹਿਲਾਂ ਦੇ ਹਾਂ, ਸੂਰਜ ਚੰਨ ਤਾਰਿਆਂ ਤੋਂ ਵੀ ਪਹਿਲਾਂ ਦੇ ਹਾਂ। ਸੋ ਚਿੰਤਾ ਮਨੁੱਖ ਦੇ ਮਨ ਦੀ ਹੈ ਜੋ ਉਸ ਨੂੰ ਹਰ ਵੇਲੇ ਅਹਿਸਾਸ ਦਿਵਾਉਂਦੀ ਹੈ ਕਿ ਉਸ ਦਾ ਜੀਵਨ ਪਲ ਪਲ ਘਟਦਾ ਜਾ ਰਿਹਾ ਹੈ ਅਤੇ ਜੋ ਬਾਲ ਅਵਸਥਾ ਤੋਂ ਜਵਾਨੀ, ਜਵਾਨੀ ਤੋਂ ਬੁਢਾਪੇ ਵੱਲ ਵਧ ਰਿਹਾ ਹੈ ਅਤੇ ਬੁਢਾਪੇ ਵਿੱਚ ਜਾ ਕੇ ਉਸ ਨੂੰ ਇੱਕ ਨਾ ਇੱਕ ਦਿਨ ਖ਼ਤਮ ਹੋ ਜਾਣਾ ਹੈ। ਇਹ ਹੀ ਮਨੁੱਖੀ ਚਿੰਤਾ ਹੈ ਜਿਸ ਦੇ ਚੱਕਰ ਵਿਚ ਪੈ ਕੇ ਮਨੁੱਖ ਆਪਣਾ ਜੀਵਨ ਬਤੀਤ ਕਰ ਦਿੰਦਾ ਹੈ।

---

# ਸਿੱਖ ਵਿਚਾਰਧਾਰਾ, ਸਿੱਖ ਸੱਭਿਅਤਾ ਤੇ ਸਿੱਖੀ ਵਿਕਾਸ

**ਸਿੱਖ ਚੇਤਨਾ**

**ਕਰਨਲ ਗੁਰਦੇਵ ਸਿੰਘ**

ਸਿੰਧੂ ਸੱਭਿਅਤਾ ਤੇ ਇਸ ਵਿੱਚੋਂ ਪੰਜਾਬ, ਸੰਸਾਰ ਦਾ ਅੱਵਲ ਇਲਾਕਾ ਮੰਨਿਆ ਜਾਂਦਾ ਰਿਹਾ ਹੈ। 18ਵੀਂ ਸਦੀ ਤੱਕ ਇਸ ਇਲਾਕੇ ਵਿੱਚ ਹਰ ਕੋਈ ਆ ਕੇ ਰਾਜ ਕਰਨਾ ਚਾਹੁੰਦਾ ਸੀ। ਇਸ ਕਰਕੇ ਇਹ ਲੜਾਈਆਂ ਦਾ ਮੈਦਾਨ ਬਣਿਆ ਰਿਹਾ। ਇੱਕ ਕਹਾਵਤ ਵੀ ਹੈ ਕਿ ਪੰਜਾਬ ਉਹਦੇ ਥੱਲੇ ਰਹਿੰਦਾ ਹੈ ਜਿਸਦੇ ਘੋੜਿਆਂ ਦੇ ਖੁਰਾਂ ਅਤੇ ਆਪਣੇ ਬਾਜੂਆਂ ਵਿੱਚ ਦਮ ਹੁੰਦਾ ਹੈ। 10ਵੀਂ ਸਦੀ ਤੋਂ ਲੈ ਕੇ ਇਸ ਨੇ ਸੰਸਾਰ ਦੀ ਸਭ ਤੋਂ ਵੱਡੀ ਤੇ ਲੰਮੀ ਗ਼ੁਲਾਮੀ ਵੀ ਝੱਲੀ। ਅਸੀਂ ਹਮੇਸ਼ਾ ਲਈ ਗ਼ੁਲਾਮ ਰਹਿੰਦੇ ਜੇ ਗੁਰੂ ਨਾਨਕ ਦੇਵ ਜੀ ਇਸ ਗ਼ੁਲਾਮੀ (ਰਾਜਨੀਤਿਕ-ਸਮਾਜਿਕ-ਧਾਰਮਿਕ-ਆਰਥਿਕ) ਦੇ ਕਾਰਨਾਂ ਨੂੰ ਪਛਾਣ ਕੇ ਇਸ ਵਿੱਚੋਂ ਕੱਢਣ ਲਈ ਕੁਝ ਅਲੌਲਿਕ ਗੁਣ ਨਾ ਬਖ਼ਸ਼ਦੇ। ਗੁਰੂ ਸਾਹਿਬਾਨ ਨੇ ਵਰਣ-ਵੰਡ ਤੇ ਜਾਤ-ਪਾਤ ਦੀ ਜਗਾ ਇੱਕ ਸੰਗਤ ਤੇ ਪੰਗਤ। ਅੱਡੋ-ਅੱਡ ਭਗਵਾਨਾਂ ਦੀ ਜਗਾ ੧ਓ। ਕਰਮੀ ਤੇ ਕਰਮ-ਕਾਂਡ ਦੀ ਜਗਾ ਕਰਮ। ਹੱਠ ਤੇ ਚੰਚਲਤਾ ਦੀ ਜਗਾ ਸਹਿਜ ਬਿਰਤੀ ਤੇ ਸੰਤੋਖ। ਨ਼ਫ਼ਰਤ ਦੀ ਜਗਾ ਪ੍ਰੇਮ। ਖੋਹ-ਮੋਹ ਰਿਸ਼ਵਤਖੋਰੀ ਦੀ ਜਗਾ ਦਸਾਂ ਨਹੁੰਆਂ ਦੀ ਕਿਰਤ ਤੇ ਵੰਡ ਛਕਣਾ। ਆਪਣੇ ਭਲੇ ਦੀ ਜਗਾ ਸਰਬਤ ਦਾ ਭਲਾ। ਮੁਰਦਾਰ ਦੀ ਜਗਾ ਹੱਕ ਹਲਾਲ। ਬਾਹਰ ਦੀ ਝਾਤ ਦੀ ਬਜਾਏ ਆਪਣੇ ਅੰਦਰ ਝਾਤ। ਗ਼ੈਰ-ਜ਼ਿੰਮੇਵਾਰ ਤੋਂ ਜ਼ਿੰਮੇਵਾਰ ਬਣਨਾ। ਨਿਠਲੇਪਨ ਤੇ ਆਲਸ ਦੀ ਜਗਾ ਕਿਰਤ ਤੇ ਸੇਵਾ। ਨਿੱਜੀ ਮੁਕਤੀ ਦੀ ਜਗਾ ਸਮਾਜਿਕ ਮੁਕਤੀ। ਪਵਨ ਨੂੰ ਸਰੀਰ ਦਾ ਗੁਰੂ, ਸ਼ਬਦ ਨੂੰ ਰੂਹ ਦਾ ਗੁਰੂ, ਮੱਤ ਨੂੰ ਮਾਤਾ ਤੇ ਸੰਤੋਖ ਨੂੰ ਪਿਤਾ ਦਾ ਦਰਜਾ ਦਿੱਤਾ। ਬੇਤਗੇ-ਬੇਤਾਲੇ ਤੋਂ ਤਗ ਤੇ ਤਾਲ ਵਾਲੇ ਬਨਣ ਦੇ ਗੁਣ ਦਿੱਤੇ। ਜਿਨਾਂ ਇਹ ਗੁਣ ਅਪਣਾ ਲਏ ਤੇ ਆਪਣੀ ਕਮਜ਼ੋਰੀਆਂ ’ਤੇ ਕਾਬੂ ਪਾ ਗਏ, ਉਹ ਕਿਰਤੀ, ਨਿਰਭਉ, ਨਿਰਵੈਰ, ਪ੍ਰੇਮੀ, ਤੇ ਸਚਿਆਰੇ ਹੋ ਨਿਕਲੇ। ਗੁਰੂ ਜੀ ਨੇ ਉਨਾਂ ਦੀ ਮਤਿ, ਪਤ ਤੇ ਜਤਿ ਦੀ ਰਾਖੀ ਦੀ ਜ਼ਿੰਮੇਵਾਰੀ ਆਪਣੇ ਉੱਪਰ ਲੈ ਲਈ।



ਉਹ ਜ਼ਿੰਦਗੀ ਤੇ ਰਣ ਦੇ ਮੈਦਾਨਾਂ ਤੋਂ ਭੱਜਣ ਦੀ ਬਜਾਏ ਗੁਰੂ ਜੀ ਦੀ ਬਖ਼ਸ਼ੀ ਸੂਝ-ਸਮਝ ਨਾਲ਼ ਇਨਾਂ ਦਾ ਸਾਹਮਣਾ ਕਰਨ ਤੇ ਇਨਾਂ ਨਾਲ਼ ਜੂਝਣ ਲੱਗ ਪਏ। ਇਹ ਉਸ ਗ਼ੁਲਾਮੀ ਤੇ ਗ਼ੁਰਬਤ ਵਿੱਚੋਂ ਸਿਰਫ਼ ਆਪ ਹੀ ਨਹੀਂ ਨਿਕਲੇ ਬਲਕਿ ਪੂਰੇ ਭਾਰਤ ਤੇ ਅੱਜ ਦੇ ਪਾਕਿਸਤਾਨ ਨੂੰ ਇਸ ਵਿੱਚੋਂ ਕੱਢਣ ਦੇ ਵੱਡੇ ਰਾਹਗੀਰ ਬਣੇ। ਜੇ ਖ਼ਾਲਸਾ ਰਾਜ ਨਾ ਬਣਦਾ ਅੱਜ ਦਾ ਅੱਧੇ ਤੋਂ ਜ਼ਿਆਦਾ ਪਾਕਿਸਤਾਨ ਅਫ਼ਗ਼ਾਨਿਸਤਾਨ ਦਾ ਹਿੱਸਾ ਹੋਣਾ ਸੀ।

1839 ਤੋਂ ਬਾਅਦ ਰਾਜਨੀਤਿਕ ਗੁਟਬਾਜੀਆਂ (ਡੋਗਰੇ-ਸੰਧਾਵਾਲੀਏ-ਚੇਤ ਸਿੰਘ ਬਾਜਵਾ-ਜਵਾਹਰ ਸਿੰਘ-ਲਾਲ ਸਿੰਘ-ਤੇਜ ਸਿੰਘ) ਤੇ ਫ਼ੌਜ ਅਨੁਸ਼ਾਸਨਹੀਣ ਹੋਣ ਕਰਕੇ ਸਿੱਖ ਭਟਕ ਗਏ ਤੇ ਫਿਰ ਗ਼ੁਲਾਮ ਹੋ ਗਏ। 1925 ਤੋਂ ਬਾਅਦ ਅਸੀਂ ਸਿੱਖ ਨੇਸ਼ਨ ਦੀ ਧਾਰਮਿਕ ਅਜ਼ਾਦੀ ਦੀ ਜਿੱਤੀ ਹੋਈ ਲੜਾਈ ਨੂੰ ਰਾਜਨੀਤਿਕ ਮੋੜ ਦੇਣ ਦੀ ਬਜਾਏ ਉਸ ਨੂੰ ਪੂਰੇ ਭਾਰਤ ਦੀ ਰਾਜਨੀਤਿਕ ਅਜ਼ਾਦੀ ਦੀ ਲੜਾਈ ਵਿੱਚ ਮਿਲਾ ਕੇ ਆਪ ਰਾਜਨੀਤੀ ਤੋਂ ਪਿੱਛੇ ਹੋ ਗਏ। ਇਸ ਕਾਰਨ 70% ਸਿੱਖ ਉਜੜ-ਪੁਜੜ ਗਏ ਤੇ 65% ਪੰਜਾਬ, ਸੰਸਾਰ ਦਾ ਅੱਵਲ ਇਲਾਕਾ, ਗਵਾ ਬੈਠੇ।

ਅੱਜ ਧਾਰਮਿਕ ਜਗਤ ਵਿੱਚ ਇਹੀ ਕੁਝ ਬਣਦਾ-ਗ਼ੁਜ਼ਰਦਾ ਨਜ਼ਰ ਆ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰਬਾਣੀ ਧੁਰ ਨਾਲ਼ ਜੁੜੀਆਂ ਰੂਹਾਂ ਤੋਂ ਆਈ ਹੈ। ਉਹ ਬ੍ਰਹਿਮੰਡੀ ਸੱਚ ਹੈ। ਕੋਈ ਸ਼ੰਕਾ ਜਾਂ ਸਵਾਲ ਨਹੀਂ ਉੱਠ ਸਕਦਾ। ਉਹ ਹਰ ਸਿੱਖ ਨੂੰ ਪੜਨੀ ਤੇ ਸਮਝਣੀ ਚਾਹੀਦੀ ਹੈ ਤਾਂ ਕਿ ਉੱਤੇ ਲਿਖੇ ਗੁਣ ਕਰਨੀ ਵਿੱਚ ਆ ਜਾਣ ਤੇ ਸਿੱਖ ਸੰਸਾਰ ਦੇ ਅੱਵਲ ਨਾਗਰਿਕ ਬਣੇ ਰਹਿਣ। ਬਾਕੀ ਸਭ ਗ੍ਰੰਥ ਆਮ ਇਨਸਾਨੀ ਰੂਹਾਂ ਨੇ ਆਪਣੇ ਮਨ ਦੀ ਮਤਿ ਵਿੱਚ ਬਖ਼ਸ਼ੀ ਹੋਈ ਸੂਝ ਤੋਂ ਲਿਖੇ/ਵੈਦਾਂਤਿਕ ਗ੍ਰੰਥਾਂ ਤੋਂ ਉਲੱਥੇ ਤੇ ਇਕੱਠੇ ਕੀਤੇ ਹਨ। ਇਨਾਂ ਗ੍ਰੰਥਾਂ ਵਿੱਚ ਕੁਝ ਸੂਝ-ਸਮਝ ਹੋ ਸਕਦੀ ਹੈ ਪਰ ਤੱਤ-ਸੱਚ ਨਹੀਂ। ਉਨਾਂ ਗ੍ਰੰਥਾਂ ਵਿੱਚੋਂ ਕੁੱਝ ਕੁ ਲਿਖਤਾਂ ਸਾਡੇ ਵਿਦਵਾਨਾਂ/ ਪ੍ਰਚਾਰਕਾਂ ਲਈ ਗਾਈਡਲਾਈਨ ਹੋ ਸਕਦੀਆਂ ਹਨ ਪਰ ਅੱਟਲਤਾ ਨਹੀਂ।

**ਸਿੱਖ ਚਿੰਤਕਾਂ ਤੇ ਪ੍ਰਚਾਰਕਾਂ ਦੀਆਂ ਜ਼ਿੰਮੇਵਾਰੀਆਂ**

ਸਿੱਖ ਚਿੰਤਕ ਤੇ ਪ੍ਰਚਾਰਕ ਦ੍ਰਿੜ ਕਰਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਕਿਸੇ ਗ੍ਰੰਥ ਵਿੱਚ ਕੁਝ ਵੀ ਲਿਖਿਆ ਅੰਤਮ ਸੱਚ ਨਹੀਂ ਮੰਨਣਗੇ। ਉਸ ਨੂੰ ਗੁਰਮਤਿ ਸਟੇਜਾਂ ਤੋਂ ਨਾ ਪ੍ਰਚਾਰਨਗੇ।

ਜਦੋਂ ਤੱਕ ਪੰਥ ਇਕਜੁੱਟ ਹੋ ਕੇ ਇਨਾਂ 19ਵੀਂ ਸਦੀ ਵਿੱਚ ਲਿਖੇ/ਇਕੱਠੇ ਕੀਤੇ ਵੈਦਾਂਤਿਕ ਗ੍ਰੰਥਾਂ ਨੂੰ ਸੋਧ ਨਹੀਂ ਲੈਂਦਾ ਉਸ ਵਿੱਚ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਮਤਿ ਸਿਧਾਂਤਾਂ ਨਾਲ਼ ਢੁਕਵਾਂ ਹੈ ਉਹ ਸੰਗਤਾਂ ਨਾਲ਼ ਸਾਂਝਾ ਕਰਨ, ਬਾਕੀ ਉਨਾਂ ਵਿੱਚ ਹੀ ਦੱਬਿਆ ਰਹਿਣ ਦੇਣ। ਸਿੱਖ ਵਿਦਵਾਨ ਤੇ ਧਾਰਮਿਕ ਸੰਸਥਾਵਾਂ ਲੜਨ ਦੀ ਬਜਾਏ ਸਿੱਖ ਕੌਮ ਨੂੰ ਇਸ ਦੁਬਿਧਾ ਵਿੱਚੋਂ ਕੱਢਣ। ਇਹ ਬਹੁਤ ਮੁਸ਼ਕਿਲ ਨਹੀਂ ਹੈ। ਸਿੱਖ ਸੰਗਤਾਂ ਸੂਝ-ਬੂਝ ਨਾਲ਼ ਪ੍ਰਚਾਰਕਾਂ ’ਤੇ ਦਬਾਅ ਰੱਖਣ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ ਦੇ ਇਰਦ-ਗਿਰਦ ਹੀ ਪ੍ਰਚਾਰ ਕਰਨ ਨਾ ਕਿ ਵੈਦਾਂਤਿਕ ਸਿਧਾਂਤਾਂ ਤੇ ਮਿਥਿਹਾਸਕ ਗੱਪਾਂ ਦਾ। ਸੰਗਤਾਂ ਦੀ ਜਾਗਰੂਕਤਾ ਤੇ ਦਬਾਅ ਹੀ ਬਦਲਾਅ ਲਿਆਉਣਗੇ। ਸਿੱਖ ਖ਼ੁਦ ਖੁੱਲੇ ਪਾਠ, ਸੈਂਚੀਆਂ ਰਾਹੀਂ ਗੁਰਬਾਣੀ ਪੜਨ-ਸਮਝਨ-ਵਿਚਾਰਨ ਤੇ ਉੱਤੇ ਲਿਖੇ ਗੁਰਮਤਿ ਦੇ ਗੁਣਾਂ ਨੂੰ ਧਾਰਨ ਕਰਨ ਦੇ ਉਪਰਾਲੇ ਕਰਨ। ਇਹ ਗੁਣ ਕਰਨੀ ਵਿੱਚ ਆਉਣ ਨਾਲ਼ ਹੀ ਸਾਡੀ ਜਿੰਦਗੀ ਲੋਕ ਸੁਖੀਏ ਪਰਲੋਕ ਸੁਹੇਲੇ ਹੋ ਸਕਦੀ ਹੈ।

# ਅਮਲਾਂ ਦੀ ਪੈੜ...

## ਸ਼ਬਦਾਂ ਤੋਂ ਸੰਘਰਸ਼ ਤੀਕ ਹਰ ਕੰਮ ਵਿੱਚ ਚੜਦੀਕਲਾ ਦੀਆਂ ਲਿਸ਼ਕੋਰਾਂ ਸਨ

**ਮਲਕੀਤ ਸਿੰਘ ਭਵਾਨੀਗੜ**

ਜਿਸ ਤਰਾਂ ਤੁਰਦਾ ਬੰਦਾ ਆਪਣੇ ਪੈਰਾਂ ਦੇ ਨਿਸ਼ਾਨ ਧਰਤ ਤੇ ਵਾਹੁੰਦਾ ਜਾਂਦਾ ਹੈ ਠੀਕ ਉਸੇ ਤਰਾਂ ਉਸ ਦੇ ਅਮਲ ਵੀ ਆਪਣੀਆਂ ਪੈੜਾਂ ਵਾਹ ਰਹੇ ਹੁੰਦੇ ਹਨ, ਜਿੰਨਾਂ ਸਦਕਾ ਇਤਿਹਾਸ ਆਪਣੇ ਸ਼ੀਸ਼ੇ ਵਿੱਚ ਉਸ ਦਾ ਅਕਸ ਘੜਦਾ ਹੈ ਜਾਂ ਕਹਿ ਲਈਏ ਕਿ ਬਣ ਰਹੇ ਇਤਿਹਾਸ ਦੀ ਡੋਰ ਇਹਨਾਂ ਅਮਲਾਂ ਦੇ ਹੱਥ ਹੀ ਹੁੰਦੀ ਹੈ। ਅਸਲ ਵਿੱਚ ਬੰਦੇ ਦੀ ਪਹਿਚਾਣ ਉਸ ਦੇ ਆਪ ਤੋਂ ਹੁੰਦੀ ਹੈ, ਉਸਦਾ ਆਪਣਾ ਆਪ ਉਸ ਦੀ ਬੋਲ ਚਾਲ ਤੋਂ, ਕੰਮ ਕਾਰ ਤੋਂ, ਪਹਿਰਾਵੇ ਤੋਂ, ਯਕੀਨ ਤੋਂ ਅਤੇ ਉਸ ਦੇ ਖਾਣ-ਪੀਣ ਤੋਂ ਝਲਕਦਾ ਰਹਿੰਦਾ ਹੈ। ਜੇਕਰ ਅੰਦਰੋਂ ਬਾਹਰੋਂ ਇੱਕ ਚਿਹਰਾ ਨਹੀਂ ਤਾਂ ਡਾਢੀ ਮੁਸ਼ੱਕਤ ਬਾਅਦ ਵੀ ਇਹ ਪਰਦਾ ਹਲਕੀ ਜਿਹੀ ਹਵਾ ਨਾਲ਼ ਹੀ ਪਾਸੇ ਹੋ ਜਾਦਾਂ ਹੈ। ਬੰਦਾ ਚਾਹ ਕੇ ਵੀ ਇਹ ਪਰਦਾ ਬਹੁਤੀ ਦੇਰ ਤੱਕ ਨਹੀਂ ਰੱਖ ਸਕਦਾ, ਵਕਤੀ ਤੌਰ 'ਤੇ ਇਸ ਦਾ ਲਾਹਾ ਜ਼ਰੂਰ ਲੈ ਸਕਦਾ ਹੈ। ਮਨ ਤੋਂ ਹਾਰਿਆ ਮਨੁੱਖ ਇਸ ਪਰਦੇ ਨਾਲ਼ ਹੀ ਉਮਰਾਂ ਬਿਤਾਉਣ ਲੱਗ ਪੈਂਦਾ ਹੈ, ਇਹ ਵਰਤਾਰਾ ਉਹਦਾ ਆਪਣਾ ਆਪ ਖ਼ਤਮ ਕਰਨ ਲੱਗ ਜਾਂਦਾ ਹੈ ਤੇ ਉਹਨੂੰ ਉਹਦੇ ਤੋਂ ਕੋਹਾਂ ਦੂਰ ਲੈ ਜਾਂਦਾ ਹੈ ਜਿੱਥੇ ਜਾ ਕੇ ਉਹਦੀ ਆਪਣੇ ਆਪ ਨੂੰ ਪਰਿਭਾਸ਼ਤ ਕਰਨ ਦੀ ਪਹੁੰਚ ਵਿੱਚ ਵੱਡਾ ਪਾੜਾ ਪੈ ਜਾਂਦਾ ਹੈ। ਦਿਲਚਸਪ ਗੱਲ ਇਹ ਹੈ ਕਿ ਜਿਸ ਹਲਕੀ ਜਿਹੀ ਹਵਾ ਨੇ ਇਹ ਪਰਦਾ ਪਾਸੇ ਕਰਨਾ ਹੁੰਦਾ ਹੈ ਫਿਰ ਬੰਦੇ ਨੂੰ ਉਸਦਾ ਵੀ ਅਹਿਸਾਸ ਨਹੀਂ ਰਹਿੰਦਾ। ਕਿਉਂ ਜੋ ਉਹਦੇ ਅਮਲ ਜਿੰਨੀ ਦੂਰੀ ਤੈਅ ਕਰ ਜਾਂਦੇ ਹਨ ਉਹ ਵਧੇਰੀ ਹੁੰਦੀ ਹੈ ਇਸ ਭੁਲੇਖੇ ਅਤੇ ਬਿਨਾਂ ਅਹਿਸਾਸ ਦੇ ਜ਼ਿੰਦਗੀ ਬਤੀਤ ਕਰਨ ਦੇ। ਜਦੋਂ ਬੰਦੇ ਭੁਲੇਖੇ ਵਿੱਚ ਅਤੇ ਬਿਨਾਂ ਅਹਿਸਾਸ ਤੋਂ ਆਪਣੇ ਅਮਲ ਜਾਰੀ ਰੱਖਣ, ਤਾਂ ਉਹਨਾਂ ਦੇ ਰਸਤੇ ਅਤੇ ਅਕੀਦੇ ਬਦਲਣੇ ਬਹੁਤ ਸੌਖੇ ਹੁੰਦੇ ਹਨ। ਰਸਤਾ ਅਤੇ ਅਕੀਦਾ ਜਦੋਂ ਬਦਲ ਜਾਏ ਤਾਂ ਮੰਜ਼ਿਲ ਨੂੰ ਪਾਉਣ ਦਾ ਸਿਰਫ਼ ਭੁਲੇਖਾ ਹੀ ਰਹਿ ਜਾਂਦਾ ਹੈ, ਇਹੀ ਭੁਲੇਖਾ ਉਸ ਦੇ ਨਿਸ਼ਾਨਿਆਂ ਤੋਂ ਉਹਨੂੰ ਜਿੰਨੀ ਦੂਰ ਰੱਖਦਾ ਹੈ ਓਨਾ ਹੀ ਉਹਨੂੰ ਲੱਗਦਾ ਹੈ ਕਿ ਉਹ ਆਪਣੇ ਨਿਸ਼ਾਨੇ ਦੇ ਨੇੜੇ ਹੈ।

ਪਾਤਸ਼ਾਹ ਨੇ ਜੋ ਸਿਰਜਿਆ, ਜੋ ਜੀਵਿਆ, ਜੋ ਜੀਵਣ ਦਾ ਢੰਗ ਦਿੱਤਾ ਉਹ ਕੋਈ ਸਮੇਂ ਦੇ ਵਹਿਣ ਵਿੱਚ ਵਹਿ ਜਾਣ ਵਾਲਾ ਨਹੀਂ ਸੀ, ਉਹ ਸਦੀਵੀ ਹੈ। ਉਹ ਸਭ ਕੌਤਕ ਪਾਤਸ਼ਾਹ ਦੇ ਸਿੱਖਾਂ ਨੇ ਵੱਖ-ਵੱਖ ਸਮਿਆਂ ਤੇ ਦੁਹਰਾਏ ਅਤੇ ਦੁਹਰਾਉਂਦੇ ਰਹਿਣਗੇ। ਜਦੋਂ-ਜਦੋਂ ਸਿੱਖ ਗੁਰੂ ਨੂੰ ਮਹਿਸੂਸ ਕਰੇਗਾ, ਉਦੋਂ-ਉਦੋਂ ਇਤਿਹਾਸ ਸੁਨਿਹਰੀ ਹੁੰਦਾ ਜਾਵੇਗਾ, ਜਦੋਂ-ਜਦੋਂ ਇਹ ਦੂਰੀ ਵਧੇਗੀ ਉਦੋਂ-ਉਦੋਂ ਅਕੀਦਾ ਅਤੇ ਰਸਤਾ ਬਦਲਦਾ ਜਾਏਗਾ। ਸਾਡੇ ਪੁਰਖਿਆਂ ਦਾ ਅਕਾਲ ਪੁਰਖ ਨੂੰ ਆਪਣਾ ਜਰਨੈਲ ਕਹਿਣਾ ਕੋਈ ਦਿਮਾਗ਼ੀ ਤਲ ਤੋਂ ਆਇਆ ਉੱਤਰ ਨਹੀਂ ਸੀ ਹੁੰਦਾ, ਜਾ ਕੋਈ ਰਟੀ ਰਟਾਈ ਗੱਲ ਨਹੀਂ ਸੀ ਹੁੰਦੀ, ਇਹ



ਉਹਨਾਂ ਦੀਆਂ ਅਕਾਲ ਪੁਰਖ ਨੂੰ ਮਹਿਸੂਸ ਕਰਨ ਦੀਆਂ ਗਵਾਹੀਆਂ ਹਨ। ਉਹਨਾਂ ਦਾ ਅਕਾਲ ਪੁਰਖ ਨੂੰ ਆਪਣਾ ਜਰਨੈਲ ਕਹਿਣਾ ਅਤੇ ਹੁਣ ਦੇ ਸਮੇਂ ਸਾਡਾ ਅਕਾਲ ਪੁਰਖ ਨੂੰ ਮਹਿਸੂਸ ਕਰਨਾ ਇਹਦਾ ਅੰਤਰ ਆਪਾਂ ਸਾਰੇ ਆਪਣੇ ਅੰਦਰ ਝਾਤ ਮਾਰ ਕੇ ਸਹਿਜੇ ਵੇਖ ਸਕਦੇ ਹਾਂ।

ਇਹ ਅੰਤਰ ਸਾਡੇ ਅਮਲਾਂ ਵਿੱਚੋਂ ਹਰ ਰੋਜ਼ ਝਲਕਦਾ ਹੈ, ਕਿਸੇ ਨੂੰ ਅਹਿਸਾਸ ਹੈ ਤੇ ਕਿਸੇ ਨੂੰ ਨਹੀਂ। ਸਾਡੇ ਚੌਂਕੜੇ ਤੋਂ ਲੈ ਕੇ ਸਾਡੇ ਸੰਘਰਸ਼ ਕਰਨ ਦੇ ਤਰੀਕਿਆਂ ਅਤੇ ਮਨਸੂਬਿਆਂ ਵਿੱਚ ਜੋ ਪਾੜਾ ਆਇਆ ਹੈ ਇਹ ਕੋਈ ਛੋਟਾ ਨਹੀਂ, ਇਹੀ ਪਾੜੇ ਦੇ ਨਤੀਜੇ ਹਨ ਕਿ ਸਾਡੀ ਸ਼ਬਦਾਵਲੀ ਤੋਂ ਲੈ ਕੇ ਸਾਡੇ ਹੋਰ ਅਮਲਾਂ ਤੀਕ ਕਿਤੇ ਵੀ ਅਸੀਂ ਅਸੀਂ ਨਹੀ ਹਾਂ। ਪੰਗਤ, ਸੰਗਤ, ਅਤੇ ਸੰਘਰਸ਼ ਹਰ ਗੱਲ ਵਿੱਚ ਸੌਖ ਲੱਭਣਾ ਜਾ ਹਰ ਗੱਲ ਸੌਖੇ ਤਰੀਕੇ ਨਾਲ਼ ਕਰਨ ਨੂੰ ਪਹਿਲ ਦੇਣੀ, ਇਹ ਦਿਨ ਪਰ ਦਿਨ ਵਧ ਫ਼ੁੱਲ ਰਿਹਾ ਹੈ। ਸੌਖ ਅਤੇ ਧਰਮ ਦਾ ਦੂਰ-ਦੂਰ ਤੱਕ ਕੋਈ ਰਿਸ਼ਤਾ ਨਹੀਂ ਹੁੰਦਾ, ਇਹ ਗੱਲ ਨੂੰ ਬਹੁਤ ਹੀ ਗੰਭੀਰਤਾ ਨਾਲ਼ ਸਮਝ ਕੇ ਆਪਣੇ ਅਮਲਾਂ ਦੀ ਤੋਰ ਵੇਖਣੀ ਪਵੇਗੀ। ਪਾਤਸ਼ਾਹ ਤੋਂ ਬਣੀ ਦੂਰੀ ਦਾ ਅਹਿਸਾਸ ਹੋਏ ਬਿਨਾਂ, ਛੋਲਿਆਂ ਨੂੰ ਬਦਾਮ ਕਹਿਣ ਦੀ ਜਾਂਚ ਆਉਣੀ ਸੰਭਵ ਨਹੀਂ। ਉਹ ਵੀ ਸਾਡੇ ਕਿਰਦਾਰ ਹੀ ਸਨ ਜੋ ਪਾਤਸ਼ਾਹ ਦੇ ਇੱਕ ਬੋਲ ਉੱਤੇ ਹਾਥੀ ਤੱਕ ਨੂੰ ਕਾਬੂ ਕਰਨ ਲਈ ਤੁਰ ਪੈਂਦੇ ਸਨ, ਸ਼ਬਦਾਂ ਤੋਂ ਸੰਘਰਸ਼ ਤੀਕ ਹਰ ਕੰਮ ਵਿੱਚ ਚੜਦੀਕਲਾ ਦੀਆਂ ਲਿਸ਼ਕੋਰਾਂ ਸਨ। ਅਮੀਰ ਚੌਂਕੜਿਆਂ ਦੇ ਮਾਲਕ, ਬਿਨਾਂ ਸੀਸ ਆਪਣੀ ਪੱਤ ਲਈ ਜੂਝਣ ਵਾਲੇ, ਪਾਤਸ਼ਾਹ ਦੇ ਪਿਆਰ ਵਿੱਚ ਸਰਹਿੰਦ ਦੀਆਂ ਇੱਟਾਂ ਖੜਕਾਉਣ ਵਾਲੇ, ਅਕਾਲ ਦੇ ਤਖ਼ਤ ਲਈ ਮੁੱਠੀ ਭਰ ਬੰਦੇ ਕਿਵੇਂ ਆਪਣੇ ਕਿਰਦਾਰਾਂ ਦੀਆਂ ਲਿਸ਼ਕੋਰਾਂ ਪਾ ਗਏ ? ਇਹ ਗੱਲਾਂ ਦੀ ਮਹਿਕ ਸਾਨੂੰ ਸੌਖ ਵਾਲੇ ਅਮਲਾਂ 'ਚੋਂ ਨਹੀਂ ਮਿਲ ਸਕਦੀ ਅਤੇ ਮਹਿਕ ਮਿਲੇ ਬਿਨਾਂ ਇਤਿਹਾਸ ਨਹੀਂ ਦੁਹਰਾਏ ਜਾਣੇ। ਸਾਡੀ ਪੰਗਤ ਸਮੇਂ ਦੇ ਵਹਿਣ 'ਚ ਬੜੀ ਤੇਜ਼ੀ ਨਾਲ਼ ਵਹਿ ਰਹੀ ਹੈ, ਸਾਡੀ ਸੰਗਤ ਵੀ ਹੁਣ ਲਗਭਗ ਕਈ ਸੌਖਾਂ 'ਚੋਂ ਹੋ ਕੇ ਲੰਘ ਰਹੀ ਹੈ, ਸਾਡੇ ਸ਼ਬਦ ਜੰਗ ਦੇ ਮੈਦਾਨ ਵਿੱਚ ਤਕਰੀਬਨ ਹਾਰ ਚੁੱਕੇ ਸਿਪਾਹੀਆਂ ਦੇ ਚਿਹਰੇ ਵਾਂਗੂ ਹੋ ਗਏ ਹਨ, ਸਾਡਾ ਸੰਘਰਸ਼ ਬਿਨਾਂ ਤਿਆਗ ਦੇ ਜੰਗਾਂ ਵਿੱਚ ਹਾਜ਼ਰੀਆਂ ਲਵਾ ਰਿਹਾ ਹੈ। ਬਿਨਾਂ ਸ਼ੱਕ ਇਹ ਅਮਲਾਂ ਦਾ ਅਹਿਸਾਸ ਬੰਦੇ ਨੂੰ ਨਿਰਾਸ਼ਾ ਵੱਲ ਲੈ ਕੇ ਵੀ ਜਾ ਸਕਦਾ ਹੈ, ਪਰ ਉਹ ਸਾਡਾ ਰਾਹ ਨਹੀਂ, ਇਹ ਗੱਲ ਹਰ ਵਕਤ ਸਾਡੇ ਖੋਪੜ ਵਿੱਚ ਗੂੰਜਦੀ ਰਹਿਣੀ ਚਾਹੀਦੀ ਹੈ।

ਸਭ ਕੁਝ ਸਦਾ ਹੀ ਇੱਕੋ ਜਿਹਾ ਨਹੀਂ ਰਹਿੰਦਾ ਹੁੰਦਾ, ਇਹ ਅਟੱਲ ਸੱਚਾਈ ਹੈ। ਇਹ ਗੱਲ ਇੰਨ-ਬਿੰਨ ਸਾਡੇ ਤੇ ਵੀ ਲਾਗੂ ਹੁੰਦੀ ਹੈ, ਅਸੀਂ ਜੋ ਪਾਤਸ਼ਾਹ ਦੇ ਵਕਤ ਸਾਂ, ਉਹ ਹੁਣ ਨਹੀਂ, ਅਤੇ ਜੋ ਹੁਣ ਹਾਂ ਉਹ ਭਵਿੱਖ ਵਿੱਚ ਨਹੀਂ ਹੋਵਾਂਗੇ। ਪਰ ਭਵਿੱਖ ਵਿੱਚ ਹੋਰ ਹੇਠਾਂ ਨੂੰ ਜਾਵਾਂਗੇ ਜਾਂ ਕੇਸਰੀ ਨਿਸ਼ਾਨ ਵਾਂਗ ਸਾਡੇ ਕਿਰਦਾਰਾਂ ਦੇ ਝੰਡੇ ਅਸਮਾਨੀਂ ਲਹਿਰਾਉਣਗੇ, ਇਸ ਗੱਲ ਦਾ ਪੂਰਾ-ਪੂਰਾ ਅਹਿਸਾਸ ਕਰਨਾ ਸਿਰਫ਼ ਸਾਡਾ ਫ਼ਰਜ਼ ਹੈ। ਸਿਰਫ਼ ਅਹਿਸਾਸ ਹੀ ਨਹੀਂ ਸਗੋਂ ਚੌਂਕੜੇ ਤੋਂ ਜੰਗ ਦੇ ਮੈਦਾਨਾਂ ਤੀਕ ਹਰ ਰਾਹ ਤੇ ਚੜਦੀਕਲਾ ਦੇ ਨਿਸ਼ਾਨ ਛੱਡਣੇ ਪੈਣਗੇ, ਉਹ ਨਿਸ਼ਾਨ ਜਿਹੜੇ ਪਾਤਸ਼ਾਹ ਦੀ ਬੁੱਕਲ ਦਾ ਨਿੱਘ ਮਾਣ ਕੇ ਸਾਡੇ ਪੁਰਖਿਆਂ ਨੇ ਛੱਡੇ। ਕੌਮਾਂ ਦੀ ਪਰਖ ਸੰਕਟ ਵਕਤ ਹੀ ਹੁੰਦੀ ਹੈ, ਜੇਕਰ ਹੁਣ ਸਾਨੂੰ ਹਰ ਪਾਸੇ ਸੰਕਟ ਦਿਖਾਈ ਦੇ ਰਹੇ ਹਨ ਤਾਂ ਚੜਦੀਕਲਾ ਦੇ ਗੀਤ ਸਾਡੇ ਬੁੱਲਾਂ ਤੇ ਹੋਣੇ ਚਾਹੀਦੇ ਹਨ, ਕਿਉਂਕਿ ਇਹ ਸਾਡੀ ਪਰਖ ਦਾ ਵੇਲਾ ਹੈ। ਇਹ ਗੀਤ ਸੋਚ ਸਮਝ ਕੇ ਨਹੀਂ ਗਾ ਹੋਣੇ , ਇਹ ਤੇ ਆਪ ਮੁਹਾਰੇ ਸਾਡੇ ਅੰਦਰੋਂ ਪੈਦਾ ਹੋਣਗੇ। ਜੇਕਰ ਨਹੀਂ ਹੋ ਰਹੇ ਤਾਂ ਇਬਾਦਤ ਦੀ ਨੀਂਹ ਅਜੇ ਪੱਕੀ ਨਹੀਂ, ਅਜੇ ਇਹਦੇ ਤੇ ਚੜਦੀਕਲਾ ਦਾ ਮਹਿਲ ਨਹੀਂ ਉੱਸਰ ਸਕਦਾ। ਜੇਕਰ ਉੱਸਰਿਆ ਤਾਂ ਵਕਤੀ ਹੋਵੇਗਾ, ਜੋ ਸਵੈ ਸੰਤੁਸ਼ਟ ਜ਼ਰੂਰ ਕਰ ਸਕਦਾ ਹੈ ਪਰ ਸਰਬੱਤ ਦਾ ਭਲਾ ਨਹੀਂ। ਅਸੀਂ ਸਰਬੱਤ ਦੇ ਭਲੇ ਲਈ ਬਣੇ ਹਾਂ, ਆਪਣੇ ਲਈ ਨਹੀਂ। ਸਰਬੱਤ ਦੇ ਫ਼ਿਕਰ ਤੋਂ ਆਪਣੇ ਫ਼ਿਕਰ ਤੱਕ ਲੰਬਾ ਪੈਂਡਾ ਜੇਕਰ ਤੁਰੇ ਹਾਂ, ਤਾਂ ਵਾਪਸੀ ਲਈ ਲੰਬੇ ਚੌਂਕੜੇ ਸਹਾਈ ਹੋਣਗੇ। ਜੋ ਵਕਤੀ ਲਾਹੇ ਲੈਣ ਦੀ ਬਿਰਤੀ ਨੂੰ ਆਪਾ ਵਾਰ ਦੇਣ 'ਚ ਤਬਦੀਲ ਕਰਨਗੇ। ਜੋ ਸਾਡੇ ਸ਼ਬਦਾਂ ਤੋਂ ਸੰਘਰਸ਼ ਤੀਕ ਹਰ ਘਾਟ ਨੂੰ ਪੂਰਾ ਕਰਨਗੇ। ਪਹਿਲ ਕਦਮੀ 'ਚ ਸਾਨੂੰ ਆਪਣੇ ਅਮਲਾਂ ਨੂੰ ਵੇਖਣਾ ਪਵੇਗਾ ਕਿ ਇਹਨਾਂ ਵਿੱਚ ਸਰਬੱਤ ਦੇ ਭਲੇ ਦੀ ਮਹਿਕ ਕਿੰਨੀ ਕੁ ਹੈ, ਵੱਡੇ ਜਿਗਰੇ ਨਾਲ਼ ਦਿਸ ਰਹੀ ਸੱਚਾਈ ਨੂੰ ਕਬੂਲਣਾ ਪਵੇਗਾ।

ਜੇਕਰ ਅਸੀਂ ਆਪਣੇ ਸ਼ਬਦਾਂ ਤੋਂ ਸੰਘਰਸ਼ ਤੀਕ ਦੇ ਅਮਲਾਂ ਉੱਤੇ ਇਮਾਨਦਾਰੀ ਦੀ ਝਾਤ ਪਾਉਣ ਵਿੱਚ ਸਫ਼ਲ ਨਹੀਂ ਹੋ ਰਹੇ ਤਾਂ ਸਾਡੀ ਸੇਵਾ ਵਿੱਚ ਅਜੇ ਘਾਟ ਹੈ, ਸਾਡੇ ਚੌਂਕੜੇ ਅਜੇ ਉਸ ਅਮੀਰੀ ਦੇ ਰਾਹ ਨਹੀਂ ਪਏ, ਸਾਡਾ ਤਿਆਗ ਅਜੇ ਵਧਿਆ ਨਹੀਂ, ਸਾਡੀਆਂ ਗੱਲਾਂ ਅਤੇ ਆਚਾਰ ਇੱਕ ਦੂਜੇ ਤੋਂ ਵੱਖਰੀਆਂ ਦਿਸ਼ਾਵਾਂ ਵਿੱਚ ਖਲੋਤੇ ਹਨ ,ਸਾਨੂੰ ਅਜੇ ਬੰਦਗੀ ਦੀ ਖ਼ੈਰ ਨਹੀਂ ਮੰਗਣੀ ਆਈ ਅਤੇ ਇਹ ਜਨਮ ਕਿਸ ਦੇ ਲੇਖੇ ਲਾਉਣਾ ਹੈ ਇਸ ਸਵਾਲ ਦਾ ਜਵਾਬ ਸਾਡੇ ਲਈ ਅਜੇ ਧੁੰਦਲਾ ਹੈ। ਇਹ ਵਕਤੀ ਧੁੰਦ ਸਦੀਵੀ ਨਾ ਬਣੇ ਇਹਦੇ ਲਈ ਸਾਨੂੰ ਅਰਦਾਸ ਕਰਨੀ ਪਵੇਗੀ ਅਤੇ ਇਹੀ ਅਰਦਾਸ ਸਾਡੇ ਪੈਰਾਂ ਨੂੰ ਉਹ ਭੁੱਲੇ ਰਾਹ ਉੱਤੇ ਮੁੜ ਲੈ ਕੇ ਜਾਵੇਗੀ। ਫਿਰ ਉਹਨਾਂ ਪੈੜਾਂ ਦੀਆਂ ਮਹਿਕਾਂ ਬਣ ਰਹੇ ਇਤਿਹਾਸ ਨੂੰ ਸੁਨਹਿਰੀ ਕਰਨ ਵਿੱਚ ਸਹਾਈ ਹੋਣਗੀਆਂ। ਫਿਰ ਅੰਦਰ ਬਾਹਰ ਇੱਕੋ ਅਮੀਰੀ ਹੋਵੇਗੀ, ਸਾਡੇ ਅਮਲਾਂ ਦੀਆਂ ਪੈੜਾਂ ਦੇ ਮੂੰਹ ਵੀ ਫਿਰ ਸੁੱਚੇ ਘਰ ਵੱਲ ਨੂੰ ਹੋਣਗੇ। ਸ਼ਬਦਾਂ ਤੋਂ ਸੰਘਰਸ਼ ਤੀਕ ਫਿਰ ਕੇਸਰੀ ਲਹਿਰਾਊਗਾ ਅਤੇ ਆਪਾ ਮੇਟਣ ਦੀਆਂ ਗੀਤਾਂ ਸੁਰਜੀਤ ਹੋਣਗੀਆਂ।

Worldwide Services, LLC
Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

# ਬੰਦ ਮੁੱਠੀ

**ਰਾਜਨ ਸਿੰਘ**

ਸਾਢੇ ਬਾਰਾਂ ਹੋ ਚੁੱਕੇ ਸਨ। ਬਿੰਦਰ ਘੜੀ ਮੁੜੀ ਮੋਬਾਈਲ ਫ਼ੋਨ ਕੱਢ ਸਮਾਂ ਦੇਖਦਾ ਤੇ ਚੱਲਦੀ ਮਸ਼ੀਨ ਤੋਂ ਰਤਾ ਕੁ ਟੇਢਾ ਹੋ ਸਾਹਮਣੇ ਕਮਰੇ ਦੇ ਦਰਵਾਜ਼ੇ ਦੇ ਸ਼ੀਸ਼ੇ ਥਾਣੀਂ ਅੰਦਰ ਨਿਗਾ ਮਾਰ ਲੈਂਦਾ। ਉਸਦੇ ਚਿਹਰੇ ’ਤੇ ਪਸਰ ਰਹੇ ਪਰੇਸ਼ਾਨੀ ਦੇ ਭਾਵ ਸਪਸ਼ਟ ਰੂਪ ਵਿੱਚ ਕਿਸੇ ਡਾਢੀ ਫ਼ਿਕਰ ਦੀ ਤਸਦੀਕ ਕਰ ਰਹੇ ਸਨ। ਉਸਦਾ ਅਫ਼ਸਰ ਬਿਕਰਮਜੀਤ ਅਜੇ ਟੇਬਲ-ਟੈਨਿਸ ਖੇਡ ਕੇ ਪਰਤਿਆ ਨਹੀਂ ਸੀ ਤੇ ਬਿੰਦਰ ਨੂੰ ਉਸੇ ਦੀ ਉਡੀਕ ਸੀ।

ਐਤਵਾਰ ਹੋਣ ਕਾਰਨ ਬਹੁਤ ਘੱਟ ਗਿਣਤੀ ’ਚ ਉਤਲੇ ਵਰਗ ਦਾ ਮਿੱਲ ਸਟਾਫ਼ ਡਿਊਟੀ ’ਤੇ ਹੁੰਦਾ ਤੇ ਕੰਮ ਦਾ ਬਹੁਤਾ ਦਬਾਅ ਨਾ ਹੋਣ ਕਾਰਨ ਅਫ਼ਸਰ ਅਕਸਰ ਅਵੇਸਲੇ ਹੀ ਰਹਿੰਦੇ। ਦੁਪਹਿਰ ਦੇ ਖਾਣੇ ਲਈ ਮਿਲਦੇ ਇੱਕ ਘੰਟੇ ਵਿੱਚ ਖਾਣਾ-ਪੀਣਾ ਮੁਕਾ ਅਕਸਰ ਕੁਝ ਸਟਾਫ਼ ਕਰਮਚਾਰੀ ਮਿੱਲ ਦੀ ਹੱਦ ਅੰਦਰ ਬਣੇ ਬਗੀਚੇ ਵੱਲ ਘੁੰਮਣ ਨਿਕਲ ਜਾਂਦੇ, ਕੁਝ ਕੁ ਤਾਸ਼ ਖੇਡਣ ਜੁੰਡਲੀ ਬਣਾ ਬਹਿੰਦੇ, ਕੁਝ ਵਾਲੀਬਾਲ ਤੇ ਕੁਝ ਕੰਟੀਨ ਦੇ ਨਾਲ਼ ਬਣੇ ਕਮਰੇ ਵਿੱਚ ਟੇਬਲ-ਟੈਨਿਸ ਖੇਡਦੇ। ਪਰ ਐਤਵਾਰ ਨੂੰ ਇਹ ਇੱਕ ਘੰਟਾ ਬਦੋ-ਬਦੀ ਦੋ ਘੰਟਿਆਂ ਵਿੱਚ ਤਬਦੀਲ ਹੋ ਜਾਂਦਾ ਤੇ ਸਟਾਫ਼ ਕਰਮਚਾਰੀ ਦੋ ਵਜੇ ਅਗਲੀ ਸ਼ਿਫ਼ਟ ਦੇ ਡਿਊਟੀ ਆਉਣ ਸਾਰ ਹੀ ਕੰਮ ’ਤੇ ਪਰਤਦੇ।

ਪਿਛਲੀ ਰਾਤ ਬਿੰਦਰ ਦੇ ਸ਼ਰੀਕੇ ਵਿੱਚ ਇੱਕ ਨੌਜਵਾਨ ਦੀ ਸੜਕ ਹਾਦਸੇ ’ਚ ਮੌਤ ਹੋਈ ਸੀ ਤੇ ਅੱਜ ਉਸਨੂੰ ਦਾਗ ਦੇਣੇ ਸਨ। ਸੰਸਕਾਰ ਦੀ ਰਸਮ ਵਿੱਚ ਹਾਜ਼ਰ ਹੋਣ ਲਈ ਬਿੰਦਰ ਨੂੰ ਚਿਰੋਕਣਾ ਘਰੋਂ ਫ਼ੋਨ ਆ ਚੁੱਕਾ ਸੀ ਤੇ ਪਾਸ ਲੈ ਕੇ ਘੰਟਾ ਪਹਿਲਾਂ ਘਰ ਪਰਤਣ ਦਾ ਉਹ ਵਾਅਦਾ ਵੀ ਕਰ ਚੁੱਕਾ ਸੀ। ਉਸਨੇ ਡਿਊਟੀ ਆਉਂਦੇ ਹੀ ਆਪਣੇ ਅਫ਼ਸਰ ਬਿਕਰਮਜੀਤ ਦੇ ਕੰਨੀਂ ਪਾਸ ਦੀ ਗੱਲ ਪਾ ਛੱਡੀ ਸੀ। ਪਰ ਬਿਕਰਮਜੀਤ, ਜਿਸਨੇ ਕਿ ਉਸਦੇ ਪਾਸ ਤੇ ਦਸਤਖ਼ਤ ਕਰਨੇ ਸਨ, ਅਜੇ ਤੱਕ ਟੈਨਿਸ ਖੇਡ ਕੇ ਮੁੜਿਆ ਨਹੀਂ ਸੀ ਤੇ ਬਿੰਦਰ ਦੀ ਬੇਚੈਨੀ ਇਸੇ ਲਈ ਵਧਦੀ ਜਾ ਰਹੀ ਸੀ ।

ਬਿਕਰਮਜੀਤ ਛੇ ਫੁੱਟ ਤੋਂ ਵੀ ਉਤਲੇ ਕੱਦ ਦਾ ਤਕੜੇ ਜੁੱਸੇ ਵਾਲਾ ਦਿਓ ਵਰਗਾ ਜਵਾਨ ਸੀ। ਇਸ ਨੌਕਰੀ ਤੋਂ ਪਹਿਲਾਂ ਉਹ ਫ਼ੌਜ ਵਿੱਚ ਸੀ ਤੇ ਕਿਸੇ ਕਾਰਨ ਵੱਸ ਸਰਕਾਰੀ ਨੌਕਰੀ ਛੱਡ ਤਿੰਨ ਕੁ ਸਾਲ ਪਹਿਲਾਂ ਪਿੰਡ ਪਰਤ ਆਇਆ ਸੀ। ਪੜ੍ਹਿਆ-ਲਿਖਿਆ ਵੀ ਸੀ ਤੇ ਭੋਇੰ ਵੀ ਵਾਹਵਾ, ਨੌਕਰੀ ਤੇ ਖੇਤੀ ਤੋਂ ਅਲਹਿਦਾ ਉਸਦੇ ਆਮਦਨ ਦੇ ਹੋਰ ਵੀ ਕਈ ਵਸੀਲੇ ਸਨ। ਸਵੇਰ ਤੋਂ ਲੈ ਕੇ ਟਿਕੀ ਰਾਤ ਤੱਕ ਉਸਦੀ ਅੱਡੀ ਭੁੰਜੇ ਨਾ ਲੱਗਦੀ। ਮਾਲਕ ਦੀ ਮਿਹਰ ਤੇ ਦਸਾਂ ਨਹੁੰਆਂ ਦੀ ਮਿਹਨਤ ਮਸ਼ੱਕਤ ਨੇ ਉਸਨੂੰ ਪਿੰਡ ਦੇ ਸਿਰਕੱਢ ਚੌਧਰੀਆਂ ਦੀ ਕਤਾਰ ਵਿੱਚ ਲਿਆ ਖੜ੍ਹਾ ਕਰ ਦਿੱਤਾ ਸੀ।

ਪਰ ਜਿੱਥੇ ਉਹ ਐਡਾ ਸਿਰੜੀ-ਮਿਹਨਤੀ, ਚੁਸਤ-ਚਲਾਕ ਤੇ ਪੈਸੇ ਧੇਲੇ ਪੱਖੋਂ ਵਾਹਵਾ ਸੁਖਾਲਾ ਸੀ ਉੱਥੇ ਹੀ ਬੋਲ ਮਿਜਾਜ਼ ਪੱਖੋਂ ਰਤਾ ਕੁ ਖਰਵਾਂ ਤੇ ਕਸੈਲਾ ਸੀ। ਸਮਾਜਿਕ ਤਾਣੇ ਵਿੱਚ ਉਤਲੇ ਪੈਂਡੇ ’ਤੇ ਹੋਣ ਕਾਰਨ ਜਾਤ ਦਾ ਹੰਕਾਰ ਤਾਂ ਸੀ ਹੀ, ਚੰਗੀ ਆਰਥਿਕ ਸਥਿਤੀ ਦਾ ਘਮੰਡ ਵੀ ਉਸਦੇ ਸਿਰ ਚੜ੍ਹ ਬੋਲਦਾ ਸੀ। ਦੂਜੇ ਬੰਦੇ ਨੂੰ ਹਮੇਸ਼ਾ ਇੱਕ ਦਰਜਾ ਛੋਟਾ ਸਮਝਣ ਦੀ ਉਸਦੀ ਆਦਤ ਨੇ ਅਨੇਕਾਂ ਗੁਣਾਂ ਦੇ ਹੁੰਦਿਆਂ ਸੁੰਦਿਆਂ ਵੀ ਉਸਨੂੰ ਆਮ ਲੋਕਾਂ ਦੇ ਮਨਾਂ ਤੋਂ ਹਮੇਸ਼ਾ ਇੱਕ ਵਕਫ਼ੇ ’ਤੇ ਖੜ੍ਹਾ ਰੱਖਿਆ। ਪਰ ਉਹ ਇਸ ਸਭ ਤੋਂ ਬੇਪ੍ਰਵਾਹ ਆਪਣੀ ਚਾਲੇ ਮਸਤ ਸੀ।

ਬਿੰਦਰ ਉਸਦੇ ਸੁਭਾਅ ਤੋਂ ਜਾਣੂ ਹੋਣ ਕਾਰਨ ਉਸਤੋਂ ਇੱਕ ਦੂਰੀ ਬਣਾਈ ਹੀ ਰੱਖਦਾ, ਜਿਵੇਂ ਬਾਕੀ ਜ਼ਿਆਦਾਤਰ ਉਸਦੇ ਸਾਥੀ ਕਰਦੇ। ਪਰ ਸੌ ਹੱਥ ਵਿੱਥ ਤੇ ਤੁਰਦੇ-ਤੁਰਦੇ ਹੋਏ ਵੀ ਕਦੀ ਕਦਾਈਂ ਉਸਦੇ ਮੱਥੇ ਲੱਗਣ ਦੀ ਨੌਬਤ ਆ ਹੀ ਜਾਂਦੀ ਤੇ ਅਜਿਹੀ ਘੜੀ ਲੰਘਾਉਣੀ ਅੱਕ ਚੱਬਣ ਤੋਂ ਵੀ ਭੈੜੀ ਹੁੰਦੀ। ਬਿੰਦਰ ਉਡੀਕਦਾ ਰਿਹਾ। ਸਮਾਂ ਲੰਘਦੇ-ਲੰਘਦੇ ਕਿੰਨਾ ਹੀ ਲੰਘ ਗਿਆ, ਪਰ ਬਿਕਰਮਜੀਤ ਨਾ ਮੁੜਿਆ।

ਪੌਣੇ ਦੋ ਦਾ ਘੁੱਗੂ ਵੱਜਿਆ ਤੇ ਕੰਮੀਆਂ ਦੀ ਚਾਲ ਮੱਠੀ ਪੈਣੀ ਸ਼ੁਰੂ ਹੋ ਗਈ। ਦੋ ਵਜੇ ਸ਼ਿਫ਼ਟ ਮੁੱਕ ਜਾਣੀ ਸੀ ਤੇ ਜਾਣ ਤੋਂ ਪਹਿਲਾਂ ਉਨਾਂ ਆਪਣਾ ਸੰਦ-ਭਾਂਡਾ ਸਾਂਭ, ਅਲਮਾਰੀਆਂ ਨੂੰ ਜਿੰਦੇ-ਕੁੰਡੇ ਲਾਉਣੇ ਸਨ ਤੇ ਆਪਣੇ ਟਿਫ਼ਨ ਵੀ ਥਾਂ ਸਿਰ ਕਰਨੇ ਸਨ।

ਬੇਵਸੀ ਵਿੱਚ ਮਨ ਮਸੋਸਦੇ ਹੋਏ ਬਿੰਦਰ ਉੱਠਿਆ ਤੇ ਆਪਣਾ ਸਮਾਨ ਚੁੱਕ ਆਪਣੀ ਅਲਮਾਰੀ ਵੱਲ ਵਧਿਆ। ਤੁਰੇ ਜਾਂਦੇ ਨੇ ਜਦ ਸਾਹਮਣੇ ਦਫ਼ਤਰ ਵੱਲ ਨਿਗਾ ਮਾਰੀ ਤਾਂ ਬਿਕਰਮਜੀਤ ਆਪਣੀ ਕੁਰਸੀ ’ਤੇ ਬੈਠਾ ਕਿਸੇ ਕੰਮ ਵਿੱਚ ਮਸ਼ਰੂਫ਼ ਪਾਇਆ। ਦੇਖਦੇ ਸਾਰ ਉਸਦੀਆਂ ਅੱਖਾਂ ਵਿੱਚ ਇੱਕ ਲਾਲੀ ਗਾੜ੍ਹੀ ਹੋਣ ਲੱਗੀ। ਕਾਹਲੀ-ਕਾਹਲੀ ਵਿੱਚ ਸਮਾਨ ਅਲਮਾਰੀ ’ਚ ਸੁੱਟ, ਜੰਦਰਾ ਮਾਰ ਉਹ ਸਿੱਧਾ ਬਿਕਰਮਜੀਤ ਦੇ ਦਫ਼ਤਰ ਨੂੰ ਵਧੀਆ।

‘ਮੈਂ ਤੁਹਾਨੂੰ ਸਾਹਬ ਸਵੇਰੇ ਆਉਣਸਾਰ ਹੀ ਦੱਸਿਆ ਸੀ ਕਿ ਸਾਡੇ ਕੱਲ ਦੀ ਇੱਕ ਮੌਤ ਹੋਈ ਆ ਤੇ ਮੈਂ ਦੁਪਹਿਰੇ ਬਾਰਾਂ ਵਜੇ ਪਾਸ ਲੈ ਕੇ ਘਰ ਜਾਣਾ ਆ’, ਬਿੰਦਰ ਜਾਂਦਾ ਹੀ ਭਾਰੂ ਪੈਣ ਲੱਗਾ। ਇਹ ਇੱਕ ਵਾਕ ਬੋਲਣ ਲਈ ਉਸ ਤੁਰੇ ਆਉਂਦੇ ਨੇ ਕਈ ਦਫ਼ਾ ਮਨ ’ਚ ਅਭਿਆਸ ਕੀਤਾ ਸੀ। ਬੋਲਣਾ ਹੋਰ ਵੀ ਕੁਝ ਸੀ, ਪਰ ਬਿਕਰਮਜੀਤ ਦੀ ਕੈੜ ਅੱਖ ਦੇਖਦੇ ਸਾਰ ਹੀ ਬਾਕੀ ਮਜਮੂਨ ਭੁੱਲ ਗਿਆ।

ਬਿਕਰਮਜੀਤ ਆਪਣੇ ਕੰਮ ’ਚ ਬੁਰੀ ਤਰਾਂ ਖੁੱਭਾ ਸੀ। ਪਹਿਲਾਂ ਟੈਨਿਸ ’ਚ ਉਸਦਾ ਅੱਜ ਦਾ ਪ੍ਰਦਰਸ਼ਨ ਬਹੁਤ ਮਾੜਾ ਰਿਹਾ, ਦੂਜਾ ਦੋ ਵਜੇ ਜਾਣ ਦੀ ਕਾਹਲ ’ਚ ਇੱਕ ਰਿਪੋਰਟ ਉਹ ਗ਼ਲਤ ਬਣਾ ਬੈਠਾ ਸੀ ਤੇ ਉੱਤੋਂ ਬਿਨਾਂ ਸੱਦੇ ਬੁਲਾਏ ਬੰਦੇ ਦੀ ਆਮਦ ਨੇ ਉਸਦਾ ਅੰਦਰਲਾ ਦਿਓ ਹਲੂਣ ਕੇ ਜਗਾ ਲਿਆ ਸੀ।

‘ਤੂੰ ਅੰਦਰ ਕੀਹਨੂੰ ਪੁੱਛ ਕੇ ਆਇਆ ? ਤੇਰੀ ਡਿਊਟੀ ਦੋ ਵਜੇ ਤੱਕ ਆ, ਦਸ ਮਿੰਟ ਪਹਿਲਾਂ ਤੂੰ ਕਿੱਦਾਂ ਛੱਡ ਆਇਆਂ ?’, ਬਿਕਰਮਜੀਤ ਦੀਆਂ ਤਿਊੜੀਆਂ ਗਹਿਰੀਆਂ ਹੋ ਗਈਆਂ।

‘ਕੰਮ ਨਹੀਂ ਹੁੰਦਾ, ਘਰੋਂ ਈ ਨਾ ਆਇਆ ਕਰੋ। ਤੀਏ ਦਿਨ ਤੁਹਾਨੂੰ ਪਾਸ ਚਾਹੀਦਾ’, ਬਿਕਰਮਜੀਤ ਮੁੜ ਕਾਗ਼ਜ਼ਾਂ ’ਤੇ ਕਲਮ ਚਲਾਉਣ ਲੱਗਾ।

‘ਤਾਂ ਹੋਰ ਕੌਣ ਕੰਮ ਕਰਦਾ ? ਐਨੀ ਪਰਡਕਸ਼ਨ ਕਿੱਦਾਂ ਹੁੰਦੀ ਏ ? ਨਾਲ਼ੇ ਮਿੱਲ ਮਹੀਨੇ ’ਚ ਦੋ ਪਾਸ ਮਨਜ਼ੂਰ ਕਰਦੀ ਐ, ਉਹ ਵੀ ਅਸੀਂ ਕਈ ਵਾਰੀ ਮਹੀਨਾ-ਮਹੀਨਾ ਸੁੱਕਾ ਲੰਘਾ ਛੱਡੀਦਾ। ਨਾਲ਼ੇ ਜਦ ਤੁਹਾਨੂੰ ਆਉਂਦਿਆਂ ਹੀ ਮੈਂ ਦੱਸਿਆ ਸੀ, ਫੇਰ ਕਿੱਦਾਂ ਨੀਂ ਪਾਸ ਮਿਲ ਸਕਦਾ ?’, ਬਿੰਦਰ ਦੇ ਭਰਿਓ ਮਨ ਨੇ ਸੱਚਾਈ ਨੂੰ ਹੌਂਸਲੇ ਨਾਲ਼ ਇੰਨ ਬਿੰਨ ਅੱਗੇ ਰੱਖਣ ਦੀ ਇੱਕ ਗ਼ੈਬੀ ਸ਼ਕਤੀ ਉਸ ਵਿੱਚ ਫੂਕ ਦਿੱਤੀ ਸੀ। ਉਸਨੂੰ ਆਪਣੇ ’ਤੇ ਹੈਰਾਨੀ ਵੀ ਹੋ ਰਹੀ ਸੀ। ਇਸ ਸ਼ਕਤੀ ਨੇ ਉਸਨੂੰ ਅੰਦਰੋਂ ਹੋਰ ਵੀ ਮਜਬੂਤ ਕਰ ਮੈਦਾਨ ਵਿੱਚ ਟਿਕਾਈ ਰੱਖਿਆ।

ਬਿਕਰਮਜੀਤ ਨੀਝ ਲਾ ਉਸ ਵੱਲ ਵੇਖਣ ਲੱਗਾ ਜਿਵੇਂ ਪਹਿਲੀ ਵਾਰ ਉਸਦਾ ਮੂੰਹ ਦੇਖ ਰਿਹਾ ਹੋਵੇ ਤੇ ਬਿੰਦਰ ਨਿਰੰਤਰ ਵਰਦਾ ਰਿਹਾ।

‘ਕਦੇ ਤੁਹਾਨੂੰ ਕੰਮ ਨੂੰ ਜਵਾਬ ਨੀਂ ਦਿੱਤਾ ਅਸੀਂ। ਜਿੱਥੇ ਕਿਹਾ, ਜਿਹੜੇ ਕੰਮ ’ਤੇ ਲਾਇਆ, ਚੁੱਪ ਕਰਕੇ ਡਿਊਟੀ ਕਰੀਦੀ ਆ। ਤੁਹਾਡੇ ਚਾਹ ਪਾਣੀ ਲਈ ਵੀ ਅਸੀਂ ਕੰਮ ਛੱਡ ਕੇ ਕੰਟੀਨ ਨੂੰ ਚਲੇ ਜਾਈਦਾ। ਕਈ ਵਾਰੀ ਬੰਦੇ ਪੂਰੇ ਵੀ ਨਹੀਂ ਹੋਣੇ, ਪਰ ਮਸ਼ੀਨ ਬੰਦ ਹੋਣ ਦੀ ਨੌਬਤ ਨੀਂ ਆਉਣ ਦਿੱਤੀ ਅਸੀਂ। ਰਾਤ ਨੂੰ ਤੁਸੀਂ ਜਦੋਂ ਇੱਧਰ ਉੱਧਰ ਹੋ ਕੇ ਸੁੱਤੇ ਹੁੰਨੇ ਓਂ, ਉਦੋਂ ਥੋਡੇ ਚੇਲਿਆਂ ਨਾਲ਼ੋਂ ਜ਼ਿਆਦਾ ਅਸੀਂ ਜਾਨ ਫੂਕਦੇ ਆ ਕੰਮ ’ਚ’, ਆਖ਼ਰੀ ਵਾਕ ਨੇ ਬਿੰਦਰ ਦਾ ਚਿਹਰਾ ਹੋਰ ਮਘਾ ਦਿੱਤਾ।

ਆਪਣੇ ਅਫ਼ਸਰ ਦੇ ਡਿਊਟੀ ਦੌਰਾਨ ਸੁੱਤੇ ਹੋਣ ਦਾ ਜ਼ਿਕਰ ਕਰਕੇ ਬਿੰਦਰ ਵੀ ਰਤਾ ਥਿੜਕਿਆ, ਪਰ ਸੱਚਾਈ ਨੇ ਉਸਨੂੰ ਥੰਮ ਕੇ ਰੱਖਿਆ। ਉਸਦਾ ਇੱਕ-ਇੱਕ ਬੋਲ ਦਿਨ ਦੇ ਚਾਨਣ ਵਾਂਗ ਸੁਥਰਾ ਤੇ ਦਾਗਹੀਣ ਸੀ। ਆਪਣੇ ਮੂੰਹੋਂ ਕਿਸੇ ਬੋਲ ਦਾ ਉਸਨੂੰ ਭੋਰਾ ਪਛਤਾਵਾ ਨਹੀਂ ਸੀ।

ਬਿੰਦਰ ਦੇ ਅੰਤਲੇ ਬੋਲਾਂ ਨੇ ਬਿਕਰਮਜੀਤ ਦੇ ਫੋਕੇ ਮਾਣ ਤੇ ਗਹਿਰੀ ਚੋਟ ਕੀਤੀ। ਉਸਦਾ ਅੰਦਰ ਬੁਰੀ ਤਰਾਂ ਝੰਜੋੜਿਆ ਗਿਆ। ਰਾਤ ਦੀ ਡਿਊਟੀ ਦੌਰਾਨ ਉਹ ਸੌਂਦਾ ਹੈ, ਇਹ ਸਾਰਾ ਮਹਿਕਮਾ ਜਾਣਦਾ ਸੀ, ਸਾਰਾ ਪ੍ਰਬੰਧਕ ਬਲਾਕ ਜਾਣਦਾ ਸੀ, ਪਰ ਅੱਜ ਤੱਕ ਕਿਸੇ ਦਾ ਐਨਾ ਹੌਂਸਲਾ ਨਹੀਂ ਸੀ ਹੋਇਆ ਕਿ ਉਸ ਦੀ ਅੱਖ ਵਿੱਚ ਅੱਖ ਪਾ ਉਸ ਨੂੰ ਟੋਕ ਸਕੇ। ਮਿੱਲ ਦੇ ਅੰਦਰ ਤੇ ਮਿੱਲ ਦੇ ਬਾਹਰ ਉਹ ਮਾਤੜ ਨਾਲ਼ ਹਜ਼ਾਰਾਂ ਵਧੀਕੀਆਂ ਕਰਦਾ, ਫਜ਼ੂਲ ਤੰਗ-ਪਰੇਸ਼ਾਨ ਕਰਦਾ, ਪਰ ਉਸ ਖ਼ਿਲਾਫ਼ ਅਵਾਜ਼



ਚੁੱਕਣ ਦਾ ਜੇਰਾ ਕਿਸੇ ਵਿੱਚ ਉੱਕਾ ਹੀ ਨਹੀਂ ਸੀ। ਉਸ ਮਦਮਸਤ ਹਾਥੀ ਤੁੱਲ, ਦਿਓ-ਆਕਾਰ ਅਫ਼ਸਰ ਨੂੰ ਆਪਣਾ ਨੰਗ ਜ਼ਾਹਿਰ ਹੋਣ ਤੇ ਸੱਤੀਂ ਕੱਪੜੀਂ ਅੱਗ ਲੱਗ ਗਈ। ਇੱਕ ਆਮ ਜਿਹਾ ਇਨਸਾਨ ਜੋ ਕਿ ਮਿੱਲ ਵਿੱਚ ਵੀ ਉਸ ਤੋਂ ਨੀਵੇਂ ਰੁਤਬੇ ਦਾ ਸੀ ਤੇ ਸਮਾਜਿਕ ਪੱਖੋਂ ਵੀ ਚੌਥੇ ਵਰਗ ਨਾਲ਼ ਸੰਬੰਧਿਤ ਸੀ, ਉਸ ਅੜਬ ਚੌਧਰੀ ਨੂੰ ਮੂੰਹ ’ਤੇ ਲਾਹਣਤਾਂ ਪਾ ਰਿਹਾ ਸੀ, ਵੰਗਾਰ ਰਿਹਾ ਸੀ।

ਬਿਕਰਮਜੀਤ ਨੂੰ ਆਪਣੀ ਗ਼ਲਤੀ ਦੀ ਥਾਂ ਬਿੰਦਰ ਦਾ ਨੀਵਾਂ ਰੁਤਬਾ ਜ਼ਿਆਦਾ ਰੜਕਣ ਲੱਗਾ। ਬਿੰਦਰ ਦੇ ਸੱਚੇ, ਸੁਥਰੇ ਤੇ ਕੌੜੇ ਅਲਫ਼ਾਜ਼ ਉਸ ਨੂੰ ਗਾਲਾਂ ਵਾਂਗ ਚੋਟ ਕਰ ਰਹੇ ਸਨ। ਮੁੜ-ਮੁੜ ਬਿੰਦਰ ਦਾ ਰੁਤਬਾ ਉਸਦੇ ਜ਼ਿਹਨ ਵਿੱਚ ਭੜਥੂ ਪਾਉਣ ਲੱਗਾ। ਉਹ ਕੁਰਸੀ ਤੋਂ ਉੱਠ ਖੜ੍ਹਾ ਹੋਇਆ। ‘ਤੁਸੀਂ ਲੋਕ ਆਪਣੀ ਔਕਾਤ ਵਿੱਚ ਰਿਹਾ ਕਰੋ। ਤੁਹਾਨੂੰ ਵਾਰ-ਵਾਰ ਦੱਸਣ ਦੀ ਲੋੜ ਨਾ ਪਵੇ ਕਿ ਤੁਸੀਂ ਕੌਣ ਹੋ ਤੇ ਅਸੀਂ ਕੌਣ ਆਂ। ਆਈ ਸਮਝ, ਨਾਲ਼ੇ ਥੋਡਾ ਪਸ਼ੂਆਂ ਦਾ ਜੰਮਣ ਮਰਨ ਤਾਂ ਚੱਲਦਾ ਈ ਰਹਿਣਾ, ਬੰਦੇ ਦੇ ਪੁੱਤ ਬਣਕੇ ਕੰਮ ਕਰੋ ਢੰਗ ਨਾਲ਼, ਜੇ ਹੁੰਦਾ ਤਾਂ।’ ਬਿਕਰਮਜੀਤ ਨੇ ਆਪਣੇ ਅੰਦਰ ਦੀ ਕਾਲਖ਼ ਨੂੰ ਗਿਣਵੇਂ ਮਿਣਵੇਂ ਸ਼ਬਦਾਂ ਵਿੱਚ ਲਪੇਟ ਬੱਝਵੀਂ ’ਤੇ ਡੂੰਘੀ ਸੱਟ ਮਾਰੀ। ਜਾਤੀ ਹੰਕਾਰ ਉਸਦੇ ਸਿਰ ਚੜ੍ਹ ਬੋਲ ਰਿਹਾ ਸੀ।

ਬਿਕਰਮਜੀਤ ਦਾ ਇੱਕ-ਇੱਕ ਲਫ਼ਜ਼ ਉਸਨੂੰ ਸੁਣਨ ਸਾਰ ਸਪਸ਼ਟ ਸਮਝ ਆ ਗਿਆ। ਹੈਰਾਨੀ ਦੇ ਭਾਵ ਪਸਰਦੇ ਹੋਏ ਬੇਵਸੀ ਦੇ ਮਕੜਜਾਲ ਬਣ ਗਏ ਤੇ ਉਸਦੇ ਮੁਖੜੇ ਤੋਂ ਮਨਮੰਡਲ ਤੱਕ ਫੈਲ ਗਏ।

ਉਸਨੂੰ ਜ਼ਰਾ ਵੀ ਆਸ ਨਹੀਂ ਸੀ ਕਿ ਅਜਿਹਾ ਵਿਸ਼ਾ ਉੱਘੜ ਪਵੇਗਾ। ਪਰ ਹਰ ਵਾਰੀ ਵਿਸ਼ਾ ਇਹ ਹੀ ਕਿਉਂ ਉੱਘੜ ਪੈਂਦਾ-ਉਹ ਸੋਚਣ ਲੱਗਾ।

ਗੁਰੂਆਂ ਦੀ ਵਸਾਈ ਇਸ ਧਰਤੀ ਤੇ ਬਾਣੀ ਦੇ ਦੌਰ ਵਿੱਚ ਅਜੇ ਤੱਕ ਉਨਾਂ ਨੂੰ ਇਹ ਸਪਸ਼ਟ ਸਮਝਣ ਦੀ ਲੋੜ ਪੈਂਦੀ ਹੈ ਕਿ ਉਹ ਕੌਣ ਹਨ ਤੇ ਕਿੱਥੋਂ ਆਏ ਹਨ। ਆਖ਼ਰ ਕਿਉਂ ? ਅਸੀਂ ਜੰਗਲਾਂ ਕਬੀਲਿਆਂ ਤੋਂ ਉੱਠ, ਸਮਾਜਿਕ ਬੰਧਸ਼ਾਂ ਨਾਲ਼ ਖਹਿੰਦੇ ਹੋਏ ਇਸ ਉਦਯੋਗਿਕ ਦੌਰ ਵਿੱਚ ਪੁੱਜੇ ਹਾਂ, ਜਿੱਥੇ ਦੂਜੇ ਧਰਮਾਂ, ਜਾਤਾਂ, ਨਸਲਾਂ ਵਾਲਿਆਂ ਨਾਲ਼ ਮਿਲ ਕੇ ਪੂਰੀ ਤਾਣ ਨਾਲ਼ ਮਿਹਨਤ ਕਰਕੇ ਸਮਾਜ ਵਿੱਚ ਇੱਕ ਰੁਤਬਾ ਹਾਸਿਲ ਕੀਤਾ ਹੈ। ਆਖ਼ਰ ਅੱਜ ਵੀ ਸਾਨੂੰ ‘ਉਨਾਂ’ ਐਨਕਾਂ ਨਾਲ਼ ਕਿਉਂ ਦੇਖਿਆ ਜਾ ਰਿਹੈ ? ਕਿਉਂ ਅੱਜ ਵੀ ਸਾਨੂੰ ਬਿਨਾਂ ਕਾਰਨ ਬਿਨਾਂ ਪੁੱਛਿਆਂ ਇਹ ਦੱਸਿਆ ਜਾਂਦਾ ਕਿ ਅਸੀਂ ਅਛੂਤ ਹਾਂ ਤੇ ਸਮਾਜ ਵਿੱਚ ਸਾਡੀ ਥਾਂ ਕਿੱਥੇ ਹੈ।

ਬਿੰਦਰ ਨੂੰ ਆਪਣਾ ਆਪ ਹੌਲਾ ਹੁੰਦਾ ਜਾਪਿਆ। ਕਈ ਕਹੀਆਂ ਤੇ ਕਈ ਅਣਕਹੀਆਂ ਗੱਲਾਂ ਨੂੰ ਸਮੇਟ ਉਹ ਮਿੱਲ ਤੋਂ ਬਾਹਰ ਆਇਆ।

ਉਸਦੇ ਚਿਹਰੇ ’ਤੇ ਕਿਸੇ ਅਣਦਿਸਦੇ ਭੈਅ ਦੇ ਟਾਵੇਂ-ਟਾਵੇਂ ਨਿਸ਼ਾਨ ਤਾਂ ਸਨ ਪਰ ਆਪਣੀ ਸੱਚਾਈ ਨੂੰ ਨਿਧੜਕ ਹੋ ਕੇ ਬੋਲਣ ਦਾ ਮਾਣ ਵੀ ਪਸਰਿਆ ਸੀ। ਸੱਚਾਈ ਦਾ ਇੱਕ ਕਣ ਉਸਨੂੰ ਚੁੱਪ-ਸ਼ਾਂਤ ਬੈਠਣ ਦੀ ਬਜਾਏ ਆਵਾਜ਼ ਨੂੰ ਹੋਰ ਬੁਲੰਦ ਕਰਨ ਦਾ ਜਜ਼ਬਾ ਫੂਕ ਰਿਹਾ ਸੀ।

ਦੇਰ ਰਾਤ ਤੱਕ ਉਹ ਖੁੱਲੇ ਅੰਬਰ ਹੇਠ ਮੰਜੇ ’ਤੇ ਪਿਆ ਤਾਰਿਆਂ ਦੀ ਨਿੰਮੀ-ਨਿੰਮੀ ਲੋਅ ਵਿੱਚ ਆਪਣੇ ਅੰਤਰਮਨ ਵਿੱਚ ਉੱਠਦੇ ਜਵਾਰਭਾਟੇ ਦੀਆਂ ਕਲਾਵਾਂ ਨੂੰ ਮਹਿਸੂਸ ਕਰ ਰਿਹਾ ਸੀ। ਸੂਰਮਤਾਈ ਦਾ ਇੱਕ ਕਿਣਕਾ ਜੋ ਚਿਰਾਂ ਤੋਂ ਆਪਣੀ ਹੋਂਦ ਜ਼ਾਹਰ ਕਰਨ ਲਈ ਉਸਦੇ ਅੰਦਰ ਤੜਪ ਰਿਹਾ ਸੀ ਅੱਜ ਪੂਰੇ ਤਾਣ ਨਾਲ਼ ਉੱਘੜ ਕੇ ਜਬਰ ਦੇ ਮੂਹਰੇ ਡਟਿਆ ਖੜ੍ਹਿਆ ਰਿਹਾ। ਅੱਜ ਦੀ ਘਟਨਾ ਦੇ ਮਾਇਨੇ ਉਸ ਲਈ ਬਹੁਤ ਵਿਸ਼ਾਲ ਸਨ ਤੇ ਉਸ ਨੇ ਆਪਣਾ ਕਿਰਦਾਰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ਼ ਨਿਭਾਇਆ ਸੀ, ਪਰ ਫਿਰ ਵੀ ਕਿਤੇ ਘਟਾਅ ਰਹਿ ਗਿਆ ਜਾਪਿਆ, ਜਿਸਨੂੰ ਸਿਰੇ ਚੜ੍ਹਾਉਣ ਲਈ ਉਹ ਹੁਣ ਟਿਕ ਕੇ ਨਹੀਂ ਸੀ ਬੈਠ ਸਕਦਾ। ਬੰਦਾ ਹਿੰਮਤ ਨਾਲ਼ ਕਿਸੇ ਵੀ ਕੰਮ ਪਿੱਛੇ ਪੈ ਜਾਵੇ, ਉੱਦਮ ਦੀ ਧੱਕ ਚੋਟੀ ਸਰ ਕਰਕੇ ਹੀ ਹਟਦੀ ਐ। ਜੇ ਪੁੱਟਣ ਨੂੰ ਹੱਥ ਪਾ ਹੀ ਲਿਆ ਤਾਂ ਜੜ੍ਹਾਂ ਤੱਕ ਪੁੱਟ ਦਵੀਂ-ਉਹ ਆਪਣੇ ਆਪ ਨੂੰ ਹੱਲਾਸ਼ੇਰੀ ਦਿੰਦਾ।

ਬਿੰਦਰ ਅਗਲੇ ਦਿਨ ਸੁਵੱਖਤੇ ਹੀ ਸਾਈਕਲ ਚੁੱਕ ਘਰੋਂ ਨਿਕਲ ਪਿਆ। ਦੋ ਕੁ ਘੰਟੇ ਪਿੱਛੋਂ ਪਰਤਿਆ ਤਾਂ ਉਸ ਦੀ ਜੇਬ ਵਿੱਚ ਕੁਝ ਕਾਗਜ਼ ਸਨ ਤੇ ਚਿਹਰੇ ’ਤੇ ਇੱਕ ਗੁੱਝੀ ਮੁਸਕਾਨ । ਅੱਜ ਬਿੰਦਰ ਡਿਊਟੀ ’ਤੇ ਚਿਰੋਕਣਾ ਪਹਿਲਾਂ ਹੀ ਪੁੱਜ ਗਿਆ ਸੀ। ਆਉਣ ਸਾਰ ਉਸਨੇ ਆਪਣੇ ਵਿਭਾਗ ਦੇ ਇੱਕ-ਇੱਕ ਮਜਦੂਰ ਸਾਥੀ ਨਾਲ਼ ਬੀਤੀ ਘਟਨਾ ਬਾਰੇ ਵਿਸਤਾਰ ਨਾਲ਼ ਗੱਲ ਕੀਤੀ ਤੇ ਮਿੱਲ ਦੇ ਪ੍ਰਬੰਧਕਾਂ ਅੱਗੇ ਬਿਕਰਮਜੀਤ ਦੇ ਰਵਈਏ ਖ਼ਿਲਾਫ਼ ਕਾਰਵਾਈ ਕਰਨ ਦੀ ਗੱਲ ਰੱਖੀ। ਉਸਦੇ ਹੱਥ ਇੱਕ ਲੰਮਾ ਪੱਤਰ ਵੀ ਸੀ ਜਿਸ ਵਿੱਚ ਬਿਕਰਮਜੀਤ ਦੀਆਂ ਵਧੀਕੀਆਂ ਤੇ ਜੋਰਾਵਰੀਆਂ ਬਾਬਤ ਇੱਕ-ਇੱਕ ਫ਼ਿਕਰਾ ਪੂਰੀ ਤਫ਼ਸੀਲ ਨਾਲ਼ ਦਰਜ ਕੀਤਾ ਹੋਇਆ ਸੀ। ਬਿਕਰਮਜੀਤ ਦੇ ਸੁਭਾਅ ਤੋਂ ਵਾਕਫ਼ ਤਾਂ ਸਾਰੇ ਹੀ ਸਨ ਤੇ ਪਿੱਛੋਂ ਸਾਰੇ ਚਾਹੁੰਦੇ ਵੀ ਸਨ ਕਿ ਇਸ ਨਾਢੂ ਖਾਂ ਦੀ ਆਕੜ-ਹੰਕਾਰ ਨੂੰ ਭੰਨ ਲੱਗੇ, ਪਰ ਉਸ ਖ਼ਿਲਾਫ਼ ਸਰੇ-ਮੈਦਾਨ ਲੜਨ ਦਾ ਹੀਆ ਵੀ ਕਿਸੇ ਵਿੱਚ ਨਹੀਂ ਸੀ। ਪਰ ਬਿੰਦਰ ਅੱਜ ਕਿਸੇ ਹੋਰ ਹੀ ਮਿੱਟੀ ਦਾ ਬਣਿਆ ਲੱਗ ਰਿਹਾ ਸੀ। ਇੱਕ ਦਿਨ ਵਿੱਚ ਹੀ ਉਹ ਤਪ ਕੇ ਕੁੰਦਨ ਬਣ ਗਿਆ ਸੀ। ਮਜ਼ਦੂਰ ਸਾਥੀਆਂ ਨਾਲ਼ ਗੱਲ ਕਰਦੇ-ਕਰਦੇ ਉਸਦਾ ਚਿਹਰਾ ਭਖ ਜਾਂਦਾ। ਕਦੇ ਉਹ ਦਸ਼ਮੇਸ਼ ਗੁਰੂ ਦਾ ਜ਼ਿਕਰ ਕਰਦਾ, ਕਦੇ ਗਾਂਧੀ ਦੇ ਸੰਘਰਸ਼ ਦੀ ਬਾਤ ਪਾਉਂਦਾ ਤੇ ਕਦੀ ਸੰਵਿਧਾਨ ਦੇ ਰਚਣਹਾਰੇ ਅੰਬੇਡਕਰ ਦੀ ਉਦਾਹਰਣ ਦਿੰਦਾ ਕਿ ਕਿਵੇਂ ਇਨਾਂ ਲੋਕਾਂ ਨੇ ਜ਼ਬਰ, ਜ਼ੁਲਮ ਤੇ ਸਮਾਜਿਕ ਨਾਬਰਾਬਰੀ ਵਿਰੁੱਧ ਡਾਢਿਆਂ ਨਾਲ਼ ਮੱਥਾ ਲਾਇਆ । ਉਸਦੀ ਤਰਕਪੂਰਨ ਤੇ ਜੋਸ਼ੀਲੀ ਵਾਰਤਾ ਨੇ ਸਭ ਨੂੰ ਟੁੰਬਿਆ ਤੇ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਇਸ ਰੋਗ ਨੂੰ ਮਹਾਂਮਾਰੀ ਬਣਨ ਤੋਂ ਪਹਿਲਾਂ ਹੀ ਨਕੇਲ ਪਾਉਣੀ ਬਹੁਤ ਲਾਜ਼ਮੀ ਹੈ। ਉੱਚੇ ਤੇ ਨੀਵੇਂ ਦਾ ਫ਼ਰਕ ਜੋ ਅੱਜ ਵੀ ਕਈ ਖ਼ਿੱਤਿਆਂ, ਕਈ ਮਨਾਂ ਵਿੱਚ ਬਿਰਾਜਮਾਨ ਹੈ, ਇਸਨੂੰ ਜੜ੍ਹੋਂ ਪੁੱਟਣ ਲਈ ਇੱਕ ਲੋਕ ਲਹਿਰ ਦੀ ਹੋਂਦ ਸਭਨਾ ਨੇ ਮਹਿਸੂਸ ਕੀਤੀ । ਇੱਕ-ਇੱਕ ਕਰਕੇ ਕਈਆਂ ਨੇ ਉਸਦੇ ਲਿਖੇ ਪੱਤਰ ਤੇ ਦਸਤਖ਼ਤ ਕਰ ਆਪੋ ਆਪਣੀ ਸਹਿਮਤੀ ਦਰਸਾਈ। ਪਤਾ ਲੱਗਣ ’ਤੇ ਮਿੱਲ ਦੀ ਯੂਨੀਅਨ ਵੀ ਹਰਕਤ ਵਿੱਚ ਆਈ ਤੇ ਆਣ ਨਾਲ਼ ਰਲ਼ ਗਈ। ਯੋਧਿਆਂ ਨੂੰ ਇੱਕ ਬਹਾਦਰ ਜਰਨੈਲ, ਰਾਹ-ਦਸੇਰਾ ਟੱਕਰ ਪਿਆ ਸੀ। ਸਾਰਿਆਂ ਨੇ ਨਾਅਰਿਆਂ ਦੀ ਗੂੰਜ ਵਿੱਚ ਇਕੱਠੇ ਹੋ ਮਿੱਲ ਦੇ ਪ੍ਰਬੰਧਕਾਂ ਅੱਗੇ ਸਾਰੀ ਗੱਲਬਾਤ ਰੱਖੀ ਤੇ ਢੁਕਵੀਂ ਕਾਰਵਾਈ ਦੀ ਮੰਗ ਕੀਤੀ। ਉਤਲੇ ਦਰਜੇ ਦੇ ਕੁਝ ਮੈਨੇਜਰਾਂ ਦਾ ਬਿਕਰਮਜੀਤ ਨਾਲ਼ ਖ਼ਾਸਾ ਨੇੜ ਸੀ, ਪਰ ਇਸ ਜਨ-ਸੈਲਾਬ ਅੱਗੇ ਉਹ ਕੁਝ ਨਾ ਕਰ ਸਕੇ ਤੇ ਮੂਕ ਦਰਸ਼ਕ ਬਣ ਤਮਾਸ਼ਾ ਦੇਖਣ ਤੱਕ ਹੀ ਸੀਮਤ ਰਹਿ ਗਏ।

ਆਖ਼ਰ ਬਿਕਰਮਜੀਤ ਨੂੰ ਬੇਵੱਸ ਹੋ ਪ੍ਰਬੰਧਕਾਂ ਅੱਗੇ ਪੇਸ਼ ਹੋ ਕੇ ਲਿਖਤੀ ਰੂਪ ਵਿੱਚ ਆਪਣੀ ਗ਼ਲਤੀ ਮੰਨਣੀ ਪਈ ਤੇ ਅਗਾਂਹ ਤੋਂ ਸੁਧਾਰ ਕਰਨ ਲਈ ਵਚਨਬੱਧਤਾ ਵੀ ਪ੍ਰਗਟਾਈ। ਮਜ਼ਦੂਰ ਵਰਗ ਦੇ ਜ਼ਿੰਦਾਬਾਦ ਮੁਰਦਾਬਾਦ ਦੇ ਨਾਅਰਿਆਂ ਨੇ ਮਿੱਲ ਦੀ ਫ਼ਿਜ਼ਾ ’ਚ ਇੱਕ ਨਵਾਂ ਹੀ ਰੰਗ ਭਰ ਦਿੱਤਾ। ਜਨ-ਆਕ੍ਰੋਸ਼ ਨੂੰ ਮੱਠਾ ਨਾ ਪੈਂਦਾ ਦੇਖ ਬਿਕਰਮਜੀਤ ਨੂੰ ਆਖ਼ਰ ਜਨਤਾ ਮੂਹਰੇ ਪੇਸ਼ ਹੋ ਹੱਥ ਜੋੜ ਕੇ ਮੁਆਫ਼ੀ ਮੰਗਣੀ ਪਈ ਤੇ ਵਾਅਦਾ ਵੀ ਕੀਤਾ ਕਿ ਅਗਾਂਹ ਤੋਂ ਉਹ ਕਿਸੇ ਨਾਲ਼ ਵੀ ਅਜਿਹਾ ਵਿਤਕਰਾ ਨਹੀਂ ਕਰੇਗਾ ।

ਪ੍ਰਬੰਧਕੀ ਬਲਾਕ ਤੋਂ ਮਿੱਲ ਦੇ ਮੁੱਖ ਦਰਵਾਜ਼ੇ ਤੱਕ ਮਜ਼ਦੂਰਾਂ ਦਾ ਇੱਕ ਵਿਸ਼ਾਲ ਇਕੱਠ ਜਿੱਤ ਦੀ ਖ਼ੁਸ਼ੀ ਵਿੱਚ ਨਾਅਰੇ ਲਾਉਂਦਾ ਬਾਹਰ ਨਿਕਲਿਆ। ਮੁੱਖ ਦੁਆਰ ਦੇ ਮੂਹਰੇ ਖੁੱਲੀ ਥਾਂ ਵਿੱਚ ਤਿੰਨ ਕੁ ਸੌ ਬੰਦਿਆਂ ਦਾ ਇਕੱਠ ਸੀ ਤੇ ਬਿੰਦਰ ਇੱਕ ਸੂਝਵਾਨ ਨਿਧੜਕ ਜਰਨੈਲ ਵਾਂਗ ਸਾਰਿਆਂ ਨੂੰ ਸੰਬੋਧਨ ਕਰ ਰਿਹਾ ਸੀ।

‘ਸਾਥੀਓ, ਇਹ ਜਿੱਤ ਮੇਰੇ ’ਕੱਲੇ ਦੀ ਨਹੀਂ, ਸਾਡੇ ਸਾਰਿਆਂ ਦੀ ਹੈ। ਸਮੇਂ-ਸਮੇਂ ’ਤੇ ਸਮਾਜ ਦੇ ਠੇਕੇਦਾਰ ਆਪਣੀ ਸਹੂਲਤ ਤੇ ਅਰਾਮ ਮੁਤਾਬਿਕ ਵੰਡੀਆਂ ਪਾਉਂਦੇ ਰਹੇ ਹਨ ਤੇ ਇਨਾਂ ਵੰਡੀਆਂ ਦਾ ਸੰਤਾਪ ਸਭ ਤੋਂ ਜ਼ਿਆਦਾ ਅਸੀਂ ਗ਼ਰੀਬ-ਨਿਤਾਣੇ ਵਰਗ ਨੇ ਹੀ ਭੋਗਿਆ ਹੈ। ਅੱਜ ਸਮਾਂ ਬਦਲ ਚੁੱਕਾ ਹੈ ਪਰ ਜਾਬਰ ਅੱਜ ਵੀ ਕਿਤੇ ਨਾ ਕਿਤੇ ਮੌਜੂਦ ਹੈ ਤੇ ਮੌਕੇ ਦੀ ਭਾਲ ’ਚ ਰਹਿੰਦਾ ਹੈ। ਪਰ ਜਦੋਂ ਤੱਕ ਸਾਡਾ ਏਕਾ ਹੈ, ਸਾਡੇ ਏਕੇ ਵਿੱਚ ਨਿਰਛਲਤਾ, ਇਮਾਨਦਾਰੀ, ਸੂਝਬੂਝ ਤੇ ਸਿਆਣਪ ਹੈ, ਇਹ ਜਾਬਰ ਸਾਡਾ ਕੁਝ ਨਹੀਂ ਭੰਨ ਸਕਦੇ। ਸਾਡੇ ਗ਼ਰੀਬ ਲੋਕਾਂ ਦੀ, ਸਾਡੇ ਪਛੜੇ ਸਮਾਜ ਦੀ ਇਹ ‘ਬੰਦ ਮੁੱਠੀ’ ਹੀ ਸਾਡੀ ਤਾਕਤ ਹੈ। ਦੇਖਿਓ ਕਿਤੇ, ਕਿਸੇ ਛਲਾਵੇ ਵਿੱਚ ਆ ਇਸ ਮੁੱਠੀ ਨੂੰ ਖੋਲ ਨਾ ਬੈਠਿਓ। ਇਤਿਹਾਸ ਗਵਾਹ ਹੈ ਜਾਬਰ ਧਿਰ ਮਾਮੂਲੀ ਗਿਣਤੀ ਵਿੱਚ ਹੁੰਦਿਆਂ ਹੋਇਆਂ ਵੀ ਗ਼ਰੀਬ ਗ਼ੁਰਬੇ ਦੇ ਵਿਸ਼ਾਲ ਜਨਸਮੂਹ ਨੂੰ ਲਤਾੜਦੀ ਰਹੀ ਹੈ, ਕੋਂਹਦੀ ਰਹੀ ਹੈ, ਕਾਰਨ ਉਹ ਲੋਕ ਇੱਕਜੁੱਟ ਸੀ, ਪਰ ਅਸੀਂ ਕਦੇ ਇਕਜੁੱਟ ਨਾ ਹੋ ਸਕੇ, ਸਾਡੀਆਂ ਲੋੜਾਂ-ਥੋੜਾਂ ਨੇ ਸਾਨੂੰ ਇਕਜੁੱਟ ਹੋਣ ਵੀ ਨਹੀਂ ਦਿੱਤਾ। ਪਰ ਸਮਾਂ ਦੱਸਦਾ ਹੈ ਜਦੋਂ ਅਸੀਂ ਇੱਕ ਦੂਜੇ ਦਾ ਹੱਥ ਫੜ ਸਮੇਂ ਦੀਆਂ ਚੁਣੌਤੀਆਂ ਨੂੰ ਵੰਗਾਰ ਪਾਈ, ਉਸ ਉੱਚੇ ਪੌਡੇ ਤੇ ਬੈਠਿਆਂ ਨੂੰ, ਉਨਾਂ ਚੁਬਾਰੇ ਵਾਲਿਆਂ ਨੂੰ ਸਾਡੀ ਗੱਲ ਸੁਣਨੀ ਪਈ ਹੈ, ਸਾਨੂੰ ਤਵੱਜੋ ਦੇਣੀ ਪਈ ਹੈ। ਹੱਕ ਐਵੇਂ ਈ ਨਹੀਂ ਮਿਲਦੇ, ਜੰਗਾਂ ਲੜਨੀਆਂ ਪੈਂਦੀਆਂ ਹਨ, ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ। ਸਾਨੂੰ ਨਹੀਂ ਕੁਝ ਪ੍ਰਾਪਤ ਹੋਇਆ, ਕੋਈ ਗੱਲ ਨਹੀਂ,

**ਬਾਕੀ ਸਫ਼ਾ 30 ’ਤੇ**

# ਦੀਪ ਸਿੱਧੂ ਦਾ ਆਖ਼ਰੀ ਗੀਤ 'ਲਾਹੌਰ' ਹੋਇਆ ਰਿਲੀਜ਼

**ਸੁਰਜੀਤ ਜੱਸਲ**
**9814607737**

ਪੰਜਾਬੀ ਸਿਨੇਮੇ ਨੂੰ ਨਵੀਂ ਨੁਹਾਰ ਦੇਣ ਵਾਲਾ ਦੀਪ ਸਿੱਧੂ ਆਪਣੀਆਂ ਪਲੇਠੀਆਂ ਫ਼ਿਲਮਾਂ 'ਜੋਰਾ 10 ਨਬੰਰੀਆ, ਰੰਗ ਪੰਜਾਬ, ਰਮਤਾ ਜੋਗੀ' ਨਾਲ਼ ਭਾਵੇਂ ਕਿ ਪੰਜਾਬੀ ਪਰਦੇ ਤੇ ਹੀਰੋ ਬਣ ਕੇ ਉੱਭਰਿਆ ਪ੍ਰੰਤੂ ਕਿਸਾਨੀ ਸੰਘਰਸ਼ ਲਈ ਸੱਚੇ ਦਿਲੋਂ ਪਾਏ ਵੱਡਮੁੱਲੇ ਯੋਗਦਾਨ ਸਦਕਾ ਉਹ ਲੱਖਾਂ ਹੀ ਲੋਕਾਂ ਦਾ ਅਸਲ ਹੀਰੋ ਬਣ ਗਿਆ। ਦੀਪ ਸਿੱਧੂ ਜਿਨਾਂ ਵਧੀਆ ਅਦਾਕਾਰ ਸੀ, ਉਸਤੋਂ ਕਿਤੇ ਵਧੀਆ ਉਹ ਦੇਸ਼ ਕੌਮ ਲਈ ਮਰਨ ਮਿਟਣ ਵਾਲਾ ਯੋਧਾ ਸਾਬਤ ਹੋਇਆ, ਉਸਨੇ ਜੋ ਕਿਹਾ, ਉਹ ਕਰਕੇ ਵਿਖਾਇਆ, ਆਪਣੀ ਛੋਟੀ ਜੀ ਜ਼ਿੰਦਗੀ ਵਿੱਚ ਕੌਮ ਲਈ ਇਤਿਹਾਸ ਸਿਰਜਨ ਵਾਲਾ ਦੀਪ ਸਿੱਧੂ ਕਦੇ ਵੀ ਲੋਕ ਦੇ ਮਨਾਂ ਵਿੱਚੋਂ ਮਨਫ਼ੀ ਨਹੀਂ ਹੋਵੇਗਾ। ਉਸਦੀ ਕਲਾਤਮਕ ਅਦਾਕਾਰੀ ਦੀ ਗੱਲ ਕਰੀਏ ਤਾਂ ਲਹਿੰਦੇ ਅਤੇ ਚੜਦੇ ਪੰਜਾਬ ਦੇ ਮੋਹ ਮੁਹੱਬਤ ਅਤੇ ਆਪਣਿਆਂ ਦੀ ਤਲਾਸ਼ ਵਿੱਚ ਫ਼ਿਲਮਾਇਆ ਇੱਕ ਗੀਤ 'ਲਾਹੌਰ' ਉਸਦਾ ਪਹਿਲਾ 'ਤੇ ਆਖ਼ਰੀ ਗੀਤ ਹੋ ਨਿਬੜੇਗਾ, ਇਸ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਗਾਇਕ ਦਿਲਰਾਜ ਗਰੇਵਾਲ ਨਾਲ਼ ਸਾਂਝੇ ਰੂਪ 'ਚ ਫ਼ਿਲਮਾਇਆ ਇਹ ਗੀਤ ਸਾਗਾ ਕੰਪਨੀ ਵੱਲੋਂ ਰੱਖੇ ਇੱਕ ਸਰਧਾਂਜ਼ਲੀ ਸਮਾਗਮ ਦੌਰਾਨ ਦੀਪ ਸਿੱਧੂ ਦੇ ਲੱਖਾਂ ਪ੍ਰਸ਼ੰਸਕਾਂ, ਚਹੇਤਿਆਂ ਨੂੰ ਸਮਰਪਿਤ ਕੀਤਾ ਗਿਆ। ਇਸ ਮੌਕੇ ਗਾਇਕ ਦਿਲਰਾਜ ਗਰੇਵਾਲ, ਸਾਗਾ ਦੇ ਮਾਲਕ ਸੁਮੀਤ ਸਿੰਘ, ਦੀਪ ਸਿੱਧੂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਲੇਖਕ ਅਤੇ ਨਿਰਦੇਸ਼ਕ ਅਮਰਦੀਪ ਗਿੱਲ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਇਸ ਗੀਤ ਦਾ ਟਾਇਟਲ 'ਲਾਹੌਰ' ਹੈ ਅਤੇ ਇਸਦੇ ਬੋਲ "ਕਾਸ਼ ਅਸੀਂ ਲਾਹੌਰ ਪੜਦੇ ਹੁੰਦੇ.."। ਜ਼ਿਕਰਯੋਗ ਹੈ ਕਿ ਇਹ ਗੀਤ ਦੀਪ ਸਿੱਧੂ ਦਾ ਇੱਕ ਸੁਨਹਿਰਾ ਸੁਪਨਾ ਸੀ, ਇਸ ਵਿੱਚ ਉਸਨੇ ਸੁਰਜੀਤ ਸਿੰਘ ਦਾ ਕਿਰਦਾਰ ਨਿਭਾਇਆ ਅਤੇ ਇਸ ਵਿੱਚ ਗੀਨਾ ਰਾਏ ਨੇ ਵੀ ਕੰਮ ਕੀਤਾ ਹੈ। ਇਸ ਗੀਤ ਨੂੰ ਗਾਇਆ ਅਤੇ ਲਿਖਿਆ ਦਿਲਰਾਜ ਗਰੇਵਾਲ ਨੇ ਹੈ। ਇਸਦਾ ਨਿਰਦੇਸ਼ਨ-ਕਰਤਾ ਅਮਰਪ੍ਰੀਤ, ਜੀ. ਐਸ. ਚਾਬੜਾ ਹਨ। ਕੋਰੀਓਗਰਾਫ਼ਰ ਰਿਚਰਡ ਬਰਟਨ ਅਤੇ ਸੰਗੀਤ ਨਿਰਦੇਸ਼ਕ ਦ ਬੋਸ ਅਤੇ ਪ੍ਰੋਡਿਊਸਰ ਸੁਮੀਤ ਸਿੰਘ ਹਨ।

8 ਮਿੰਟ ਦਾ ਇਹ ਵੀਡੀਓ ਟ੍ਰੈਕ ਭਾਰਤ-ਪਾਕਿ ਵੰਡ ਦੇ ਹੌਲਨਾਕ ਪਿਛੋਕੜ ਵਿੱਚ ਦੋ ਦੋਸਤਾਂ ਦੀ ਇੱਕ ਦਰਦਨਾਕ ਕਹਾਣੀ ਪੇਸ਼ ਕਰਦਾ ਹੈ।




'ਲਾਹੌਰ' ਵੀਡੀਓ ਦੀਪ ਸਿੱਧੂ ਦਾ ਯਾਦਗਾਰੀ ਗੀਤ ਹੋਏਗਾ । ਉਸ ਦੀ ਬੇਮਿਸਾਲ ਮੌਜੂਦਗੀ ਅਤੇ ਪ੍ਰਦਰਸ਼ਨ ਸੰਗੀਤ ਦੀ ਦੁਨੀਆ ਵਿੱਚ ਬੜਾ ਨਾਮਣਾ ਖੱਟੇਗਾ।

ਸਾਗਾ ਮਿਊਜ਼ਿਕ ਦਾ ਪੰਜਾਬੀ ਮੂਵੀ ਅਤੇ ਸੰਗੀਤ ਉਦਯੋਗ ਵਿੱਚ ਵਿਸ਼ਾਲ ਕੈਟਾਲਾਗ ਅਤੇ ਯੋਗਦਾਨ ਇਸਦੀ ਵਚਨਬੱਧਤਾ ਅਤੇ ਸ਼ਰਧਾ ਲਈ ਬਹੁਤ ਕੁਝ ਦਰਸਾਉਂਦਾ ਹੈ। ਸਾਗਾ ਸੰਗੀਤ ਅਤੇ ਸੁਮੀਤ ਸਿੰਘ ਇੱਕ ਸੈਕੰਡ ਵਿੱਚ ਉਤਸ਼ਾਹੀ, ਪਰਦੇ ਵਿੱਚ ਛੁਪੀ ਪ੍ਰਤਿਭਾ ਅਤੇ ਸ਼ਾਨਦਾਰ ਟਰੈਕਾਂ ਨੂੰ ਸਾਹਮਣੇ ਲਿਆਉਣ ਲਈ ਜਾਣੇ ਜਾਂਦੇ ਹਨ। ਇਸ ਵਾਰ, ਸਾਗਾ ਮਿਊਜ਼ਿਕ ਆਪਣੇ ਦਿਲ ਨੂੰ ਛੂਹਣ ਵਾਲੇ ਸਿੰਗਲ ਟ੍ਰੈਕ 'ਲਾਹੌਰ' ਨਾਲ਼ ਘਰ-ਘਰ ਧਮਾਲ ਮਚਾਉਣ ਲਈ ਤਿਆਰ ਹੈ। 'ਲਾਹੌਰ' ਕੋਈ ਗੀਤ ਨਹੀਂ ਸਗੋਂ ਭਾਈਚਾਰਾ, ਦੋਸਤੀ, ਪਿਆਰ ਅਤੇ ਸ਼ਾਂਤੀ ਨਾਲ਼ ਭਰੀ ਗਾਥਾ ਹੈ। ਇਹ ਗੀਤ ਦੋ ਦੋਸਤਾਂ 'ਤੇ ਆਧਾਰਿਤ ਹੈ ਜੋ ਵੰਡ ਅਤੇ ਇਸ ਤੋਂ ਬਾਅਦ ਵਾਪਰੀ ਭਿਆਨਕ ਘਟਨਾ ਦੌਰਾਨ ਵੱਖ ਹੋ ਗਏ ਸਨ। ਲੱਖਾਂ ਮੁਸਲਮਾਨਾਂ ਨੇ ਪੱਛਮ ਅਤੇ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼ ਵਜੋਂ ਜਾਣਿਆ ਜਾਂਦਾ ਹੈ) ਵੱਲ ਪੈਦਲ ਯਾਤਰਾ ਕੀਤੀ ਜਦੋਂ ਕਿ ਲੱਖਾਂ ਹਿੰਦੂ ਅਤੇ ਸਿੱਖ ਉਲਟ ਦਿਸ਼ਾ ਵੱਲ ਚਲੇ ਗਏ। ਸੈਂਕੜੇ, ਹਜ਼ਾਰਾਂ ਲੋਕ ਸਦਾ ਲਈ ਵਿੱਛੜ ਗਏ। ਬਿਨਾਂ ਸ਼ੱਕ, ਦੰਗਿਆਂ ਨੇ ਦੋਹਾਂ ਭਾਈਚਾਰਿਆਂ ਵਿਚਕਾਰ ਬੜਾ ਖ਼ੂਨ ਖ਼ਰਾਬਾ ਵੀ ਪੈਦਾ ਕੀਤਾ।

ਅੱਜ, ਸੰਗੀਤ ਵੀਡੀਓਜ਼ ਲਘੂ ਫ਼ਿਲਮਾਂ ਦਾ ਰੂਪ ਲੈ ਰਹੇ ਹਨ। ਸਮਾਨ ਰੂਪ ਵਿੱਚ ਦਿਲਕਸ਼ ਗੀਤਾਂ ਰਾਹੀਂ ਖਿੱਚ ਭਰਪੂਰ ਕਹਾਣੀਆਂ ਵੇਖਣਾ ਤੇ ਮਾਨਣਾ ਦੇਖਣ ਦੇ ਇੱਕ ਸ਼ਾਨਦਾਰ ਤਜ਼ਰਬੇ ਤੋਂ ਘੱਟ ਨਹੀਂ ਹੁੰਦਾ। 'ਲਾਹੌਰ' ਦੀ ਪੇਸ਼ਕਸ਼ ਹਰ ਭਾਰਤੀ ਦੇ ਦਿਲ ਨੂੰ ਟੁੰਬੇਗੀ ।

ਗਾਇਕ ਤੇ ਕਲਾਕਾਰ ਦਿਲਰਾਜ ਗਰੇਵਾਲ ਨੇ ਕਿਹਾ, 'ਲਾਹੌਰ' ਸਿਰਫ਼ ਇੱਕ ਗੀਤ ਹੀ ਨਹੀਂ, ਸਗੋਂ ਪਿਆਰ, ਦੋਸਤੀ ਅਤੇ ਸ਼ਾਂਤੀ ਦੀ ਦਿਲ ਨੂੰ ਛੂਹ ਲੈਣ ਵਾਲੀ ਕਹਾਣੀ ਹੈ। ਇਸ ਵਿੱਚ ਕਿਸੇ ਵਿਅਕਤੀ ਦੇ ਨਿੱਜੀ ਨੁਕਸਾਨ ਦੇ ਜਜ਼ਬਾਤ ਨੂੰ ਦਰਸਾਇਆ ਗਿਆ ਹੈ। ਜੇਕਰ ਇਹ ਦੇਸ਼ ਵੰਡ ਨਾ ਹੁੰਦੀ ਤਾਂ ਹਾਲਾਤ ਹੋਰ ਬਿਹਤਰ ਹੁੰਦੇ। ਰਿਸ਼ਤੇ ਬਿਹਤਰ ਹੁੰਦੇ। ਪਰ ਅਜਿਹਾ ਨਹੀਂ ਹੋਇਆ। 'ਲਾਹੌਰ' ਇੱਕ ਅਜਿਹੀ ਦਰਦ ਭਰੀ ਆਵਾਜ਼ ਹੈ ਜੋ ਤੁਹਾਡੇ ਦਿਲ ਨੂੰ ਝੰਜੋੜ ਦੇਵੇਗੀ।

ਸਾਗਾ ਮਿਊਜ਼ਿਕ ਦੇ ਬੈਨਰ ਹੇਠ ਰੀਲੀਜ਼ ਹੋਏ ਇਸ ਮਾਸਟਰਪੀਸ ਦਾ ਨਿਰਮਾਣ ਅਤੇ ਕਲਪਨਾ ਇਸ ਦੇ ਮਾਲਕ ਸੁਮੀਤ ਸਿੰਘ ਦੀ ਹੈ। ਜਦੋਂ ਇਸ ਟ੍ਰੈਕ ਬਾਰੇ ਪੁੱਛਿਆ ਗਿਆ ਤਾਂ ਉਨਾਂ ਕਿਹਾ, 'ਵੰਡ ਨੇ ਸਾਡੇ ਹਰ ਇੱਕ ਦੇ ਦਿਲ ਨੂੰ ਦੁਖੀ ਕੀਤਾ ਹੈ। ਸਾਡੇ ਕੋਲ਼ ਵਿਭਿੰਨ ਭਾਵਨਾਵਾਂ ਦਾ ਇੱਕ ਸਮੂਹ ਹੈ ਜੋ ਜਦੋਂ ਅਸੀਂ ਵੰਡ ਬਾਰੇ ਸੋਚਦੇ ਹਾਂ ਤਾਂ ਸਾਡੇ ਦਿਲਾਂ ਅਤੇ ਦਿਮਾਗ਼ਾਂ ਵਿੱਚ ਹਲਚਲ ਪੈਦਾ ਹੁੰਦੀ ਹੈ। ਹਾਲਾਂਕਿ ਇਸ ਗੀਤ ਦੇ ਨਾਲ਼ ਮੈਂ ਸਿਰਫ਼ ਇਹ ਸੰਚਾਰ ਕਰਨਾ ਚਾਹੁੰਦਾ ਹਾਂ ਕਿ ਪਿਆਰ ਅਤੇ ਦੋਸਤੀ ਕੋਈ ਸੀਮਾਵਾਂ ਨਹੀਂ ਜਾਣਦੀ। ਅੰਤ ਵਿੱਚ ਮਨੁੱਖਤਾ ਹੀ ਇੱਕੋ-ਇੱਕ ਧਰਮ ਹੁੰਦਾ ਜਿਸ ਦੀ ਸਾਨੂੰ ਸਾਰਿਆਂ ਨੂੰ ਪਾਲਣਾ ਕਰਨੀ ਚਾਹੀਦੀ ਹੈ। ਭਾਰੀ ਅਵਾਜ਼ ਵਿੱਚ, ਉਨਾਂ ਅੱਗੇ ਕਿਹਾ, 'ਦੀਪ ਸਿੱਧੂ ਅਤੇ ਦਿਲਰਾਜ ਗਰੇਵਾਲ ਵਰਗੀਆਂ ਨੌਜਵਾਨ ਪ੍ਰਤਿਭਾਵਾਂ ਨੂੰ ਸੱਚਾਈ ਅਤੇ ਸੰਜੀਦਗੀ ਨਾਲ਼ ਆਪਣੀ ਕੌਮ ਅਤੇ ਆਪਣੇ ਭਾਈਚਾਰੇ ਨਾਲ਼ ਖੜੇ ਦੇਖ ਕੇ ਬਹੁਤ ਖ਼ੁਸ਼ੀ ਹੁੰਦੀ ਹੈ।'

# ਪੰਜਾਬ ਦਾ ਲੋਕ-ਸੰਗੀਤ



**ਅਜੈਪਾਲ ਸਿੰਘ ਚਵਿੰਡਾ**
**9464265464**

ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੁੰਦਾ ਹੈ ਕਿ ਲੋਕ-ਸੰਗੀਤ ਦਾ ਸਿੱਧਾ ਸੰਬੰਧ ਲੋਕਾਂ ਨਾਲ਼ ਹੈ। ਅਜਿਹਾ ਸੰਗੀਤ ਜੋ ਸਾਰੇ ਲੋਕਾਂ ਦੁਆਰਾ ਉਤਪੰਨ ਹੋਵੇ, ਲੋਕਾਂ ਦੇ ਨਿੱਤਪ੍ਰਤੀ ਜੀਵਨ ਵਿੱਚ ਉਪਯੋਗੀ ਹੋਵੇ, ਲੋਕਾਂ ਦੀ ਸਧਾਰਨ ਬੋਲਚਾਲ ਦੀ ਭਾਸ਼ਾ ਵਿੱਚ ਹੋਵੇ ਅਤੇ ਲੋਕਾਂ ਦੀਆਂ ਭਾਵਨਾਵਾਂ ਦਾ ਸਹਿਜ ਪ੍ਰਗਟਾਵਾ ਕਰਦਾ ਹੋਵੇ, ਉਹ ਲੋਕ-ਸੰਗੀਤ ਕਹਾਉਂਦਾ ਹੈ। ਮਨੁੱਖ ਇੱਕ ਭਾਵਨਾਸ਼ੀਲ ਪ੍ਰਾਣੀ ਹੈ ਅਤੇ ਸੁਭਾਅ ਤੋਂ ਹੀ ਆਪਣੀਆਂ ਭਾਵਨਾਵਾਂ ਜਾਂ ਅੰਤਰਿਕ ਉਦਗਾਰਾਂ ਨੂੰ ਦੂਜਿਆਂ ਦੇ ਸਾਹਮਣੇ ਪ੍ਰਗਟਾਉਣ ਦੀ ਇੱਛਾ ਰੱਖਦਾ ਹੈ। ਆਪਣੇ ਆਲੇ-ਦੁਆਲੇ ਉਹ ਜੋ ਅਨੁਭਵ ਕਰਦਾ ਹੈ, ਉਸ ਨੂੰ ਸਹਿਜ ਰੂਪ ਵਿੱਚ ਵਾਣੀ ਦੁਆਰਾ ਪ੍ਰਗਟਾਉਂਦਾ ਹੈ। ਵਾਣੀ ਦੁਆਰਾ ਇਸੇ ਭਾਵ ਪ੍ਰਗਟਾਵੇ ਤੋਂ ਗੀਤਾਂ ਦਾ ਜਨਮ ਹੁੰਦਾ ਹੈ। ਜਦੋਂ ਇਹੋ ਗੀਤ ਮਾਨਵ ਦੀ ਸਹਿਜ ਪ੍ਰਵਿਰਤੀ ਤੋਂ ਉਤਪੰਨ ਹੋ ਕੇ ਸਰਲ ਸਵਰ ਅਤੇ ਸ਼ਬਦ ਰਚਨਾ ਦਾ ਰੂਪ ਧਾਰਨ ਕਰ ਲੈਂਦੇ ਹਨ ਤਾਂ ਉਹ ਲੋਕ-ਸੰਗੀਤ ਕਹਾਉਂਦੇ ਹਨ।

ਲੋਕ-ਗੀਤ, ਨਾਚ-ਗੀਤ, ਨਾਟ-ਗੀਤ, ਕਥਾ-ਗੀਤ, ਗ੍ਰਾਮੀਣ-ਗੀਤ, ਵਰਤ ਅਤੇ ਤਿਉਹਾਰ ਦੇ ਗੀਤ ਮੇਲੇ ਤੇ ਉਤਸਵਾਂ ਦੇ ਗੀਤ ਵਿਆਹ ਆਦਿ ਸੰਸਕਾਰਾਂ ਦੇ ਸਮੇਂ ਗਾਏ ਜਾਣ ਵਾਲੇ ਗੀਤ ਅਤੇ ਉਹ ਸਾਰੇ ਗੀਤ ਜੋ ਸ਼ਾਸਤਰੀ ਨਿਯਮਾਂ ਦੇ ਬੰਧਨ ਤੋਂ ਮੁਕਤ ਹੋਣ, ਲੋਕ ਗੀਤਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ।

**ਲੋਕ-ਸੰਗੀਤ ਦੀ ਉਤਪਤੀ**

ਲੋਕ ਗੀਤ ਆਪਣੇ ਆਪ ਬਣਦੇ ਜਾਂਦੇ ਹਨ। ਜੀਵਨ ਦੇ ਹਰ ਉਤਸਵ ਨਾਲ਼ ਸੰਬੰਧਿਤ ਗੀਤਾਂ ਦੀ ਰਚਨਾ ਆਪ ਮੁਹਾਰੇ ਹੁੰਦੀ ਰਹਿੰਦੀ ਹੈ। ਲੋਕ-ਸੰਗੀਤ ਦੀ ਉਤਪਤੀ ਕਰੋੜਾਂ ਵਰੇ ਪੂਰਵ ਮਾਨਵ ਦੁਆਰਾ ਹੋਈ। ਗੀਤਾਂ ਦੇ ਨਿਰਮਾਣ ਤੋਂ ਬਾਅਦ ਕੁਝ ਖ਼ਾਸ ਵਿਅਕਤੀਆਂ ਦੁਆਰਾ ਉਹਨਾਂ ਦੀ ਸੁਰ ਰਚਨਾ ਤਿਆਰ ਕੀਤੀ ਗਈ। ਕੁਝ ਗੀਤਾਂ ਦੀਆਂ ਧੁਨਾਂ ਇੰਨੀਆਂ ਪ੍ਰਭਾਵਸ਼ਾਲੀ ਸਨ ਜਿਸਨੇ ਕਿਸੇ ਵਿਸ਼ੇਸ਼ ਵਿਅਕਤੀ ਨੂੰ ਪ੍ਰਭਾਵਿਤ ਕੀਤਾ। ਜਿਸਨੇ ਉਸਨੂੰ ਸ਼ਾਸਤਰ ਦਾ ਰੂਪ ਪ੍ਰਦਾਨ ਕਰਕੇ ਉਸ ਤੇ ਆਧਾਰਿਤ ਸੰਗੀਤ ਦੇ ਵਿਕਸਿਤ ਰੂਪ ਨੂੰ ਸ਼ਾਸਤਰੀ ਸੰਗੀਤ ਦਾ ਨਾਮ ਦਿੱਤਾ। ਸ਼ਾਸਤਰੀ ਸੰਗੀਤ ਨੂੰ ਲੋਕ-ਸੰਗੀਤ ਦਾ ਵਿਕਸਿਤ ਰੂਪ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਸਦੀਆਂ ਤੋਂ ਦੋਵੇਂ ਆਪਣੀ-ਆਪਣੀ ਨਿਵੇਕਲੀ ਪਹਿਚਾਣ ਬਣਾਈ ਰੱਖ ਕੇ ਚਲੇ ਆ ਰਹੇ ਹਨ। ਜਿਵੇਂ ਕਿਸੇ ਮਜਦੂਰ ਨੂੰ ਡਾਕਟਰ ਦੀ ਪੁਸ਼ਾਕ ਪਹਿਨਾ ਦਿੱਤੀ ਜਾਵੇ ਅਤੇ ਡਾਕਟਰ ਦੇ ਸਥਾਨ 'ਤੇ ਵੀ ਬਿਠਾ ਦਿੱਤਾ ਜਾਵੇ, ਵੇਖਣ ਨੂੰ ਤਾਂ ਉਹ ਡਾਕਟਰ ਲੱਗੇਗਾ ਪਰ ਗੱਲਬਾਤ ਵਿੱਚ ਉਸਦੇ ਗੁਣ ਪ੍ਰਗਟ ਹੋਣ ਤੋਂ ਨਹੀਂ ਰਹਿਣਗੇ। ਉਸਦੀ ਅਸਲੀਅਤ ਛੁਪੀ ਨਹੀਂ ਰਹਿ ਸਕਦੀ। ਜਿਵੇਂ ਸ਼ਹਿਰਾਂ ਅਤੇ ਪਿੰਡਾਂ ਦਾ ਸੱਭਿਆਚਾਰ ਵੱਖਰਾ ਹੈ। ਇਸੇ ਤਰਾਂ ਲੋਕ-ਸੰਗੀਤ ਅਤੇ ਸ਼ਾਸਤਰੀ ਸੰਗੀਤ ਵਿੱਚ ਵੀ ਭੇਦ ਹੈ ਜੋ ਇੱਕ ਦੂਸਰੇ ਤੋਂ ਵੱਖਰਾ ਕਰਦੇ ਹਨ।

**ਲੋਕ-ਸੰਗੀਤ ਦੀ ਸ਼ਾਸਤਰੀ ਸੰਗੀਤ ਨੂੰ ਦੇਣ**

ਕਈ ਵਿਦਵਾਨਾਂ ਦਾ ਮੱਤ ਹੈ ਕਿ ਲੋਕ-ਸੰਗੀਤ ਸ਼ਾਸਤਰੀ ਸੰਗੀਤ ਦੀ ਜਣਨੀ ਹੈ। ਕਈ ਰਾਗ ਜਿਵੇਂ ਮੁਲਤਾਨੀ, ਭੁਪਾਲੀ, ਪਹਾੜੀ, ਕਾਫ਼ੀ, ਤਿਲੰਗ, ਖ਼ਮਾਜ਼, ਮਾਂਡ, ਆਸਾ, ਸ਼ਿਵਰੰਜਨੀ ਆਦਿ ਲੋਕ-ਸੰਗੀਤ ਦੀ ਹੀ ਦੇਣ ਹਨ। ਪਰ ਇਹ ਦਲੀਲ ਸੌ ਫ਼ੀਸਦੀ ਸਹੀ ਨਹੀਂ ਹੈ, ਕਿਉਂਕਿ ਹਰੇਕ ਲੋਕ ਗੀਤ ਦੀ ਤਰਜ਼ ਵਿੱਚ ਚਾਰ-ਪੰਜ ਸੁਰ ਜ਼ਰੂਰ ਲੱਗਦੇ ਹਨ। ਉਹ ਸੁਰ ਕਿਸੇ ਨਾ ਕਿਸੇ ਰਾਗ ਵਿੱਚ ਪ੍ਰਯੋਗ ਹੁੰਦੇ ਹਨ। ਲੋਕ ਗੀਤਾਂ ਵਿੱਚ ਗ੍ਰਾਮੀਣ ਜਨਤਾ ਦੀ ਨਿਤਪ੍ਰਤੀ ਦੀਆਂ ਕਿਰਿਆਵਾਂ ਦਾ ਵਰਣਨ ਹੁੰਦਾ ਹੈ ਜਿਵੇਂ ਖੂਹ ਤੋਂ ਪਾਣੀ ਭਰਨਾ, ਚਰਖਾ ਕੱਤਣਾ, ਫ਼ਸਲ ਕੱਟਣੀ ਜਾਂ ਬੀਜਣੀ, ਹਲ਼ ਵਾਹੁਣਾ, ਵਿਆਹ ਸ਼ਾਦੀ ਦੇ ਗੀਤ, ਬਰਾਦਰੀ ਮਿਲਣੀ, ਸਿੱਠਣੀਆਂ, ਸੁਹਾਗ, ਡੋਲੀ ਦੀ ਵਿਦਾਈ ਦੇ ਗੀਤ ਆਦਿ ਦਾ ਉਲੇਖ ਹੁੰਦਾ ਹੈ।

ਲੋਕ ਗੀਤ ਪੂਰਨ ਰੂਪ ਵਿੱਚ ਸੁਖ ਦੇਣ ਵਾਲੇ ਜਾਂ ਆਨੰਦ ਪ੍ਰਦਾਨ ਕਰਨ ਵਾਲੇ ਹੁੰਦੇ ਹਨ। ਇਹਨਾਂ ਵਿੱਚ ਕਿਸੇ ਬਾਹਰੀ ਅਡੰਬਰ ਦੀ ਜ਼ਰੂਰਤ ਨਹੀਂ ਹੁੰਦੀ, ਇਸ ਲਈ ਇਹ ਦਿਲ ਦੀਆਂ ਗਹਿਰਾਈਆਂ ਨੂੰ ਛੂਹ ਜਾਂਦੇ ਹਨ। ਲੋਕ ਗੀਤ ਕਿਸੇ ਸਾਜ਼ ਤੋਂ ਬਿਨਾਂ ਵੀ ਪ੍ਰਭਾਵਸ਼ਾਲੀ ਲੱਗਦੇ ਹਨ, ਜਿਵੇਂ ਆਟੇ ਦੀ ਚੱਕੀ ਦੀ ਘਰਘਰਾਹਟ ਪੇਂਡੂ ਇਸਤਰੀ ਦੇ ਕੋਇਲ ਜਿਹੇ



ਕੰਠ ਨਾਲ਼ ਮਿਲ ਕੇ ਸਾਜ਼ ਦਾ ਰੂਪ ਧਾਰਨ ਕਰ ਲੈਂਦੀ ਹੈ। ਬੈਲਗੱਡੀ ਚਲਾਉਣ ਵਾਲਾ ਬੈਲਾਂ ਦੀਆਂ ਘੰਟੀਆਂ ਅਤੇ ਖੁਰਾਂ ਦੀ ਅਵਾਜ਼ ਨਾਲ਼ ਆਪਣਾ ਸੁਰ ਮਿਲਾ ਲੈਂਦਾ ਹੈ। ਧੋਬੀ ਕੱਪੜੇ ਦੀ ਫੱਟ-ਫੱਟ ਅਤੇ ਭਾਂਡੇ ਮਾਂਜਣ ਵਾਲੀ ਇਸਤਰੀ ਭਾਂਡਿਆਂ ਦੀ ਖਣਖਣਾਹਟ ਨੂੰ ਹੀ ਆਪਣੇ ਗੀਤਾਂ ਦਾ ਮਾਧਿਅਮ ਬਣਾ ਲੈਂਦੀ ਹੈ। ਪ੍ਰਕਿਰਤੀ ਦੀ ਸੁੰਦਰਤਾ ਨੂੰ ਦੇਖ ਕੇ, ਅਸਮਾਨ ਤੇ ਛਾਏ ਬੱਦਲਾਂ ਨੂੰ ਦੇਖ ਕੇ ਇੱਕ ਆਮ ਵਿਅਕਤੀ ਵੀ ਝੂਮਦਾ ਅਤੇ ਆਪਣੇ ਮਨ ਦੀ ਮੰਗ ਨੂੰ ਆਪਣੇ ਸਰਲ ਸ਼ਬਦਾਂ ਵਿੱਚ ਸਧਾਰਨ ਧੁਨ ਵਿੱਚ ਅਲਾਪਦਾ ਹੈ। ਧਰਤੀ ਤੇ ਉੱਗੇ ਸੋਨੇ ਨੂੰ ਵੇਖ ਕੇ ਕਿਸਾਨ ਮਸਤ ਹੋ ਜਾਂਦਾ ਹੈ ਅਤੇ ਆਪਣੀ ਮਸਤੀ ਵਿੱਚ ਗਾਉਣ ਲੱਗ ਪੈਂਦਾ ਹੈ। ਕਹਿਣ ਦਾ ਭਾਵ ਹੈ ਕਿ ਲੋਕ-ਸੰਗੀਤ ਮਨ ਦੇ ਉਦਗਾਰਾਂ ਨੂੰ ਸੁਭਾਵਿਕ ਰੂਪ ਵਿੱਚ ਪ੍ਰਗਟ ਕਰਦਾ ਹੈ।

ਲੋਕ-ਸੰਗੀਤ ਦੀਆਂ ਵਿਸ਼ੇਸ਼ਤਾਵਾਂ

1. ਲੋਕ ਧੁਨਾਂ ਆਮ ਤੌਰ 'ਤੇ ਚਾਰ-ਪੰਜ ਸੁਰਾਂ 'ਤੇ ਆਧਾਰਿਤ ਹੁੰਦੀਆਂ ਹਨ।
2. ਇਸਦੀ ਭਾਸ਼ਾ ਜਨ ਸਧਾਰਨ ਦੀ ਆਮ ਵਰਤੋਂ ਵਿੱਚ ਪ੍ਰਯੋਗ ਹੋਣ ਵਾਲੀ ਹੁੰਦੀ ਹੈ।
3. ਹਰੇਕ ਪ੍ਰਾਂਤ, ਖੇਤਰ, ਦੇਸ਼ ਦੇ ਲੋਕ-ਗੀਤ ਉੱਥੋਂ ਦੀ ਪੇਂਡੂ ਬੋਲੀ ਵਿੱਚ ਹੁੰਦੇ ਹਨ।
4. ਲੋਕ-ਸੰਗੀਤ ਲੈਅ ਪ੍ਰਧਾਨ ਹੁੰਦਾ ਹੈ।
5. ਲੋਕ-ਸੰਗੀਤ ਵਿੱਚ ਸਾਜ਼ਾਂ ਦਾ ਪ੍ਰਯੋਗ ਵੀ ਉਸ ਪ੍ਰਾਂਤ ਦੇ ਲੋਕ-ਸਾਜ਼ਾਂ ਦਾ ਹੀ ਕੀਤਾ ਜਾਂਦਾ ਹੈ।
6. ਲੋਕ-ਸੰਗੀਤ ਦੀਆਂ ਧੁਨਾਂ ਬੜੀਆਂ ਸਰਲ ਅਤੇ ਦਿਲ-ਖਿੱਚਵੀਆਂ ਹੁੰਦੀਆਂ ਹਨ।
7. ਲੋਕ-ਸੰਗੀਤ ਵਿੱਚ ਰਾਗ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੁੰਦਾ।

**ਲੋਕ-ਸੰਗੀਤ ਦੀ ਪ੍ਰਕਿਰਤੀ**

ਲੋਕ ਸੰਗੀਤ ਦੀ ਪ੍ਰਕਿਰਤੀ ਸਰਲ ਤੇ ਸੁਭਾਵਿਕ ਹੁੰਦੀ ਹੈ। ਇਹ ਛੇਤੀ ਹੀ ਗ੍ਰਹਿਣ ਹੋ ਜਾਂਦਾ ਹੈ। ਇਸਨੂੰ ਸਿੱਖਣ ਲਈ ਕਿਸੇ ਵਿਸ਼ੇਸ਼ ਯਤਨ ਦੀ ਜ਼ਰੂਰਤ ਨਹੀਂ ਹੁੰਦੀ ਸਗੋਂ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਸੁਭਾਵਿਕ ਰੂਪ ਵਿੱਚ ਪਹੁੰਚਦਾ ਰਹਿੰਦਾ ਹੈ। ਲੋਕ-ਸੰਗੀਤ ਵਿੱਚ ਸਖ਼ਤ ਨਿਯਮ ਨਹੀਂ ਹੁੰਦੇ ਹਾਲਾਂਕਿ ਇਹਨਾਂ ਗੀਤਾਂ ਅਤੇ ਗਾਇਨ ਸ਼ੈਲੀਆਂ ਦੇ ਵੀ ਨਿਯਮ ਅਤੇ ਸਿਧਾਂਤ ਹਨ ਜਿਨਾਂ ਦੀ ਵਰਤੋਂ ਜ਼ਰੂਰੀ ਮੰਨੀ ਜਾਂਦੀ ਹੈ ਜਿਵੇਂ ਹੀਰ ਦੀ ਧੁਨ ਵਿੱਚ ਮਿਰਜ਼ਾ ਨਹੀਂ ਗਾਇਆ ਜਾ ਸਕਦਾ। ਇਹ ਗੱਲ ਵੱਖਰੀ ਹੈ ਕਿ ਇਹ ਸ਼ੈਲੀਆਂ ਬੜੀਆਂ ਸਰਲ ਅਤੇ ਸੌਖੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਇਨਾਂ ਦੇ ਨਿਯਮਾਂ ਦੀ ਪਾਲਣਾ ਸੁਭਾਵਿਕ ਹੀ ਹੋ ਜਾਂਦੀ ਹੈ।

ਲੋਕ-ਸੰਗੀਤ ਦੇ ਪ੍ਰਕਾਰ

ਸ਼ਾਸਤਰੀ ਸੰਗੀਤ ਵਾਂਗ ਲੋਕ-ਸੰਗੀਤ ਵਿੱਚ ਵੀ ਲੋਕ-ਗੀਤ, ਲੋਕ-ਧੁਨਾਂ ਅਤੇ ਲੋਕ-ਨਾਚ ਤਿੰਨ ਪ੍ਰਕਾਰ ਮਿਲਦੇ ਹਨ। ਇਸ ਤਰਾਂ ਅਸੀਂ ਕਹਿ ਸਕਦੇ ਹਾਂ ਕਿ ਲੋਕ-ਸੰਗੀਤ ਲੋਕ-ਗੀਤਾਂ, ਲੋਕ-ਧੁਨਾਂ ਅਤੇ ਲੋਕ-ਨਾਚਾਂ ਦਾ ਸਮੂਹ ਹੈ।

**ਬਾਕੀ ਸਫ਼ਾ 30 'ਤੇ**

# 76 ਸਾਲਾਂ ਹਬੀਬ ਦੀ ਤਾਂਘ, "ਮੈਂ ਫਿਰ ਤੋਂ ਭਰਾ ਨੂੰ ਜੱਫੀ ਪਾਵਾਂ"

## 47 ਦੀ ਦੇਸ਼ -ਵੰਡ ਸਮੇਂ ਵਿਛੜੇ ਦੋ ਭਰਾ ਹਬੀਬ ਤੇ ਸਦੀਕ ਮਿਲੇ ਕਰਤਾਰਪੁਰ ਸਾਹਿਬ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ 74 ਸਾਲ ਬਾਅਦ ਆਪਸ ਵਿੱਚ ਵਿਛੜੇ ਭਰਾਵਾਂ ਦਾ ਮੇਲ ਪਿਛਲੇ ਦਿਨੀਂ ਕਰਤਾਰਪੁਰ ਸਾਹਿਬ ਵਿਖੇ ਹੋਇਆ ਹੈ। ਦੋਵੇਂ ਭਰਾ ਇੱਕ ਦੂਜੇ ਦੇ ਗਲ ਲੱਗ ਕੇ ਆਪਣੇ ਅੱਥਰੂ ਰੋਕ ਨਾ ਸਕੇ ਤੇ ਫੁੱਟ-ਫੁੱਟ ਕੇ ਰੋਏ। ਦੋਵਾਂ ਭਰਾਵਾਂ ਦਾ ਜੱਦੀ ਪਿੰਡ ਮੋਗਾ ਜ਼ਿਲੇ ਵਿੱਚ ਸੀ ਅਤੇ ਵੰਡ ਤੋਂ ਪਹਿਲਾਂ ਸਿੱਕਾ ਖ਼ਾਨ (ਹਬੀਬ) ਆਪਣੀ ਮਾਂ ਦੇ ਨਾਲ਼ ਬਠਿੰਡਾ ਜ਼ਿਲੇ ਦੇ ਪਿੰਡ ਫੁੱਲਵਾਲਾ ਨਾਨਕੇ ਪਿੰਡ ਆਇਆ ਹੋਇਆ ਸੀ।

ਜਨਵਰੀ 2022 ਦੇ ਦੂਜੇ ਹਫ਼ਤੇ ਇਨਾਂ ਦੋਵਾਂ ਭਰਾਵਾਂ ਦਾ ਕਰਤਾਰਪੁਰ ਸਾਹਿਬ ਮੇਲ ਹੋਇਆ ਸੀ। ਵੰਡ ਦੌਰਾਨ ਹੋਈ ਕਤਲੋਗ਼ਾਰਤ ਵਿੱਚ ਇਨਾਂ ਦੇ ਪਿਤਾ ਦੀ ਮੌਤ ਹੋ ਗਈ ਸੀ। ਅੱਧਾ ਪਰਿਵਾਰ (ਭਰਾ ਅਤੇ ਭੈਣ) ਪਾਕਿਸਤਾਨ ਚਲੇ ਗਏ ਤੇ ਸਿੱਕਾ ਖ਼ਾਨ ਅਤੇ ਉਸ ਦੀ ਮਾਤਾ ਫੁੱਲਾਂਵਾਲ ਪਿੰਡ ਵਿੱਚ ਹੀ ਰਹਿ ਗਏ। ਬਾਅਦ ਵਿੱਚ ਸਿੱਕਾ ਖ਼ਾਨ ਦੀ ਮਾਂ ਵੰਡ ਕਾਰਨ ਵਿਛੜੇ ਪਰਿਵਾਰ ਦੇ ਕਾਰਨ ਮਾਨਸਿਕ ਸੰਤੁਲਨ ਗੁਆ ਬੈਠੀ ਤੇ ਖ਼ੁਦਕੁਸ਼ੀ ਕਰ ਲਈ। ਇਸ ਤੋਂ ਬਾਅਦ ਸਿੱਕਾ ਖ਼ਾਨ ਦਾ ਪਾਲਣ-ਪੋਸ਼ਣ ਉਨਾਂ ਦੇ ਮਾਮੇ ਅਤੇ ਪਿੰਡ ਫੁੱਲਾਂਵਾਲ ਦੇ ਲੋਕਾਂ ਨੇ ਕੀਤਾ। ਪਿੰਡ ਵਾਲੇ ਸਿੱਕਾ ਖ਼ਾਨ ਨੂੰ 'ਸਿੱਕੇ' ਕਹਿ ਕੇ ਬੁਲਾਉਂਦੇ ਹਨ। ਜਗਸੀਰ ਸਿੰਘ ਉਹ ਵਿਅਕਤੀ ਹੈ ਜਿਸ ਨੇ ਸਿੱਕਾ ਖ਼ਾਨ ਦਾ ਮੇਲ ਉਨਾਂ ਦੇ ਪਾਕਿਸਤਾਨ ਰਹਿੰਦੇ ਪਰਿਵਾਰ ਨਾਲ਼ ਕਰਵਾਇਆ ਹੈ। ਸਿੱਕਾ ਖ਼ਾਨ ਕੋਲ਼ ਫ਼ੋਨ ਨਾ ਹੋਣ ਕਰਕੇ ਪਿੰਡ ਦੇ ਲੋਕਾਂ ਦੇ ਫ਼ੋਨ ਉੱਤੇ ਹੀ ਉਹ ਆਪਣੇ ਭਰਾ ਨਾਲ਼ ਗੱਲਬਾਤ ਕਰਦੇ ਹਨ।

ਸਿੱਕਾ ਖ਼ਾਨ ਮੰਜੇ ਉੱਤੇ ਬੈਠ ਕੇ ਫ਼ੋਨ ਸੁਣਨ ਲੱਗਦੇ ਹਨ। ਦੋਵੇਂ ਰਸਮੀ ਹਾਲ ਚਾਲ ਪੁੱਛਦੇ ਹਨ, ਇਸ ਤੋਂ ਬਾਅਦ ਪਾਕਿਸਤਾਨ ਰਹਿੰਦੇ ਸਦੀਕ ਖ਼ਾਨ (ਵੱਡੇ ਭਰਾ) ਨੇ ਪੁੱਛਿਆ ਅੰਮੀ ਨੂੰ ਕੀ ਹੋਇਆ ਸੀ, ਤਾਂ ਸਿੱਕਾ ਖ਼ਾਨ ਆਖਦੇ ਹਨ ਕਿ ਉਸ ਨੇ ਨਹਿਰ ਵਿੱਚ ਛਾਲ ਮਾਰ ਦਿੱਤੀ ਸੀ। ਇਸ ਤੋਂ ਬਾਅਦ ਸਦੀਕ ਕਹਿੰਦੇ ਹਨ ਕਿ 'ਲਾਸ਼ ਮਿਲ ਗਈ ਸੀ ?', ਤਾਂ ਸਿੱਕਾ ਖ਼ਾਨ ਦੱਸਦੇ ਹਨ ਕਿ 'ਨਹੀਂ'। ਦੋਵੇਂ ਕੁਝ ਸਮੇਂ ਲਈ ਚੁੱਪ ਹੋ ਜਾਂਦੇ ਹਨ ਤੇ ਫਿਰ ਸਿੱਕਾ ਖ਼ਾਨ ਆਪਣੇ ਪਿਤਾ ਅਤੇ ਭੈਣ ਬਾਰੇ ਪੁੱਛਦੇ ਹਨ, ਸਦੀਕ ਖ਼ਾਨ ਦੱਸਦੇ ਹਨ ਕਿ ਪਿਤਾ ਪਿੰਡ ਛੱਡਣ ਸਮੇਂ ਹੋਏ ਫ਼ਸਾਦ ਵਿੱਚ ਮਾਰੇ ਗਏ ਸੀ ਅਤੇ ਭੈਣ ਦੀ ਮੌਤ ਪਾਕਿਸਤਾਨ ਵਿੱਚ ਬੀਮਾਰੀ ਕਾਰਨ ਹੋ ਗਈ ਸੀ।

ਅਚਾਨਕ ਸਿੱਕਾ ਖ਼ਾਨ ਸਦੀਕ ਨੂੰ ਕਹਿੰਦੇ ਹਨ, 'ਹੌਂਸਲਾ ਰੱਖ ਕੋਈ ਨਾ ਛੇਤੀ ਮਿਲਦੇ ਹਾਂ'। ਸਦੀਕ ਉਸਨੂੰ ਪਾਕਿਸਤਾਨ ਆਉਣ ਲਈ ਆਖਦੇ ਹਨ ਤਾਂ ਸਿੱਕਾ ਖ਼ਾਨ ਜਵਾਬ ਦਿੰਦੇ ਹਨ, 'ਦਿਲ ਤਾਂ ਬਹੁਤ ਕਰਦਾ ਹੈ ਪਰ ਵੀਜ਼ਾ ਮਿਲਣ ਤੋਂ ਬਾਅਦ ਹੀ ਗੇੜਾ ਲੱਗੇਗਾ। ਆਖ਼ਰ ਉਹ ਕਹਿੰਦੇ ਹਨ, 'ਬਹੁਤ ਗੱਲਾਂ ਨੇ ਕਰਨ ਵਾਲੀਆਂ ਹਨ ਜਦੋਂ ਮਿਲਾਂਗੇ ਤਾਂ ਕਰਾਂਗੇ।' ਇਸ ਤੋਂ ਬਾਅਦ ਫ਼ੋਨ ਕੱਟ ਦਿੱਤਾ ਜਾਂਦਾ ਹੈ। ਗੱਲਬਾਤ ਤੋਂ ਬਾਅਦ ਉਹ ਦੱਸਦੇ ਹਨ ਹੈ ਕਿ ਸਰਕਾਰ ਮੇਰੇ ਵਰਗੇ ਵਿੱਛੜੇ ਪਰਿਵਾਰਾਂ ਨੂੰ ਮਿਲਣ ਲਈ ਵੀਜ਼ਾ ਦੇਵੇ। ਉਹ ਕਹਿੰਦੇ ਹਨ, 'ਮੇਰੀ ਇੱਛਾ ਇਹ ਹੈ ਕਿ ਮੈਂ ਫਿਰ ਤੋਂ ਭਰਾ ਨੂੰ ਜੱਫੀ ਪਾਵਾਂ।' 76 ਸਾਲਾ ਸਿੱਕਾ ਖ਼ਾਨ ਨੇ ਦੱਸਿਆ ਕਿ ਫੁੱਲਾਂਵਾਲ ਪਿੰਡ ਦੇ ਲੋਕਾਂ ਨੇ ਉਸ ਨੂੰ ਪਾਲਿਆ ਹੈ। ਸਾਰੀ ਉਮਰ ਮਿਹਨਤ ਮਜ਼ਦੂਰੀ ਕੀਤੀ ਹੈ ਪਰ ਹੁਣ ਬਜ਼ੁਰਗ ਹੋਣ ਕਰ ਕੇ ਕੰਮ



ਨਹੀਂ ਹੁੰਦਾ। ਉਹ ਦੱਸਦੇ ਹਨ ਕਿ ਦੇਸ਼ ਦੀ ਵੰਡ ਨੇ ਉਨਾਂ ਦੀ ਜ਼ਿੰਦਗੀ ਕਿਵੇਂ ਬਦਲੀ ਉਹ ਸੁਣਨ ਵਾਲੇ ਨੂੰ ਭਾਵੁਕ ਕਰ ਦਿੰਦੀ ਹੈ। ਇੰਨਾ ਕੁਝ ਹੋਣ ਦੇ ਬਾਵਜੂਦ ਸਿੱਕਾ ਖ਼ਾਨ ਹੌਸਲੇ ਵਿੱਚ ਹਨ ਅਤੇ ਕਦੇ ਵੀ ਉਦਾਸ ਹੋਣ ਵਾਲੀ ਗੱਲ ਨਹੀਂ ਕਰਦੇ ਅਤੇ ਨਾ ਕੋਈ ਸ਼ਿਕਵਾ।

ਕਰਤਾਰਪੁਰ ਵਿੱਚ ਦੋਵਾਂ ਭਰਾਵਾਂ ਦੀ ਮੁਲਾਕਾਤ ਦੇ ਗਵਾਹ ਫੁੱਲਾਂਵਾਲ ਪਿੰਡ ਦੇ ਜਗਸੀਰ ਸਿੰਘ ਨੇ ਦੱਸਿਆ ਕਿ ਫ਼ੋਨ ਉੱਤੇ ਤਾਂ ਦੋਵੇਂ ਭਰਾ ਦੋ ਸਾਲਾਂ ਤੋਂ ਗੱਲ ਕਰ ਰਹੇ ਸਨ ਪਰ ਵਿਅਕਤੀਗਤ ਮੁਲਾਕਾਤ 10 ਜਨਵਰੀ ਨੂੰ ਹੋਈ। ਉਨਾਂ ਦੱਸਿਆ ਕਿ ਸਿੱਕਾ ਖ਼ਾਨ ਸਮੇਤ ਪਿੰਡ ਦੇ 13 ਵਿਅਕਤੀ ਕਰਤਾਰਪੁਰ ਸਾਹਿਬ ਵਿਖੇ ਗਏ ਸਨ। ਉਨਾਂ ਨੇ ਦੱਸਿਆ ਕਿ ਜਦੋਂ ਭਰਾਵਾਂ ਨੇ ਇੱਕ ਦੂਜੇ ਨੂੰ ਜੱਫੀ ਪਾਈ ਤਾਂ ਉਹ ਪਲ ਬੇਹੱਦ ਭਾਵੁਕ ਕਰਨ ਵਾਲਾ ਸੀ। ਨਾ ਸਿਰਫ਼ ਦੋਵੇਂ ਭਰਾਵਾਂ ਦੀਆਂ ਅੱਖਾਂ ਵਿੱਚ ਅੱਥਰੂ ਸਨ ਬਲਕਿ ਉੱਥੇ ਮੌਜੂਦ ਹਰ ਵਿਅਕਤੀ ਦੀ ਅੱਖ ਨਮ ਸੀ। ਇਹ ਅੱਥਰੂ ਖ਼ੁਸ਼ੀ ਦੇ ਸਨ ਅਤੇ ਗ਼ਮ ਦੇ ਵੀ। ਮੁਲਾਕਾਤ ਦੌਰਾਨ ਸਭ ਤੋਂ ਪਹਿਲਾਂ ਦੋਵੇਂ ਭਰਾ ਆਪਸ ਵਿੱਚ ਮਿਲੇ, ਉਸ ਤੋਂ ਬਾਅਦ ਸਿੱਕਾ ਖ਼ਾਨ ਦੇ ਭਤੀਜੇ ਅਤੇ ਹੋਰ ਰਿਸ਼ਤੇਦਾਰ। ਕੁਝ ਘੰਟਿਆਂ ਬਾਅਦ ਮਨ ਫਿਰ ਉਦੋਂ ਉਦਾਸ ਹੋ ਗਿਆ ਜਦੋਂ ਵਿਛੜਣ ਦਾ ਵਕਤ ਆਇਆ। ਦੋਵੇਂ ਭਰਾ ਇੱਕ ਦੂਜੇ ਤੋਂ ਦੂਰ ਨਹੀਂ ਸੀ ਹੋਣਾ ਚਾਹੁੰਦੇ ਪਰ ਵੱਖ ਹੋਣ ਦੀ ਮਜਬੂਰੀ ਸੀ।

ਸਿੱਕਾ ਖ਼ਾਨ ਖ਼ੁਸ਼ੀ ਵਿੱਚ ਦੱਸਦੇ ਹਨ ਕਿ ਉਨਾਂ ਦੇ ਵੱਡੇ ਭਰਾ ਨੇ ਉਨਾਂ ਨੂੰ ਬਹੁਤ ਤੋਹਫ਼ੇ ਦਿੱਤੇ ਹਨ ਜਿਸ ਵਿੱਚ ਜੁੱਤੀਆਂ ਤੇ ਕੱਪੜੇ ਸ਼ਾਮਲ ਹਨ, 'ਮੈਂ ਵੀ ਉਸ ਦੇ ਪਰਿਵਾਰ ਨੂੰ ਕੱਪੜੇ ਅਤੇ ਬੱਚਿਆਂ ਨੂੰ ਪੈਸੇ ਦੇ ਕੇ ਆਇਆ ਹਾਂ।'

ਜਗਸੀਰ ਸਿੰਘ ਨੇ ਦੱਸਿਆ ਕਿ ਦੋਵਾਂ ਭਰਾਵਾਂ ਦਾ ਮੇਲ ਦੋ ਸਾਲ ਪਹਿਲਾਂ ਸੋਸ਼ਲ ਮੀਡੀਆ ਉੱਤੇ ਆਈ ਇੱਕ ਵੀਡੀਓ ਨਾਲ਼ ਹੋਇਆ ਸੀ। ਪਾਕਿਸਤਾਨ ਤੋਂ ਚੱਲਣ ਵਾਲੇ ਇੱਕ ਚੈਨਲ ਉੱਤੇ ਸਦੀਕ ਖ਼ਾਨ ਨੇ ਆਪਣੇ ਨਾਨਕੇ ਪਿੰਡ ਅਤੇ ਭਰਾ ਦਾ ਜ਼ਿਕਰ ਕੀਤਾ ਸੀ। ਇਹ ਵੀਡੀਓ ਜਗਸੀਰ ਦੇ ਰਿਸ਼ਤੇਦਾਰ ਨੇ ਉਨਾਂ ਨੂੰ ਭੇਜੀ ਤਾਂ ਦੋਵਾਂ ਦੀ ਫ਼ੋਨ ਉੱਤੇ ਗੱਲਬਾਤ ਕਰਵਾਈ ਗਈ।

ਰਿਸ਼ਤੇਦਾਰਾਂ, ਨਾਨਕੇ ਪਿੰਡ ਦਾ ਵੇਰਵਾ ਮਿਲਣ ਤੋਂ ਬਾਅਦ ਇਹ ਗੱਲ ਸਾਬਤ ਹੋ ਗਈ, ਦੋਵੇਂ ਭਰਾ ਹਨ ਅਤੇ 1947 ਵਿੱਚ ਵਿਛੜ ਗਏ ਸਨ।

ਜਗਸੀਰ ਸਿੰਘ ਨੇ ਦੱਸਿਆ ਕਿ ਜ਼ਿਆਦਾਤਰ ਸਮਾਂ ਉਹ ਪਿੰਡ ਦੇ ਜ਼ਿੰਮੀਦਾਰ ਦੇ ਘਰ ਹੀ ਰਹਿੰਦੇ ਹਨ ਕਿਉਂਕਿ ਉਸ ਘਰ ਵਿੱਚ ਇਨਾਂ ਨੇ ਆਪਣੀ ਸਾਰੀ ਉਮਰ ਬਤੀਤ ਕੀਤੀ। ਇਸ ਤੋਂ ਬਾਅਦ ਕਰਤਾਰਪੁਰ ਕੋਰੀਡੋਰ ਰਾਹੀਂ ਮਿਲਣ ਦਾ ਪ੍ਰੋਗਰਾਮ ਤੈਅ ਹੋਇਆ ਪਰ ਲਾਕਡਾਊਨ ਲੱਗਣ ਕਾਰਨ ਇਸ ਦਾ ਸਬੱਬ ਨਹੀਂ ਬਣ ਸਕਿਆ। ਹੁਣ ਕੋਰੀਡੋਰ ਖੁੱਲਣ ਤੋਂ ਬਾਅਦ ਦੋਵੇਂ ਆਪਸ ਵਿੱਚ ਮਿਲ ਸਕੇ ਹਨ।

ਸਿੱਕਾ ਖ਼ਾਨ ਨੇ ਵਿਆਹ ਨਹੀਂ ਕਰਵਾਇਆ, ਇਸ ਦਾ ਕਾਰਨ ਵੀ ਉਹ ਦੱਸਦੇ ਹਨ ਕਿ ਉਹ ਆਪਣੇ ਨਾਨਕੇ ਪਿੰਡ ਰਹਿੰਦੇ ਹਨ। ਇਸ ਕਰ ਕੇ ਸਾਰਾ ਪਿੰਡ ਉਸ ਦੇ ਪਰਿਵਾਰ ਵਰਗਾ ਹੈ, ਇਸ ਕਰ ਕੇ ਉਨਾਂ ਨੇ ਵਿਆਹ ਨਹੀਂ ਕਰਵਾਇਆ। ਹਾਲਾਂਕਿ ਉਨਾਂ ਨੇ ਕਿਹਾ, 'ਜੇ ਉਹ ਇੱਧਰ ਹੁੰਦਾ ਤਾਂ ਮੈਂ ਵਿਆਹ ਵੀ ਕਰਵਾਉਂਦਾ।'

ਸਿੱਕਾ ਖ਼ਾਨ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਪਾਕਿਸਤਾਨ ਜਾਣਾ ਚਾਹੁੰਦਾ ਹੈ ਪਰ ਉੱਥੇ ਰਹਿਣਾ ਨਹੀਂ ਚਾਹੁੰਦਾ, ਕਿਉਂਕਿ ਫੁੱਲਾਂਵਾਲ ਪਿੰਡ ਨੂੰ ਛੱਡਣਾ ਉਨਾਂ ਦੇ ਲਈ ਬਹੁਤ ਔਖਾ ਹੈ।

ਫੁੱਲਾਂਵਾਲ ਪਿੰਡ ਵਿੱਚ ਮੁਸਲਿਮ ਭਾਈਚਾਰੇ ਦੇ ਕਰੀਬ 20 ਕੁ ਘਰ ਹਨ। ਜਗਸੀਰ ਸਿੰਘ ਮੁਤਾਬਿਕ ਉਨਾਂ ਦੇ ਬਜ਼ੁਰਗ ਦੱਸਦੇ ਸਨ ਕਿ 1947 ਵਿੱਚ ਤਿੰਨ ਹੀ ਘਰ ਸਨ। ਭਾਈਚਾਰਕ ਸਾਂਝ ਹੋਣ ਕਾਰਨ ਇਹਨਾਂ ਘਰਾਂ ਦੇ ਲੋਕਾਂ ਨੂੰ ਵੰਡ ਸਮੇਂ ਹੋਏ ਫ਼ਸਾਦ ਦੌਰਾਨ ਸਿੱਖਾਂ ਨੇ ਆਪਣੇ ਘਰਾਂ ਵਿੱਚ ਲੁਕਾ ਕੇ ਇਨਾਂ ਦੀ ਰੱਖਿਆ ਕੀਤੀ ਅਤੇ ਕਿਸੇ ਨੂੰ ਵੀ ਪਾਕਿਸਤਾਨ ਨਹੀਂ ਜਾਣ ਦਿੱਤਾ। ਉਨਾਂ ਨੇ ਦੱਸਿਆ ਕਿ ਇਹ ਸਾਂਝ ਹੁਣ ਵੀ ਕਾਇਮ ਹੈ। ਸਿੱਕਾ ਖ਼ਾਨ ਆਪਣੇ ਭਰਾ ਨੂੰ ਮਿਲਿਆ ਜਿਸਦੀ ਪੂਰੇ ਪਿੰਡ ਨੂੰ ਖ਼ੁਸ਼ੀ ਹੈ। ਉਨਾਂ ਨੇ ਦੱਸਿਆ ਕਿ ਜਿਸ ਦਿਨ ਸਿੱਕਾ ਖ਼ਾਨ ਨੇ ਭਰਾ ਨੂੰ ਮਿਲਣ ਲਈ ਜਾਣਾ ਸੀ ਤਾਂ ਪਿੰਡ ਵੱਲੋਂ ਸਦੀਕ ਖ਼ਾਨ ਦੇ ਪਰਿਵਾਰ ਲਈ ਕੱਪੜੇ ਅਤੇ ਹੋਰ ਤੋਹਫ਼ੇ ਭੇਜੇ ਗਏ।

ਪਿੰਡ ਵਾਲਿਆਂ ਦੇ ਦੱਸਣ ਮੁਤਾਬਿਕ ਜਿਸ ਦਿਨ ਦੀ ਉਸ ਦੀ ਮੁਲਾਕਾਤ ਆਪਣੇ ਭਰਾ ਨਾਲ਼ ਹੋਈ ਹੈ ਉਸ ਦਿਨ ਦਾ ਉਹ ਬਹੁਤ ਖ਼ੁਸ਼ ਹੈ

ਹੁਣ ਵੀ ਪਿੰਡ ਵਾਲੇ ਇਸ ਕੋਸ਼ਿਸ਼ ਵਿੱਚ ਹਨ ਕਿ ਸਿੱਕਾ ਖ਼ਾਨ ਨੂੰ ਵੀਜ਼ਾ ਮਿਲੇ ਅਤੇ ਉਹ ਭਰਾ ਅਤੇ ਪਰਿਵਾਰ ਨੂੰ ਮਿਲ ਕੇ ਆਵੇ। ਪਿੰਡ ਦੇ ਹੋਰ ਬਜ਼ੁਰਗਾਂ ਨੇ ਦੱਸਿਆ ਕਿ ਇਹ ਇੰਨਾ ਸਾਊ ਸੁਭਾਅ ਦਾ ਹੈ ਕਿ ਕਿਸੇ ਨਾਲ਼ ਅੱਜ ਤੱਕ ਇਸ ਦੀ ਲੜਾਈ ਨਹੀਂ ਹੋਈ ਅਤੇ ਹਰ ਇੱਕ ਦੇ ਵਿਆਹ ਅਤੇ ਹੋਰ ਕਾਰਜਾਂ ਵਿੱਚ ਇਹ ਸ਼ਾਮਲ ਹੁੰਦਾ ਹੈ। ਉਨਾਂ ਨੇ ਦੱਸਿਆ ਕਿ ਸਿੱਕਾ ਖ਼ਾਨ ਨੇ ਸਾਰੀ ਉਮਰ ਪਿੰਡ ਵਿੱਚ ਜ਼ਿੰਮੀਦਾਰ ਦੇ ਘਰ ਸੀਰੀ (ਮਜ਼ਦੂਰ) ਵਜੋਂ ਬਤੀਤ ਕੀਤੀ ਹੈ। ਉਨਾਂ ਦਾ ਆਪਣਾ ਕੋਈ ਵੀ ਘਰ ਨਹੀਂ ਹੈ। ਮਾਮੇ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਵੀ ਅਲੱਗ-ਅਲੱਗ ਹੋ ਗਏ। ਆਪਣੇ ਇੱਕ ਭਾਣਜੇ ਦੇ ਦੋ ਕਮਰਿਆਂ ਦੇ ਘਰ ਵਿੱਚ ਉਹ ਰਹਿੰਦੇ ਹਨ। ਇਸ ਘਰ ਦੀ ਹਾਲਤ ਵੀ ਬਹੁਤ ਖ਼ਸਤਾ ਹੈ। ਜਗਸੀਰ ਸਿੰਘ ਨੇ ਦੱਸਿਆ ਕਿ ਜ਼ਿਆਦਾਤਰ ਸਮਾਂ ਉਹ ਪਿੰਡ ਦੇ ਜ਼ਿੰਮੀਦਾਰ ਦੇ ਘਰ ਹੀ ਰਹਿੰਦੇ ਹਨ ਕਿਉਂਕਿ ਉਸ ਘਰ ਵਿੱਚ ਇਨਾਂ ਨੇ ਆਪਣੀ ਸਾਰੀ ਉਮਰ ਬਤੀਤ ਕੀਤੀ ਅਤੇ ਉੱਥੇ ਹੀ ਇਸ ਦਾ ਮੋਹ ਹੈ। ਉਨਾਂ ਨੇ ਦੱਸਿਆ ਕਿ ਪਿੰਡ ਦੇ ਕਿਸੇ ਵੀ ਘਰ ਵਿੱਚ ਜਾ ਕੇ ਉਹ ਖਾਣਾ ਖਾ ਸਕਦਾ ਹੈ, ਕੋਈ ਵੀ ਉਨਾਂ ਨੂੰ ਨਾਂਹ ਨਹੀਂ ਕਰਦਾ। ਉਨਾਂ ਨੇ ਦੱਸਿਆ ਕਿ ਸਿੱਕਾ ਖ਼ਾਨ ਸਾਡੇ ਪਿੰਡ ਦੀ ਪਛਾਣ ਹੈ ਅਤੇ ਇਨਾਂ ਕਰਕੇ ਹੀ ਇਹ ਪਿੰਡ ਦੇਸ਼-ਵਿਦੇਸ਼ ਵਿੱਚ ਮਸ਼ਹੂਰ ਹੋ ਗਿਆ ਹੈ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕਿਸ਼ਤ : 17

ਸਿੱਖਾਂ ਨੇ ਵੀ ਅਹਿਮਦ ਸ਼ਾਹ ਅਬਦਾਲੀ ਦਾ ਵਿਰੋਧ ਨਹੀਂ ਕੀਤਾ ਸੀ। ਅਫ਼ਗਾਨਾਂ ਦੇ ਟਿੱਡੀ ਦਲ ਦਾ ਸਿੱਧਾ ਮੁਕਾਬਲਾ ਕਰਨ ਦੀ ਅਜੇ ਉਹਨਾਂ ਦੀ ਸ਼ਕਤੀ ਨਹੀਂ ਸੀ ਬਣੀ, ਪਰ ਅਬਦਾਲੀ ਦੇ ਹਮਲੇ ਨਾਲ਼ ਜਿਹੜੀ ਹਫੜਾ-ਦਫੜੀ ਮੱਚੀ ਉਸਦਾ ਉਨਾਂ ਪੂਰਾ ਲਾਭ ਉਠਾਇਆ। ਆਪਣੀ ਰਾਖੀ-ਪ੍ਰਣਾਲੀ ਦਾ ਵਿਸਥਾਰ ਕਰਕੇ ਆਪਣੀ ਸ਼ਕਤੀ ਵਧਾਈ। ਹੁਣ ਸਿੱਖ ਜੱਥੇ ਇੱਥੇ-ਉੱਥੇ ਘਾਤ ਲਾਈ ਬੈਠੇ ਸਨ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਪਰਤਣ ਦੀ ਉਡੀਕ ਕਰ ਰਹੇ ਸਨ। ਜਾਸੂਸੀ ਦਾ ਪ੍ਰਬੰਧ ਏਨਾ ਚੰਗਾ ਸੀ ਕਿ ਉਨਾਂ ਦੇ ਸੂਹੀਏ ਦਿੱਲੀ ਦੀ ਰਾਈ-ਰਾਈ ਦੀ ਖ਼ਬਰ ਲਿਆ ਰਹੇ ਸਨ। ਸ਼ਹਿਜਾਦਾ ਤੈਮੂਰ ਮਾਰਚ 1757 ਦੇ ਤੀਜੇ ਹਫ਼ਤੇ ਦਿੱਲੀ ਤੋਂ ਲਾਹੌਰ ਵੱਲ ਤੁਰਿਆ ਤਾਂ ਸਰਦਾਰ ਆਹਲੂਵਾਲੀਆ ਨੂੰ ਇਸ ਸਿਲਸਿਲੇ ਵਿੱਚ ਇੱਕ ਰੁੱਕਾ ਮਿਲਿਆ। ਲਿਖਿਆ ਸੀ

'ਕੀ ਦੱਸੀਏ ਅਕਲ ਹੈਰਾਨ ਹੈ। ਕੁੱਕੜਾਂ ਦੀਆਂ ਲੜਾਈਆਂ ਤਾਂ ਬਥੇਰੀਆਂ ਦੇਖੀਆਂ ਸਨ ਪਰ ਕੱਲ ਇੱਥੇ ਇੱਕ ਕੁੱਕੜ-ਕੁੱਕੜੀ ਦਾ ਵਿਆਹ ਹੋਇਆ। ਕਫ਼ਨ ਚੋਰ ਮਾਲਾ-ਮਾਲ ਹੈ, ਸ਼ਰੀਫ਼ ਲੋਕਾਂ ਦਾ ਬੁਰਾ ਹਾਲ ਹੈ। ਵੱਡੇ ਮੀਆਂ ਤੇ ਛੋਟੇ ਮੀਆਂ ਵਿਚਕਾਰ ਬਾਰਾਂ ਆਨੇ ਤੇ ਚਾਰ ਆਨੇ ਦੀ ਪੱਤੀ ਹੋ ਗਈ ਹੈ। ਵੱਡੇ ਮੀਆਂ ਅਜੇ ਰੁਕਣਗੇ, ਪਰ ਛੋਟੇ ਮੀਆਂ ਲਾਹੌਰ ਲਈ ਚੱਲ ਪਏ ਨੇ।'

ਰੁੱਕਾ ਸੰਕੇਤ ਭਾਸ਼ਾ ਵਿੱਚ ਸੀ ਤੇ ਮ.ਅ. ਵੀ ਰੁੱਕਾ ਲਿਖਣ ਵਾਲੇ ਦਾ ਸੰਕੇਤ ਭਾਸ਼ਾ ਵਿੱਚ ਨਾਂ ਸੀ। ਮੁਲਤਾਨੀ ਬੇਗ਼ਮ ਦਿੱਲੀ ਗਈ ਤਾਂ ਤਹਿਮਸ ਖ਼ਾਂ ਮਸਕੀਨ ਵੀ ਦਿੱਲੀ ਗਿਆ ਤੇ ਉਸਦੇ ਨਾਲ਼ ਰੋਜ਼ਨਾਮਚੇ ਦੀ ਨਕਲ ਕਰਨ ਲਈ ਸ਼ਾਦ ਅਲੀ ਯਾਨੀ ਮੇਹਰ ਅਲੀ ਉਰਫ਼ ਮੇਹਰ ਚੰਦ ਵੀ ਗਿਆ। ਇਹ ਰੁੱਕਾ ਉਸਦਾ ਲਿਖਿਆ ਹੋਇਆ ਸੀ। ਉਸਨੇ ਇਹ ਲਾਲ ਕਿਲੇ ਦੇ ਬਾਹਰ ਇੱਕ ਦਰਵੇਸ਼ ਨੂੰ ਫੜਾ ਦਿੱਤਾ ਤੇ ਫੇਰ ਹੱਥੋ-ਹੱਥ ਝਟਪਟ ਸਰਦਾਰ ਆਹਲੂਵਾਲੀਆ ਕੋਲ਼ ਪਹੁੰਚ ਗਿਆ। ਦਿੱਲੀ ਦੀ ਹਾਲਤ ਬਿਆਨ ਕਰਨ ਦੇ ਨਾਲ਼ ਦੱਸਿਆ ਗਿਆ ਸੀ ਕਿ ਸ਼ਹਿਜ਼ਾਦਾ ਤੈਮੂਰ ਲਾਹੌਰ ਵੱਲ ਤੁਰ ਪਿਆ ਹੈ। ਉਸਦੇ ਨਾਲ਼ ਇੱਕ ਚੌਥਾਈ ਫ਼ੌਜ ਹੈ ਤੇ ਤਿੰਨ ਚੌਥਾਈ ਫ਼ੌਜ ਅਹਿਮਦ ਸ਼ਾਹ ਅਬਦਾਲੀ ਨਾਲ਼ ਦਿੱਲੀ ਵਿੱਚ ਰਹੇਗੀ।

ਤੈਮੂਰ ਨੇ ਅਜੇ ਸਰਹਿੰਦ ਪਾਰ ਕੀਤਾ ਹੀ ਸੀ ਕਿ ਸਿੱਖ ਗ਼ੁਰੀਲੇ ਉਸ ਉੱਤੇ ਝਪਟ ਪਏ। ਪਹਿਲਾਂ ਆਲਾ ਸਿੰਘ ਨੇ ਦੂਜੇ ਜੱਥਿਆਂ ਦੀ ਮਦਦ ਨਾਲ਼ ਅੰਬਾਲੇ ਤੇ ਪਟਿਆਲੇ ਵਿਚਕਾਰ ਸਨੂਰ ਕੋਲ਼ ਉਹਨਾਂ ਦਾ ਰਸਤਾ ਆ ਰੋਕਿਆ। ਅਚਾਨਕ ਹੋਏ ਹਮਲੇ ਕਾਰਨ ਅਫ਼ਗਾਨ ਸੈਨਾ ਘਬਰਾ ਗਈ। ਜਿਹੜਾ ਲੁੱਟ ਦਾ ਮਾਲ ਤੇ ਖ਼ਜ਼ਾਨਾ ਲਾਹੌਰ ਲਿਜਾ ਰਹੇ ਸਨ, ਸਿੱਖਾਂ ਨੇ ਲਗਭਗ ਅੱਧਾ ਖੋਹ ਲਿਆ। ਤੈਮੂਰ ਅੱਗੇ ਵਧਿਆ ਤਾਂ ਸਿੱਖਾਂ ਦੇ ਦੂਜੇ ਜੱਥੇ ਨੇ ਉਸਨੂੰ ਮਲੇਰਕੋਟਲੇ ਵਿੱਚ ਫੇਰ ਆ ਘੇਰਿਆ ਤੇ ਅਜਿਹੀ ਮਾਰ ਮਾਰੀ ਕਿ ਉਹਨਾਂ ਦੀ ਬਹਾਦਰੀ ਦੇ ਕਿੱਸੇ ਬਣ ਗਏ। ਲੋਕਾਂ ਦਾ ਸੁਭਾਅ ਹੈ ਕਿ ਉਹ ਜਿਸ ਗੱਲ ਨੂੰ ਪਸੰਦ ਕਰਦੇ ਨੇ, ਉਸ ਨੂੰ ਵਧਾਅ-ਚੜਾਅ ਕੇ ਬਿਆਨ ਕਰਦੇ ਨੇ ਤੇ ਆਪਣੀ ਕਲਪਨਾ ਨਾਲ਼ ਉਸਨੂੰ ਅਤਿਕਥਨੀ ਦਾ ਰੂਪ ਦੇ ਦਿੰਦੇ ਨੇ। ..ਤੇ ਜਿਸਨੂੰ ਪਸੰਦ ਨਹੀਂ ਕਰਦੇ, ਉਸਨੂੰ ਵੀ ਅਤਿਕਥਨੀ ਦਾ ਰੂਪ ਦੇ ਦਿੰਦੇ ਨੇ। ਇਹ ਅਫ਼ਵਾਹ ਫ਼ੈਲ ਗਈ ਕਿ ਤੈਮੂਰ ਨੂੰ ਸਿੱਖਾਂ ਨੇ ਗ੍ਰਿਫ਼ਤਾਰ ਕਰ ਲਿਆ ਹੈ ਤੇ ਕਿਤੇ-ਕਿਤੇ ਇਹ ਵੀ ਕਿਹਾ ਜਾਣ ਲੱਗਿਆ ਕਿ ਤੈਮੂਰ ਦਾ ਸਭ ਕੁਝ ਖੋਹ ਕੇ ਉਸ ਨੂੰ ਕਤਲ ਕਰ ਦਿੱਤਾ ਗਿਆ ਹੈ। ਫੇਰ ਜਦੋਂ ਅਹਿਮਦ ਸ਼ਾਹ ਅਬਦਾਲੀ ਅਫ਼ਗਾਨਿਸਤਾਨ ਵੱਲ ਪਰਤਿਆ ਤਾਂ ਸਿੱਖਾਂ ਨੇ ਦਿੱਲੀ ਤੋਂ ਲੈ ਕੇ ਚਨਾਬ ਤੱਕ ਪੈਰ-ਪੈਰ 'ਤੇ ਛਾਪੇ ਮਾਰੇ ਤੇ ਲੁੱਟ ਦੇ ਜਿਸ ਮਾਲ ਨਾਲ਼ ਉਹ ਮਾਲੋ-ਮਾਲ ਹੋ ਕੇ ਚੱਲਿਆ ਸੀ, ਉਸਦਾ ਕਾਫ਼ੀ ਹਿੱਸਾ ਖੋਹ ਲਿਆ।

ਅਹਿਮਦ ਸ਼ਾਹ ਅਬਦਾਲੀ ਸਿੱਖਾਂ ਦੇ ਇਨਾਂ ਹਮਲਿਆਂ ਕਾਰਨ ਪਿੱਟ ਉੱਠਿਆ। ਉਹ ਮੱਧ ਏਸ਼ੀਆ ਦਾ ਸਭ ਤੋਂ ਵੱਡਾ ਜਰਨੈਲ ਸੀ, ਆਪਣੀ ਇਹ ਹੱਤਕ ਕਿੰਜ ਸਹਾਰ ਸਕਦਾ ਸੀ? ਉਹ ਆਪਣੀ ਇਸ ਹੱਤਕ ਦਾ ਬਦਲਾ ਲੈਣ ਲਈ ਕਾਫ਼ੀ ਸਮੇਂ ਤੱਕ ਲਾਹੌਰ ਵਿੱਚ ਰੁਕਿਆ ਰਿਹਾ। ਸਿੱਖਾਂ ਦੇ ਖ਼ਿਲਾਫ਼ ਮੁਹਿੰਮਾਂ ਲਾਮਬੰਦ ਕੀਤੀਆ,



ਪਤਾ ਨਹੀਂ ਕਿੰਨਿਆਂ ਨੂੰ ਕਤਲ ਕੀਤਾ ਗਿਆ। ਅੰਮ੍ਰਿਤਸਰ ਸ਼ਹਿਰ ਨੂੰ ਲੁੱਟ ਲਿਆ। ਹਰਿਮੰਦਰ ਸਾਹਿਬ ਢਾਅ ਦਿੱਤਾ ਤੇ ਸਰੋਵਰ ਨੂੰ ਗੋਹੇ, ਗੰਦਗੀ, ਪਸ਼ੂਆਂ ਤੇ ਮਨੁੱਖਾਂ ਦੀਆਂ ਹੱਡੀਆਂ ਨਾਲ਼ ਪੂਰਾ ਭਰ ਦਿੱਤਾ ਗਿਆ। ਸਿੱਖ ਲਾਹੌਰ ਤੇ ਅੰਮ੍ਰਿਤਸਰ ਦੇ ਆਸਪਾਸ ਦਾ ਇਲਾਕਾ ਛੱਡ ਕੇ ਸਾਂਦਲ ਬਾਰ ਵੱਲ ਚਲੇ ਗਏ ਤੇ ਜੰਮੂ ਦੀਆਂ ਪਹਾੜੀਆਂ ਵਿੱਚ ਜਾ ਛੁਪੇ, ਜਿੱਥੇ ਉਨਾਂ ਦਾ ਪਿੱਛਾ ਕਰਨਾ ਆਸਾਨ ਨਹੀਂ ਸੀ। ਅਬਦਾਲੀ ਬਹੁਤ ਝੁੰਜਲਾਇਆ ਹੋਇਆ ਸੀ ਤੇ ਅਬਦੁੱਲ ਸਮਦ, ਜ਼ਕਰੀਆ ਖਾਂ ਤੇ ਮੀਰ ਮੰਨੂੰ ਵਾਂਗ ਹੀ ਸਿੱਖਾਂ ਦਾ ਨਾਂ ਨਿਸ਼ਾਨ ਮਿਟਾਉਣ ਉੱਤੇ ਤੁਲਿਆ ਹੋਇਆ ਸੀ ਪਰ ਮਈ ਜੂਨ ਦੀ ਲੂ ਤੇ ਗਰਮੀ ਉਸ ਤੋਂ ਤੇ ਉਸਦੀ ਸੈਨਾ ਤੋਂ ਸਹਾਰੀ ਨਹੀਂ ਸੀ ਜਾ ਰਹੀ। ਨਾਲ਼ ਉਸਦੀ ਗ਼ੈਰ-ਹਾਜ਼ਰੀ ਕਾਰਨ ਅਫ਼ਗਾਨਿਸਤਾਨ ਵਿੱਚ ਬਗ਼ਾਵਤ ਫੁੱਟ ਪਈ ਸੀ, ਇਸ ਲਈ ਸਿੱਖਾਂ ਨੂੰ ਕੁਚਲਣ ਦੀ ਹਸਰਤ ਮਨ ਵਿੱਚ ਲੈ ਕੇ ਆਪਣੇ ਦੇਸ਼ ਪਰਤ ਜਾਣਾ ਪਿਆ। ਜਾਣ ਤੋਂ ਪਹਿਲਾਂ ਉਸਨੇ ਲਾਹੌਰ ਦਾ ਪ੍ਰਬੰਧ ਇੰਜ ਕੀਤਾ ਕਿ ਆਪਣੇ ਬੇਟੇ ਤੈਮੂਰ ਨੂੰ ਪੰਜਾਬ ਦਾ ਸੂਬੇਦਾਰ ਬਣਾ ਦਿੱਤਾ ਤੇ ਆਪਣੇ ਪ੍ਰਧਾਨ ਸੈਨਾਪਤੀ ਜਹਾਨ ਖ਼ਾਂ ਨੂੰ ਉਸਦਾ ਨਾਇਬ ਤੇ ਸਰਪ੍ਰਸਤ ਬਣਾ ਦਿੱਤਾ। ਆਪਣੀ ਨਿੱਜੀ ਫ਼ੌਜ ਦੇ ਚੁਣੇ ਹੋਏ ਦਸ ਹਜ਼ਾਰ ਸੈਨਿਕ ਲਾਹੌਰ ਵਿੱਚ ਤੈਮੂਰ ਸ਼ਾਹ ਦੇ ਕੋਲ਼ ਰਹਿਣ ਦਿੱਤੇ ਤੇ ਉਸਨੂੰ ਹੁਕਮ ਦਿੱਤਾ ਕਿ ਉਹ ਹਿੰਦੁਸਤਾਨ ਵਿੱਚ ਪੈਦਾ ਹੋਏ ਤੁਰਕ, ਈਰਾਨੀ ਤੇ ਅਫ਼ਗਾਨ ਸਿਪਾਹੀ ਭਰਤੀ ਕਰਕੇ ਹੋਰ ਫ਼ੌਜ ਵੀ ਬਣਾ ਸਕਦਾ ਹੈ। ਮਤਲਬ ਇਹ ਕਿ ਉਸਨੂੰ ਵਿਦੇਸ਼ੀ ਨਸਲ ਦੇ ਤੁਰਕਾਂ, ਈਰਾਨੀਆਂ ਤੇ ਅਫ਼ਗਾਨਾਂ ਉੱਪਰ ਹੀ ਭਰੋਸਾ ਸੀ। ਹਿੰਦੁਸਤਾਨੀ ਮੁਸਲਮਾਨ ਵੀ ਭਰੋਸੇਯੋਗ ਨਹੀਂ ਸਨ। ਇਹ ਗੱਲ ਠੀਕ ਵੀ ਸੀ। ਵਿਦੇਸ਼ੀ ਨਸਲ ਦੇ ਇਹ ਲੋਕ ਭਾਸ਼ਾ, ਸੱਭਿਆਚਾਰ ਤੇ ਬਹਾਦਰੀ ਆਦਿ ਹਰੇਕ ਗੱਲ ਵਿੱਚ ਆਪਣੇ ਹਿੰਦੁਸਤਾਨੀ ਮੁਸਲਮਾਨਾਂ ਨਾਲ਼ੋਂ ਚੰਗੇ ਸਮਝੇ ਜਾਂਦੇ ਸਨ ਤੇ ਉਨਾਂ ਨਾਲ਼ ਨਫ਼ਰਤ ਕਰਦੇ ਸਨ। ਇਸ ਲਈ ਭਰੋਸਾ ਕਿਵੇਂ ਹੋਏ। ਅਬਦਾਲੀ ਜਾਣਦਾ ਸੀ ਕਿ ਜਿਸਨੂੰ ਆਪਣੇ ਦੇਸ਼ ਨਾਲ਼ ਪਿਆਰ ਹੈ, ਉਹ ਉਸਦਾ ਸਾਥ ਨਹੀਂ ਦਏਗਾ। ਫੇਰ ਵੀ ਅਬਦਾਲੀ ਨੇ ਜੰਮੂ ਦੇ ਰਾਜੇ ਰਣਜੀਤ ਦੇਵ ਨਾਲ਼ ਦੋਸਤੀ ਗੰਢੀ ਤਾਂ ਕਿ ਉਹ ਸਿੱਖਾਂ ਨੂੰ ਉਨਾਂ ਦੇ ਪਹਾੜੀ ਠਿਕਾਣਿਆਂ ਵਿੱਚੋਂ ਕੱਢੇ ਤੇ ਤੈਮੂਰ ਨੂੰ ਉਸਦਾ ਸਹਿਯੋਗ ਪ੍ਰਾਪਤ ਹੋਏ। ਇਸ ਦੋਸਤੀ ਦੇ ਬਦਲੇ ਵਿੱਚ ਸਿਆਲਕੋਟ ਜ਼ਿਲੇ ਦੇ ਜ਼ਫ਼ਰਵਾਰ, ਸਨਖ਼ਤਰਾ ਤੇ ਫ਼ੈਰੋਜ਼ਾਬਾਦ ਪਰਗਨੇ ਰਣਜੀਤ ਦੇਵ ਨੂੰ ਦੇ ਦਿੱਤੇ।

ਲਾਹੌਰ ਦੇ ਇਸ ਪ੍ਰਬੰਧ ਉੱਪਰ ਮੁਗ਼ਲਾਨੀ ਬੇਗ਼ਮ ਚਿੜ ਗਈ। ਉਸਨੇ ਅਬਦਾਲੀ ਨੂੰ ਬੁਲਾਇਆ ਸੀ ਤੇ ਆਪਣੇ ਵਾਅਦੇ ਅਨੁਸਾਰ ਦਿੱਲੀ ਨੂੰ ਲੁੱਟਣ ਵਿੱਚ ਉਸਦੀ ਮਦਦ ਕੀਤੀ ਸੀ। ਉਹ ਪੰਜਾਬ ਦੀ ਨਵਾਬੀ ਉੱਪਰ ਆਪਣਾ ਹੱਕ ਸਮਝਦੀ ਸੀ ਤੇ ਇਸ ਲਈ ਅਬਦਾਲੀ ਦੀ ਚਾਪਲੂਸੀ ਕਰਦੀ ਹੋਈ ਉਸਦੇ ਨਾਲ਼ ਦਿੱਲੀ ਤੋਂ ਲਾਹੌਰ ਆਈ ਸੀ। ਜਦੋਂ ਅਬਦਾਲੀ ਨੇ ਤੈਮੂਰ ਨੂੰ ਸੂਬੇਦਾਰ ਬਣਾ ਦਿੱਤਾ, ਬੇਗ਼ਮ ਦੇ ਹੱਥਾਂ ਦੇ ਤੋਤੇ ਉੱਡ ਗਏ। 'ਇਹ ਤੁਸੀਂ ਕੀ ਕੀਤਾ?' ਉਹ ਅੱਖਾਂ ਵਿੱਚ ਅੱਥਰੂ ਭਰ ਕੇ ਬੋਲੀ, 'ਮੈਂ ਤੁਹਾਨੂੰ ਆਪਣਾ ਬਣਾਇਆ। ਤੁਸੀਂ ਮੇਰਾ ਹੱਕ ਮੈਨੂੰ ਦਿਓ।'

ਅਬਦਾਲੀ ਬੜਾ ਹੰਡਿਆ ਵਰਤਿਆ ਤੇ ਹਸਮੁਖ ਆਦਮੀ ਸੀ। ਮੁਸਕਰਾ ਕੇ ਬੋਲਿਆ, 'ਤੂੰ ਮੇਰੀ ਬੇਟੀ ਏਂ, ਸੋ ਤੈਮੂਰ ਤੇਰਾ ਛੋਟਾ ਭਰਾ ਏ। ਤੂੰ ਹੋਈ ਜਾਂ ਤੇਰੀ ਜਗਾ ਤੈਮੂਰ ਹੋਇਆ ਇੱਕੋ ਗੱਲ ਏ। ਸਿਆਸਤ ਦੇ ਪੰਗਿਆਂ ਵਿੱਚ ਪੈਣਾ, ਖਾਹਮਖਾਹ ਦੀ ਸਿਰਦਰਦੀ ਮੁੱਲ ਲੈਣਾ ਹੁੰਦਾ ਏ। ਮੈਂ ਤੇਰੀ ਪੈਨਸ਼ਨ ਬੰਨ ਦਿੱਤੀ ਏ ਲਾਹੌਰ ਵਿੱਚ ਰਹਿ ਤੇ ਆਪਣੀ ਐਸ਼ ਕਰ।'

ਅਬਦਾਲੀ ਨੇ ਸ਼ਾਹ ਵਲੀ ਖ਼ਾਂ ਤੇ ਜਹਾਨ ਖ਼ਾਂ ਨੂੰ ਕਿਹਾ ਕਿ ਉਹ ਬੇਗਮ ਨੂੰ ਸਮਝਾਉਣ, ਪਰ ਬੇਗ਼ਮ ਉੱਤੇ ਸਮਝਾਉਣ-ਬੁਝਾਉਣ ਦਾ ਕੋਈ ਅਸਰ ਨਹੀਂ ਹੋਇਆ। ਉਹ ਹਾੜੇ-ਮਿੰਨਤਾਂ ਕਰਦੀ ਜੇਹਲਮ ਤੱਕ ਅਬਦਾਲੀ ਦੇ ਨਾਲ਼ ਗਈ। ਅਬਦਾਲੀ ਟੱਸ ਤੋਂ ਮੱਸ ਨਾ ਹੋਇਆ, ਬੇਗ਼ਮ ਨਿਰਾਸ਼ ਪਰਤੀ।

ਲਾਹੌਰ ਦੀ ਸਰਾਏ ਹਕੀਮਾ ਵਿੱਚ ਉਸਦੀ ਰਿਹਾਇਸ਼ ਸੀ। ਉਸ ਵਿੱਚ ਸਿਰਫ਼ ਦੋ ਕਮਰੇ ਸਨ। ਬਾਕੀ ਸਾਰੀ ਇਮਾਰਤ ਖੰਡਰ ਹੋਈ ਪਈ ਸੀ। ਖੰਡਰ ਵਿੱਚ ਚਮਗਿੱਦੜਾਂ ਦਾ ਵਾਸਾ ਸੀ ਤੇ ਅਰਮਾਨਾ ਦੀ ਧੂੜ ਉੱਡਦੀ ਸੀ।

ਬੇਗ਼ਮ ਨੂੰ ਤੀਹ ਹਜ਼ਾਰ ਰੁਪਏ ਸਾਲਾਨਾ ਪੈਨਸ਼ਨ ਮਿਲਦੀ ਸੀ। ਮਸਕੀਨ ਹੁਣ ਵੀ ਉਸਦਾ ਨਿੱਜੀ ਸਕੱਤਰ ਸੀ।

ਬਾਬਾ ਦੀਪ ਸਿੰਘ ਇੱਕ ਭਲੇ-ਪੁਰਖ ਸਨ। ਹੁਣ ਉਹ ਬੁੱਢੇ ਹੋ ਗਏ ਸਨ ਤੇ ਉਹਨਾਂ ਸਸ਼ਤਰ ਸੰਘਰਸ਼ ਤੋਂ ਤਿਆਗ ਲੈ ਲਿਆ ਸੀ। ਤਲਵੰਡੀ ਭਾਵ ਦਮਦਮੇ ਵਿੱਚ ਉਨਾਂ ਦੀ ਗੜ੍ਹੀ ਸੀ। ਉਹ ਉੱਥੇ ਆਰਾਮ ਨਾਲ਼ ਰਹਿੰਦੇ ਸਨ ਤੇ ਗ੍ਰੰਥ ਸਾਹਿਬ ਦੀਆਂ ਨਕਲਾਂ ਤਿਆਰ ਕਰ ਰਹੇ ਸਨ। ਜਦੋਂ ਸੁਣਿਆਂ ਕਿ ਅਫ਼ਗਾਨਾਂ ਨੇ ਹਰਿਮੰਦਰ ਤੇ ਸਰੋਵਰ ਦਾ ਅਪਮਾਨ ਕੀਤਾ ਹੈ ਤੇ ਅੰਮ੍ਰਿਤਸਰ ਜਾਣ ਉੱਪਰ ਪਾਬੰਦੀ ਲਾ ਦਿੱਤੀ ਹੈ ਤਾਂ ਉਨਾਂ ਦਾ ਠੰਡਾ ਖ਼ੂਨ ਵੀ ਉਬਾਲੇ ਖਾਣ ਲੱਗਿਆ। ਉਹਨਾਂ ਪ੍ਰਣ ਕੀਤਾ ਕਿ ਉਹ ਦੀਵਾਲੀ ਅੰਮ੍ਰਿਤਸਰ ਵਿੱਚ ਮਨਾਉਣਗੇ ਤੇ ਆਪਣਾ ਸਿਰ ਦਰਬਾਰ ਸਾਹਬ ਨੂੰ ਭੇਂਟ ਕਰਨਗੇ।

ਉਨਾਂ ਗੜ੍ਹੀ ਆਪਣੇ ਭਤੀਜੇ ਸਦਾ ਸਿੰਘ ਦੇ ਹਵਾਲੇ ਕੀਤੀ ਤੇ ਖ਼ੁਦ ਭਾਈ ਹੀਰਾ ਸਿੰਘ, ਨੱਥਾ ਸਿੰਘ ਤੇ ਗੁਰਬਖ਼ਸ਼ ਸਿੰਘ ਨੂੰ ਨਾਲ਼ ਲੈ ਕੇ ਨਿਕਲ ਪਏ। ਜਾਗਾ, ਬਰਹਯਨ, ਨਾਹਨ ਵਾਲਾ, ਬੰਝੋਕੇ, ਗੁਰੂ ਚੌਂਤਰਾ, ਫੂਲਾ ਭੇਦਰਾਜ ਤੇ ਪਰਾਜ ਆਦਿ ਪਿੰਡਾਂ ਵਿੱਚੋਂ ਲਗਭਗ ਇੱਕ ਹਜ਼ਾਰ ਆਦਮੀ ਨਾਲ਼ ਲਏ, ਜਿਹੜੇ ਧਰਮ ਦੇ ਨਾਂ ਉੱਤੇ ਮਰ-ਮਿਟਣ ਲਈ ਤਿਆਰ ਸਨ। ਉਹ ਸਾਰੇ ਅੰਮ੍ਰਿਤਸਰ ਪਹੁੰਚ ਕੇ ਦੀਵਾਲੀ ਮਨਾਉਣ ਲਈ ਤੁਰ ਪਏ। ਤਰਨਤਾਰਨ ਪਹੁੰਚ ਕੇ ਰੁਕੇ ਉੱਥੇ ਉਹਨਾਂ ਆਪਣੇ ਡੌਲਿਆਂ ਉੱਪਰ ਆਨੰਦੀ ਪੱਟੀਆਂ ਬੰਨੀਆਂ ਤੇ ਸਿਰਾਂ 'ਤੇ ਕੇਸਰ ਛਿੜਕਿਆ। ਮਤਲਬ ਇਹ ਕਿ ਉਹ ਜਾਨ ਉੱਪਰ ਖੇਡ ਜਾਣ ਲਈ ਤਿਆਰ ਹਨ। ਪਿੱਛੋਂ ਉਹ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਦਾ ਜੈਕਾਰਾ ਲਾ ਕੇ ਅੰਮ੍ਰਿਤਸਰ ਵੱਲ ਤੁਰ ਪਏ।

ਜਹਾਨ ਖ਼ਾਂ ਕੋਲ਼ ਖ਼ਬਰ ਪਹੁੰਚੀ ਕਿ ਚੱਕ ਗੁਰੂ ਵਿੱਚ ਬਹੁਤ ਸਾਰੇ ਸਿੱਖ ਇਕੱਠੇ ਹੋ ਗਏ ਹਨ। ਉਹ ਸਾਰੇ ਹਥਿਆਰਬੰਦ ਹਨ ਤੇ ਅੰਮ੍ਰਿਤਸਰ ਜਾ ਰਹੇ ਹਨ। ਹਾਜ਼ੀ ਅਤਾਰਾ ਖ਼ਾਂ ਦੀ ਕਮਾਨ ਵਿੱਚ ਅਫ਼ਗਾਨ ਫ਼ੌਜ ਦਾ ਇੱਕ ਦਸਤਾ ਅੰਮ੍ਰਿਤਸਰ ਦੇ ਆਸ-ਪਾਸ ਘੁੰਮ ਰਿਹਾ ਸੀ ਤਾਂਕਿ ਸਿੱਖਾਂ ਦਾ ਸਫ਼ਾਇਆ ਕਰਕੇ ਅਮਨ ਕਾਇਮ ਕੀਤਾ ਜਾਏ। ਜਹਾਨ ਖ਼ਾਂ ਨੇ ਖ਼ਤ ਲਿਖ ਕੇ ਹਾਜ਼ੀ ਅਤਾਰਾ ਖ਼ਾਂ ਨੂੰ ਹੁਕਮ ਦਿੱਤਾ ਕਿ ਉਹ ਆਪਣੀ ਫ਼ੌਜ ਦੇ ਨਾਲ਼ ਝਟਪਟ ਫਲਾਣੇ ਦਿਨ ਚੱਕਗੁਰੂ ਪਹੁੰਚ ਜਾਏ ਤੇ ਉਹ ਵੀ ਉਸੇ ਦਿਨ ਉੱਥੇ ਪਹੁੰਚ ਰਿਹਾ ਹੈ ਤਾਂ ਕਿ ਇਨਾਂ ਸਿੱਖਾਂ ਨੂੰ ਜਹਨੁਮ-ਰਸੀਦ ਕੀਤਾ (ਨਰਕਾਂ ਵਿੱਚ ਭੇਜਿਆ) ਕੀਤਾ ਜਾ ਸਕੇ।

ਜਹਾਨ ਖ਼ਾਂ ਨੇ ਲਾਹੌਰ ਸ਼ਹਿਰ ਵਿੱਚ ਮੁਨਿਆਦੀ ਕਰਵਾ ਦਿੱਤੀ ਕਿ ਜਿਸ ਦੇ ਕੋਲ਼ ਘੋੜਾ ਹੈ, ਉਹ ਭਾਵੇਂ ਸਰਕਾਰੀ ਮੁਲਾਜਮ ਹੋਏ, ਭਾਵੇਂ ਨਾ ਹੋਏ ਸਿੱਖਾਂ ਨਾਲ਼ ਲੜਨ ਲਈ ਉਸਦੇ ਨਾਲ਼ ਚੱਲ ਸਕਦਾ ਹੈ। ਮੁਲਤਾਨੀ ਬੇਗ਼ਮ ਨੇ ਵੀ ਆਪਣੇ ਪੰਦਰਾਂ ਮੁਲਾਜਮ ਤਹਿਮਸ ਮਸਕੀਨ ਦੀ ਅਗਵਾਈ ਵਿੱਚ ਰਵਾਨਾ ਕਰ ਦਿੱਤੇ। ਜਹਾਨ ਖ਼ਾਂ ਨਾਲ਼ ਦੋ ਹਜ਼ਾਰ ਅਫ਼ਗਾਨ ਸੈਨਿਕ ਸਨ। ਉਹ ਸ਼ਾਮ ਹੁੰਦਿਆਂ-ਹੁੰਦਿਆਂ ਲਾਹੌਰ ਤੋਂ ਬਾਰਾਂ ਕੋਹ ਦੇ ਫ਼ਾਸਲੇ ਉੱਪਰ ਖਖਨਾਨ ਪਹੁੰਚ ਗਏ। ਅਗਲੀ ਸਵੇਰ ਉੱਥੋਂ ਚੱਲੇ ਤੇ ਅੰਮ੍ਰਿਤਸਰ ਤੋਂ 6 ਕੋਹ ਇੱਧਰ ਗੋਲਵਾਲ ਪਿੰਡ ਵਿੱਚ ਆ ਪਹੁੰਚੇ। ਹਾਜੀ ਅਤਾਰਾ ਖ਼ਾਂ ਨੇ ਵੀ ਇੱਥੇ ਹੀ ਆਉਣਾ ਸੀ ਪਰ ਸਖ਼ਤ ਹਦਾਇਤ ਦੇ ਬਾਵਜੂਦ ਉਹ ਦਿੱਤੇ ਸਮੇਂ 'ਤੇ ਨਹੀਂ ਪਹੁੰਚ ਸਕਿਆ।

ਸੂਹੀਆਂ ਦੁਆਰਾ ਇਸ ਗੱਲ ਦੀ ਖ਼ਬਰ ਬਾਬਾ ਦੀਪ ਸਿੰਘ ਨੂੰ ਮਿਲੀ ਤਾਂ ਉਨਾਂ ਨੇ ਆਪਣੇ ਸਾਥੀਆਂ ਨੂੰ ਕਿਹਾ, 'ਦੇਖਦੇ ਕੀ ਓ, ਹੱਲਾ ਬੋਲ ਕੇ ਅਫ਼ਗਾਨਾਂ ਨੂੰ ਦੱਸ ਦਿਓ ਕਿ ਇੱਕ ਖ਼ਾਲਸਾ ਸਵਾ ਲੱਖ ਉੱਤੇ ਭਾਰੀ ਹੈ।'

ਸਿੱਖਾਂ ਨੇ ਅਫ਼ਗਾਨਾਂ ਨੂੰ ਚਾਰੇ ਪਾਸਿਓਂ ਘੇਰ ਲਿਆ। ਘਮਾਸਾਨ ਦਾ ਯੁੱਧ ਹੋਇਆ। ਸਿੱਖਾਂ ਨੇ ਆਪਣਾ ਘੇਰਾ ਪਲ ਪਲ ਤੰਗ ਕਰਦਿਆਂ ਹੋਇਆਂ ਏਨੇ ਕਰਾਰੇ ਹੱਥ ਵਿਖਾਏ ਕਿ ਮੁਗ਼ਲ ਸੈਨਿਕਾਂ ਦੇ ਪੈਰ ਉੱਖੜਨ ਲੱਗੇ ਤੇ ਉਨਾਂ ਵਿੱਚੋਂ ਬਹੁਤ ਸਾਰੇ ਭੱਜ ਖੜੇ ਹੋਏ, ਪਰ ਭੱਜਦੇ ਹੋਏ ਅਫ਼ਗਾਨਾਂ ਲਈ ਬਚ ਨਿਕਲਣ ਦਾ ਕੋਈ ਰਾਸਤਾ ਨਹੀਂ ਸੀ। ਉਹ ਨਿਰਾਸ਼ ਹੋ ਕੇ ਆਪਣੀ ਸੈਨਾ ਵਿੱਚ ਪਰਤ ਆਏ। ਜਹਾਨ ਖ਼ਾਂ ਚਿੜਚਿੜੇ ਮਜਾਜ਼ ਦਾ ਬੰਦਾ ਸੀ ਉਹ ਹਿਰਖ ਵੱਸ ਆਪੇ 'ਚੋਂ ਬਾਹਰ ਹੋ ਗਿਆ। ਉਸਨੇ ਤਲਵਾਰ ਕੱਢੀ ਤੇ ਇਹ ਕਹਿੰਦਿਆਂ ਹੋਇਆਂ, 'ਤੁਸੀਂ ਭੱਜੇ ਕਿਉਂ ਓਇ?' ਆਪਣੇ ਕਈ ਸਿਪਾਹੀਆਂ ਨੂੰ ਜ਼ਖ਼ਮੀ ਕਰ ਦਿੱਤਾ। ਅਫ਼ਗਾਨ ਸੈਨਿਕ ਫੇਰ ਇਕੱਠੇ ਹੋ ਗਏ। ਉਹ ਅਣਮੰਨੇ ਮਨ ਨਾਲ਼ ਲੜ ਰਹੇ ਸਨ, ਕਿਉਂਕਿ ਲੜਨ ਦੇ ਸਿਵਾਏ ਹੋਰ ਕੋਈ ਚਾਰਾ ਵੀ ਨਹੀਂ ਸੀ। ਪਰ ਹੌਂਸਲੇ ਟੁੱਟ ਗਏ ਸਨ ਤੇ ਉਹ ਆਪਣੇ ਆਪ ਨੂੰ ਬੇਜਾਨ ਮਹਿਸੂਸ ਕਰ ਰਹੇ ਸਨ। ਉੱਧਰ ਸਿੱਖਾਂ ਦੇ ਹੌਂਸਲੇ ਬੁਲੰਦ ਸਨ ਤੇ '...ਅਕਾਲ-ਅਕਾਲ' ਦੇ ਨਾਅਰੇ ਜੈਕਾਰੇ ਆਕਾਸ਼ ਵਿੱਚ ਗੂੰਜ ਰਹੇ ਸਨ। ਠੀਕ ਉਸੇ ਸਮੇਂ ਹਾਜ਼ੀ ਅਤਾਰਾ ਖ਼ਾਂ ਆਪਣੀ ਫ਼ੌਜ ਨਾਲ਼ ਆ ਪਹੁੰਚਿਆ। ਸਿੱਖ ਜਿਨਾਂ ਦੇ ਹੌਂਸਲੇ ਵਧੇ ਹੋਏ ਸਨ, ਹੁਣ ਮੁਸੀਬਤ ਵਿੱਚ ਘਿਰ ਗਏ। ਅਫ਼ਗਾਨਾਂ ਦੀ ਗਿਣਤੀ ਬੜੀ ਜ਼ਿਆਦਾ ਸੀ ਤੇ ਉਨਾਂ ਕੋਲ਼ ਤੋਪਾਂ ਤੇ ਬੰਦੂਕਾਂ ਵੀ ਸਨ। ਸਿੱਖ ਗੋਲੀਆਂ ਦੀ ਵਾਛੜ ਸਾਹਮਣੇ ਵਧੇਰੇ ਦੇਰ ਨਹੀਂ ਟਿਕ ਸਕੇ ਤੇ ਭੱਜ ਖੜੇ ਹੋਏ। ਅਫ਼ਗਾਨ ਸੈਨਿਕਾਂ ਨੇ ਚੱਕਗੁਰੂ ਤੱਕ ਉਨਾਂ ਦਾ ਪਿੱਛਾ ਕੀਤਾ। ਉੱਥੇ ਇੱਕ ਪਵਿੱਤਰ ਸਥਾਨ ਸੀ, ਜਿੱਥੇ ਗ੍ਰੰਥ ਸਾਹਿਬ ਰੱਖਿਆ ਹੋਇਆ ਸੀ ਤੇ ਪੰਜ ਸਿੱਖ ਸੈਨਿਕ ਪਹਿਰੇ ਉੱਪਰ ਸਨ। ਉਹ ਸਿੱਖ ਯੋਧੇ ਉਦੋਂ ਤੱਕ ਲੜਦੇ ਰਹੇ, ਜਦੋਂ ਤੱਕ ਦੁਸ਼ਮਣ ਸੈਨਾ ਦੇ ਬਹੁਤ ਸਾਰੇ ਸਿਪਾਹੀਆਂ ਨੂੰ ਤਲਵਾਰ ਦੇ ਘਾਟ ਉਤਾਰ ਕੇ ਸ਼ਹੀਦ ਨਹੀਂ ਹੋ ਗਏ। ਇਸ ਸੰਘਰਸ਼ ਵਿੱਚ ਮੀਰ ਨਿਯਾਮਤੂੱਲਾ ਨਾਂ ਦਾ ਇੱਕ ਮਸ਼ਹੂਰ ਅਫ਼ਗਾਨ ਜਰਨੈਲ ਵੀ ਮਾਰਿਆ ਗਿਆ।

ਬਾਬਾ ਦੀਪ ਸਿੰਘ ਦੇ ਨਾਲ਼ ਜਿਹੜੇ ਸਿੱਖ ਲੜਦੇ ਹੋਏ ਸ਼ਹੀਦ ਹੋ ਗਏ, ਗੁਰੂ ਦੇ ਬਾਗ਼ ਵਿੱਚ ਉਨਾਂ ਦੀ ਯਾਦਗਾਰ ਬਣਾਈ ਗਈ, ਜਿਸਦਾ ਨਾਂ ਸ਼ਹੀਦ ਗੰਜ ਰੱਖਿਆ ਗਿਆ।

ਇਹ ਗੱਲ ਲੋਕ ਕਥਾ ਬਣ ਗਈ ਹੈ ਕਿ ਜਦੋਂ ਅਫ਼ਗਾਨਾਂ ਨੇ ਜ਼ੋਰਦਾਰ ਹੱਲਾ ਬੋਲਿਆ ਤਾਂ ਬਾਬਾ ਦੀਪ ਸਿੰਘ ਦਾ ਸਿਰ ਇੱਕ ਅਫ਼ਗਾਨ ਸੈਨਕ ਦੀ ਤਲਵਾਰ ਨਾਲ਼ ਕੱਟਿਆ ਗਿਆ। ਕੋਲ਼ ਖੜੇ ਇੱਕ ਸਿੱਖ ਸੈਨਿਕ ਨੇ ਉਨਾਂ ਨੂੰ ਕਿਹਾ, 'ਬਾਬਾ ਜੀ, ਤੁਸੀਂ ਤਾਂ ਇਹ ਪ੍ਰਣ ਕਰ ਕੇ ਆਏ ਸੀ ਕਿ ਆਪਣਾ ਸਿਰ ਦਰਬਾਰ ਸਾਹਿਬ ਨੂੰ ਭੇਂਟ ਕਰੋਗੇ!' ਇਹ ਸੁਣਦਿਆਂ ਹੀ ਬਾਬਾ ਦੀਪ ਸਿੰਘ ਨੇ ਆਪਣਾ ਸਿਰ ਹਥੇਲੀ ਉਪਰ ਰੱਖਿਆ ਤੇ ਇੱਕ ਹੱਥ ਨਾਲ਼ ਖੰਡਾ ਵਾਹੁੰਦੇ ਹੋਏ ਅੱਗੇ ਵਧੇ। ਇਹ ਕੌਤਕ ਦੇਖ ਕੇ ਜ਼ਹਾਨ ਖ਼ਾਂ ਦੰਗ ਰਹਿ ਗਿਆ। ਕਿਸੇ ਲਈ ਵੀ ਬਾਬੇ ਨੂੰ ਰੋਕਣਾ ਮੁਸ਼ਕਿਲ ਹੋ ਗਿਆ ਤੇ ਉਨਾਂ ਹਰਿਮੰਦਰ ਸਾਹਿਬ ਪਹੁੰਚ ਕੇ ਆਪਣਾ ਸੀਸ ਭੇਂਟ ਕੀਤਾ।

ਫਿਰ ਇੱਕ ਹੋਰ ਘਟਨਾ ਇੰਜ ਵਾਪਰੀ ਕਿ ਸਰਹਿੰਦ ਤੋਂ ਆਉਂਦੇ ਹੋਏ ਦੋ ਅਫ਼ਗਾਨ ਸੈਨਿਕਾਂ ਦੀ ਕਰਤਾਰਪੁਰ ਕੋਲ਼ ਹੱਤਿਆ ਹੋ ਗਈ। ਸੁਣਦਿਆਂ ਹੀ ਜ਼ਹਾਨ ਖ਼ਾਂ ਦਾ ਪਾਰਾ ਚੜ ਗਿਆ। ਉਸਨੇ ਦੋਸ਼ੀਆਂ ਨੂੰ ਸਜਾ ਦੇਣ ਲਈ ਨਾਸਿਰ ਅਲੀ ਖ਼ਾਂ ਜਲੰਧਰੀ ਦੀ ਕਮਾਨ ਹੇਠ ਸੈਨਾ ਭੇਜੀ। ਸੋਢੀ ਵੱਡਭਾਗ ਸਿੰਘ ਇੱਕ ਸਤਿਕਾਰਤ ਸਿੱਖ ਤੇ ਇਸ ਇਲਾਕੇ ਦੇ ਚੌਧਰੀ ਸਨ। ਅਫ਼ਗਾਨਾਂ ਨੇ ਚੌਧਰੀ ਵੱਡਭਾਗ ਸਿੰਘ ਨੂੰ ਕਿਹਾ ਕਿ ਉਹ ਅਪਰਾਧੀਆਂ ਦੇ ਨਾਂ ਦੱਸਣ ਤੇ ਉਨਾਂ ਨੂੰ ਪੇਸ਼ ਕਰਨ। ਉਨਾਂ ਦੇ ਕੁਝ ਨਾ ਦੱਸਣ ਉੱਪਰ ਉਨਾਂ ਦੀ ਏਨੀ ਕੁੱਟਮਾਰ ਕੀਤੀ ਗਈ ਕਿ ਲੱਗਭੱਗ ਅੱਧ-ਮੋਇਆਂ ਕਰ ਦਿੱਤਾ ਗਿਆ। ਸੋਢੀ ਵੱਡਭਾਗ ਸਿੰਘ ਗੁਰਦੁਆਰਾ ਥੰਮ ਸਾਹਿਬ ਦੇ ਗ੍ਰੰਥੀ ਵੀ ਸਨ। ਉਹ ਰਾਤ ਨੂੰ ਉੱਥੋਂ ਨਿਕਲੇ ਤੇ ਹੁਸ਼ਿਆਰਪੁਰ ਜ਼ਿਲੇ ਦੇ ਬਾਹਰੀ ਪਿੰਡ ਵਿੱਚ ਜਾ ਛੁਪੇ। ਅਫ਼ਗਾਨਾਂ ਨੇ ਗੁਰਦੁਆਰਾ ਥੰਮ ਸਾਹਿਬ ਢਾਹ ਦਿੱਤਾ ਤੇ ਉੱਥੇ ਗਊਆਂ ਮਾਰ ਕੇ ਸੁੱਟ ਦਿੱਤੀਆਂ। ਫੇਰ ਉਨਾਂ ਕਰਤਾਰਪੁਰ ਸ਼ਹਿਰ ਲੁੱਟਿਆ ਤੇ ਉੱਥੇ ਜਿੰਨੀਆਂ ਵੀ ਹਿੰਦੂ ਸਿੱਖ ਔਰਤਾਂ ਸਨ, ਉਨਾਂ ਨੂੰ ਮੁਸਲਮਾਨ ਬਣਾ ਲਿਆ।

ਸਿੱਖਾਂ ਵਿੱਚ ਜਿਸ ਤਰਾਂ ਭਾਈ ਮਨੀ ਸਿੰਘ ਦੀ ਸ਼ਹਾਦਤ ਪਿੱਛੋਂ ਰੋਸ ਫ਼ੈਲਿਆ ਸੀ, ਉਸੇ ਤਰਾਂ ਇਸ ਘਟਨਾ ਪਿੱਛੋਂ ਰੋਸ ਤੇ ਰੋਹ ਫ਼ੈਲ ਗਿਆ। ਉਨਾਂ ਜ਼ਹਾਨ ਖ਼ਾਂ ਤੋਂ ਬਦਲਾ ਲੈਣ ਦੀ ਠਾਣ ਲਈ।

(ਚਲਦਾ...)

# ਇੱਕੋ ਮਾਲਾ ਦੇ ਮਣਕੇ

**ਮੀਨੂੰ ਬਾਲਾ**

ਬਸ ਐਨੇ ਕੁ ਪੈਸੇ ਹੀ ਸੀ ਸਰਕਾਰ ਕੋਲ਼ ਮੈਨੂੰ ਦੇਣ ਲਈ। ਇਹ ਮੇਰੀ ਬਤੌਰ ਸਰਕਾਰੀ ਅਧਿਆਪਕਾ ਪਹਿਲੀ ਤਨਖ਼ਾਹ ਸੀ। 23-24 ਕਿਲੋਮੀਟਰ ਦੂਰੀ 'ਤੇ ਸਕੂਲ ਸੀ ਮੇਰਾ। ਬਹੁਤੀ ਵਾਰੀ ਦੋ ਬੱਸਾਂ ਬਦਲ ਕੇ ਵੀ ਜਾਣਾ ਪੈਂਦਾ ਸੀ। ਐੱਮ.ਏ. ਅੰਗਰੇਜ਼ੀ, ਐੱਮ.ਏ. ਹਿਸਟਰੀ ਤੇ ਬੀ.ਐੱਡ. ਮੇਰੀ ਵਿੱਦਿਅਕ ਯੋਗਤਾ ਸੀ। ਬਠਿੰਡੇ ਦੇ ਕਈ ਬੇਹਤਰੀਨ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਦਾ ਤਜ਼ਰਬਾ ਵੀ ਵੱਖਰਾ ਸੀ ਮੇਰੇ ਕੋਲ਼। ਪੂਰੇ ਪੰਜਾਬ ਦੇ ਪਤਾ ਨਹੀਂ ਕਿੰਨੇ ਹਜ਼ਾਰਾਂ ਅਧਿਆਪਕਾਂ ਨੂੰ ਪਿੱਛੇ ਛੱਡ ਕੇ ਮੈਰਿਟ ਲਿਸਟ ਵਿੱਚ ਮੇਰਾ ਨਾਂ ਆਇਆ ਸੀ। ਫੇਰ ਵੀ ਲਗਭਗ ਡੇਢ ਸਾਲ ਦੇ ਕਰੀਬ ਸਰਕਾਰ ਨੇ ਮੇਰੇ ਤੋਂ 5400 ਰੁਪਏ ਮਾਸਿਕ ਤਨਖ਼ਾਹ 'ਤੇ ਹੀ ਕੰਮ ਕਰਵਾਇਆ। ਫਿਰ ਸਰਕਾਰ ਨੂੰ ਮੇਰੇ 'ਤੇ ਤਰਸ ਆ ਗਿਆ ਤੇ ਮੇਰੀ ਤਨਖ਼ਾਹ 8100 ਰੁਪਏ ਹੋ ਗਈ। ਦਿਲ ਨੂੰ ਸੱਟ ਲੱਗੀ ਸੀ ਮੇਰੇ ਓਦੋਂ ਇਹ ਫ਼ੈਸਲਾ ਆਉਣ 'ਤੇ ਕੀ ਪੱਲੇ ਪੈਂਦਾ ਹੋਊ ਮੇਰੇ? ਸੋਚ ਸਕਦੇ ਹੋ ਤੁਸੀਂ। ਅੱਠ ਘੰਟੇ ਲਈ ਆਪਣਾ ਘਰ-ਬਾਰ ਛੱਡ ਕੇ ਭੱਜਣਾ, ਦੋ ਬੱਸਾਂ ਬਦਲ-ਬਦਲ ਕੇ ਸਕੂਲ ਪਹੁੰਚਣਾ, ਆਪਣੇ ਬੱਚੇ ਨੂੰ ਕਿਸੇ ਕਰੈੱਚ ਵਿੱਚ ਸੁੱਟ ਕੇ ਜਾਣਾ ਤੇ ਅੰਤ ਫਿਰ ਖ਼ਾਲੀ ਹੱਥ ਮਲਦੇ ਰਹਿ ਜਾਣਾ। ਕੀ ਇਹ ਦਿਨ ਦੇਖਣ ਲਈ ਸਾਰੀ-ਸਾਰੀ ਰਾਤ ਜਾਗ ਕੇ ਪੜ੍ਹਾਈ ਕੀਤੀ ਸੀ? ਇਹ ਸੁਆਲ ਬੱਸ ਵਿੱਚ ਬੈਠੀ ਨੇ ਆਪਣੇ ਆਪ ਨਾਲ਼ ਕਰਨਾ। ਰੱਜ ਕੇ ਆਰਥਿਕ ਸ਼ੋਸ਼ਣ ਹੋਇਆ ਮੇਰਾ। ਪਹਿਲਾਂ ਪ੍ਰਾਈਵੇਟ ਸਕੂਲਾਂ ਨੇ ਮਨਮਰਜੀ ਦੀ ਤਨਖ਼ਾਹ 'ਤੇ ਕੰਮ ਕਰਵਾਇਆ ਤੇ ਫਿਰ ਸਰਕਾਰ ਨੇ। ਖ਼ੈਰ, ਫਿਰ ਵੀ ਮੈਂ ਆਪਣੇ ਆਪ ਨੂੰ ਬਹੁਤ ਖ਼ੁਸ਼ਕਿਸਮਤ ਮੰਨਦੀ ਹਾਂ ਕਿ ਢਾਈ ਸਾਲਾਂ ਬਾਅਦ ਮੈਨੂੰ ਪੱਕਾ ਕਰ ਦਿੱਤਾ ਗਿਆ। ਬਥੇਰੇ ਤਾਂ ਮੇਰੇ ਤੋਂ ਵੀ ਵੱਧ ਰੁਲ਼ੇ ਤੇ ਕਈਆਂ ਲਈ ਤਾਂ ਸਰਕਾਰੀ ਪੱਕੇ ਮੁਲਾਜ਼ਮ ਹੋਣਾ ਇੱਕ ਸੁਪਨਾ ਹੀ ਬਣ ਕੇ ਰਹਿ ਗਿਆ। ਕਿਸੇ ਦਾ ਨੰਬਰ ਨਹੀਂ ਆਇਆ ਤੇ ਕਿਸੇ ਨਾਲ਼ ਸਰਕਾਰ ਧੱਕਾ ਹੀ ਕਰ ਗਈ।

ਆਪਣੇ ਨਾਲ਼ ਹੋਏ ਇਸ ਆਰਥਿਕ ਸ਼ੋਸ਼ਣ ਲਈ ਮੈਂ ਕਿਸਨੂੰ ਜ਼ਿੰਮੇਵਾਰ ਠਹਿਰਾਵਾਂ? ਯਕੀਨਨ ਮੈਂ ਤਾਂ ਬੇਕਸੂਰ ਸੀ। ਗ਼ਲਤੀਆਂ ਕਿਸੇ ਨੇ ਕੀਤੀਆਂ ਤੇ ਠੋਕਰਾਂ ਮੈਂ ਖਾਧੀਆਂ। ਅੱਜ ਮੈਨੂੰ ਇਹ ਗੱਲ ਕਹਿਣ ਵਿੱਚ ਬਿਲਕੁਲ ਵੀ ਹਿਚਕਿਚਾਹਟ ਨਹੀਂ ਹੈ ਮੇਰੀ ਇਸ ਦੁਰਦਸ਼ਾ ਦਾ ਕਾਰਨ ਮੇਰੇ ਹੀ ਮਹਿਕਮੇ ਦੇ ਉਹ ਸੀਨੀਅਰ ਅਧਿਆਪਕ ਸੀ ਜਿਨਾਂ ਨੇ ਸਰਕਾਰੀ ਨੌਕਰੀ ਨੂੰ ਤਮਾਸ਼ਾ ਬਣਾ ਕੇ ਰੱਖ ਦਿੱਤਾ। ਕਿੰਨੇ ਹੀ ਅਧਿਆਪਕ ਇਹੋ ਜਿਹੇ ਸੀ ਜੋ ਪੜ੍ਹਾਉਂਦੇ ਨਹੀਂ ਸੀ, ਜੁਆਕਾਂ ਨੂੰ ਰੱਜ ਕੇ ਕੁੱਟਦੇ ਸੀ, ਮਾਪਿਆਂ ਤੋਂ ਆਪਣੀ ਵਾਧੂ ਖ਼ਾਤਿਰ ਸੇਵਾ ਵੱਖਰੀ ਕਰਵਾਉਂਦੇ ਸੀ ਤੇ ਬਿਨਾਂ ਕੋਈ ਕੰਮ ਕੀਤਿਆਂ ਮੋਟੀਆਂ ਤਨਖ਼ਾਹਾਂ ਨਾਲ਼ ਆਪਣੀਆਂ ਜੇਬਾਂ ਭਰਦੇ ਸੀ। ਬੇਸ਼ੱਕ ਬਹੁਤਿਆਂ ਨੇ ਤਨਦੇਹੀ ਨਾਲ਼ ਆਪਣੀ ਡਿਊਟੀ ਪੂਰੀ ਕੀਤੀ। ਪਰ ਇਹੋ ਜਿਹਿਆਂ ਦੀ ਗਿਣਤੀ ਘੱਟ ਹੀ ਸੀ। ਨਵੀਂ ਆਉਣ ਵਾਲੀ ਪੀੜ੍ਹੀ ਲਈ ਕੰਡੇ ਕਿਸਨੇ ਬੀਜੇ? ਸਾਡੇ ਮਹਿਕਮੇ ਨੂੰ ਮੁਰਲੀ ਮਹਿਕਮੇ ਨਾਲ਼ ਜਾਣਿਆ ਜਾਣ ਲੱਗ ਪਿਆ। ਸਰਕਾਰਾਂ ਨੇ ਅਧਿਆਪਕਾਂ ਦੀ ਇਸ ਗ਼ਲਤੀ ਦਾ ਰੱਜ ਕੇ ਫ਼ਾਇਦਾ ਚੁੱਕਿਆ। ਪੱਕੇ ਮੁਲਾਜ਼ਮਾਂ ਤੋਂ ਕੱਚੇ ਮੁਲਾਜ਼ਮਾਂ ਦੀ ਭਰਤੀ ਹੋਣ ਲੱਗ ਪਈ। ਬੱਚਿਆਂ ਨੂੰ ਕੁੱਟਣ ਦਾ ਅਧਿਕਾਰ ਵੀ ਅਧਿਆਪਕਾਂ ਤੋਂ ਖੋਹ ਲਿਆ। ਮਾਪਿਆਂ ਅੱਗੇ ਵੀ ਅਧਿਆਪਕਾਂ ਨੂੰ ਜ਼ਲੀਲ ਕੀਤਾ ਜਾਣ ਲੱਗ ਪਿਆ। ਬੱਚੇ ਪੜ੍ਹਨੋਂ ਹੱਟ ਗਏ ਕਿਉਂਕਿ ਅਧਿਆਪਕ ਉਨਾਂ ਨੂੰ ਹੁਣ ਕੁਝ ਨਹੀਂ ਕਹਿ ਸਕਦਾ ਸੀ। ਸਰਕਾਰੀ ਅਧਿਆਪਕਾਂ ਦਾ ਮਾਣ ਸਨਮਾਨ ਬਿਲਕੁਲ ਥੱਲੇ ਡਿੱਗ ਗਿਆ। ਸਾਰੀ ਬਾਜ਼ੀ ਸਿਆਸਤਦਾਨਾਂ ਦੇ ਹੱਥ ਚਲੀ ਗਈ। ਬੱਚੇ ਨਾਲਾਇਕ ਹੋਣ ਲੱਗ ਪਏ ਤੇ ਅਧਿਆਪਕਾਂ ਦਾ ਸ਼ੋਸ਼ਣ ਹੋਣ ਲੱਗ ਪਿਆ।

ਜਦੋਂ ਮੈਂ 2008 ਵਿੱਚ ਨੌਕਰੀ ਜੁਆਇਨ ਕੀਤੀ ਸੀ, ਢੇਰ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਬੱਚੇ ਮਾੜੀ ਜਿਹੀ ਝਿੜਕ 'ਤੇ ਪਿੰਡ ਇਕੱਠਾ ਕਰਨ ਨੂੰ ਫ਼ਿਰਦੇ। ਪਰ ਅਸਲੀਅਤ ਵਿੱਚ ਪੜ੍ਹ ਕੇ ਉਹ ਆਪ



ਕਲਮਾਂ ਦੇ ਜਜ਼ਬਾਤ

ਰਾਜ਼ੀ ਨਹੀਂ ਸੀ। ਨਾਸਮਝ ਬੱਚਿਆਂ ਨੂੰ ਕੌਣ ਸਮਝਾਉਂਦਾ ਕਿ ਮੈਂ ਉਨਾਂ ਦਾ ਭਲਾ ਚਾਹੁੰਦੀ ਸੀ। ਬਿਨਾਂ ਕਿਤਾਬ, ਕਾਪੀ, ਪੈੱਨ ਤੋਂ ਭਲਾਂ ਮੈਂ ਉਨਾਂ ਨੂੰ ਕਿਵੇਂ ਪੜ੍ਹਾ ਸਕਦੀ ਸੀ? ਇਹ ਸਭ ਚੁੱਕ ਕੇ ਲਿਆਉਣਾ ਵੀ ਉਨਾਂ ਨੂੰ ਜ਼ਰੂਰੀ ਨਹੀਂ ਲੱਗਦਾ ਸੀ। ਅੱਠਵੀਂ ਤੱਕ ਬਿਨਾਂ ਪੜ੍ਹੇ ਵੀ ਪਾਸ ਕਰਨ ਦੇ ਹੁਕਮਾਂ ਨੇ ਤਾਂ ਸਾਡੇ ਸਰਕਾਰੀ ਸਕੂਲਾਂ ਦੀਆਂ ਜੜ੍ਹਾਂ ਹੀ ਹਿਲਾ ਕੇ ਰੱਖ ਦਿੱਤੀਆਂ। ਹੁਣ ਮਾਪਿਆਂ ਦਾ ਬੱਚਿਆਂ ਦੀ ਪੜ੍ਹਾਈ ਵੱਲ ਹੋਰ ਵਧੇਰੇ ਅਵੇਸਲੇ ਹੋ ਜਾਣਾ ਵੀ ਸੁਭਾਵਿਕ ਹੀ ਸੀ। ਮੈਂ ਨਾ ਸਿਰਫ਼ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਹੋਈ ਸਗੋਂ ਸਮਾਜ ਵਿੱਚ ਆਪਣੀ ਜਿਸ ਇੱਜ਼ਤ ਦੀ ਹੱਕਦਾਰ ਸੀ ਉਸਤੋਂ ਵੀ ਵਾਂਝੀ ਰਹੀ। ਕਿਸੇ ਨੂੰ ਪਤਾ ਲੱਗਣਾ ਕਿ ਸਰਕਾਰੀ ਭੈਣ ਜੀ ਹੈ ਤਾਂ ਇਹ ਤਾਂ ਫਿਰ ਵਿਹਲੀ ਬੈਠੀ ਖਾਂਦੀ ਹੈ। ਭਾਵੇਂ ਇਹ ਗੱਲ ਕਹਿਣ ਵਾਲਾ ਬੰਦਾ ਮੈਨੂੰ ਜਾਣਦਾ ਹੁੰਦਾ ਜਾਂ ਨਹੀਂ ਪਰ ਸਾਰੇ ਸਰਕਾਰੀ ਅਧਿਆਪਕ ਕੰਮਚੋਰ ਹੁੰਦੇ ਹਨ, ਇਹ ਸੋਚ ਹੁਣ ਸਮਾਜ ਵਿੱਚ ਵਿਚਰਦੇ ਹਰ ਇਨਸਾਨ ਦੀ ਸੀ ਤੇ ਇਸ ਗੱਲ ਨਾਲ਼ ਸਮਝੌਤਾ ਕਰਨ ਵਿੱਚ ਮੇਰੀ ਸਿਆਣਪ ਸੀ। ਕਦੇ-ਕਦੇ ਖ਼ੂਨ ਖ਼ੌਲਦਾ ਵੀ ਸੀ, ਪਰ ਪੂਰੇ ਸਮਾਜ ਦੀ ਸੋਚ ਨੂੰ ਕੌਣ ਬਦਲ ਸਕਦਾ ਸੀ? ਮੈਨੂੰ ਇਹ ਇੱਕ ਕਲੰਕ ਪ੍ਰਤੀਤ ਹੁੰਦਾ ਸੀ ਪਰ ਚੁੱਪ ਰਹਿਣਾ ਮੇਰੀ ਮਜਬੂਰੀ ਸੀ। ਇਹ ਤਾਂ ਭਲਾ ਹੋਵੇ ਕੋਰੋਨਾ ਦਾ ਕਿ ਮੈਨੂੰ ਆਨਲਾਈਨ ਕਲਾਸਾਂ ਲਗਾਉਣੀਆਂ ਪਈਆਂ ਤੇ ਮੇਰੇ ਆਸ-ਪਾਸ ਦੇ ਲੋਕਾਂ ਨੂੰ ਯਕੀਨ ਹੋ ਗਿਆ ਕਿ ਮੈਂ ਸਕੂਲ ਵਿੱਚ ਕੰਮ ਹੀ ਕਰ ਕੇ ਆਉਂਦੀ ਹਾਂ। ਨਹੀਂ ਤਾਂ ਸ਼ਾਇਦ ਸਾਰੀ ਉਮਰ ਹੀ ਅਣਥੱਕ ਮਿਹਨਤ ਕਰਨ ਤੋਂ ਬਾਅਦ ਵੀ ਸਮਾਜ ਵਿੱਚ ਮਜ਼ਾਕ ਦਾ ਪਾਤਰ ਹੀ ਬਣੀ ਰਹਿੰਦੀ।

ਮੈਂ ਆਪਣੀ ਕਹਾਣੀ ਇਸ ਗੱਲ ਲਈ ਨਹੀਂ ਸੁਣਾਈ ਕਿ ਮੇਰੇ ਨਾਲ਼ ਕੋਈ ਹਮਦਰਦੀ ਕਰੇ। ਭਾਵੇਂ ਮੇਰੇ ਹਾਲਾਤ ਕਿਹੋ ਜਿਹੇ ਵੀ ਸੀ ਪਰ ਮੇਰਾ ਹਾਸਾ ਵੀ ਪਹਿਲੇ ਦਿਨੋਂ ਹੀ ਸਿਖ਼ਰਾਂ 'ਤੇ ਰਿਹਾ ਤੇ ਪ੍ਰਮਾਤਮਾ ਦੀ ਕਿਰਪਾ ਨਾਲ਼ ਅੱਜ ਤੱਕ ਬਰਕਰਾਰ ਹੈ। ਰੱਜ ਕੇ ਆਨੰਦ ਮਾਣਿਆ ਹੈ ਮੈਂ ਆਪਣੀ ਨੌਕਰੀ ਦਾ। ਦੁੱਖ-ਸੁੱਖ ਤਾਂ ਆਉਂਦੇ ਜਾਂਦੇ ਰਹਿੰਦੇ ਨੇ। ਬਸ ਇੱਕ ਗੱਲ ਸਮਝਣ ਦੀ ਜ਼ਰੂਰਤ ਹੈ ਕਿ ਅਸੀਂ ਆਪਣੇ ਅਧਿਕਾਰਾਂ ਤੋਂ ਹੌਲੀ-ਹੌਲੀ ਉਦੋਂ ਵਾਂਝੇ ਹੁੰਦੇ ਜਾਂਦੇ ਹਾਂ ਜਦੋਂ ਅਸੀਂ ਆਪਣੇ ਕਰਤੱਵਾਂ ਪ੍ਰਤੀ ਅਵੇਸਲੇ ਹੁੰਦੇ ਹਾਂ। ਸਰਕਾਰੀ ਨੌਕਰੀ ਮਿਲਣੀ ਇੱਕ ਪ੍ਰਮਾਤਮਾ ਦੀ ਬਹੁਤ ਵੱਡੀ ਕਿਰਪਾ ਹੁੰਦੀ ਹੈ ਤੇ ਸਾਨੂੰ ਕਿਸੇ ਵੀ ਹਾਲ ਵਿੱਚ ਇਸਦਾ ਮਜ਼ਾਕ ਨਹੀਂ ਬਣਾਉਣਾ ਚਾਹੀਦਾ। ਮਹਿਕਮਾ ਚਾਹੇ ਕੋਈ ਵੀ ਹੋਵੇ। ਰੱਬ ਤੋਂ ਡਰ ਕੇ ਕੰਮ ਕਰਨਾ ਚਾਹੀਦਾ ਹੈ। ਮੇਰੀ ਆਪਣੀ ਪੀੜ੍ਹੀ ਦੇ ਅਧਿਆਪਕਾਂ ਅੱਗੇ ਵੀ ਬੇਨਤੀ ਹੈ ਕਿ ਆਓ ਅਸੀਂ ਸਾਰੇ ਰਲ਼ ਕੇ ਐਨੀ ਮਿਹਨਤ ਕਰੀਏ ਕਿ ਆਪਣੇ ਮਹਿਕਮੇ 'ਤੇ ਲੱਗੇ ਸਾਰੇ ਦਾਗ ਧੋ ਦੇਈਏ। ਸਮਾਜ ਦੇ ਲੋਕਾਂ ਨੂੰ ਵੀ ਬੇਨਤੀ ਹੈ ਕਿ ਉਹ ਅਧਿਆਪਕ ਵਰਗ ਦਾ ਸਾਥ ਦੇਣ। ਅੱਜ-ਕੱਲ ਅਧਿਆਪਕ ਆਪਣੇ ਹੱਕਾਂ ਲਈ ਸੜਕਾਂ ਤੇ ਲੜਦੇ ਦਿਖਾਈ ਦਿੰਦੇ ਹਨ। ਕੀ ਸੋਹਣੇ ਲੱਗਦੇ ਨੇ ਭਲਾਂ? ਆਓ ਮਿਲ-ਜੁਲ ਕੇ ਇੱਕ ਸੋਹਣਾ ਸਮਾਜ ਸਿਰਜੀਏ। ਅਧਿਆਪਕਾਂ ਨੂੰ ਉਨਾਂ ਦਾ ਬਣਦਾ ਮਾਣ ਸਤਿਕਾਰ ਦੇਈਏ ਤੇ ਸਿਆਸਤਦਾਨਾਂ ਦੀਆਂ ਕੋਝੀਆਂ ਚਾਲਾਂ ਨੂੰ ਚੁੱਲੇ ਵਿੱਚ ਬਾਲ ਦੇਈਏ। ਅਧਿਆਪਕ ਚਾਹੇ ਸਰਕਾਰੀ ਹੋਵੇ ਜਾਂ ਪ੍ਰਾਈਵੇਟ ਇੱਜ਼ਤ ਦਾ ਹੱਕਦਾਰ ਹੁੰਦਾ ਹੈ ਕਿਉਂਕਿ ਤੁਹਾਡੇ ਬੱਚੇ ਦੇ ਸੁਨਹਿਰੀ ਭਵਿੱਖ ਦੀ ਤੁਹਾਡੇ ਨਾਲ਼-ਨਾਲ਼ ਉਹ ਵੀ ਅਰਦਾਸ ਕਰਦਾ ਹੈ। ਅਧਿਆਪਕ, ਵਿਦਿਆਰਥੀ ਤੇ ਮਾਪੇ ਇੱਕੋ ਹੀ ਮਾਲ਼ਾ ਦੇ ਮਣਕੇ ਹਨ। ਇਨਾਂ ਦੇ ਮਜ਼ਬੂਤ ਰਿਸ਼ਤੇ ਤੋਂ ਬਿਨਾਂ ਕਦੇ ਵੀ ਮਜ਼ਬੂਤ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

# ਇਹ ਹੁੰਦੀ ਹੈ ਕੌਮੀਅਤ

**ਅਵਤਾਰ ਸਿੰਘ**

ਇਹ ਹੈ ਕੌਮੀਅਤ। ਇਹ ਹੈ ਉਹ ਸਾਂਝਾ ਜਜ਼ਬਾ ਜੋ ਕਿਸੇ ਸਮੂਹ ਨੂੰ ਕੌਮ ਬਣਾਉਂਦਾ ਹੈ। ਅਜਿਹੇ ਹੁੰਦੇ ਹਨ ਉਹ ਇਤਿਹਾਸਕ ਪਲ ਜਦੋਂ ਕੋਈ ਘੱਟ ਗਿਣਤੀ ਪਰੌੜ ਹੋ ਕੇ ਕੌਮ ਬਣ ਜਾਂਦੀ ਹੈ। ਇਹ ਹੁੰਦਾ ਹੈ ਆਪਣੇ ਗੁਆਂਢੀਆਂ ਤੋਂ ਵੱਖਰੇ ਹੋਣ ਦਾ ਅਹਿਸਾਸ ਅਤੇ ਜਜ਼ਬਾ।

ਪੰਜਾਬ ਵਿੱਚ ਬਹੁਤ ਸਾਰੇ ਧਰਮਾਂ ਨੂੰ ਅਤੇ ਸੱਭਿਆਚਾਰਾਂ ਨੂੰ ਮੰਨਣ ਵਾਲੇ ਲੋਕ ਰਹਿੰਦੇ ਹਨ। ਉਨਾਂ ਦੀਆਂ ਬਹੁਤ ਸਾਰੀਆਂ ਆਪਣੀਆਂ ਰਹੁ-ਰੀਤਾਂ ਵੀ ਹਨ ਅਤੇ ਬਹੁਤ ਸਾਰੀਆਂ ਸਾਂਝੀਆਂ ਰਹੁ-ਰੀਤਾਂ ਵੀ ਹਨ। ਬਹੁਤ ਸਾਰੇ ਹਿੰਦੂ ਅਤੇ ਮੁਸਲਿਮ ਪਰਿਵਾਰ ਕੁੜਤੇ ਪਜਾਮੇ ਪਾਉਂਦੇ ਹਨ, ਔਰਤਾਂ ਦੇ ਵੀ ਸਾਂਝੇ ਲਿਬਾਸ ਹਨ, ਬਹੁਤੇ ਮੱਕੀ ਦੀ ਰੋਟੀ ਅਤੇ ਸਰੋਂ ਦਾ ਸਾਗ ਵੀ ਖਾਂਦੇ ਹਨ। ਇੱਕੋ ਧਰਤੀ 'ਤੇ ਰਹਿੰਦੇ ਹਨ।

ਪਰ ਉਸ ਧਰਤੀ ਲਈ ਮਰ ਮਿਟਣ ਦਾ ਜਜ਼ਬਾ ਸਾਰਿਆਂ ਵਿੱਚ ਨਹੀਂ ਹੈ। ਉਨਾਂ ਲਈ ਪੰਜਾਬ ਸਿਰਫ਼ ਘਰ ਹੈ, ਇੱਟਾਂ ਅਤੇ ਰੋੜਿਆਂ ਦਾ ਘਰ। ਘਰ 'ਕੱਲਾ ਇੱਟਾਂ ਰੋੜਿਆਂ ਦਾ ਨਹੀਂ ਹੁੰਦਾ। ਉਸ ਵਿੱਚ ਵਸਣ ਵਾਲੀਆਂ ਰੂਹਾਂ ਉਸ ਨੂੰ ਘਰ ਬਣਾਉਂਦੀਆਂ ਹਨ।

ਕੌਮ ਵੀ ਉਸ ਘਰ ਵਰਗਾ ਅਹਿਸਾਸ ਹੁੰਦਾ ਹੈ ਜਿਸ ਦੀ ਸਲਾਮਤੀ ਲਈ ਉਸ ਘਰ ਵਿੱਚ ਰਹਿਣ ਵਾਲੇ ਆਪਣੀਆਂ ਜਾਨਾਂ ਵਾਰ ਦੇਣ, ਉਸ ਲਈ ਬੰਦ-ਬੰਦ ਕਟਵਾ ਦੇਣ, ਚਰਖੜੀਆਂ 'ਤੇ ਚੜ੍ਹ ਜਾਣ, ਆਰਿਆਂ ਨਾਲ਼ ਚੀਰੇ ਜਾਣ। ਪੰਜਾਬੀ ਬੋਲਣ ਵਾਲੇ ਪੰਜਾਬ ਵਿੱਚ ਬਹੁਤ ਹੋਣਗੇ। ਜਿਨਾਂ ਦੀਆਂ ਦੁਕਾਨਾਂ ਪੰਜਾਬੀ ਬੋਲਣ ਨਾਲ਼ ਹੀ ਚੱਲਦੀਆਂ ਹਨ। ਮੱਕੀ ਦੀ ਰੋਟੀ ਖਾਣ ਵਾਲੇ ਬਹੁਤ ਹੋਣਗੇ, ਜਿਨਾਂ ਲਈ ਇਹ ਇੱਕ ਸੁਆਦਲੇ ਭੋਜਨ ਤੋਂ ਵੱਧ ਕੁਝ ਨਹੀਂ ਹੈ।

ਪਰ ਕੁਝ ਉਹ ਵੀ ਹਨ ਜਿਨਾਂ ਲਈ ਪੰਜਾਬੀ ਵਪਾਰਕ ਜਮਾਂ-ਘਟਾਓ ਦਾ ਸਾਧਨ ਨਹੀਂ ਹੈ ਬਲਕਿ ਹੋਂਦ ਦੀ ਪਹਿਚਾਣ ਹੈ। ਉਨਾਂ ਲਈ ਪੰਜਾਬੀ ਹੋਂਦ ਦੀ ਨੀਂਹ ਹੈ। ਇਸੇ ਲਈ ਉਹ ਆਪਣੀ ਮਾਂ ਬੋਲੀ ਤੇ ਹੋਏ ਇੱਕ ਵੀ ਹਮਲੇ ਖ਼ਿਲਾਫ਼ ਡਟਕੇ ਖੜ ਜਾਂਦੇ ਹਨ। ਆਪਣੀਆਂ ਜਾਨਾਂ ਵਾਰ ਦਿੰਦੇ ਹਨ। ਆਪਣੇ ਇਤਿਹਾਸ ਲਈ ਆਪਣੇ ਗੁਰੂ ਲਈ ਹੱਸ-ਹੱਸ ਕੇ ਸ਼ਹਾਦਤਾਂ ਦੇ ਜਾਂਦੇ ਹਨ। ਪੰਜਾਬ ਉਨਾਂ ਲਈ ਇੱਟਾਂ-ਰੋੜਿਆਂ ਦਾ ਘਰ ਨਹੀਂ ਹੈ, ਬਲਕਿ ਕੌਮੀ ਹੋਂਦ ਦਾ ਆਖ਼ਰੀ ਕਿਲਾ ਹੈ। ਜਿੱਥੇ ਉਨਾਂ ਦੇ ਗੁਰੂ ਦੇ ਘੋੜਿਆਂ ਦੀਆਂ ਟਾਪਾਂ ਦੀ ਗੂੰਜ ਸੁਣਾਈ ਦਿੰਦੀ ਹੈ। ਉਨਾਂ ਟਾਪਾਂ ਦੀ ਗੂੰਜ ਨੂੰ ਜਦੋਂ ਕੋਈ ਪਰਿਭਾਸ਼ਿਤ ਕਰਨ ਆ ਜਾਂਦਾ ਹੈ ਤਾਂ ਉਹ ਸਾਡਾ ਕੌਮੀ ਨਾਇਕ ਹੋ ਨਿਬੜਦਾ ਹੈ।

ਜਦੋਂ ਕੋਈ ਹਰ ਮਸਲੇ ਨੂੰ ਸਾਡੀ ਹੋਂਦ ਦੀ ਲੜਾਈ ਬਣਾਕੇ ਸਾਡੇ ਸਾਹਮਣੇ ਰੱਖਦਾ ਹੈ, ਜਦੋਂ ਵੱਖਰੇ ਅਤੇ ਨਿਆਰੇ ਵਿਚਾਰ ਪ੍ਰਬੰਧ ਦੀ ਗੱਲ ਕਰਦਾ ਹੈ, ਜਦੋਂ ਨਸਲਾਂ ਨੂੰ ਬਚਾਉਣ ਦੀ ਗੱਲ ਕਰਦਾ ਹੈ ਜਦੋਂ ਸ਼ਹੀਦਾਂ ਦੇ ਪਹਿਰੇ ਦੀ ਬਾਤ ਪਾਉਂਦਾ ਹੈ, ਜਦੋਂ ਵਾਹਿਗੁਰੂ ਜੀ



ਹਰਫਾਂ ਦੇ ਨੂਰ

ਦੀ ਕਲਾ ਵਰਤਣ ਦੀਆਂ ਰੂਹਾਨੀ ਗੱਲਾਂ ਕਰਦਾ ਹੈ ਤਾਂ ਉਹ ਕੌਮ ਦਾ ਕੇਂਦਰੀ ਪਾਤਰ ਬਣ ਜਾਂਦਾ ਹੈ।

ਅਜਿਹਾ ਬੰਦਾ ਜਦੋਂ ਵਾਹਿਗੁਰੂ ਵਿੱਚ ਲੀਨ ਹੋ ਜਾਂਦਾ ਹੈ ਤਾਂ ਕੌਮ ਧਾਹਾਂ ਮਾਰ ਕੇ ਰੋਂਦੀ ਹੈ। ਜਿਹੜੇ ਅਜਿਹੇ ਨਾਇਕ ਦੀ ਮੌਤ ਤੇ ਰੋਂਦੇ ਹਨ ਅਸਲ ਵਿੱਚ ਉਹ ਕੌਮ ਦਾ ਹਿੱਸਾ ਹਨ। ਜਿਹੜੇ ਹਾਲੇ ਵੀ ਵੋਟਾਂ ਮੰਗਣ ਤੁਰੇ ਹੋਏ ਹਨ ਉਨਾਂ ਦਾ ਕੌਮੀ ਜਜ਼ਬਾ ਏਨਾ ਤਿੱਖਾ ਨਹੀਂ।

ਦੀਪ ਸਿੱਧੂ ਦੀ ਮੌਤ 'ਤੇ ਹਰ ਉਹ ਸ਼ਖ਼ਸ ਰੋਇਆ ਹੈ ਜੋ ਸਿੱਖ ਕੌਮ ਦਾ ਹਿੱਸਾ ਹੈ। ਜਿਸ ਨੂੰ ਉਸ ਦੇ ਬੋਲਾਂ ਵਿੱਚੋਂ ਆਪਣਾ ਇਤਿਹਾਸ ਰੁਮਕਦਾ ਦਿਸਦਾ ਸੀ। ਜਿਸਨੂੰ ਉਸਦੀਆਂ ਗੱਲਾਂ ਵਿੱਚੋਂ ਆਪਣਾ ਭਵਿੱਖ ਦਿਸਦਾ ਸੀ। ਜਦੋਂ ਕੋਈ ਘੋਨ-ਮੋਨ ਬੰਦਾ ਵੈਰਾਗ ਵਿੱਚ ਆ ਕੇ ਇਹ ਅਰਦਾਸ ਕਰਦਾ ਹੈ ਕਿ ਕਲਗੀਆਂ ਵਾਲਿਆ ਸਾਡੇ 'ਤੇ ਵੀ ਰਹਿਮਤ ਕਰ ਅਤੇ ਸਾਨੂੰ ਗਾਤਰੇ ਪਵਾਦੇ ਤਾਂ ਸਮਝ ਆ ਜਾਂਦੀ ਹੈ ਕਿ ਦੀਪ ਸਿੱਧੂ ਨੇ ਸਿੱਖ ਨੌਜਵਾਨੀ ਦੇ ਮਨਾਂ ਵਿੱਚ ਕੀ ਭਾਂਬੜ ਬਾਲ਼ ਦਿੱਤੇ ਸਨ। ਲੁਧਿਆਣੇ ਤੋਂ ਲੈ ਕੇ ਲੰਡਨ ਤੱਕ ਜਿਸ ਦੀ ਯਾਦ ਵਿੱਚ ਲੋਕ ਰੋਏ ਹੋਣ ਤਾਂ ਸਮਝ ਲਿਆ ਜਾਣਾ ਚਾਹੀਦਾ ਹੈ ਕਿ ਮਰਨ ਵਾਲਾ ਬੰਦਾ ਇੱਕ ਵਾਰ ਫਿਰ ਤੁਹਾਡੇ ਵਿੱਚ ਕੌਮੀ ਜਜ਼ਬੇ ਦੀ ਅੱਗ ਬਾਲ਼ ਗਿਆ ਹੈ।

ਅਸੀਂ ਬਹੁਤੇ ਪੜ੍ਹੇ ਲਿਖੇ ਲੱਖ ਆਖੀ ਜਾਈਏ ਕਿ ਕੌਮ, ਕੌਮਵਾਦ ਅਤੇ ਕੌਮੀ ਸਟੇਟ ਪੱਛਮ ਦੀਆਂ ਧਾਰਨਾਵਾਂ ਹਨ। ਇਹ ਸਾਡੇ ਮੇਚ ਨਹੀਂ ਆਉਂਦੀਆਂ, ਪਰ ਜਦੋਂ ਕੌਮ ਦਾ ਕੋਈ ਵੱਡਾ ਨਾਇਕ ਵਿੱਛੜਦਾ ਹੈ ਅਤੇ ਕੌਮ ਦਾ ਜਾਗਿਆ ਹੋਇਆ ਹਿੱਸਾ ਉਸਦੀ ਮੌਤ 'ਤੇ ਧਾਹਾਂ ਮਾਰਦਾ ਹੈ ਤਾਂ ਪੱਛਮ ਦੀ ਕਥਿਤ ਧਾਰਨਾ ਦੇ ਬਖੀਏ ਉਧੇੜ ਦਿੰਦਾ ਹੈ। ਇਹ ਸਭ ਜ਼ੁਬਾਨੀ ਜਮਾ ਖ਼ਰਚੀ ਹੈ। ਹਰ ਭਾਈਚਾਰਾ, ਹਰ ਸਮੂਹ ਅਤੇ ਹਰ ਘੱਟਗਿਣਤੀ ਜਿਸਦੇ ਨਾਇਕ ਸਾਂਝੇ ਹਨ, ਖਲਨਾਇਕ ਸਾਂਝੇ ਹਨ, ਹਾਸੇ ਸਾਂਝੇ ਹਨ ਅਤੇ ਵੈਣ ਸਾਂਝੇ ਹਨ ਉਹ ਕੌਮ ਹੈ। ਇਹ ਉਦਾਸੀ ਚਮਕੌਰ ਸਾਹਿਬ ਦੇ ਸਾਕੇ ਵੇਲੇ ਵੀ ਆਈ ਹੋਵੇਗੀ, ਇਹ ਉਦਾਸੀ ਸਰਹੰਦ ਦੀਆਂ ਨੀਂਹਾਂ ਦੇ ਸਾਕੇ ਵੇਲੇ ਵੀ ਆਈ ਹੋਵੇਗੀ, ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਨੇ ਵੀ ਇਹ ਵੈਰਾਗ ਭਰਿਆ ਹੋਵੇਗਾ। ਸੰਤ ਜਰਨੈਲ ਸਿੰਘ ਦੀ ਸ਼ਹਾਦਤ ਨੇ ਤਾਂ ਨਿਸ਼ਚੇ ਹੀ ਇਹ ਵੈਰਾਗ ਭਰਿਆ ਅਤੇ ਰੋਹ ਵੀ ਜਗਾਇਆ, ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ ਅਤੇ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਦੀ ਅਦੁੱਤੀ ਸ਼ਹਾਦਤ ਨੇ ਇਹ ਕੌਮੀ ਵੈਰਾਗ ਪੈਦਾ ਕੀਤਾ ਸੀ। ਦੀਪ ਸਿੱਧੂ ਦੀ ਮੌਤ ਨੇ ਵੀ ਉਹ ਕੌਮੀ ਵੈਰਾਗ ਪੈਦਾ ਕੀਤਾ ਹੈ। ਜਦੋਂ ਟੋਪੀ ਪਾਉਣ ਵਾਲਾ ਇੱਕ ਸਿੱਖ ਨੌਜਵਾਨ ਉਸਦੀ ਫ਼ੋਟੋ ਨੂੰ ਫ਼ਰੇਮ ਕਰਕੇ ਫ਼ੌਜੀਆਂ ਵਾਂਗ ਸਲੂਟ ਮਾਰਦਾ ਹੈ ਤਾਂ ਉਹ ਸਿੱਖਾਂ ਦੇ ਕੌਮੀ ਨਿਆਰੇਪਣ ਦੀ ਬਾਤ ਪਾਉਂਦਾ ਹੈ।

ਦੀਪ ਸਿੱਧੂ ਦੀ ਮੌਤ 'ਤੇ ਜਿਹੜੇ ਰੋਏ ਹਨ। ਉਹ ਸਿੱਖ ਕੌਮ ਦਾ ਹਿੱਸਾ ਬਣਦੇ ਹਨ। ਜਿਹੜੇ ਮੱਕੀ ਦੀ ਰੋਟੀ ਅਤੇ ਸਰੋਂ ਦਾ ਸਾਗ ਖਾਣ ਦੇ ਬਾਵਜੂਦ ਵੀ ਉਸਦੀ ਮੌਤ 'ਤੇ ਉਦਾਸ ਨਹੀਂ ਹੋਏ ਉਹ ਪੰਜਾਬੀ ਕੌਮ ਦਾ ਹਿੱਸਾ ਹਨ, ਜਿਸਦਾ ਕੋਈ ਵਜੂਦ ਨਹੀਂ ਹੈ।






## ਪਾਠਕਾਂ ਦਾ ਨਜ਼ਰੀਆ

### ਹਮਨੇ ਫਿਰ ਬਨਾ ਲੀਆ ਹੈ ਆਸ਼ੀਆਨਾ

ਭਾਈ ਦੀਪ ਸਿੰਘ ਸਿੱਧੂ ਦੀ ਅੰਤਿਮ ਅਰਦਾਸ ਮਗਰੋਂ ਸਿੱਖ ਸਮਾਜ ਵਿੱਚ ਉਥਲ-ਪੁਥਲ ਮੱਚਦੀ ਦਿਸ ਰਹੀ ਹੈ। ਸਮੀਕਰਨ ਬਦਲਦੇ ਦਿਸ ਰਹੇ ਨੇ। ਬਦਲਾਅ ਤੇ ਤਬਦੀਲੀ ਦਾ ਅਹਿਸਾਸ ਹੋ ਰਿਹਾ ਹੈ। ਨਵੀਂ ਪੀੜੀ ਪੰਥਕ ਜ਼ਿੰਮੇਵਾਰੀਆਂ ਨਿਭਾਉਣ ਹਿਤ ਤਿਆਰ ਬਰ ਤਿਆਰ ਦਿਸ ਰਹੀ ਹੈ। ਪਿਛਲੀ ਪੀੜੀ ਨਾਲ਼ੋਂ ਨਵੀਂ ਪੀੜੀ ਦੇ ਸੁਭਾਵਿਕ ਫ਼ਰਕ ਦਾ ਪ੍ਰਗਟਾਵਾ ਹੋ ਰਿਹਾ ਹੈ। ਗ਼ੁਲਾਮੀ ਦਾ ਅਹਿਸਾਸ ਸਿੱਖ ਜਵਾਨੀ ਨੂੰ ਸੰਤਾਪ ਦੇ ਰਿਹਾ ਹੈ। ਸਿੱਖ ਜਵਾਨੀ ਨੂੰ ਇਹ ਸਥਿਤੀ ਮਨਜ਼ੂਰ ਨਹੀਂ। ਸਿੱਖ ਜਵਾਨੀ ਜਲਦੀ, ਫ਼ੌਰਨ ਤੇ ਤੁਰੰਤ ਨਤੀਜੇ ਕੱਢ ਸਕਣ ਦੇ ਸਮਰੱਥ ਹਾਣੀ ਆਗੂ ਦੀ ਭਾਲ ਵਿੱਚ ਹੈ। ਦੀਪ ਸਿੱਧੂ ਮਗਰੋਂ ਪੈਦਾ ਹੋਇਆ ਖਲਾਅ ਸਿੱਖ ਜਵਾਨੀ ਨੂੰ ਤੰਗ ਕਰਦਾ ਹੈ। ਫ਼ਰਜ਼ਾਂ ਲਈ ਲੜਨ ਮਰਨ ਨੂੰ ਤਿਆਰ ਸਿੱਖ ਜਵਾਨੀ ਨੂੰ ਰੋਹ ਆ ਰਿਹਾ ਹੈ, ਖਿਝ ਚੜ ਰਹੀ ਹੈ ਕਿ ਮੰਜ਼ਿਲ 'ਤੇ ਕਦ ਪਹੁੰਚਾਂਗੇ। ਉਨ੍ਹਾਂ ਨੂੰ ਮੱਤਾਂ ਦੇਣ ਵਾਲੇ ਬੇਸ਼ੱਕ ਕਿੰਨੇ ਵੀ ਤਜਰਬੇਕਾਰ ਤੇ ਸੁਹਿਰਦ ਹੋਣ ਸਿੱਖ ਜਵਾਨੀ ਨੂੰ ਜਾਪਦਾ ਹੈ ਕਿ ਇਹ ਤਾਂ ਸੰਤੁਸ਼ਟ ਹੋ ਚੁੱਕੇ, ਹਾਰ ਹੰਭ ਚੁੱਕੇ ਲੋਕ ਨੇ, ਜਿਨ੍ਹਾਂ ਤੋਂ ਕੱਖ ਨਹੀਂ ਕਰ ਹੋਣਾ। ਸ਼ਾਇਦ ਪਿਛਲੀ ਪੀੜੀ ਨੂੰ ਚੇਤੇ ਆ ਰਿਹਾ ਹੋਵੇ ਕਿ ਕਿਸੇ ਵੇਲੇ ਇਹੋ ਖਿਆਲ ਉਨ੍ਹਾਂ ਦੇ ਆਪਦੇ ਤੋਂ ਪਿਛਲੀ ਪੀੜੀ ਲਈ ਸਨ। ਉਹ ਵੀ ਪੰਥਕ ਸੇਵਾ ਵਿੱਚ ਕੁੱਦਣ ਮੌਕੇ ਕਹਿੰਦੇ ਸੀ ਕਿ ਪਿਛਲੀ ਪੀੜੀ ਨੇ ਐਵੇਂ ਢੇਰੀ ਢਾਹ ਲਈ ਹੈ, ਹੁਣ ਅਸੀਂ ਕੌਮ ਨੂੰ ਮੰਜ਼ਿਲ 'ਤੇ ਲਿਜਾਵਾਂਗੇ। ਦੀਪ ਸਿੱਧੂ ਵਰਤਾਰੇ ਨੇ 1984 ਦੇ ਘੱਲੂਘਾਰਿਆਂ ਵਿੱਚੋਂ ਨਿਕਲੀ ਪਿਛਲੀ ਪੀੜੀ ਵਾਲੇ ਸਿੱਖਾਂ ਨੂੰ ਦਰਸਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਨਵੀਂ ਸਿੱਖ ਪੀੜੀ ਮੈਦਾਨ ਮੱਲ ਚੁੱਕੀ ਹੈ। ਨਵੀਂ ਪੀੜੀ ਅੰਦਰ ਬੇਚੈਨੀ, ਰੋਹ, ਜੋਸ਼, ਗੁੱਸਾ ਹੈ। ਸਟੇਟ ਨੇ ਇਸ ਬਾਗ਼ੀ ਭਾਵਨਾ ਨੂੰ ਸਮਝ ਲਿਆ ਹੈ। ਪਰ ਅਜੇ ਸਿੱਖ ਜਵਾਨੀ ਸਿੱਖ ਸਮਾਜ ਦੇ ਦਾਇਰੇ ਵਿੱਚ ਈ ਆਪਦੇ ਅੰਦਰ ਉੱਠ ਰਹੇ ਜਵਾਰਭਾਟੇ ਦਾ ਜੋਸ਼ ਪ੍ਰਗਟਾ ਰਹੀ ਹੈ, ਪਰ ਜਲਦੀ ਹੀ ਇਹ ਹੱਦਾਂ ਟੱਪਕੇ ਸਟੇਟ ਨੂੰ ਲਲਕਾਰ ਸਕਦੀ ਹੈ। ਪਤਾ ਨਹੀਂ ਕਿਹੜੀ ਮਾਮੂਲੀ ਜਹੀ ਘਟਨਾ ਨੇ ਇਤਿਹਾਸ ਸਿਰਜ ਧਰਨਾ ਹੈ। ਦੀਪ ਨੇ ਇਹ ਸਮਝ ਲਿਆ ਸੀ ਕਿ ਸਿੱਖ ਸੰਤਾਪ ਦਾ ਹੱਲ ਖ਼ਾਲਿਸਤਾਨ ਸਿਰਜਣ ਨਾਲ਼ ਹੀ ਮਿਟੇਗਾ ਤੇ ਸਾਨੂੰ ਸਾਰਿਆਂ ਨੂੰ ਇਸ ਵੇਲੇ ਸਾਡੇ ਆਲੇ ਦੁਆਲੇ ਸਿੱਖ ਆਗੂਆਂ, ਜਥੇਬੰਦੀਆਂ, ਵਰਤਾਰਿਆਂ, ਘਟਨਾਵਾਂ ਵਿੱਚ ਬੜੇ ਵੱਡੇ ਨੁਕਸ, ਘਾਟਾਂ, ਕਮਜ਼ੋਰੀਆਂ, ਊਣਤਾਈਆਂ ਮਹਿਸੂਸ ਹੁੰਦੀਆਂ ਨੇ ਪਰ ਨਾਲ਼ ਈ ਉਨ੍ਹਾਂ ਵਿੱਚ ਸਾਨੂੰ ਗੁਣ ਤੇ ਚੰਗਿਆਈਆਂ ਵੀ ਮਹਿਸੂਸ ਹੁੰਦੀਆਂ ਨੇ। ਸਾਨੂੰ ਇਸ ਸਭ ਕੁਝ ਵਿੱਚੋਂ ਜੋ ਸਹੀ ਤੇ ਸੱਚਾ ਹੈ, ਓਹ ਸਾਂਭਕੇ ਅੱਗੇ ਤੁਰਨਾ ਪਵੇਗਾ। ਅਸੀਂ ਆਪਦੀ ਸ਼ਕਤੀ ਤੇ ਸਮਰੱਥਾ ਨਾਂਹਪੱਖੀ ਗੱਲਾਂ ਵਿੱਚ ਨਾ ਗਵਾਈਏ। ਅੱਜ ਸਿੱਖ ਜਵਾਨੀ ਨੂੰ ਆਪਦੀ ਅੱਖ ਨਿਸ਼ਾਨੇ ਉੱਤੇ ਟਿਕਾ ਕੇ ਅੱਗੇ ਵਧਣਾ ਪਵੇਗਾ। 1984 ਤੋਂ ਬਾਅਦ ਸਿੱਖ ਜਵਾਨੀ ਨੇ ਇਹੋ ਕੀਤਾ ਸੀ। ਉਹ ਲੜੇ, ਕੁਝ ਸ਼ਹਾਦਤਾਂ ਪਾ ਗਏ, ਕੁਝ ਜਲਾਵਤਨ ਨੇ, ਕੁਝ ਜੇਲਾਂ ਦੀਆਂ ਕਾਲ ਕੋਠੜੀਆਂ ਵਿੱਚ ਨੇ, ਕੁਝ ਪੰਥਕ ਪਿੜ ਵਿੱਚ ਡਟੇ ਨੇ, ਕੁਝ ਹੋਰ ਰਾਹਾਂ ਦੇ ਪਾਂਧੀ ਬਣਗੇ, ਕੁਝ ਨਿਰਾਸ਼ ਹੋ ਕੇ ਘਰਾਂ ਵਿੱਚ ਖਚਿਤ ਵਿੱਚ ਹੋਗੇ। ਪਰ ਇਨ੍ਹਾਂ ਵਿੱਚੋਂ ਘੱਟ ਕਿਸੇ ਨਹੀਂ ਕੀਤੀ। ਅੱਜ ਜਦ ਦੀਪ ਸਿੱਧੂ ਵਰਤਾਰੇ ਦੇ ਅਸਰ ਹੇਠ ਸਿੱਖਾਂ ਦੀ ਨਵੀਂ ਪੀੜੀ ਸਰਗਰਮੀਆਂ ਵਿੱਚ ਵਧ ਰਹੀ ਹੈ ਤਾਂ ਪਿਛਲੀ ਪੀੜੀ ਅੰਦਰੋਂ ਖ਼ੁਸ਼ ਹੈ ਕਿ ਸਾਡੇ ਵਾਂਗ ਓਸ ਰਾਹ ਦੇ ਨਵੇਂ ਪਾਂਧੀ ਆ ਗਏ ਨੇ ਤੇ ਅਸੀਂ ਅਰਦਾਸ ਕਰਦੇ ਹਾਂ ਕਿ ਮੰਜ਼ਿਲ ਮਿਲ ਜਾਵੇ।

**ਸਰਬਜੀਤ ਸਿੰਘ ਘੁਮਾਣ**
**9781991622**

### ਆਓ ਹੁਣ ਦੀਪ ਸਿੱਧੂ ਦੀ ਗੱਲ ਨੂੰ ਮੁਕੰਮਲਤਾ ਵੱਲ ਲੈ ਕੇ ਤੁਰੀਏ...

ਬੜੀ ਲੰਬੀ ਖੜੋਤ ਤੋਂ ਬਾਅਦ ਪੰਜਾਬ ਦੀ, ਸਿੱਖ ਕੌਮ ਦੀ ਅਤੇ ਮਨੁੱਖੀ ਅਧਿਕਾਰਾਂ ਦੀ ਗੱਲ ਨਿਸੰਗ ਤੇ ਬੇਗਰਜ਼ ਹੋ ਕੇ ਕਰਨ ਵਾਲਾ ਇੱਕ ਨੌਜਵਾਨ ਆਗੂ ਦੀਪ ਸਿੱਧੂ ਪਿਛਲੇ ਦਿਨੀਂ ਇੱਕ ਰਹੱਸਮਈ ਹਾਦਸੇ ਵਿੱਚ ਅਕਾਲ ਚਲਾਣਾ ਕਰ ਗਿਆ। ਉਨ੍ਹਾਂ ਨਮਿਤ ਸ਼ਹੀਦਾਂ ਦੀ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਹੋਏ ਅੰਤਿਮ ਅਰਦਾਸ ਸਮਾਗਮ ਵਿੱਚ ਲੱਖਾਂ ਦੀ ਗਿਣਤੀ ਵਿੱਚ ਹੋਈ ਪੰਥਕ ਇਕੱਤਰਤਾ ਨੇ ਸਿੱਖ ਕੌਮ ਅੰਦਰ ਨਿਰਾਸ਼ਾ ਦੇ ਇੱਕ ਲੰਬੇ ਦੌਰ ਤੋਂ ਬਾਅਦ ਜੋਸ਼ ਦੀ ਅੰਗੜਾਈ ਭਰੀ ਹੈ।

ਇਸ ਤੋਂ ਪਹਿਲਾਂ ਜਿਸ ਦਿਨ ਦੀਪ ਸਿੱਧੂ ਦਾ ਅੰਤਿਮ ਸਸਕਾਰ ਸੀ, ਉਸ ਦਿਨ ਵੀ ਇਕੱਤਰ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਨੌਜਵਾਨਾਂ ਅੰਦਰ ਲੋਹੜੇ ਦਾ ਰੋਹ, ਪੰਥਕ ਜਜ਼ਬਾ ਅਤੇ ਜੋਸ਼ ਦਿਖਾਈ ਦਿੱਤਾ ਸੀ।

ਦੀਪ ਸਿੱਧੂ ਉਰਫ਼ ਸੰਦੀਪ ਸਿੰਘ ਸਿੱਧੂ ਸਿੱਖਾਂ ਦੀ ਕੌਮੀ ਹੋਂਦ ਦੀ ਗੱਲ ਕਰਦਾ ਸੀ। ਉਹ ਸਿੱਖਾਂ ਦੀ ਇੱਕ ਵਿਸ਼ਾਲ ਰਾਜਸੀ ਵਿਰਾਸਤ ਦੇ ਸੰਦਰਭ ਵਿੱਚ ਕੌਮੀ ਰਾਜ ਦੀ ਗੱਲ ਰੱਖਦਾ ਸੀ। ਉਹ ਕਿਸੇ ਸਟੇਟ ਦੁਆਰਾ ਦੂਜੀਆਂ ਕੌਮਾਂ ਨੂੰ ਗੁਲਾਮ ਬਣਾ ਕੇ ਰੱਖਣ ਦੇ ਸੁਭਾਅ ਦੀਆਂ ਸੂਖਮ ਤੰਦਾਂ ਨੂੰ ਖ਼ੁਦ ਸਮਝਣ ਤੋਂ ਬਾਅਦ ਬੜੇ ਸਰਲ ਤਰੀਕੇ ਨਾਲ਼ ਅੱਜ ਦੇ ਨੌਜਵਾਨਾਂ ਨੂੰ ਸਮਝਾਉਂਦਾ ਸੀ। ਉਸ ਦੇ ਵਿਚਾਰਾਂ ਦੀ ਪੇਸ਼ਕਾਰੀ ਵਿੱਚ ਇਤਿਹਾਸ, ਰਵਾਇਤ ਤੇ ਸਿਧਾਂਤ ਦੇ ਨਾਲ-ਨਾਲ ਠੋਸ ਦਲੀਲ ਅਤੇ ਤਕਨੀਕੀ ਸਰਲਤਾ ਸੀ, ਜਿਸ ਕਾਰਨ ਉਹ ਬੜੇ ਥੋੜੇ ਸਮੇਂ ਵਿੱਚ ਸਿੱਖ ਨੌਜਵਾਨਾਂ ਦੇ ਇੱਕ ਵੱਡੇ ਹਿੱਸੇ ਅੰਦਰ ਮਕਬੂਲੀਅਤ ਹਾਸਲ ਕਰ ਗਿਆ। ਇਸੇ ਕਾਰਨ ਉਸ ਦੀ ਸਰੀਰਕ ਮੌਤ ਤੋਂ ਬਾਅਦ ਉਸ ਦੇ ਵਿਚਾਰਾਂ ਦਾ ਪ੍ਰਸਾਰ ਕਿਤੇ ਵੱਧ ਤੇਜ਼ੀ ਨਾਲ਼ ਹੋਇਆ। ਉਸ ਦੇ ਸਸਕਾਰ ਅਤੇ ਅੰਤਿਮ ਅਰਦਾਸ ਮੌਕੇ ਸਿੱਖ ਨੌਜਵਾਨ ਨੇ 'ਦੀਪ ਤੇਰੀ ਸੋਚ 'ਤੇ, ਪਹਿਰਾ ਦੇਆਂਗੇ ਠੋਕ ਕੇ' ਦਾ ਨਾਅਰਾ ਬੁਲੰਦ ਕੀਤਾ। ਇਸ ਤੋਂ ਇਲਾਵਾ ਉਸ ਦੇ ਵਿਚਾਰਾਂ ਦੇ ਮੁਰੀਦ ਨੌਜਵਾਨਾਂ ਨੇ ਆਪੋ-ਆਪਣੀ ਸਮਝ ਮੁਤਾਬਕ ਦੀਪ ਸਿੱਧੂ ਨੂੰ 'ਕੌਮੀ ਸ਼ਹੀਦ', 'ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਤੋਂ ਬਾਅਦ ਸਿੱਖ ਨੌਜਵਾਨਾਂ ਨੂੰ ਜਗਾਉਣ ਵਾਲੇ ਆਗੂ' ਦੇ ਰੂਪ ਵਿੱਚ ਵਡਿਆਇਆ ਹੈ। ਹਾਲਾਂਕਿ ਦੀਪ ਜਦੋਂ ਜ਼ਿੰਦਾ ਸੀ ਤਾਂ ਉਸ ਵੇਲੇ ਵੀ ਉਸ ਦੀ ਤੁਲਨਾ ਸਿੱਖ ਨੌਜਵਾਨਾਂ ਦੇ ਇੱਕ ਹਿੱਸੇ ਵੱਲੋਂ ਸੰਤ ਭਿੰਡਰਾਂਵਾਲਿਆਂ ਨਾਲ਼ ਕਰਨ ਤੋਂ ਬਾਅਦ ਦੀਪ ਸਿੱਧੂ ਨੇ ਸਪਸ਼ਟ ਕਿਹਾ ਸੀ ਕਿ, 'ਸੰਤ ਇੱਕ ਰੂਹਾਨੀ ਸ਼ਖ਼ਸੀਅਤ ਸਨ ਪਰ ਮੈਂ ਇੱਕ ਆਮ ਮਨੁੱਖ ਹਾਂ। ਮੇਰੇ ਅੰਦਰ ਬਹੁਤ ਸਾਰੀਆਂ ਕਮੀਆਂ ਹਨ। ਮੇਰਾ ਸੰਤਾਂ ਨਾਲ਼ ਮੁਕਾਬਲਾ ਕਿਸੇ ਵੀ ਪੱਧਰ 'ਤੇ ਨਹੀਂ ਹੋ ਸਕਦਾ।'

ਦਰ-ਹਕੀਕਤ ਇੱਕ ਫ਼ਿਲਮੀ ਐਕਟਰ, ਇੱਕ ਉੱਚ ਕੋਟੀ ਦੇ ਪੇਸ਼ੇਵਰ ਵਕੀਲ ਅਤੇ ਐਸ਼ੋ-ਅਰਾਮ ਦੀ ਜ਼ਿੰਦਗੀ ਜੀਉਣ ਵਾਲੇ ਦੀਪ ਸਿੱਧੂ ਦੇ ਜੀਵਨ ਵਿੱਚ ਵੱਡਾ ਕੂਹਣੀ ਮੋੜ ਆਉਣ ਪਿੱਛੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸ਼ਖ਼ਸੀਅਤ ਦਾ ਵੱਡਾ ਪ੍ਰਭਾਵ ਸੀ।

ਦੀਪ ਸਿੱਧੂ ਅੰਦਰ ਜਿਉਂ-ਜਿਉਂ ਕੌਮੀ ਤੜਫ਼ ਪੈਦਾ ਹੁੰਦੀ ਗਈ, ਉਹ ਹੋਰ ਜ਼ਿਆਦਾ ਪੁਖ਼ਤਗੀ ਵੱਲ ਵੱਧਣ ਲਈ ਪੜਣ ਦੀ ਰੁਚੀ ਰੱਖਣ ਲੱਗਾ। ਉਸ ਦੀ ਸਮਕਾਲੀ ਸਿੱਖ ਸੰਕਟ ਅਤੇ ਸੰਘਰਸ਼ ਬਾਰੇ ਬਹੁਤ ਸਾਰੀਆਂ ਇਤਿਹਾਸਕ, ਸ਼ੋਧਿਕ ਤੇ ਵਿਸ਼ਲੇਸ਼ਣਾਤਮਕ ਕਿਤਾਬਾਂ ਪੜਨ ਤੋਂ ਇਲਾਵਾ ਪੁਰਾਤਨ ਇਤਿਹਾਸਕ ਗ੍ਰੰਥਾਂ ਦਾ ਅਧਿਐਨ ਕਰਨ ਵੱਲ ਵੀ ਲਗਨ ਵੱਧਣ ਲੱਗੀ ਸੀ। ਉਸ ਨੂੰ ਨੇੜਿਓਂ ਜਾਣਨ ਵਾਲੇ ਸੱਜਣ ਦੱਸਦੇ ਹਨ ਕਿ ਕਿਸਾਨੀ ਮੋਰਚੇ ਦੌਰਾਨ ਦੀਪ ਸਿੱਧੂ ਰਾਤ ਦੇ ਦੋ-ਦੋ ਵਜੇ ਨਿਹੰਗ ਸਿੰਘਾਂ ਕੋਲ਼ ਸਰਬ ਲੋਹ ਗ੍ਰੰਥ ਦਾ ਅਧਿਐਨ ਕਰਨ ਲਈ ਜਾਂਦਾ ਹੁੰਦਾ ਸੀ।

ਦੀਪ ਸਿੱਧੂ ਸਿੱਖ ਸੰਘਰਸ਼ ਦੇ ਸ਼ਹੀਦਾਂ ਦੇ ਜੀਵਨ ਨੂੰ ਸਿਰਫ਼ ਪੜਦਾ ਹੀ ਨਹੀਂ, ਬਲਕਿ ਉਨ੍ਹਾਂ ਦੇ ਜੀਵਨਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਵੀ ਕਰਦਾ ਸੀ। ਉਹ ਸਭ ਤੋਂ ਵੱਧ ਪ੍ਰਭਾਵ ਸੰਤ ਭਿੰਡਰਾਂਵਾਲਿਆਂ ਅਤੇ ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਵਰਗੇ ਕੌਮੀ ਪਰਵਾਨਿਆਂ ਦੇ ਜੀਵਨ ਤੋਂ ਕਬੂਲਦਾ ਸੀ। ਸੰਤ ਆਪਣੀ ਸ਼ਹਾਦਤ ਤੋਂ ਪਹਿਲਾਂ, ਕੌਮੀ ਦਰਦ ਰੱਖਣ ਵਾਲੇ ਨੌਜਵਾਨਾਂ ਨੂੰ ਆਜ਼ਾਦੀ ਲਈ ਜੂਝਣ ਤੋਂ ਪਹਿਲਾਂ ਵਾਰ-ਵਾਰ 'ਆਪਣੇ ਘਰ ਅਨੰਦਪੁਰ ਦੇ ਵਾਸੀ ਬਣਨ ਅਤੇ ਸਾਬਤ-ਸੂਰਤ ਹੋ ਕੇ ਅੰਮ੍ਰਿਤਧਾਰੀ ਹੋਣ' ਦੀਆਂ ਅਪੀਲਾਂ ਕਰਦੇ ਹੁੰਦੇ ਸਨ।

ਦੀਪ ਸਿੱਧੂ ਸੰਤਾਂ ਦੇ ਦੱਸੇ ਰਾਹ ਦਾ ਪਾਂਧੀ ਬਣਨ ਦੀ ਦਿਸ਼ਾ ਵੱਲ ਪੁਖ਼ਤਗੀ ਨਾਲ਼ ਵਧਣ ਲਈ ਯਤਨਸ਼ੀਲ ਸੀ। ਉਹ ਆਪਣੇ ਜੀਵਨ ਵਿੱਚ ਹਰੇਕ ਬਦਲਾਅ, ਅੰਦਰੋਂ ਤਬਦੀਲੀ ਦੇ ਅਹਿਸਾਸ ਦੇ ਮਗਰੋਂ ਕਰਨ ਦਾ ਚਾਹਵਾਨ ਸੀ। ਕੌਮੀ ਤੌਰ 'ਤੇ ਪਹਿਲਾਂ ਉਹ ਅੰਦਰੋਂ ਜਾਗਿਆ ਤੇ ਫਿਰ ਉਸ ਨੇ ਨੌਜਵਾਨਾਂ ਨੂੰ ਜਗਾਉਣਾ ਸ਼ੁਰੂ ਕੀਤਾ ਸੀ। ਉਹ ਆਤਮਿਕ ਤਬਦੀਲੀ ਲਈ ਵੀ ਅੰਦਰੋਂ ਇੱਕ ਤੀਬਰ ਚਿਣਗ ਉੱਠਣ ਦੀ ਉਡੀਕ ਕਰ ਰਿਹਾ ਸੀ। ਇਸੇ ਕਾਰਨ ਜਦੋਂ ਕਈ ਵਾਰ ਪੱਤਰਕਾਰ ਉਨ੍ਹਾਂ ਨੂੰ ਕੇਸਾਧਾਰੀ ਹੋ ਕੇ ਅੰਮ੍ਰਿਤ ਪਾਨ ਕਰਨ ਬਾਰੇ ਪੁੱਛਦੇ ਸਨ ਤਾਂ ਉਹ ਅੱਗੋਂ ਕਹਿੰਦਾ ਸੀ, 'ਅੰਮ੍ਰਿਤ ਦੀ ਦਾਤ ਕੋਈ ਸਹਿਲੀ ਵਸਤੂ ਨਹੀਂ ਹੈ। ਇਹ ਉਚੇਰੀ ਪ੍ਰੇਰਨਾ ਸਦਕਾ ਹੀ ਪ੍ਰਾਪਤ ਹੁੰਦੀ ਹੈ, ਜਿਸ ਦਿਨ ਇਹੋ ਜਿਹੀ ਬਖ਼ਸ਼ਿਸ਼ ਮੇਰੇ ਉੱਪਰ ਵੀ ਹੋਈ ਤਾਂ ਮੈਂ ਜ਼ਰੂਰ ਇਹ ਦਾਤ ਹਾਸਲ ਕਰਾਂਗਾ।' ਪਰ ਬਦਕਿਸਮਤੀ ਜਾਂ ਸਮੇਂ ਦਾ ਸੰਜੋਗ ਸਮਝੋ, ਦੀਪ ਸਿੱਧੂ ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ ਆਪਣੇ ਸੰਸਾਰਿਕ ਜੀਵਨ ਦਾ ਪੰਧ ਸਮਾਪਤ ਕਰ ਗਿਆ।

ਦੀਪ ਸਿੱਧੂ ਦੀ ਅੰਤਿਮ ਅਰਦਾਸ ਮੌਕੇ ਸਾਡੇ ਜਾਗਤ-ਜੋਤਿ ਸਤਿਗੁਰਾਂ ਨੇ ਸਪਸ਼ਟ ਗੁਰਵਾਕ ਸੁਣਾ ਕੇ ਸਾਨੂੰ ਸਾਰਿਆਂ ਨੂੰ ਰੌਸ਼ਨ ਰਾਹ ਵੀ ਵਿਖਾ ਦਿੱਤਾ ਹੈ ਕਿ ਸੰਸਾਰਿਕ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਅਜ਼ਾਦ ਹੋਣ ਲਈ ਆਤਮਿਕ ਤੌਰ 'ਤੇ ਮੁਕਤੀ ਹਾਸਲ ਕਰਨੀ ਬਹੁਤ ਜ਼ਰੂਰੀ ਹੈ ਕਿਉਂਕਿ ਸਰੀਰਕ ਅਡੋਲਤਾ ਤੇ ਨਿਰਭੈਤਾ ਵਿਸ਼ੇਸ਼ ਰੂਹਾਨੀ ਤਾਕਤ ਤੋਂ ਬਗ਼ੈਰ ਹਾਸਲ ਨਹੀਂ ਹੋ ਸਕਦੀ। ਹੁਕਮਨਾਮਾ ਸੀ :

**ਧਨਾਸਰੀ ਮਹਲਾ 5॥**
**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**
**ਸੋ ਕਹੀਅਤ ਹੈ ਸੂਰਾ॥**
**ਆਤਮ ਜਿਣੈ ਸਗਲ ਵਸਿ ਤਾ ਕੈ**
**ਜਾ ਕਾ ਸਤਿਗੁਰੁ ਪੂਰਾ॥1॥**
**ਠਾਕੁਰ ਗਾਈਐ ਆਤਮ ਰੰਗਿ॥**
**ਸਰਣੀ ਪਾਵਨ ਨਾਮ ਧਿਆਵਨ**
**ਸਹਜਿ ਸਮਾਵਨ ਸੰਗਿ॥1॥ਰਹਾਉ॥**
**ਜਨ ਕੇ ਚਰਨ ਵਸਹਿ ਮੇਰੈ ਹੀਅਰੈ**
**ਸੰਗਿ ਪੁਨੀਤਾ ਦੇਹੀ॥**
**ਜਨ ਕੀ ਧੂਰਿ ਦੇਹੁ ਕਿਰਪਾ ਨਿਧਿ**
**ਨਾਨਕ ਕੈ ਸੁਖੁ ਏਹੀ॥2॥4॥35॥**

ਭਾਵ ਕਿ ;
ਹੇ ਭਾਈ! ਇਸ ਜਗਤ ਵਿੱਚ ਉਹੀ ਸੱਚਾ ਸੂਰਬੀਰ ਹੈ ਜਿਸ ਦੇ ਹਿਰਦੇ ਅੰਦਰ ਵਾਹਿਗੁਰੂ ਦੇ ਨਾਮ ਦਾ ਰੰਗ ਲੱਗ ਜਾਂਦਾ ਹੈ। ਜਿਸ ਮਨੁੱਖ ਦੀ ਟੇਕ ਅਕਾਲ ਪੁਰਖ ਵਾਹਿਗੁਰੂ 'ਤੇ ਹੁੰਦੀ ਹੈ, ਉਹ ਆਪਣੇ ਮਨ ਨੂੰ ਜਿੱਤ ਕੇ ਸਾਰੀ ਸ੍ਰਿਸ਼ਟੀ ਨੂੰ ਆਪਣੇ ਵੱਸ ਵਿੱਚ ਕਰ ਲੈਂਦਾ ਹੈ। ਆਪਣੀ ਆਤਮਾ ਨੂੰ ਉਸ ਅਕਾਲ ਪੁਰਖ ਪ੍ਰਮੇਸ਼ਵਰ ਦੇ ਰੰਗ ਵਿੱਚ ਰੰਗ ਕੇ ਪ੍ਰਮਾਤਮਾ ਦੇ ਗੁਣ ਗਾਉਣੇ ਚਾਹੀਦੇ ਹਨ। ਉਸ ਪ੍ਰਮਾਤਮਾ ਦੀ ਸ਼ਰਨ ਵਿੱਚ ਟਿਕੇ ਰਹਿਣ ਅਤੇ ਉਸ ਦੇ ਨਾਮ ਦੇ ਸਿਮਰਨ, ਅਰਥਾਤ ਸਰਬ ਵਿਆਪਕਤਾ ਦੀ ਚੇਤਨਾ ਵਿੱਚ ਹਰ-ਦਮ ਰੰਗੇ ਰਹਿਣ ਨਾਲ਼ ਸਦੀਵ ਸੱਚ ਦੀ ਸਮਝ ਆ ਜਾਂਦੀ ਹੈ ਤੇ ਮਨੁੱਖ ਸਹਿਜ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਹੇ ਕਿਰਪਾ ਦੇ ਖ਼ਜ਼ਾਨੇ ਵਾਹਿਗੁਰੂ, ਜੇ ਤੇਰੇ ਦਾਸਾਂ ਦੇ ਚਰਨ ਮੇਰੇ ਹਿਰਦੇ ਵਿੱਚ ਵੱਸ ਜਾਣ ਤਾਂ ਉਨ੍ਹਾਂ ਦੀ ਸੰਗਤ ਵਿੱਚ ਮੇਰਾ ਸਰੀਰ ਵੀ ਪਵਿੱਤਰ ਹੋ ਜਾਵੇਗਾ। ਕਿਰਪਾ ਕਰਕੇ ਮੈਨੂੰ ਆਪਣੇ ਸੇਵਕਾਂ ਦੀ ਚਰਨ ਧੂੜ ਬਖ਼ਸ਼, ਇਹੋ ਮੇਰੇ ਲਈ ਸਦੀਵ ਸੁੱਖ ਹੋਵੇਗਾ।

**ਤਲਵਿੰਦਰ ਸਿੰਘ ਬੁੱਟਰ**
(ਪੱਤਰਕਾਰ)

### ਰੂਸ ਦੀ ਅਸਲ ਪੀੜ ਦਾ ਕਾਰਨ

ਜਦੋਂ ਅਸੀਂ ਦੁਨੀਆਂ ਦਾ ਨਕਸ਼ਾ ਦੇਖਦੇ ਹਾਂ ਤਾਂ ਯੂਕਰੇਨ ਯੂਰਪ ਦੀ ਬੁੱਕਲ ਵਿੱਚ ਬੈਠਾ ਹੈ ਅਤੇ ਯੂਕਰੇਨ ਦੀ ਬੱਖੀ ਵਿੱਚ ਕਰੀਮੀਆ ਬੈਠਾ ਹੈ।

ਕਰੀਮੀਆਂ ਦੇ ਬਿਲਕੁਲ ਹੇਠਾਂ ਬਲੈਕ ਸੀਅ ਹੈ ਅਤੇ ਉੱਪਰ ਵੱਲ ਅਜੋਵ ਨਾਂ ਦਾ ਸਾਗਰ ਹੈ। ਅਜੋਵ ਸਾਗਰ ਦੇ ਤੱਟ ਦਾ ਜਲਵਾਯੂ ਜ਼ਿਆਦਾਤਰ ਗਰਮ ਹੀ ਹੁੰਦਾ ਹੈ ਅਤੇ ਉੱਥੇ ਜੜੀ ਬੂਟੀਆਂ ਹੀ ਉੱਗਦੀਆਂ। ਜਿਨ੍ਹਾਂ ਬੂਟੀਆਂ ਦੀ ਸੁਗੰਧ ਵਾਤਾਵਰਣ ਵਿੱਚ ਫੈਲੀ ਹੁੰਦੀ ਹੈ। ਇਸੇ ਕਰਕੇ ਜ਼ਿਆਦਾਤਰ ਇਸ ਤੱਟ ਉੱਤੇ ਬੀਮਾਰੀਆਂ ਨਾਲ਼ ਪੀੜਤ ਲੋਕ ਕੁਦਰਤ ਦੇ ਕਿਨਾਰੇ ਛੁੱਟੀਆਂ ਕੱਟਣ ਆਉਂਦੇ ਹਨ ।

ਗੱਲ ਕਰਦੇ ਹਾਂ ਯੂਕਰੇਨ ਦੇ ਹਿੱਸੇ ਕਰੀਮੀਆ ਦੀ। 2014 ਵਿੱਚ ਇਸ ਉੱਤੇ ਰੂਸ ਨੇ ਕਬਜ਼ਾ ਕਰ ਲਿਆ ਸੀ। ਰੂਸ ਦੀ ਇਸ ਹਰਕਤ ਦੇ ਕਾਰਨ ਉਸ ਨੂੰ ਜੀ-8 ਵਿੱਚੋਂ ਕੱਢ ਦਿੱਤਾ ਗਿਆ ਸੀ। ਜੀ-8 ਦਾ ਸਾਨੂੰ ਸਭ ਨੂੰ ਪਤਾ ਹੀ ਹੈ ਕਿ ਇਸ ਦਾ ਕੀ ਮਤਲਬ ਹੈ? ਜੀ-8 (ਗਰੁੱਪ) ਦਾ ਮਤਲਬ ਹੈ ਦੁਨੀਆਂ ਦੇ 8 ਉਹ ਦੇਸ਼ ਜਿਹੜੇ ਆਰਥਿਕ ਹਾਲਾਤਾਂ ਵੱਲੋਂ ਧਨੀ ਹਨ। ਜੀ-8 ਬਾਰੇ ਫੇਰ ਕਿਤੇ ਗੱਲ ਕਰਾਂਗੇ। ਜਦੋਂ ਰੂਸ ਨੇ ਕਰੀਮੀਆ ਨੂੰ ਆਪਣੇ ਕਬਜ਼ੇ ਵਿੱਚ ਕੀਤਾ ਸੀ ਤਾਂ ਉਸ ਵਕਤ ਇਨ੍ਹਾਂ ਅੱਠ ਮੁਲਕਾਂ ਦੇ ਗਰੁੱਪ ਨੇ ਨਾਰਾਜ਼ ਹੋ ਕੇ ਰੂਸ ਨੂੰ ਆਪਣੇ ਗਰੁੱਪ ਵਿੱਚੋਂ ਕੱਢ ਦਿੱਤਾ ਸੀ ਜੋ ਹੁਣ ਜੀ-7 ਦਾ ਹੀ ਗਰੁੱਪ ਹੈ। ਉਸ ਤੋਂ ਮਗਰੋਂ ਨਕਸ਼ੇ ਵਿੱਚ ਯੂਕਰੇਨ ਨਾਲ਼ ਲਗਦੀ ਰੂਸ ਦੀ ਹੱਦ ਉੱਤੇ ਯੂਕਰੇਨ ਦਾ ਇੱਕ ਹਿੱਸਾ ਜਿਸ ਦਾ ਨਾਂ ਡਾਨਬਾਸ ਰੀਜ਼ਨ ਹੈ। ਇਸ ਖੇਤਰ ਵਿੱਚ ਸੋਨੇ ਅਤੇ ਕੋਲੇ ਦੀਆਂ ਅਤੇ ਹੋਰ ਵੀ ਬਹੁਤ ਖਾਣਾਂ ਹਨ।

ਦਰਅਸਲ 1918 ਵਿੱਚ ਰੂਸ ਦੇ ਇਸ ਹਿੱਸੇ ਉੱਤੇ ਯੂਕਰੇਨ ਨੇ ਆਪਣਾ ਕਬਜ਼ਾ ਕਰ ਲਿਆ ਸੀ। ਇਤਿਹਾਸ ਦੱਸਦਾ ਹੈ ਉਸ ਸਮੇਂ ਯੂਕਰੇਨ ਦੀ ਸੈਨਾ ਨੇ ਅੰਦਰੋ ਗਤੀ ਕੁਝ ਕੁ ਰੂਸੀ ਸੈਨਾ ਨੂੰ ਖ਼ਰੀਦ ਲਿਆ ਸੀ ਜਾਣੀ ਉਨ੍ਹਾਂ ਨਾਲ਼ ਮਿਲ ਕੇ ਡਾਨਬਾਸ ਉੱਤੇ ਕਬਜ਼ਾ ਕੀਤਾ ਸੀ । ਇਸ ਕਾਰਜ ਵਿੱਚ ਅੰਦਰੋ ਗਤੀ ਜਰਮਨੀ, ਹੰਗਰੀ, ਆਸਟਰੀਆ ਨੇ ਵੀ ਯੂਕਰੇਨ ਦਾ ਸਾਥ ਦਿੱਤਾ ਸੀ।

ਪਰ ਡੌਨਬਾਸ ਦੇ ਇਸ ਹਿੱਸੇ ਵਿੱਚ ਬਹੁਗਿਣਤੀ ਰੂਸੀ ਲੋਕਾਂ ਦੀ ਹੀ ਹੈ । ਕਿਉਂਕਿ ਇਹ ਹਿੱਸਾ ਰੂਸ ਦਾ ਹੀ ਸੀ। ਕਿਸੇ ਵਕਤ 1921 ਵਿੱਚ ਰੂਸ ਨੇ ਕਿਹਾ ਸੀ ਡਾਨਬਾਸ ਰੂਸ ਦਾ ਦਿਲ ਹੈ ਦਿਲ। ਹੁਣ ਪਿਛਲੇ ਸਮੇਂ ਵਿੱਚ ਰੂਸ ਨੇ ਡਾਨਬਾਸ ਦੇ ਹਿੱਸੇ ਉੱਤੇ ਵੀ ਕਬਜ਼ਾ ਕਰਨ ਦਾ ਦਾਅਵਾ ਕਰ ਦਿੱਤਾ ਸੀ।

ਰੂਸ ਵੱਲੋਂ ਯੂਕਰੇਨ ਦੇ ਕੁਝ ਸੈਨਿਕਾਂ ਨੂੰ ਮਾਰਨ ਦਾ ਵੀ ਦੋਸ਼ ਸੀ, ਪਿਛਲੇ ਸਮੇਂ ਦੀਆਂ ਜੇਕਰ ਅਸੀਂ ਖ਼ਬਰਾਂ ਵੱਲ ਗੌਰ ਕਰੀਏ। ਜਿਵੇਂ ਪਤਾ ਹੀ ਹੈ ਡਾਨਬਾਸ ਵਿੱਚ ਜਿਹੜੇ ਲੋਕ ਵੱਸ ਰਹੇ ਹਨ ਉਹ ਰੂਸੀ ਮੂਲ ਦੇ ਹਨ ਅਤੇ ਉਹ ਵੀ ਚਾਹੁੰਦੇ ਹਨ ਕਿ ਅਸੀਂ ਰੂਸ ਨਾਲ਼ ਜੁੜ ਜਾਈਏ ਉਹ ਵੀ ਯੂਕਰੇਨ ਦੇ ਸੈਨਿਕਾਂ ਨਾਲ਼ ਲੜ ਰਹੇ ਹਨ ਕਿ ਸਾਨੂੰ ਅਜ਼ਾਦ ਕੀਤਾ ਜਾਵੇ। ਇਸ ਤਰਾਂ ਜਿਵੇਂ ਭਾਰਤ ਤੇ ਕਸ਼ਮੀਰ ਦਾ ਮਸਲਾ ਹੈ।

ਅਮਰੀਕਾ, ਜਰਮਨੀ, ਯੂ.ਕੇ, ਫ਼ਰਾਂਸ ਵਰਗੇ ਮੁਲਕਾਂ ਦਾ ਦੁਨੀਆਂ ਨੂੰ ਕਹਿਣਾ ਹੈ ਕਿ ਰੂਸ ਡਾਨਬਾਸ ਦੇ ਲੋਕਾਂ ਨੂੰ ਭੜਕਾ ਰਿਹਾ ਹੈ ਯੂਕਰੇਨ ਨਾਲ਼ ਯੁੱਧ ਕਰਨ ਲਈ।

ਜੇਕਰ ਅਸੀਂ ਯੂਕਰੇਨ ਵੱਲ ਦੇਖੀਏ ਤਾਂ ਯੂਕਰੇਨ ਦੇ ਕਈ ਅਜਿਹੇ ਖੇਤਰ ਹਨ ਜਿੱਥੇ ਕੁਦਰਤੀ ਗੈਸ ਦੇ ਭੰਡਾਰ ਹਨ। ਯੂਕਰੇਨ ਦੇ ਉਨ੍ਹਾਂ ਗੈਸ ਖੇਤਰਾਂ ਰਾਹੀਂ ਗੈਸ ਯੂਰਪ ਵਿੱਚ ਵਿਕਣ ਜਾਂਦੀ ਹੈ। ਇਨ੍ਹਾਂ ਗੈਸ ਖੇਤਰਾਂ ਉੱਤੇ ਯੂਰਪੀਅਨ ਯੂਨੀਅਨ ਦਾ ਵੀ ਕਬਜ਼ਾ ਹੈ।

ਹੁਣ ਯੂਰਪ ਇਸ ਸੋਨੇ ਦੀ ਚਿੜੀ, ਜਿਹੜੀ ਗੈਸ ਦੇ ਭੰਡਾਰਾਂ ਨਾਲ਼ ਲਬਾ ਲਬ ਹੈ ਅਤੇ ਸੋਨੇ ਕੋਲੇ ਦੀਆਂ ਖਾਣਾਂ ਨਾਲ਼ ਲਬਾ ਲਬ ਹੈ, ਯੂਕਰੇਨ ਚਾਹੁੰਦਾ ਹੈ ਕਿ ਇਹ ਹਿੱਸਾ ਉਸਦਾ ਹਿੱਸਾ ਬਣਿਆ ਰਹੇ, ਉਸ ਉੱਤੇ ਕਬਜ਼ਾ ਰਹੇ ਅਤੇ ਰੂਸ ਆਪਣਾ ਕਬਜ਼ਾ ਕਰਨਾ ਚਾਹੁੰਦਾ ਹੈ। ਗੈਸ ਦੇ ਭੰਡਾਰ ਦਾ ਵੱਡਾ ਕਾਰਨ ਯੂਕਰੇਨ ਲਈ ਖ਼ਤਰੇ ਦਾ ਵੱਡਾ ਮਸਲਾ ਬਣਿਆ ਹੋਇਆ ਹੈ।

ਇਸੇ ਕਰਕੇ ਯੂਕਰੇਨ ਨਾਟੋ ਵਿੱਚ ਸ਼ਾਮਿਲ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਨੂੰ ਪਤਾ ਹੀ ਕਿ ਨਾਟੋ ਵਿੱਚ ਉਹ ਦੇਸ਼ ਸ਼ਾਮਿਲ ਹਨ। ਜਿਨ੍ਹਾਂ ਨਾਲ਼ ਅਮਰੀਕਾ ਨੇ ਜਾਣੀ ਸਭ ਨੇ ਰਲ਼ ਮਿਲ ਕੇ ਕਸਮ ਖਾਧੀ ਹੈ ਕਿ ਸਾਡੇ ਕਿਸੇ ਦੇ ਉੱਤੇ ਕੋਈ ਦੂਜਾ ਮੁਲਕ ਜੇ ਹਮਲਾ ਕਰਦਾ ਹੈ ਤਾਂ ਉਹ ਹਮਲਾ ਅਮਰੀਕਾ ਉੱਤੇ ਸਮਝਿਆ ਜਾਊਗਾ ਅਤੇ ਅਮਰੀਕਾ ਉਸ ਹਮਲੇ ਦਾ ਜਵਾਬ ਦੇਣ ਲਈ ਮੈਦਾਨ ਵਿੱਚ ਉੱਤਰੇਗਾ। ਇਸੇ ਕਰਕੇ ਅਸੀਂ ਕਹਿ ਦਿੰਦੇ ਹਾਂ ਜਾਂ ਸੋਚਦੇ ਹੁੰਦੇ ਆਂ ਅਮਰੀਕਾ ਕਿਉਂ ਹਰ ਥਾਂ ਆਪਣਾ ਨੱਕ ਘਸੋੜ ਦਿੰਦਾ ਹੈ?

ਇਹ ਹੀ ਕਾਰਨ ਹੈ ਅਮਰੀਕਾ ਦਾ ਦੁਨੀਆਂ ਦਾ ਚੌਧਰੀ ਬਣਨ ਦਾ। ਯੂਕਰੇਨ ਆਪਣੇ ਬਚਾਅ ਲਈ ਨਾਟੋ ਵਿੱਚ ਸ਼ਾਮਿਲ ਹੋਣਾ ਚਾਹੁੰਦਾ ਹੈ। ਯੂਕਰੇਨ ਯੂਰਪ ਦਾ ਦਿਲ ਇਸ ਕਰਕੇ ਵੀ ਹੈ ਕਿਉਂਕਿ ਉੱਥੇ ਗੈਸ ਦੇ ਭੰਡਾਰ ਹਨ ਜਿਨ੍ਹਾਂ ਉੱਤੇ ਰੂਸ ਦੀ ਵੀ ਅੱਖ ਹੈ।

ਨਾਲ-ਨਾਲ ਰੂਸ ਨੂੰ 1918 ਵਿੱਚ ਖੋਹੇ ਗਏ ਆਪਣੇ ਯੂਕਰੇਨ ਦੇ ਹਿੱਸੇ ਦਾ ਵੀ ਦੁੱਖ ਆ ਇਹ ਹੀ ਰੂਸ ਦੀ ਪੀੜ ਦਾ ਕਾਰਨ ਹੈ।

**ਅੰਜੂਜੀਤ ਪੰਜਾਬਣ**

## ਯੋਧਿਆਂ ਨੂੰ ਸਮਰਪਿਤ



**ਅਮਰਦੀਪ ਸਿੰਘ ਗਿੱਲ**

ਕਿਸੇ ਚੌਂਕ ਵਿੱਚ ਕਿਸੇ ਸੜਕ ’ਤੇ,
ਕੋਈ ਪੈਰ ਧਰੇ ਜਦ ਮੜਕ ’ਤੇ,
ਲਾਵੇ ਨਾਕਾ ਥੋਡੀ ਬੜਕ ’ਤੇ,
ਕਰੇ ਕਿੰਤੂ ਬੋਲਾਂ ਦੀ ਰੜਕ ’ਤੇ,
ਉਦੋਂ ਸੀਨੇ ਵਿੱਚ ਜੋ ਉੱਠਦੈ
ਮੈਂ ਉਹ ਉਬਾਲ ਹੁੰਦਾ ਹਾਂ।
ਹੱਕਾਂ ਲਈ ਲੜਦੇ ਯੋਧਿਓ
ਮੈਂ ਥੋਡੇ ਨਾਲ਼ ਹੁੰਦਾ ਹਾਂ।
ਹੱਕਾਂ .......।
ਜਦ ਕਿਤੇ ਸਰਕਾਰੀ ਵਰਦੀਆਂ
ਥੋਨੂੰ ਬੇਪੱਤ ਆ ਕੇ ਕਰਦੀਆਂ
ਜਾਂ ਫ਼ਸਲ ਮਿਹਨਤ ਦੀ ਚਰਦੀਆਂ
ਤੇ ਰੀਝਾਂ ਦਿਲ ਵਿੱਚ ਮਰਦੀਆਂ
ਉਦੋਂ ਦਿਲ ਦੇ ਵਿੱਚ ਜੋ ਆਉਂਦੈ
ਮੈਂ ਉਹ ਖ਼ਿਆਲ ਹੁੰਦਾ ਹਾਂ।
ਹੱਕਾਂ ਲਈ ਲੜਦੀਓ ਭੈਣੋਂ
ਮੈਂ ਥੋਡੇ ਨਾਲ਼ ਹੁੰਦਾ ਹਾਂ ।
ਹੱਕਾਂ......।
ਜਦ ਰੁਲ਼ੇ ਗਲੀ ਵਿੱਚ ਪੱਗ ਕੋਈ
ਤੇ ਲੰਘੇ ਉਤੋਂ ਦੀ ਵੱਗ ਕੋਈ
ਜਦ ਲਾਵੇ ਘਰ ਨੂੰ ਅੱਗ ਕੋਈ
ਜਾਪੇ ਸ਼ਹਿਰ ਬੇਗ਼ਾਨਾ ਜੱਗ ਕੋਈ
ਤੁਸੀਂ ਹਿੱਕ ਨਾਲ਼ ਜੋ ਘੁੱਟਦੇ
ਮੈਂ ਉਹ ਬਾਲ ਹੁੰਦਾ ਹਾਂ।
ਐ ਜ਼ੁਲਮ ਸਹਿੰਦੇ ਮਜ਼ਲੂਮੋਂ
ਮੈਂ ਥੋਡੇ ਨਾਲ਼ ਹੁੰਦਾ ਹਾਂ।
ਜ਼ੁਲਮਾਂ ਨੂੰ ....।
ਤੁਸੀਂ ਤੁਰੋ ਜਦੋਂ ਤਲਵਾਰ ਲੈ
ਜਾਂ ਕਲਮ ਦਾ ਹਥਿਆਰ ਲੈ
ਦਿਸ਼ਾ ਇਤਿਹਾਸ ਤੋਂ ਹਰ ਵਾਰ ਲੈ
ਤੇ ਸੋਚ ਦੀ ਉੱਚੀ ਮੀਨਾਰ ਲੈ
ਜੋ ਥੋਡੇ ਮੁੱਖ ਤੇ ਨੱਚਦੈ
ਮੈਂ ਰੰਗ ਲਾਲ ਹੁੰਦਾ ਹਾਂ।
ਐ ਅਣਖੀ ਮਰਦ ਦਲੇਰੋ
ਮੈਂ ਥੋਡੇ ਨਾਲ਼ ਹੁੰਦਾ ਹਾਂ
ਐ ਅਣਖੀ ਮਰਦ...।

## ਚਾਨਣਾਂ ਦੇ ਵਾਰਸੋ ...



**ਹਰਦੇਵ ਸਿੰਘ**

ਦੂਰ ਅੰਬਰ ਤੋਂ ਕੋਈ ਤਾਰਾ ਟੁੱਟਿਆ
ਨੈਣ ਬਣ ਸਤਲੁਜ ਤੇ ਰਾਵੀ ਵਗ ਪਏ
ਦੀਪ ਦਾ ਬਲ਼ਿਆ ਸਿਵਾ ਜਦ ਸ਼ਾਮ ਨੂੰ
ਖ਼ਬਰੇ ਕਿੰਨੇ ਹੋਰ ਦੀਵੇ ਜਗ ਪਏ।
ਦੁਨੀਆਦਾਰੀ ਦੌਲ਼ਤੋਂ ਬੇਲਾਗ਼ ਹੋ
ਜਾ ਸੁੱਤਾ ਮੜੀਆਂ ’ਚ ਕੋਈ ਸੂਰਮਾ
ਚੇਤਨਾ ਨਿਰਅੰਜਨੀ ਕੋਈ ਜਾਗ ਪਈ
ਜਿਉਂ ਕੇ ਧੂਣੇ ਜੋਗੀਆਂ ਦੇ ਮਘ ਪਏ।
ਆਖਦੇ ਪੰਜਾਬ ਨੂੰ ਜੋ ਉੱਡ ਰਿਹਾ
ਵੇਖ ਉੱਡਦੇ ਬਾਜ਼ ਹੁਣ ਹੈਰਾਨ ਹਨ
ਫਿਰ ਕੋਈ ਜੁਗਰਾਜ ਚੇਤਾ ਆ ਰਿਹੈ
ਲੋਕ ਫਿਰ ਤੂਫ਼ਾਨ ਪਿੱਛੇ ਲੱਗ ਪਏ।
ਇੱਕ ਅਰਜ਼ ਹੈ ਚਾਨਣਾਂ ਦੇ ਵਾਰਸੋ
ਖੁੱਲ-ਦਿਲੀ ਤੇ ਸ਼ੀਲ ਪੱਲੇ ਬੰਨੀਏ
ਮੰਗੀਏ ਲੰਮੀ ਨਦਰ ਤੇ ਬੰਦਗੀ
ਜਾਗੀਏ ਜਿਉਂ ਰਾਤ ਤਾਰੇ ਦਗ ਪਏ।

## ਇੱਕ ਯੋਧਾ : ਭਾਈ ਸੰਦੀਪ ਸਿੰਘ (ਦੀਪ ਸਿੱਧੂ)



**ਜਗਦੀਪ ਸਿੰਘ ਲਤੀਫ਼ਪੁਰ**

ਇੱਕ ਯੋਧਾ ਪੰਜਾਬ ਦੀ ਧਰਤ ਉੱਤੇ,
ਉਨੀਂ ਸੌ ਉਣਾਸੀ ਨੂੰ ਜੰਮਿਆ ਸੀ।
ਗੱਲ ਸੁਣ ਪੰਜਾਬ ਪੰਜਾਬੀਅਤ ਦੀ,
ਰਾਜ ਜ਼ੁਲਮ ਦਾ ਕੰਬਿਆ ਸੀ।
ਭਾਵੇਂ ਰਹਿਆ ਸੀ ਵਿੱਚ ਬੰਬਈ ਜਾ ਕੇ,
ਐਪਰ ਭੁੱਲਿਆ ਨਹੀਂ ਸੀ ‘ਊੜਾ’।
ਪੇਸ਼ਾ ਸੀ ਭਾਵੇਂ ਅਦਾਕਾਰੀ,
ਪਰ ਧਰਤ ਪੰਜਾਬ ਨਾਲ਼ ਨੇਹ ਸੀ ਗੂੜਾ।
ਜਦ ਹੋਇਆ ਸੀ ਜ਼ੁਲਮ ਕਿਰਸਾਨ ਉੱਤੇ,
ਲਾ ਮੋਰਚਾ ਸ਼ੰਭੂ ’ਤੇ ਅੜ ਗਿਆ ਸੀ।
ਜਦੋਂ ਕਿਹਾ ਗ਼ੱਦਾਰ, ਗ਼ੱਦਾਰਾਂ ਨੇ,
ਤਾਂ ਵੀ ਪੰਜਾਬ ਲਈ ਹਿੱਕ ਡਾਹ ਖੜ ਗਿਆ ਸੀ।
ਦੋ ਸਦੀਆਂ ਬਾਅਦ ਕਿਲੇ ਲਾਲ ਉੱਤੇ,
ਝੁਲਾਇਆ ਕੇਸਰੀ ਨਿਸ਼ਾਨ ਸੀ।
ਵਿਰੋਧੀਆਂ ਨੂੰ ਭਾਵੇਂ ਗਿਲਾ ਸੀ,
ਪਰ ਕੌਮ ਨੂੰ ਤੇਰੇ ’ਤੇ ਮਾਣ ਸੀ।
ਜਿਹੜੇ ਕਹਿੰਦੇ ਸੀ ਕਿ ਅਸੀਂ ਸੱਚੇ ਹਾਂ,
ਤੇ ਦੀਪ ਸਰਕਾਰੀ ਕਰਿੰਦਾ ਏ।
ਅੱਜ ਉਹ ਜਿਉਂਦੇ ਮਰ ਗਏ ਪਰ
ਤੂੰ ਮਰ ਕੇ ਵੀ ਸਾਡੇ ’ਚ ਜਿੰਦਾ ਏ।
ਤੂੰ ਯੋਧਾ ਏ ਪਤਾ ਸੀ ਜ਼ਾਲਮਾਂ ਨੂੰ,
ਤਾਹੀਂ ਵਿਉਂਤਾਂ ਘੜੀਆਂ ਮੁਕਾਉਣ ਦੀਆਂ।
ਬਸ ਅਸੀਂ ਹੀ ਤੈਨੂੰ ਪਛਾਣਿਆ ਨਾ,
ਹੁਣ ਆਸਾਂ ਕਰਦੇ ਤੇਰੇ ਆਉਣ ਦੀਆਂ।
ਸ਼ੇਰਾਂ ਦੀ ਉਮਰ ਹੁੰਦੀ ਬਹੁਤੀ ਨਾ,
ਤੇ ਕੱਛੂਕੰਮੇ ਨੇ ਸਦੀਆਂ ਹੰਢਾਅ ਜਾਂਦੇ।
ਪਰਵਾਨ ਹੁੰਦੇ ਓਹੀ ਜੋ ਕੁਰਬਾਨ ਹੁੰਦੇ,
ਜਾਂ ਜੋ ਖ਼ਸਮ ਨਾਲ਼ ਪ੍ਰੀਤ ਗੰਢਾਅ ਜਾਂਦੇ।
ਯੋਧਾ ਜੀਵੇ ਤੀਹ ਸਾਲ ਭਾਵੇਂ,
ਤੇ ਗ਼ੱਦਾਰ ਭਾਵੇਂ ਸਾਲ ਸੌ ਜੀਵੇ।
ਗ਼ੱਦਾਰ ਦੀ ਹੁੰਦੀ ਏ ਹੋਂਦ ਖ਼ਤਮ,
ਤੇ ਕੌਮ ਹੇਠ ਯੋਧੇ ਦੀ ਲੋਅ ਜੀਵੇ।
ਕੋਈ ਗੱਲ ਤਾਂ ਤੇਰੇ ’ਚ ਜ਼ਰੂਰ ਹੋਊ,
ਧਰਤੀ ਪਾਕ ਤੇ ਤੇਰੀ ਅਰਦਾਸ ਹੋਈ।
ਤੇਰੀ ਪੰਜਾਬ ਕਦੇ ਮੁੜ ਆਮਦ ਹੋਏ,
ਸੁਣੀ ਸੀ ਖ਼ਲਕਤ ਕਰੇ ਅਰਜ਼ੋਈ।
ਤੂੰ ਤਾਂ ਵੀਰਿਆ ਗਿਆ ਓਥੇ,
ਜਿੱਥੇ ਭਾਈ ਜਿੰਦਾ ਤੇ ਭਾਈ ਸੁੱਖਾ ਏ।
ਤੂੰ ਤਾਂ ਰੱਜ ਗਿਆ ਹੋਣਾ ਦਰਸ਼ਨ ਕਰ ਅਕਾਲ ਦੇ,
ਪਰ ਤੇਰੀ ਦੀਦ ਬਿਨਾਂ ਪੰਥ ਅੱਜ ਭੁੱਖਾ ਏ।
ਤੇਰੇ ਬੋਲ ਕੰਨਾਂ ’ਚ ਅੱਜ ਗੂੰਜਦੇ ਕਿ
’ਭੱਜਣ ਵਾਲੇ ਨੂੰ ਧਰਤੀ ਚਾਹੀਦੀ ਤੇ ਉੱਡਣ ਵਾਲੇ ਨੂੰ ਅਸਮਾਨ’।
ਅੱਜ ਸੁਣ-ਸੁਣ ਤੇਰੀਆਂ ਗੱਲਾਂ ਯੋਧਿਆ,
ਰੌਂਦਾ ਫਿਰੇ ਜਹਾਨ।
ਝਾੜੂ ਗਲੀਆਂ ਸਾਫ਼ ਕਰ ਸਕਦਾ ਹੈ
ਪਰ ਜ਼ੁਲਮ ਨਹੀਂ।
ਜ਼ੁਲਮ ਤਾਂ ਕਿਰਪਾਨ ਮਿਟਾਉਂਦੀ ਏ।
ਉਦੋਂ ਤਾਂ ਸ਼ਾਇਦ ਤਵੱਜੋਂ ਨਹੀਂ ਸੀ
ਪਰ ਗੱਲ ਹੁਣ ਸਮਝ ਪੈਂਦੀ ਏ।
ਇੱਕ ਗਿਲਾ ਹੈ ਜਗਦੀਪ ਸਿੰਹਾਂ,
ਕੌਮ ਜਾਣ ਤੋਂ ਬਾਅਦ ਪਛਾਣਦੀ ਏ।
ਜਿਉਂਦੇ ਯੋਧਿਆਂ ਦਾ ਜੇ ਮੁੱਲ ਪਾਈਏ,
ਫ਼ਿਰ ਗੱਲ ਕਿਹੜੀ ਪਛਤਾਉਣ ਦੀ ਏ।
ਭਾਵੇਂ ਸੀ ਤੂੰ ਦੀਪ, ਪਰ ਸੂਰਜ ਬਣ
ਹਮੇਸ਼ਾ ਮਘਦਾ ਰਹੇਂਗਾ।
ਦੁਸ਼ਮਣ ਭਾਵੇਂ ਤੈਨੂੰ ਬੁਝਾ ਬੈਠੇ,
ਪਰ ਸਿੱਖ ਤਵਾਰੀਖ ’ਚ ਜਗਦਾ ਰਹੇਂਗਾ।

## ‘ਦੀਪ’

**ਬਲਵਿੰਦਰ ਕੌਰ ਲਿੱਤਰਾਂ,**
**(ਭੈਣ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ ਸਾਕਾ ਨਕੋਦਰ)**

ਉਹ ਡਰਿਆ, ਵਿਕਿਆ, ਰੁਕਿਆ ਨਹੀਂ
ਉਹ ਸਿਸਟਮ ਅੱਗੇ ਝੁਕਿਆ ਨਹੀਂ
ਉਹ ਅਰਸ਼ ਤੋਂ ਫਰਸ਼ ਤੇ ਉੱਤਰਿਆ
ਉਹਤੋਂ ਰਾਹ ਦਿੱਲੀ ਦਾ ਲੁਕਿਆ ਨਹੀਂ।
ਉਹਦੀ ਮੰਜ਼ਿਲ ਘਰ ਦੇ ਵੱਲ ਦੀ ਸੀ
ਤੇ ਸੋਚ ਭਵਿੱਖਤ ਕੱਲ ਦੀ ਸੀ
ਉਹਨੂੰ ਦਰਦ ਸੀ ਆਪਣੀਆਂ ਨਸਲਾਂ ਦਾ
ਉਹ ਸੀ ਰਾਖਾ ਸਾਡੀਆਂ ਫ਼ਸਲਾਂ ਦਾ।
ਉਹਨੇ ’ਕੱਠੇ ਕਰਨੇ ਸਾਰੇ ਸੀ
ਉਹਨੇ ਬਾਣ ਤਰਕ ਦੇ ਮਾਰੇ ਸੀ
ਉਹ ਤਾਣਾ-ਬਾਣਾ ਬੁਣਦਾ ਸੀ
ਅਸੀਂ ਉਸਦੇ ਤੰਦ ਖਿਲਾਰੇ ਸੀ।
ਉਹਨੂੰ ਆਦਰ ਦੀ ਕੋਈ ਚਾਹ ਨਹੀਂ ਸੀ
ਉਂਝ ਅਣਖ ਦਾ ਪਹਿਰੇਦਾਰ ਸੀ ਉਹ
ਕਿਤੇ ਕਦੇ-ਕਦਾਈਂ ਆਉਂਦਾ ਹੈ
ਕੋਈ ਐਸਾ ਇੱਕ ਕਿਰਦਾਰ ਸੀ ਉਹ।
ਦੀਪ ’ਨੇਰੇ ਨੂੰ ਰੁਸ਼ਨਾਉਂਦਾ ਸੀ
ਅਸੀਂ ਚਾਨਣ ਨੂੰ ਅੱਗ ਲਾਉਂਦੇ ਹਾਂ
ਉਹ ਨੀਵੇਂ ਵੱਲ ਨੂੰ ਹੋ ਤੁਰਿਆ
ਅਸੀਂ ਖੱਬੀ ਖ਼ਾਂ ਅਖਵਾਉਂਦੇ ਹਾਂ।
ਉਹ ਅੜਿਆ ਸੀ, ਫਿਰ ਖੜਿਆ ਸੀ
ਫੁੱਲ ਸਾਡੀ ਖ਼ਾਤਿਰ ਝੜਿਆ ਸੀ
ਅਸੀਂ ਆਖਦੇ ਰਹੇ ਉਹਦੇ ਕੇਸ ਨਹੀਂ
ਉਹ ਕੇਸ ਕੇਸਾਂ ਦੇ ਲੜਿਆ ਸੀ।
ਤੁਰ ਗਿਆਂ ਤੇ ਨੀਰ ਵਹਾਉਂਦੇ ਹਾਂ
ਜੀਊਂਦੇ ਦੀ ਕਦਰ ਪਛਾਣਦੇ ਨਹੀਂ
ਉਸ ਸੋਚ ’ਤੇ ਪਹਿਰਾ ਕਿੰਝ ਦੇਣਾ
ਅਸੀਂ ਸੋਚ ਜਿਹੜੀ ਦੀ ਹਾਣ ਦੇ ਨਹੀਂ।
ਜੇ ਸੌ ਵਰਿਆਂ ਭੀ ਜੀ ਲਈਏ
ਤਾਂ ਮੁੱਲ ਤਾਂ ਖ਼ਾਕ ਹੀ ਪੈਣਾ ਹੈ
ਜਿਹਦਾ ਜੀਵਨ ਮਾਰਗ ਦਰਸ਼ਕ ਹੈ
ਉਸ ਸਦੀਆਂ ਤੀਕਰ ਰਹਿਣਾ ਹੈ।
ਇੱਕ ਕੰਬਣੀ ਜਿਹੀ ਹੈ ਛੇੜ ਗਿਆ
ਤੇ ਪਾ ਗਿਆ ਸਭ ਲਈ ਪਰਚਾ ਹੈ
‘ਇਹ ਮਸਲਾ ਸਾਡੀ ਹੋਂਦ ਦਾ ਹੈ’
ਇੱਕ ਵਾਰੀ ਫ਼ਿਰ ਤੋਂ ਚਰਚਾ ਹੈ।



ਬਣੇ ਹੋਏ ਹਨ? ਇਸ ਸਭ ਨੂੰ ਅਸੀਂ ਜਾਣਦੇ ਹਾਂ। ਸਭ ਤੋਂ ਵੱਡੀ ਸਮੱਸਿਆ ਤਾਂ ਇਹ ਹੈ ਕਿ ਪੂੰਜੀਵਾਦ ਨੂੰ ਸਮਝਣ ਵਾਲੇ ਜਾਤ ਨੂੰ ਨਹੀਂ ਸਮਝਦੇ ਅਤੇ ਜਾਤ ਨੂੰ ਸਮਝਣ ਵਾਲੇ ਪੂੰਜੀਵਾਦ ਨੂੰ ਨਹੀਂ ਸਮਝਦੇ। ਜਦੋਂ ਤੱਕ ਅਸੀਂ ਇਨ੍ਹਾਂ ਦੋਵਾਂ ਨੂੰ ਨਹੀਂ ਸਮਝਦੇ, ਅਸੀਂ ਸਹੀ ਦਿਸ਼ਾ ਵਿੱਚ ਨਹੀਂ ਜਾ ਸਕਦੇ। ਇਹ ਜਾਤੀਵਾਦ ਤੇ ਪੂੰਜੀਵਾਦ ਵਰਤਾਰੇ ਇੱਕ ਦੂਜੇ ਨਾਲ਼ ਜੁੜੇ ਹੋਏ ਹਨ। ਆਮ ਲੋਕਾਂ ਦੀ ਸੋਝੀ ਸਿਆਸੀ ਪਾਰਟੀਆਂ ਨਾਲ਼ੋਂ ਕਿਤੇ ਅਗਾਂਹਵਧੂ ਹੈ। ਉਹ ਸਿਆਸਤਦਾਨਾਂ ਦੀ ਹਰ ਕਾਰਵਾਈ ਉੱਪਰ ਨਜ਼ਰ ਰੱਖ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਬਹੁਤ ਉਥਲ-ਪੁਥਲ ਹੋਣ ਵਾਲੀ ਹੈ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਸ ਜਾਂ ਉਸ ਚੋਣ ਵਿੱਚ ਭਾਜਪਾ ਦੀ ਹਾਰ ਹੋਣੀ ਹੈ, ਪਰ ਸਾਡੇ ਵਰਗੇ ਲੇਖਕਾਂ ਦੇ ਭਾਈਚਾਰਿਆਂ ਨੇ ਜਿਸ ਤਰਾਂ ਜਬਰ ਦਾ ਸਾਹਮਣਾ ਕੀਤਾ ਹੈ ਅਤੇ ਨਿਰਾਸ਼ਾ ਦੇ ਆਲਮ ਵਿੱਚ ਹੈ, ਜੇਕਰ ਉਨ੍ਹਾਂ ਕੋਲ਼ ਕੋਈ ਦੂਰਅੰਦੇਸ਼ੀ ਹੈ ਤਾਂ ਮੈਂ ਕਹਾਂਗੀ ਕਿ

ਇਹ ਸਮਾਂ ਹੈ ਕਿ ਲੋਕਾਂ ਨੂੰ ਜਾਗ੍ਰਿਤ ਕਰੋ। ਫਾਸ਼ੀਵਾਦੀ ਹਿੰਦੂਤਵੀ ਬੇਸਿਰੀਆਂ ਤਾਕਤਾਂ ਦਾ ਅੰਤ ਨਿਸ਼ਚਿਤ ਹੈ ਅਤੇ ਉਨ੍ਹਾਂ ਨੂੰ ਜਲਦੀ ਹੀ ਕੀਮਤ ਚੁਕਾਉਣੀ ਪੈ ਸਕਦੀ ਹੈ। ਜੇਕਰ ਅਸੀਂ ਆਪਣੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਮੈਨੂੰ ਲੱਗਦਾ ਹੈ ਕਿ ਅਸੀਂ ਇਸ ਦੌਰ ਵਿੱਚੋਂ ਨਹੀਂ ਲੰਘੇ, ਵਿਕਾਸ ਦੇ ਦੌਰ ਵਿੱਚੋਂ ਗੁਜ਼ਰਨਾ ਹੀ ਸੀ। ਇਸ ਤੋਂ ਬਿਨਾਂ ਸਮਾਜ ਦੀ ਯਾਤਰਾ ਪੂਰੀ ਨਹੀਂ ਹੋਵੇਗੀ। ਇਸ ਨਾਲ਼ ਆਉਣ ਵਾਲੇ ਸਮੇਂ ਵਿੱਚ ਕਿੰਨਾ ਨੁਕਸਾਨ ਹੋਵੇਗਾ, ਇਸ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ। ਪਰ ਲੋਕ ਇਸ ਦਾ ਵਿਰੋਧ ਕਰ ਰਹੇ ਹਨ ਅਤੇ ਇਹ ਅਧਿਆਇ ਖ਼ਤਮ ਹੋ ਜਾਵੇਗਾ। ਨਵੀਂ ਕਹਾਣੀ ਦਾ ਅਸਲ ਰੂਪ ਕਿਹੋ ਜਿਹਾ ਸਾਹਮਣੇ ਆਵੇਗਾ, ਇਸ ਬਾਰੇ ਅਜੇ ਕੁਝ ਕਿਹਾ ਨਹੀਂ ਜਾ ਸਕਦਾ, ਪਰ ਲੋਕਾਂ ਨੂੰ ਡੂੰਘਾਈ ਨਾਲ਼ ਇਹ ਮਹਿਸੂਸ ਹੋਣ ਲੱਗਾ ਹੈ ਕਿ ਇਹ ਕਾਰਪੋਰੇਟ-ਪ੍ਰਸਤੀ ਅਸਲ ਵਿੱਚ ਕੱਟੜਪੰਥੀ ਸੱਜੇ-ਪੱਖੀ ਹਿੰਦੂ ਰਾਸ਼ਟਰਵਾਦੀ ਤਾਕਤਾਂ ਦਾ ਨਤੀਜਾ ਹੈ। ਜਦੋਂ ਮੈਂ ਇਸ ਬਾਰੇ ਲਿਖਿਆ ਕਿ ਨਿੱਜੀਕਰਨ ਦਾ ਕੀ ਮਤਲਬ ਹੈ, ਸ਼ਾਇਦ 2002 ਜਾਂ ਇਸ ਤੋਂ ਬਾਅਦ ਹਿੰਦੂਤਵੀਆਂ ਵੱਲੋਂ ਮੈਨੂੰ ਬਹੁਤ ਜ਼ਿਆਦਾ ਗਾਲਾਂ ਤੇ ਧਮਕੀਆਂ ਮਿਲੀਆਂ। ਉਦਾਰਵਾਦੀਆਂ ਨੇ ਮੋਦੀ ਦਾ ਪ੍ਰਧਾਨ ਮੰਤਰੀ ਬਣਨ 'ਤੇ ਖੁੱਲੇਆਮ ਸਵਾਗਤ ਕੀਤਾ ਸੀ, ਪਰ ਅੱਜ ਉਹ ਨਿਰਾਸ਼ ਹਨ।

ਮੈਨੂੰ ਲੱਗਦਾ ਹੈ ਕਿ ਆਮ ਲੋਕ ਇਸ ਰਾਜਨੀਤਿਕ ਪ੍ਰਣਾਲੀ ਨੂੰ ਬਦਲ ਦੇਣਗੇ। ਜੇਕਰ ਇਹ ਕੇਂਦਰ ਪੱਖੀ ਸਿਆਸਤਦਾਨ ਰਾਜਾਂ ਦੀ ਖ਼ੁਦਮੁਖ਼ਤਿਆਰੀ ਤੋਂ ਇਨਕਾਰੀ ਹਨ ਤੇ ਕੇਰਲਾ, ਤਾਮਿਲਨਾਡੂ, ਉੱਤਰ-ਪੂਰਬ ਵਿੱਚ ਖ਼ੁਦਮੁਖ਼ਤਿਆਰੀ ਦੀ ਲਹਿਰ ਤੋਂ ਅੱਖਾਂ ਮੀਟ ਰਹੇ ਹਨ ਕਿ ਇਹ ਛੋਟੇ ਰਾਜ ਹਨ, ਕੁਝ ਕਰਨ ਦੇ ਸਮਰਥ ਨਹੀਂ। ਯੂ.ਪੀ.-ਬਿਹਾਰ ਦੇ ਨਤੀਜੇ ਸਾਡੇ ਲਈ ਕਾਫ਼ੀ ਹਨ ਤਾਂ ਤੁਸੀਂ ਭਰਮ ਵਿੱਚ ਹੋ। ਇਸ ਭਰਮ ਵਿੱਚ ਜਿਉਂ ਕੇ ਤੁਸੀਂ ਕਿੰਨਾ ਚਿਰ ਰਾਜ ਕਰ ਸਕਦੇ ਹੋ? ਯੋਗੀ ਅਦਿੱਤਿਆਨਾਥ ਨੇ ਭਾਵੇਂ ਕੇਰਲਾ ਜਾਂ ਬੰਗਾਲ ਬਾਰੇ ਆਪਣੀ ਨਾ ਸਮਝੀ ਵਿੱਚ ਚੰਗਾ-ਮਾੜਾ ਕਿਹਾ ਹੋਵੇ, ਪਰ ਇਹ ਅਸਲ ਵਿੱਚ ਬਹੁਤ ਗੰਭੀਰ ਮਾਮਲਾ ਹੈ। ਤੁਸੀਂ ਉਸੇ ਦੇਸ਼ ਦੇ ਦੂਜੇ ਰਾਜਾਂ ਨੂੰ ਕਿਵੇਂ ਨਿਕੰਮੇ ਤੇ ਕਮਜ਼ੋਰ ਸਿੱਧ ਕਰ ਸਕਦੇ ਹੋ ਜਦੋਂ ਕਿ ਕੇਰਲਾ, ਤਾਮਿਲਨਾਡੂ, ਬੰਗਾਲ ਦਾ ਸਿੱਖਿਆ, ਸਿਹਤ, ਰੁਜ਼ਗਾਰ ਸਮੇਤ ਵਿਕਾਸ ਦਾ ਸੂਚਕ ਅੰਕ ਯੂ.ਪੀ. ਬਿਹਾਰ ਤੋਂ ਬਹੁਤ ਉੱਪਰ ਹੈ। ਜੇ ਤੁਸੀਂ ਸਾਰਿਆਂ ਨਾਲ਼ ਵਿਤਕਰਾ ਕਰਦੇ ਹੋ, ਤਾਂ ਉਹ ਕਦੋਂ ਤੱਕ ਚੁੱਪ ਰਹਿਣਗੇ? ਭਾਰਤ ਵਿੱਚ ਬਹੁਤ ਸਾਰੇ ਮਜ਼ਬੂਤ ਮੁੱਖ ਮੰਤਰੀ ਉੱਭਰ ਰਹੇ ਹਨ, ਸਟਾਲਿਨ, ਵਿਜਯਨ, ਮਮਤਾ ਸਾਰੇ ਤਜਰਬੇਕਾਰ ਖਿਡਾਰੀ ਹਨ। ਉਨ੍ਹਾਂ ਨਾਲ਼ ਕੇਂਦਰ ਪੱਖੀ ਧਿਰਾਂ ਜ਼ਿਆਦਾ ਦੇਰ ਨਹੀਂ ਖੇਡ ਸਕਦੀਆਂ। ਮੋਦੀ ਵਰਗੇ ਵਰਤਾਰੇ ਦਾ ਸਮਾਂ ਖ਼ਤਮ ਹੋ ਗਿਆ ਹੈ। ਭਾਜਪਾ ਵੱਲੋਂ ਸਟੇਟ ਦੇ ਡੰਡੇ ਦਾ ਡਰ ਦਿਖਾਇਆ ਜਾਵੇਗਾ, ਪਰ ਜਨਤਾ ਮੁਕਾਬਲੇ ਵਿੱਚ ਖੜੀ ਹੋਵੇਗੀ। ਅੱਜ ਜੋ ਨਜ਼ਾਰਾ ਅਸੀਂ ਸਮਾਜ ਵਿੱਚ, ਸੜਕ ਉੱਤੇ ਵਾਪਰਦੇ ਵੇਖ ਰਹੇ ਹਾਂ, ਉਹ ਬਹੁਤ ਚਿੰਤਾਜਨਕ ਹੈ। ਪਰ ਇਹ ਸਭ ਖਤਮ ਹੋ ਜਾਵੇਗਾ, ਲੋਕ ਇਸ ਨੂੰ ਖਤਮ ਕਰ ਦੇਣਗੇ। ਮੈਂ ਇਹ ਨਹੀਂ ਕਹਾਂਗੀ ਕਿ ਭਾਰਤ ਦੇ ਲੋਕ ਬਹੁਤ ਤਰਕਸ਼ੀਲ ਹੋ ਗਏ ਹਨ, ਉਹ ਅੱਜ ਤੋਂ ਬਾਅਦ ਇੱਕ ਦੂਜੇ ਨਾਲ਼ ਪਿਆਰ ਅਤੇ ਭਾਈਚਾਰੇ ਨਾਲ਼ ਰਹਿਣਗੇ। ਕਿਉਂਕਿ ਭਾਰਤ ਦੇ ਲੋਕ ਕਦੇ ਫਾਸ਼ੀਵਾਦ ਦੇ ਜਾਲ ਵਿੱਚ ਫਸ ਚੁੱਕੇ ਸਨ, ਪਰ ਇਹ ਦੇਸ਼ ਉਨ੍ਹਾਂ ਦਾ ਹੈ ਅਤੇ ਇਸ ਸਭ ਦਾ ਖ਼ਾਮਿਆਜ਼ਾ ਉਨ੍ਹਾਂ ਨੂੰ ਭੁਗਤਣਾ ਪੈ ਰਿਹਾ ਹੈ। ਉਹ ਆਪ ਹੀ ਆਪਣੀਆਂ ਗ਼ਲਤੀਆਂ ਸੁਧਾਰ ਲੈਣਗੇ। ਇਹ ਮੇਰਾ ਨਿਸ਼ਚਾ ਹੈ।

## ਪੰਜਾਬ ਦਾ ਲੋਕ-ਸੰਗੀਤ...

ਇਸ ਵਿੱਚ ਵੀ ਲੋਕ-ਗੀਤਾਂ ਦੀ ਪ੍ਰਧਾਨਤਾ ਵਧੇਰੇ ਰਹਿੰਦੀ ਹੈ।

**ਲੋਕ ਗੀਤ**

ਲੋਕ-ਗੀਤਾਂ ਦੀ ਭਾਸ਼ਾ ਬੜੀ ਸਰਲ ਹੁੰਦੀ ਹੈ ਜਿਸਨੂੰ ਹਰ ਵਿਅਕਤੀ ਭਾਵੇਂ ਉਹ ਪੜ੍ਹਿਆ ਲਿਖਿਆ ਹੈ ਭਾਵੇਂ ਅਨਪੜ੍ਹ ਅਸਾਨੀ ਨਾਲ਼ ਸਮਝ ਸਕਦਾ ਅਤੇ ਗਾ ਸਕਦਾ ਹੈ। ਇਨ੍ਹਾਂ ਦੇ ਵਿਸ਼ੇ ਰੋਜ਼ਾਨਾ ਜੀਵਨ ਦੇ ਕੰਮ-ਧੰਦੇ ਹੁੰਦੇ ਹਨ ਜਿਵੇਂ ਖੇਤਾਂ ਵਿੱਚ ਹਲ਼ ਚਲਾਉਣਾ, ਖੂਹ ਤੋਂ ਪਾਣੀ ਭਰਨਾ, ਖੇਤੀਬਾੜੀ, ਫ਼ਸਲਾਂ ਦਾ ਪੱਕਣਾ ਬੀਜਣਾ ਤੇ ਕੱਟਣਾ, ਸੂਰਬੀਰਾਂ, ਧਾਰਮਿਕ ਵਿਅਕਤੀਆਂ, ਦਾਨੀਆਂ, ਡਾਕੂਆਂ ਅਤੇ ਅਨੇਕ ਰੁੱਤਾਂ ਸੰਬੰਧੀ ਗੀਤ। ਇਹ ਗੀਤ ਤਾਲ ਨਾਲ਼ ਜਾਂ ਬਿਨਾਂ ਤਾਲ ਦੇ ਵੀ ਗਾਏ ਜਾਂਦੇ ਹਨ। ਇਨ੍ਹਾਂ ਨੂੰ ਇਕੱਲਾ ਵਿਅਕਤੀ, ਦੋ ਵਿਅਕਤੀ ਜਾਂ ਸਮੂਹਿਕ ਰੂਪ ਵਿੱਚ ਵੀ ਗਾਇਆ ਜਾਂਦਾ ਹੈ। ਇਹ ਗੀਤ ਖ਼ੁਸ਼ੀ ਅਤੇ ਸੋਗ ਦੋਨੋਂ ਅਵਸਰਾਂ ਨਾਲ਼ ਸੰਬੰਧਿਤ ਹੁੰਦੇ ਹਨ।

**ਲੋਕ ਵਾਦਨ**

ਲੋਕ ਗੀਤਾਂ ਵਿੱਚ ਵੱਖ-ਵੱਖ ਧੁਨਾਂ ਦਾ ਵਾਦਨ ਵੀ ਵਿਅਕਤੀਗਤ ਜਾਂ ਸਮੂਹਿਕ ਰੂਪ ਵਿੱਚ ਹੁੰਦਾ ਹੈ। ਇਹ ਧੁਨਾਂ ਵੱਖ-ਵੱਖ ਲੋਕ-ਸਾਜ਼ਾਂ ਨਾਲ਼ ਵਜਾਈਆਂ ਜਾਂਦੀਆਂ ਹਨ। ਪੰਜਾਬ ਦੇ ਲੋਕ ਸਾਜ਼ਾਂ ਵਿੱਚ ਢੋਲ, ਢੋਲਕ, ਡੱਫ, ਨਗਾਰਾ, ਢੱਡ, ਖੰਜਰੀ, ਚਿਮਟਾ, ਮਜੀਰੇ, ਘੁੰਗਰੂ, ਸਾਰੰਗੀ, ਘੜਾ ਆਦਿ ਸ਼ਾਮਿਲ ਹਨ ਜਿਨ੍ਹਾਂ ਦਾ ਪ੍ਰਯੋਗ ਢੁਕਵੇਂ ਮੌਕਿਆਂ ਅਨੁਸਾਰ ਕੀਤਾ ਜਾਂਦਾ ਹੈ।

**ਲੋਕ ਨਾਚ**

ਲੋਕ ਨਾਚ ਆਮ ਤੌਰ 'ਤੇ ਖ਼ੁਸ਼ੀ ਦੇ ਮੌਕਿਆਂ 'ਤੇ ਹੁੰਦੇ ਹਨ। ਆਪਣੇ ਕੰਮ ਵਿੱਚ ਸਫ਼ਲਤਾ, ਹਰੀ-ਭਰੀ ਫ਼ਸਲ, ਫ਼ਸਲ ਦੀ ਕਟਾਈ, ਘਰ ਵਿੱਚ ਬੱਚੇ ਦਾ ਜਨਮ ਆਦਿ ਅਵਸਰਾਂ ਤੇ ਇਨਸਾਨ ਆਪਣੇ ਆਪ ਨੂੰ ਭੁੱਲ ਜਾਂਦਾ ਹੈ, ਉਹ ਉੱਛਲਦਾ, ਟੱਪਦਾ, ਗਾਉਂਦਾ ਅਤੇ ਨੱਚਦਾ ਹੈ। ਖ਼ੁਸ਼ੀ ਦੇ ਅਜਿਹੇ ਸੁਭਾਵਿਕ ਪ੍ਰਗਟਾਅ ਲੋਕ ਨਾਚ ਕਹਾਉਂਦੇ ਹਨ। ਲੋਕ ਨਾਚ ਲਈ ਕਿਸੇ ਵੀ ਤਰਾਂ ਦੇ ਵਿਸ਼ੇਸ਼ ਵਸਤਰ, ਗਹਿਣੇ, ਚਮਕ-ਦਮਕ ਜਾਂ ਹਾਰ ਸ਼ਿੰਗਾਰ ਦੀ ਜ਼ਰੂਰਤ ਨਹੀਂ ਹੁੰਦੀ। ਇਹ ਤਾਂ ਮਨੁੱਖ ਦੀ ਖ਼ੁਸ਼ੀ ਦਾ ਆਪ ਮੁਹਾਰਾ ਪ੍ਰਗਟਾਵਾ ਹੁੰਦੇ ਹਨ।

ਗੁਜਰਾਤ ਦਾ 'ਗਰਬਾ', ਮਹਾਰਾਸ਼ਟਰ ਦਾ 'ਲਾਵਣੀ' ਅਤੇ ਪੰਜਾਬ ਦਾ ਭੰਗੜਾ, ਗਿੱਧਾ, ਕਿੱਕਲੀ, ਲੁੱਡੀ ਆਦਿ ਲੋਕ ਨਾਚਾਂ ਦੇ ਨਮੂਨੇ ਹਨ। ਇਹ ਲੋਕ ਨਾਚ ਵਿਅਕਤੀਗਤ ਅਤੇ ਸਮੂਹਿਕ ਵੀ ਹੁੰਦੇ ਹਨ। ਇਨ੍ਹਾਂ ਦੀ ਵਰਤੋਂ ਗੀਤਾਂ ਦੇ ਨਾਲ਼ ਜਾਂ ਗੀਤਾਂ ਤੋਂ ਬਿਨਾਂ ਵੀ ਕੀਤੀ ਜਾਂਦੀ ਹੈ। ਲੋਕ ਸਾਜ਼ਾਂ ਦੀ ਸੰਗਤ ਵਿੱਚ ਇਹ ਲੋਕ ਨਾਚ ਖ਼ੁਸ਼ੀ ਨੂੰ ਦੂਣਾ ਕਰ ਦਿੰਦੇ ਹਨ। ਅਸਲ ਵਿੱਚ ਲੋਕ ਗਾਇਨ, ਵਾਦਨ ਅਤੇ ਨਾਚ ਮਨੁੱਖੀ ਭਾਵਨਾਵਾਂ ਦਾ ਸਹਿਜ ਅਤੇ ਸਰਲ ਪ੍ਰਗਟਾਵਾ ਹਨ।

**ਪੰਜਾਬੀ ਲੋਕ ਸੰਗੀਤ**

ਪੰਜਾਬੀ ਪੇਂਡੂ ਜੀਵਨ ਦਾ ਹਰ ਰਾਹ ਅਤੇ ਹਰ ਕਾਰਜ ਲੋਕ ਗੀਤਾਂ ਵਿੱਚੋਂ ਹੀ ਹੋ ਕੇ ਲੰਘਦਾ ਹੈ। ਮੁੰਡਾ ਜੰਮਣ ਦੇ ਗੀਤ, ਬੱਚੇ ਨੂੰ ਸੁਆਉਣ ਦੇ ਗੀਤ, ਖੇਡਣ ਦੇ ਗੀਤ, ਪੀਘਾਂ ਝੂਟਣ ਦੇ ਗੀਤ, ਪਾਣੀ ਭਰਨ ਦੇ ਗੀਤ, ਫ਼ਸਲ ਬੀਜਣ ਦੇ ਗੀਤ, ਫ਼ਸਲ ਕੱਟਣ ਦੇ ਗੀਤ, ਮੰਗਣੇ ਦੇ ਗੀਤ, ਵਿਆਹ ਦੇ ਗੀਤ, ਨੂੰਹ-ਸੱਸ ਨਣਦ-ਭਰਜਾਈ ਦੇ ਗੀਤ, ਰੁੱਤਾਂ ਦੇ ਗੀਤ, ਹੀਰ-ਰਾਂਝਾ, ਸੱਸੀ-ਪੁੰਨੂ, ਮਿਰਜ਼ਾ-ਸਾਹਿਬਾਂ ਅਤੇ ਸੋਹਣੀ-ਮਹੀਵਾਲ ਦੀਆਂ ਪ੍ਰੀਤਾਂ ਦੇ ਗੀਤ, ਪੰਜਾਬੀ ਲੋਕ ਗੀਤਾਂ ਦੀ ਅਥਾਹ ਸਮੱਗਰੀ ਦੇ ਸੋਮੇ ਹਨ। ਇਹੀ ਨਹੀਂ ਹਰ ਰੁੱਤ ਆਪਣੇ ਨਾਲ਼ ਮੌਸਮੀ ਮੇਲੇ ਅਤੇ ਤਿਉਹਾਰ ਲਿਆਉਂਦੀ ਹੈ। ਪੰਜਾਬ ਵਿੱਚ ਹਰ ਮੇਲਾ ਅਤੇ ਤਿਉਹਾਰ ਨੱਚਦਾ ਅਤੇ ਗਾਉਂਦਾ ਹੋਇਆ ਆਉਂਦਾ ਹੈ ਅਤੇ ਇੱਥੋਂ ਦੇ ਵਸਨੀਕਾਂ ਨੂੰ ਖ਼ੁਸ਼ੀਆਂ ਦੇ ਭੰਡਾਰ ਵੰਡਦਾ ਤੁਰ ਜਾਂਦਾ ਹੈ। ਹਰੇਕ ਮੇਲੇ, ਤਿਉਹਾਰ ਅਤੇ ਸ਼ੁਭ ਅਵਸਰ ਤੇ ਨੱਚਣਾ ਗਾਉਣਾ ਜ਼ਰੂਰ ਹੁੰਦਾ ਹੈ। ਪੰਜਾਬੀਆਂ ਦੇ ਜੀਵਨ ਦਾ ਹਰ ਮਹੀਨਾ, ਹਰ ਰੁੱਤ, ਹਰ ਦਿਨ, ਹਰ ਘੜੀ, ਹਰ ਫ਼ਸਲ, ਪੇੜ-ਪੌਦੇ, ਪੰਛੀ ਅਤੇ ਜਾਨਵਰ ਉਨ੍ਹਾਂ ਨੂੰ ਖ਼ੁਸ਼ੀ ਦਿੰਦੇ ਹਨ ਅਤੇ ਖ਼ੁਸ਼ੀ ਦਾ ਪ੍ਰਗਟਾਵਾ ਇੱਥੋਂ ਦਾ ਹਰ ਬੱਚਾ, ਬੁੱਢਾ, ਗੱਭਰੂ ਜਾਂ ਮੁਟਿਆਰ ਬੋਲੀਆਂ, ਟੱਪੇ, ਮਾਹੀਆ, ਘੋੜੀਆਂ, ਸੁਹਾਗ, ਛੰਦ, ਸਿੱਠਣੀਆਂ ਰਾਹੀਂ ਕਰਦਾ ਹੈ। ਇੱਥੋਂ ਤੱਕ ਕਿ ਹਰਖ ਅਤੇ ਸੋਗ ਦਾ ਪ੍ਰਗਟਾਵਾ ਵੀ ਉਹ ਅਲਾਹੁਣੀਆਂ, ਕੀਰਨੇ ਅਤੇ ਵੈਣਾਂ ਰਾਹੀਂ ਕਰਦਾ ਹੈ। ਇਸੇ ਕਾਰਨ ਪੰਜਾਬ ਨੂੰ ਸਦਾ ਨੱਚਦਾ ਤੇ ਗਾਉਂਦਾ ਪੰਜਾਬ ਕਿਹਾ ਜਾਂਦਾ ਹੈ।

## ਚੀਫ਼ ਖ਼ਾਲਸਾ ਦੀਵਾਨ...

ਡਾ. ਢਿੱਲੋਂ ਨੇ ਪਿਛਲੇ ਸਮੇਂ ਹੀ ਭਾਜਪਾ ਵਿੱਚ ਸ਼ਾਮਲ ਹੋਏ ਸਨ ਤੇ ਉਸ ਸਮੇਂ ਉਨ੍ਹਾਂ ਨੂੰ ਜ਼ਿੰਮੇਵਾਰ ਪੋਸਟਾਂ ਤੋਂ ਹਟਾ ਦਿੱਤਾ ਗਿਆ ਸੀ ਪਰ ਪ੍ਰਧਾਨ ਨਿਰਮਲ ਸਿੰਘ ਵਿੱਚ ਆਈ ਤਬਦੀਲੀ ਕਈ ਪ੍ਰਕਾਰ ਦੇ ਸ਼ੰਕੇ ਪ੍ਰਗਟ ਕਰਦੀ ਹੈ। ਇਹ ਵੀ ਪਤਾ ਲੱਗਾ ਹੈ ਕਈ ਅਹੁਦੇਦਾਰਾਂ ਨੇ ਇਸ ਨਿਯੁਕਤੀ ਦਾ ਵਿਰੋਧ ਵੀ ਕੀਤਾ ਪਰ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਦੀ ਮਜਬੂਰੀ ਹੈ। ਵਿਰੋਧ ਕਰਨ ਵਾਲੇ ਅਹੁਦੇਦਾਰ ਇਸ 'ਕੁਰਸੀ' ਸੰਭਾਲ ਸਮਾਗਮ ਵਿੱਚ ਸ਼ਾਮਲ ਨਹੀਂ ਹੋਏ ਜਿਸ ਤੋਂ ਇੰਜ ਲੱਗਦਾ ਹੈ ਕਿ ਦੀਵਾਨ ਵਿੱਚ ਇਸ ਨਿਯੁਕਤੀ ਨੂੰ ਲੈ ਕੇ ਆਉਣ ਵਾਲੇ ਸਮੇਂ ਵਿੱਚ ਖ਼ਾਨਾਜੰਗੀ ਛਿੜ ਸਕਦੀ ਹੈ ਜਿਹੜੀ ਚੀਫ਼ ਖ਼ਾਲਸਾ ਦੀਵਾਨ ਦੀ ਆਭਾ ਨੂੰ ਠੇਸ ਪਹੁੰਚਾ ਸਕਦੀ ਹੈ।

ਇਸ ਮੌਕੇ ਪ੍ਰਧਾਨ ਨਿਰਮਲ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਸੰਤੋਖ ਸਿੰਘ ਸੇਠੀ, ਸੁਖਜਿੰਦਰ ਸਿੰਘ ਪ੍ਰਿੰਸ, ਮਨਮੋਹਨ ਸਿੰਘ, ਰਜਿੰਦਰ ਸਿੰਘ ਮਰਵਾਹਾ, ਅਵਤਾਰ ਸਿੰਘ, ਕੁਲਵਿੰਦਰ ਸਿੰਘ ਮਰਵਾਹਾ, ਗੁਰਪ੍ਰੀਤ ਸਿੰਘ ਕਲਕੱਤਾ, ਡਾਇਰੈਕਟਰ/ਪ੍ਰਿੰ. ਡਾ. ਧਰਮਵੀਰ ਸਿੰਘ, ਅੰਡਰ ਸੈਕਟਰੀ ਹਰਭਜਨ ਸਿੰਘ ਹਾਜ਼ਰ ਸਨ।

## ਬੱਚਿਆਂ ਤੇ ਤਸ਼ੱਦਦ...

ਪੁੱਤਾਂ ਨੂੰ ਬਾਰਡਰਾਂ ਤੇ ਬੰਧਕ ਬਣਾ ਕੇ ਰੱਖਿਆ ਹੈ, ਜਿਨ੍ਹਾਂ ਨੂੰ ਸ਼ਾਤਰ ਯੂਕਰੇਨੀ ਫ਼ੌਜੀਆਂ ਵੱਲੋਂ ਕਦੇ ਰੋਮਾਨੀਆਂ ਕਦੇ ਪੋਲੈਂਡ ਦੇ ਬਾਰਡਰਾਂ ਵੱਲ ਭੇਜ ਬਹੁਤ ਖ਼ੁਆਰ ਕੀਤਾ ਜਾ ਰਿਹਾ ਹੈ ਤੇ ਕੁਝ ਦੀ ਕੁੱਟਮਾਰ ਵੀ ਕੀਤੀ ਜਾ ਰਹੀ ਹੈ....

ਯੂਕਰੇਨ ਦੇ ਜ਼ਮੀਨੀ ਹਾਲਾਤਾਂ ਦੀਆਂ ਬੜੀਆਂ ਡਰਾਉਣੀਆਂ ਖ਼ਬਰਾਂ ਆ ਰਹੀਆਂ ਹਨ, ਬੱਚੇ ਭੁੱਖੇ ਵਿਲਕ ਰਹੇ ਹਨ, ਔਰਤਾਂ ਅਗਵਾਹ ਹੋ ਰਹੀਆਂ ਹਨ, ਵਿਦਿਆਰਥੀਆਂ ਨੂੰ ਜ਼ਿੰਦਗੀ ਦੀ ਚਿੰਤਾ ਸਤਾ ਰਹੀ ਹੈ...ਸੱਜਣੋਂ ਹੁਣ ਕਿਸੇ ਦੇ ਹੱਕ ਜਾਂ ਵਿਰੋਧ ਵਿੱਚ ਲਿਖਣ ਦੀ ਬਜਾਏ ਹਕੀਕਤ ਬਾਰੇ ਲਿਖਣਾ ਪਵੇਗਾ। ਸ਼ੇਖ ਸਾਅਦੀ ਲਿਖਦੇ ਹਨ...

ਨਿਰਬਲਾਂ ਤੇ ਅੱਤਿਆਚਾਰ ਕਰਨ ਵਾਲੇ ਦੇ ਮਿੱਤਰ ਵੀ ਮੁਸੀਬਤ ਵੇਲੇ ਦੁਸ਼ਮਣ ਹੋ ਨਿਬੜਦੇ ਹਨ।

## ਹਿਜਾਬ ਉੱਪਰ ਪਾਬੰਦੀ...

ਅਸੀਂ ਭਾਰਤੀ ਆਪਣੇ ਮੁਲਕ ਦੀ ਵੰਨ-ਸੁਵੰਨਤਾ ਦੀਆਂ ਮਿਸਾਲਾਂ ਦਿੰਦੇ ਨਹੀਂ ਥੱਕਦੇ ਪਰ ਅੱਜ ਕੁਝ ਲੋਕ ਨਿੱਜੀ ਹਿੱਤਾਂ ਦੀ ਪੂਰਤੀ ਲਈ ਇਸ ਨੂੰ ਚੋਟ ਪਹੁੰਚਾਉਣ ਦੇ ਆਹਰ ਵਿੱਚ ਹਨ। ਵਿੱਦਿਅਕ ਅਦਾਰਿਆਂ ਜਾਂ ਹੋਰਨਾਂ ਥਾਵਾਂ ਉੱਪਰ ਜਿੱਥੇ ਵੀ ਵਰਦੀ ਪਹਿਨਣੀ ਲਾਜ਼ਮੀ ਹੁੰਦੀ ਹੈ, ਧਰਮ ਉਸ ਵਿੱਚ ਕਦੇ ਵੀ ਰੋਕ ਨਹੀਂ ਬਣਿਆ। ਹੁਣ ਸੈਨਾਵਾਂ ਵਿੱਚ ਔਰਤਾਂ ਨੂੰ ਵੀ ਸਥਾਈ ਕਮਿਸ਼ਨ ਦੇਣ ਦਾ ਐਲਾਨ ਹੋ ਚੁੱਕਾ ਹੈ। ਸੈਨਿਕ ਅਨੁਸ਼ਾਸਨ ਨਾਲ਼ੋਂ ਵੱਡਾ ਅਨੁਸ਼ਾਸਨ ਹੋਰ ਕਿਧਰੇ ਨਹੀਂ। ਹੁਣ ਪ੍ਰਸ਼ਨ ਉੱਠਦਾ ਹੈ ਕਿ ਕੀ ਸੈਨਾਵਾਂ ਵਿੱਚ ਸਥਾਈ ਕਮਿਸ਼ਨ ਹਾਸਲ ਕਰਨ ਵਾਲੀਆਂ ਮੁਸਲਿਮ ਔਰਤਾਂ ਨੂੰ ਵਰਦੀ ਦੇ ਨਾਲ਼ ਹਿਜਾਬ ਵੀ ਪਹਿਨਣ ਦੀ ਆਗਿਆ ਹੋਵੇਗੀ ਜਾਂ ਨਹੀਂ? ਇਸ ਬਾਰੇ ਅੰਤਿਮ ਨਿਰਣਾ ਤਾਂ ਸਰਕਾਰ ਜਾਂ ਸੈਨਿਕ ਅਧਿਕਾਰੀਆਂ ਨੇ ਕਰਨਾ ਹੈ ਪਰ ਕੱਲ੍ਹ ਨੂੰ ਇਹ ਪ੍ਰਸ਼ਨ ਉੱਠੇਗਾ ਵੀ ਅਤੇ ਇਸ ਨੂੰ ਹੱਲ ਵੀ ਕਰਨਾ ਪਵੇਗਾ।

ਪਗੜੀ ਸਿੱਖ ਸੈਨਿਕਾਂ ਦੀ, ਖ਼ਾਸ ਤੌਰ 'ਤੇ ਵਰਦੀ ਦਾ ਅੰਗ ਹੈ। ਸਿੱਖ ਰੈਜੀਮੈਂਟ ਵਾਲੇ ਤਾਂ ਪੱਗੜੀ ਉੱਪਰ ਚੱਕਰ ਵੀ ਸਜਾਉਂਦੇ ਹਨ ਅਤੇ ਇਹ ਚੱਕਰ ਵੀ ਧਾਰਮਿਕਤਾ ਦਾ ਚਿੰਨ ਹੈ। ਜੇ ਇਹ ਦੋਵੇਂ ਚੀਜ਼ਾਂ ਸੈਨਾਵਾਂ ਦੇ ਅਨੁਸ਼ਾਸਨ ਵਿੱਚ ਪ੍ਰਵਾਨਿਤ ਹਨ ਤਾਂ ਹਿਜਾਬ ਵੀ ਪ੍ਰਵਾਨ ਕਰਨਾ ਪਵੇਗਾ। ਉਂਜ ਵੀ ਹਿਜਾਬ ਕਿਸੇ ਵੀ ਤਰਾਂ ਦੀ ਕਾਰਜ-ਕੁਸ਼ਲਤਾ ਵਿੱਚ ਰੋਕ ਨਹੀਂ ਪਾਉਂਦਾ ਫਿਰ ਇਹ ਵਾਵੇਲਾ ਕਿਉਂ? ਪਗੜੀ ਦੀ ਤਰਾਂ ਹਿਜਾਬ ਵੀ ਲਿਬਾਸ ਦਾ ਹਿੱਸਾ ਹੈ ਅਤੇ ਕਾਨੂੰਨ ਇਸ ਦੀ ਰਾਖੀ ਦੀ ਜ਼ਾਮਨੀ ਵੀ ਦੇਂਦਾ ਹੈ। ਇਸ ਬਾਰੇ ਬੇਲੋੜਾ ਵਿਵਾਦ ਖੜਾ ਕਰਨਾ ਕਿਸੇ ਵੀ ਤਰਾਂ ਉਚਿਤ ਨਹੀਂ। ਸਾਨੂੰ ਹਿਜਾਬ ਪਹਿਨਣ ਵਾਲੀਆਂ ਔਰਤਾਂ ਦੇ ਹੱਕਾਂ ਦੀ ਕਦਰ ਕਰਨੀ ਚਾਹੀਦੀ ਹੈ। ਬੀਤੇ ਕੁਝ ਦਿਨਾਂ ਤੋਂ ਕਰਨਾਟਕ ਵਿੱਚ ਉਪਜਿਆ ਹਿਜਾਬ ਬਾਬਤ ਵਿਵਾਦ ਦੇਸ਼ ਹੀ ਨਹੀਂ, ਵਿਦੇਸ਼ਾਂ ਵਿੱਚ ਵੀ ਲੋਕਾਂ ਦਾ ਧਿਆਨ ਖਿੱਚ ਰਿਹਾ ਹੈ।

ਜੇ ਦੇਖਿਆ ਜਾਵੇ ਤਾਂ ਇਹ ਮਸਲਾ ਜਾਣ-ਬੁੱਝ ਕੇ ਖੜਾ ਕੀਤਾ ਗਿਆ ਲੱਗਦਾ ਹੈ ਕਿਉਂਕਿ ਵਿੱਦਿਅਕ ਸੰਸਥਾਵਾਂ ਵਿੱਚ ਵਿਦਿਆਰਥਣਾਂ ਨੇ ਹਿਜਾਬ ਪਾਉਣਾ ਹੁਣ ਤਾਂ ਸ਼ੁਰੂ ਨਹੀਂ ਕੀਤਾ, ਉਹ ਪਹਿਲਾਂ ਵੀ ਪਹਿਨਦੀਆਂ ਸਨ। ਸੌੜੀ ਸੋਚ ਤੇ ਗੰਦੀ ਸਿਆਸਤ ਇਸ ਵਿਵਾਦ ਦੀ ਜੜ ਹੈ। ਕੇਂਦਰ ਤੇ ਸੂਬਾ ਸਰਕਾਰ ਨੂੰ ਇਸ ਮਸਲੇ ਨੂੰ ਬੜੀ ਸਮਝਦਾਰੀ ਵਰਤਦੇ ਹੋਏ ਸੁਲਝਾਉਣਾ ਚਾਹੀਦਾ ਹੈ। ਨਹੀਂ ਤਾਂ ਸਮਾਜ ਵਿੱਚ ਫ਼ਿਰਕੂ ਤਣਾਅ ਪਸਰਨ ਦਾ ਖ਼ਤਰਾ ਖੜਾ ਹੋ ਜਾਵੇਗਾ। ਇਹ ਖ਼ਤਰਾ ਇਸ ਲਈ ਵੀ ਵਾਜਿਬ ਹੈ ਕਿਉਂਕਿ ਕਰਨਾਟਕ ਵਿੱਚ ਇੱਕ ਵਿਅਕਤੀ ਦੀ ਹੱਤਿਆ ਦੇ ਮਾਮਲੇ ਕਾਰਨ ਹਿੰਸਾ ਦਾ ਦੌਰ ਸ਼ੁਰੂ ਹੋ ਗਿਆ ਹੈ। ਹਿਜਾਬ ਦਾ ਮਸਲਾ ਜਿੰਨੀ ਜਲਦੀ ਹੱਲ ਕਰ ਲਿਆ ਜਾਵੇ, ਓਨਾ ਹੀ ਚੰਗਾ ਹੈ।

## ਗਾਇਕ ਅਮਰਜੀਤ...

ਰੱਜੇ-ਪੁੱਜੇ ਜ਼ੈਲਦਾਰ ਘਰਾਣੇ ਵਿੱਚ ਪੈਦਾ ਹੋਏ ਅਮਰਜੀਤ ਗੁਰਦਾਸਪੁਰੀ ਨੇ ਲੋਕ-ਸੰਘਰਸ਼ਾਂ ਦੀ ਰਾਹ ਫੜੀ। ਜਸਵੰਤ ਸਿੰਘ ਰਾਹੀ, ਕਾਮਰੇਡ ਬਲਜੀਤ ਸਿੰਘ ਫ਼ਜ਼ਲਾਬਾਦ ਅਤੇ ਕਾਮਰੇਡ ਗੋਪਾਲ ਸਿੰਘ ਠੱਠਾ ਨੇ ਉਸ ਨੂੰ ਸਾਹਿਤਕ ਚੇਟਕ ਲਾਈ। ਪੰਜਾਬ ਦੀ ਵੰਡ ਵੇਲੇ ਗੁਰਦਾਸਪੁਰੀ 16 ਵਰਿਆਂ ਦਾ ਸੀ। ਉਸ ਨੇ ਵੰਡ ਦਾ ਦੁੱਖ ਹੰਢਾਇਆ; ਭਾਈਚਾਰਕ ਸਾਂਝ ਨੂੰ ਬਚਾਉਣ ਲਈ ਪੂਰੀ ਵਾਹ ਲਾਈ; ਇਹ ਦਾਸਤਾਨ ਸਾਂਵਲ ਧਾਮੀ ਨੇ ਲਿਖੀ ਹੈ। ਤੇਰਾ ਸਿੰਘ ਚੰਨ ਦੇ ਲਿਖੇ 'ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ' ਜਿਹੇ ਵਿਚਾਰਧਾਰਕ ਗੀਤ ਤੋਂ ਲੈ ਕੇ ਲੋਕ-ਕਵੀ ਕਰਤਾਰ ਸਿੰਘ ਬਲੱਗਣ ਦੇ ਗੀਤ 'ਚਿੱਟੀ ਚਿੱਟੀ ਪੱਗੜੀ ਤੇ ਘੁੱਟ ਘੁੱਟ ਬੰਨ, ਭਲਾ ਵੇ ਮੈਨੂੰ ਤੇਰੀ ਸਹੁੰ, ਵਿੱਚ ਵੇ ਗੁਲਾਬੀ ਫੁੱਲ ਟੰਗਿਆ ਕਰ ਤੇਹ ਲੱਗ ਜਾਂਦੀ ਤੇਰੇ ਰੂਪ ਦੀ ਦੁਪਹਿਰ ਵਿੱਚ, ਪਾਣੀ ਦੀ ਵੀ ਘੁੱਟ ਕਦੇ ਪੁੱਛਿਆ ਤਾਂ ਕਰ' ਜਿਹੇ ਗੀਤ ਗਾਉਣ ਵਾਲਾ ਅਮਰਜੀਤ ਗੁਰਦਾਸਪੁਰੀ ਪੰਜਾਬ ਦੇ ਲੋਕਾਂ ਦਾ ਲੱਜਪਾਲ ਸੀ; ਉਹ ਪ੍ਰੀਤ ਨਗਰ ਅਤੇ ਹੋਰ ਸ਼ਹਿਰਾਂ-ਪਿੰਡਾਂ ਵਿੱਚ ਹੁੰਦੇ ਸਾਹਿਤਕ ਸੰਮੇਲਨਾਂ ਦਾ ਸ਼ਿੰਗਾਰ ਬਣਿਆ। ਉਸ ਦਾ ਛੋਟੇ ਸਾਹਿਬਜ਼ਾਦਿਆਂ ਬਾਰੇ ਗਾਇਆ ਗੀਤ 'ਸਿੰਘਾ ਜੇ ਚੱਲਿਆ ਚਮਕੌਰ, ਓਥੇ ਸੁੱਤੇ ਨੇ ਦੋ ਭੌਰ' ਲੋਕਾਂ ਦੇ ਮਨਾਂ ਵਿੱਚ ਵਸਿਆ ਹੋਇਆ ਹੈ। ਜਦੋਂ ਪੰਜਾਬ ਦਾ ਲੋਕ-ਇਤਿਹਾਸ ਲਿਖਿਆ ਜਾਵੇਗਾ ਤਾਂ ਅਮਰਜੀਤ ਗੁਰਦਾਸਪੁਰੀ ਦਾ ਨਾਂ ਬੜੇ ਗੂੜੇ ਅੱਖਰਾਂ ਵਿੱਚ ਉੱਭਰੇਗਾ। ਉਹ ਪੰਜਾਬੀਆਂ ਦੇ ਮਨਾਂ ਵਿੱਚ ਹਮੇਸ਼ਾ ਵਸਦਾ ਰਹੇਗਾ।

## ਬੰਦ ਮੁੱਠੀ

ਸਾਡੀ ਅਗਲੇਰੀ ਪੀੜੀ ਨੂੰ ਮਿਲੇਗਾ, ਉਨ੍ਹਾਂ ਨੂੰ ਨਾ ਮਿਲਿਆ, ਉਨ੍ਹਾਂ ਤੋਂ ਅਗਲਿਆਂ ਨੂੰ ਮਿਲੂ। ਜੰਗ ਵਿੱਚ ਜਿੱਤਾਂ ਹਾਰਾਂ ਮਾਇਨੇ ਨਹੀਂ ਰੱਖਦੀਆਂ, ਸੰਘਰਸ਼ ਜ਼ਰੂਰੀ ਹੈ।'

ਆਖ਼ਰੀ ਸਤਰ ਵਿੱਚ ਉਹ ਸ਼ੇਰ ਵਾਂਗ ਦਹਾੜ ਕੇ ਬੋਲਿਆ ਤੇ ਹੱਥ ਜੋੜ ਧੰਨਵਾਦ ਕਰਦਾ ਭੀੜ ਵਿੱਚ ਜਾ ਰਲਿਆ। ਜਨਸੈਲਾਬ ਦੇ ਨਾਅਰਿਆਂ ਦੀ ਗੂੰਜ ਦੂਰ ਅੰਬਰ ਤੱਕ ਪਸਰ ਗਈ। ਭੀੜ ਵਿੱਚ ਜਾ ਰਲਿਆਂ ਵੀ ਬਿੰਦਰ ਭੀੜ ਤੋਂ ਅਲਹਿਦਾ ਲਿਸ਼ਕ ਰਿਹਾ ਸੀ। ਰੁਮਕਦੀ ਪੌਣ ਦੀ ਇੱਕ ਟੁਕੜੀ ਉਸਦੇ ਮੱਥੇ ਦੀ ਤਰੇਲੀਆਂ ਨਾਲ਼ ਘੁਲ ਰਹੀ ਸੀ। ਲਹਿੰਦੇ ਨੂੰ ਨੱਸੇ ਜਾਂਦੇ ਸੂਰਜ ਦੇ ਚਾਨਣ ਦੀ ਲਿਸ਼ਕੋਰ ਵਿੱਚ ਉਸਦੇ ਚਿਹਰੇ 'ਤੇ ਇੱਕ ਨਵੇਂ ਸੂਰਜ ਦਾ ਸਿਰਨਾਵਾਂ ਉੱਘੜ ਰਿਹਾ ਸੀ।



## ਮਾਂ ਬੋਲੀ ਤੇ ਭਾਸ਼ਾ...

ਮਾਤ ਭਾਸ਼ਾ ਦੇ ਸਮੇਂ ਨੂੰ ਵੀ ਥੋੜਾ ਲਾ ਦਿੱਤਾ ਜਾਂਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਬੱਚਾ ਅੰਗਰੇਜ਼ੀ ਭਾਸ਼ਾ ਦਾ ਗਿਆਨ ਹਾਸਲ ਕਰਦਾ-ਕਰਦਾ ਬਾਕੀ ਵਿਸ਼ਿਆਂ ਵਿੱਚ ਪਛੜ ਜਾਂਦਾ ਹੈ। ਉਹ ਅੰਗਰੇਜ਼ੀ ਦੇ ਕੁਝ ਸ਼ਬਦ ਜਾਂ ਵਾਕ ਜਾਂ ਵਾਕੰਸ਼ ਤਾਂ ਸਿੱਖ ਜਾਂਦਾ ਹੈ ਪਰ ਗਿਆਨ ਦੇ ਪੱਖ ਤੋਂ ਭਟਕ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਹ ਵਿਓਂਤਿਆ ਜਾਵੇ ਕਿ ਜਿੰਨੀ ਦੇਰ ਤੱਕ ਉਸ ਨੂੰ ਮਾਤ ਭਾਸ਼ਾ ਦਾ ਪੁਖਤਾ ਗਿਆਨ ਨਹੀਂ ਹੁੰਦਾ ਉਹ ਕਿਸੇ ਦੂਸਰੀ ਭਾਸ਼ਾ ਨੂੰ ਸਿੱਖਣ ਦੇ ਸਮਰੱਥ ਵੀ ਨਹੀਂ ਹੋ ਸਕਦਾ। ਅਮਰੀਕਾ ਵਿੱਚ ਭਾਸ਼ਾ ਵਿਸ਼ੇਸ਼ਗਾਂ ਨੇ ਜੋ ਨੀਤੀ ਬਣਾਈ ਹੈ ਉਸ ਵਿੱਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜਾਈ ਜਾਂਦੀ ਹੈ ਤੇ ਵਿਦੇਸ਼ੀ ਭਾਸ਼ਾ ਸਪੈਨਿਸ਼ ਜੂਨੀਅਰ ਸੈਕੰਡਰੀ ਪੱਧਰ ਤੋਂ ਸ਼ੁਰੂ ਕੀਤੀ ਜਾਂਦੀ ਹੈ। ਸਪੈਨਿਸ਼ ਪੜਾਉਣ ਲਈ ਅਨੁਵਾਦ ਵਿਧੀ ਵਰਤੀ ਜਾਂਦੀ ਹੈ। ਕੈਨੇਡਾ ਵਿੱਚ ਵੀ ਇਹੀ ਵਿਧੀ ਵਰਤੀ ਜਾਂਦੀ ਹੈ। ਸਾਰੇ ਯੂਰਪ ਵਿੱਚ ਪ੍ਰਾਇਮਰੀ ਸਕੂਲਾਂ ਵਿੱਚ ਸਿੱਖਿਆ ਮਾਤ ਭਾਸ਼ਾ ਵਿੱਚ ਦਿੱਤੀ ਜਾਂਦੀ ਹੈ। ਅੰਗਰੇਜ਼ੀ ਛੇਵੀਂ ਜਾਂ ਸੱਤਵੀਂ ਤੋਂ ਪੜਾਈ ਜਾਂਦੀ ਹੈ। ਜਿੱਥੇ ਅਜਿਹਾ ਨਹੀਂ ਕੀਤਾ ਜਾਂਦਾ, ਉੱਥੇ ਬੱਚੇ ਕੇਵਲ ਰੱਟਾ ਲਾਂਦੇ ਹਨ। ਪੰਜਾਬ ਵਿੱਚ ਅਜਿਹਾ ਹੀ ਵਾਪਰ ਰਿਹਾ ਹੈ।

ਇਸ ਦੇ ਨਤੀਜੇ ਵਜੋਂ ਸਾਡੇ ਕੋਲ਼ ਭਾਸ਼ਾ ਦੇ ਮਿਸ਼ਰਤ ਰੂਪ ਸਾਹਮਣੇ ਆ ਰਹੇ ਹਨ ਜਿਵੇਂ ਐਗਜ਼ਾਮ ਕੈਂਸਲ ਹੋ ਗਿਆ, ਅਜੇ ਅਗਲੀ ਡੇਟ ਫਿਕਸਡ ਨਹੀਂ ਹੋਈ, ਅਸੀਂ ਸੀ.ਐਮ. ਸਾਹਿਬ ਨੂੰ ਰਿਸੀਵ ਕੀਤਾ, ਉਨਾਂ ਨੂੰ ਗਾਰਲੈਂਡ ਕੀਤਾ। ਬੁੱਕੇ ਪੇਸ਼ ਕੀਤੇ, ਮੋਮੈਂਟੋ ਦਿੱਤਾ, ਵਿਜੀਲੈਂਸ ਨੇ ਰੇਡ ਕੀਤੀ, ਲਾਕਰ ਸੀਲ ਕੀਤੇ, ਜੁਡੀਸ਼ੀਅਲ ਰਿਮਾਂਡ ਵਿੱਚ ਵਾਧਾ। ਕੁਝ ਹੋਰ ਉਦਾਹਰਨਾਂ ਵੀ ਦੇਖੀਆਂ ਜਾ ਸਕਦੀਆਂ ਹਨ -

- ਮੈਂ ਕੇਸ ਸਟੱਡੀ ਕੀਤਾ ਹੈ। ਮੈਨੂੰ ਕੋਈ ਐਵੀਡੈਂਸ ਨਹੀਂ ਮਿਲੀ ਜਿਸ ਦੇ ਬੇਸ 'ਤੇ ਮੈਂ ਐਕਿਊਜ਼ਡ ਦੀ ਫ਼ੇਵਰ ਵਿੱਚ ਕੁਝ ਲਿਖਾਂ। ਕੁਝ ਹੋਰ ਪਰੀਵੀਅਸ ਪੇਪਰ ਅਟੈਚ ਕੀਤੇ ਜਾਣ ਤੇ ਪਰਸਨਲੀ ਕੇਸ ਮੇਰੇ ਨਾਲ਼ ਡਿਸਕਸ ਕੀਤਾ ਜਾਵੇ।
- ਬਿੱਟੂ ਕਿਆ ਕਰ ਰਹੇ ਹੋ, ਆਪਨੀ ਡਾਗੀ ਕੋ ਬਾਹਰ ਲੇ ਜਾਓ, ਇਸ ਕੋ ਬਾਥਰੂਮ ਕਰਵਾ ਲਓ।
- ਸੰਨੀ ਬੇਟਾ ਤੁਮਨੇ ਖਾਨਾ ਖਾ ਲਿਆ। ਕਿਆ ਖਾਇਆ ਥਾ ਤੁਮਹਾਰੇ ਪੇਟ ਮੇਂ ਗੜੂੰ-ਗੜੂੰ ਹੋ ਰਹੀ ਹੈ। ਤੁਮਨੇ ਚਾਕਲੇਟ ਖਾਧਾ ਹੋਗਾ।
- ਰਾਜੂ ਬੇਟਾ, ਤੁਮਹਾਰੀ ਮੰਮਾ ਕਹਾਂ ਹੈ, ਕਿਆ ਆਜ ਤੂੰ ਸਕੂਲ ਗਏ ਥੇ ਆਂਟੀ ਕਿਆ ਪੜਾਤੀ ਹੈ। ਲੁਕਨਮੀਟੀ ਖੇਲਦੇ ਹੋ ਕਿ ਨਹੀਂ। ਜਬ ਅਸੀਂ ਪੜਤੇ ਥੇ ਤੋ ਹਮਾਰਾ ਮੁਨਸ਼ੀ ਹਮਾਰੇ ਲਫੜੇ ਮਾਰਾ ਕਰਤਾ ਥਾ।
- ਗੱਗੂ ਬੇਟੇ, ਤੁਮ ਕੀ ਖਾਤੇ ਹੋ, ਸਾਰਾ ਮੂੰਹ ਲਬੇੜ ਲੀਆ, ਝੱਗੇ 'ਤੇ ਵੀ ਦਹੀਂ ਡੋਲ ਲਈ ਹੈ। ਚੂਰੀ ਖਾਇਆ ਕਰੋ ਫਿਰ ਤੁਮ ਗੁੜਦੰਭ ਬਣ ਜਾਓਗੇ।

ਇਹੋ ਜਿਹੀ ਰੀ-ਮਿਕਸ ਭਾਸ਼ਾ ਪੰਜਾਬੀ ਗੀਤ ਸੰਗੀਤ ਵਾਂਗ ਬੱਚਿਆਂ ਦੇ ਵਿਹਾਰ ਦਾ ਅੰਗ ਬਣ ਰਹੀ ਹੈ। ਇਹ ਚਿੰਤਾ ਦਾ ਵਿਸ਼ਾ ਹੈ। ਸਾਡੇ ਕੋਲ਼ ਰਾਜ ਭਾਸ਼ਾ ਐਕਟ ਹੈ। ਇਹ ਭਾਸ਼ਾ ਦੀ ਬਿਹਤਰੀ ਲਈ ਬਣਾਇਆ ਗਿਆ ਸੀ। ਪਰ ਅੱਜ ਤੱਕ ਕਿਸੇ ਸਰਕਾਰ ਨੇ ਇਸ ਨੂੰ ਇਸ ਦੀ ਭਾਵਨਾ ਵਾਂਗ ਲਾਗੂ ਨਹੀਂ ਕੀਤਾ। ਜੇ ਇਸ ਵਿੱਚ ਸੋਧਾਂ ਕੀਤੀਆਂ ਗਈਆਂ ਹਨ ਤਾਂ ਉਹ ਖੋਖਲੀਆਂ ਹਨ। ਸਰਕਾਰ ਨੇ ਭਾਵੇਂ ਭਾਸ਼ਾ ਐਕਟ ਵਿੱਚ ਕੁਝ ਹੋਰ ਸੋਧਾਂ ਕਰਕੇ ਇਸ ਨੂੰ ਸਕੂਲਾਂ ਤੇ ਦਫ਼ਤਰਾਂ ਵਿੱਚ ਪ੍ਰਭਾਵੀ ਢੰਗ ਨਾਲ਼ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਵਿਹਾਰਕ ਪੱਧਰ 'ਤੇ ਅਸੀਂ ਜਾਣਦੇ ਹਾਂ ਕਿ ਕੁਝ ਨਹੀਂ ਹੋਇਆ ਕਿਉਂਕਿ ਭਾਸ਼ਾ ਐਕਟ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਹੱਥ ਬੰਨੇ ਹੋਏ ਹਨ। ਭਾਰਤੀ ਸੰਵਿਧਾਨ ਵਿੱਚ ਸਾਡੀ ਭਾਸ਼ਾ ਦਾ ਦਰਜਾ ਕੌਮੀ ਭਾਸ਼ਾ ਵਾਲਾ ਹੈ। ਪਰ ਸਰਕਾਰ ਆਪਣੀ ਧਰਤੀ 'ਤੇ ਵੀ ਇਸ ਨੂੰ ਪੂਰੀ ਤਰਾਂ ਲਾਗੂ ਨਹੀਂ ਕਰ ਸਕੀ। ਚੰਡੀਗੜ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਸੀ, ਪੰਜਾਬ ਦੀ ਰਾਜਧਾਨੀ ਵੀ ਹੈ, ਪਰ ਉੱਥੇ ਪੰਜਾਬੀ ਲਈ ਕੋਈ ਥਾਂ ਨਹੀਂ। ਇਸ ਨੂੰ ਹਾਸ਼ੀਏ 'ਤੇ ਧੱਕ ਕੇ ਮਤਰੇਆ ਸਲੂਕ ਕੀਤਾ ਜਾਂਦਾ ਹੈ। ਇਹੀ ਹਾਲ ਹਰਿਆਣੇ, ਦਿੱਲੀ ਤੇ ਜੰਮੂ-ਕਸ਼ਮੀਰ ਵਿੱਚ ਪੰਜਾਬੀ ਦਾ ਹੈ।

ਭਾਸ਼ਾ ਦੇ ਵਿਕਾਸ ਦਾ ਵੀ ਵੱਡਾ ਮਸਲਾ ਹੈ। ਅੱਜ ਸਾਡੀ ਭਾਸ਼ਾ ਡਿਜੀਟਲ ਭਾਸ਼ਾ ਦੇ ਰਾਹ ਪਈ ਹੋਈ ਹੈ ਪਰ ਕਦੇ ਵੀ ਕਿਸੇ ਸਰਕਾਰ ਨੇ ਇਸ ਦੇ ਵਿਕਾਸ ਲਈ ਬਜਟ ਵਿੱਚ ਕੋਈ ਰਾਸ਼ੀ ਨਹੀਂ ਰੱਖੀ। ਚੋਣਾਂ ਸਮੇਂ ਲੋਕਾਂ ਨੂੰ ਪੁੱਛਣਾ ਚਾਹੀਦਾ ਸੀ ਕਿ ਸਾਡੇ ਚੁਣੇ ਹੋਏ ਨੁਮਾਇੰਦਿਆਂ ਨੇ ਭਾਸ਼ਾ ਦੇ ਵਿਕਾਸ ਤੇ ਪ੍ਰਸਾਰ ਲਈ ਕੀ ਕੁਝ ਕੀਤਾ ਹੈ? ਸਾਡੀ ਨੌਜਵਾਨ ਪੀੜੀ ਵੱਡੀ ਗਿਣਤੀ ਵਿੱਚ ਵਿਦੇਸ਼ਾਂ ਵਿੱਚ ਜਾ ਰਹੀ ਹੈ। ਨਿਸ਼ਚੇ ਹੀ ਉਹ ਆਪਣੀ ਭਾਸ਼ਾ ਨਾਲ਼ ਲੈ ਕੇ ਜਾਂਦੇ ਹਨ ਪਰ ਹੌਲੀ-ਹੌਲੀ ਉਹ ਸਿਮਟ ਕੇ ਘਰ ਤੱਕ ਸੀਮਤ ਰਹਿ ਜਾਂਦੀ ਹੈ ਤੇ ਅਗਲੀ ਪੀੜੀ ਵਿੱਚ ਜਾ ਕੇ ਖ਼ਤਮ ਹੋ ਜਾਂਦੀ ਹੈ। ਇਸ ਦਾ ਜ਼ਿੰਮੇਵਾਰ ਕੌਣ ਹੈ? ਹਰ ਭਾਸ਼ਾ ਤਾਂ ਹੀ ਵਿਕਾਸ ਕਰ ਸਕਦੀ ਹੈ ਜੇ ਉਸ ਦੇ ਲਈ ਬਜਟ ਵਿੱਚ ਸਾਲਾਨਾ ਪੈਸੇ ਦਾ ਪ੍ਰਬੰਧ ਕਰਕੇ ਯੋਜਨਾਬੰਦੀ ਕੀਤੀ ਜਾਵੇ ਪਰ ਇੱਥੇ ਤਾਂ ਪੰਜਾਬ ਤੇ ਪੰਜਾਬੀ ਦੇ ਨਾਂ 'ਤੇ ਬਣੀਆਂ ਸੰਸਥਾਵਾਂ ਸਰਕਾਰਾਂ ਦੀ ਨਲਾਇਕੀ ਕਰਕੇ ਬੰਦ ਹੋ ਰਹੀਆਂ ਹਨ।

ਹੁਣ ਵੇਲਾ ਹੈ। ਭਾਸ਼ਾ ਇੱਕ ਮੁੱਦਾ ਬਣ ਜਾਣੀ ਚਾਹੀਦੀ ਹੈ। ਲੋਕਾਂ ਨੂੰ ਆਪਣੇ ਰਹਿਬਰਾਂ ਨੂੰ ਸਵਾਲ ਪੁੱਛਣਾ ਚਾਹੀਦਾ ਹੈ ਕਿ ਉਨਾਂ ਨੇ ਹੁਣ ਤੱਕ ਸਾਡੀ ਬੋਲੀ ਦੇ ਵਿਕਾਸ ਤੇ ਇਸ ਨੂੰ ਸਰਕਾਰੀ ਪੱਧਰ 'ਤੇ ਲਾਗੂ ਕਰਨ ਲਈ ਕੀ ਕੀਤਾ ਹੈ? ਕਿਉਂ ਨਹੀਂ ਕਿਸੇ ਵੀ ਪਾਰਟੀ ਦੇ ਘੋਸ਼ਣਾ ਪੱਤਰ ਵਿੱਚ ਭਾਸ਼ਾ ਦੀ ਗੱਲ ਕੀਤੀ ਗਈ। ਅਜ਼ਾਦੀ ਦੇ 74 ਵਰਿਆਂ ਬਾਅਦ ਵੀ ਸਾਡੀ ਮਾਤ ਭਾਸ਼ਾ ਲਚਾਰੀ ਦੀ ਜ਼ਿੰਦਗੀ ਕਿਉਂ ਜਿਉਂ ਰਹੀ ਹੈ? ਕਿਉਂ ਇਸ ਨੂੰ ਹਾਸ਼ੀਏ ਵੱਲ ਧੱਕ ਕੇ ਖ਼ਤਮ ਕੀਤਾ ਜਾ ਰਿਹਾ ਹੈ? ਪੰਜਾਬੀਓ, ਜੇ ਸੁੱਤੇ ਰਹੇ ਤਾਂ ਮਾਂ-ਬੋਲੀ ਦਾ ਸਰਾਪ ਤੁਹਾਡੇ ਸਾਰਿਆਂ ਸਿਰ ਹੋਵੇਗਾ। ਜਾਗਣ ਦਾ ਵੇਲਾ ਹੈ। ਜਾਗ ਗਏ ਤਾਂ ਸਮਝੋ ਸਵੇਰਾ ਹੈ ਨਹੀਂ ਤਾਂ ਹਨੇਰੀ ਰਾਤ ਤਾਂ ਹੈ ਹੀ। ਮੁੜ ਵੇਲਾ ਹੱਥ ਨਹੀਂ ਆਉਣਾ। ਸਾਰੇ ਪੰਜਾਬੀਆਂ ਨੂੰ ਅਪੀਲ ਹੈ ਕਿ ਜੇ ਉਹ ਪੰਜਾਬੀ ਭਾਸ਼ਾ ਦੇ ਨਾਂ 'ਤੇ ਇਕੱਠੇ ਹੋ ਜਾਣ ਤਾਂ ਉਹ ਪੰਜਾਬ ਜੋ ਅੱਜ ਨਰਕ ਬਣ ਗਿਆ ਹੈ, ਫਿਰ ਸਵਰਗ ਬਣ ਜਾਏਗਾ। ਅਗਲੀ ਬਣਨ ਵਾਲੀ ਸਰਕਾਰ 'ਤੇ ਵੀ ਇਸ ਮਕਸਦ ਲਈ ਦਬਾਅ ਪਾਇਆ ਜਾਣਾ ਚਾਹੀਦਾ ਹੈ।

## ਝਾਰਖੰਡ ਵਿੱਚ 150...

ਸ਼ਹਿਰ ਦੀਆਂ ਸਾਰੀਆਂ ਗੁਰਦੁਆਰਾ ਕਮੇਟੀਆਂ ਨੂੰ ਇਸ ਮਾਮਲੇ 'ਚ ਆਪਣੇ-ਆਪਣੇ ਪੱਧਰ 'ਤੇ ਜਾਂਚ ਕਰਨ ਲਈ ਕਿਹਾ ਗਿਆ ਹੈ।

ਪਹਿਲਾਂ ਵੀ ਹੋਇਆ ਹੈ ਸਿੱਖਾਂ ਦਾ ਧਰਮ ਪਰਿਵਰਤਨ

ਗੋਲਮੁਰੀ ਵਿੱਚ ਧਰਮ ਪਰਿਵਰਤਨ ਕਰਨ ਦਾ ਮਾਮਲਾ ਕੋਈ ਨਵਾਂ ਨਹੀਂ ਹੈ। ਸਤੰਬਰ, 2021 'ਚ ਵੀ ਸਿੱਖ ਭਾਈਚਾਰੇ ਨੇ ਮਾਮਲੇ ਦੀ ਸ਼ਿਕਾਇਤ ਪੂਰਬੀ ਸਿੰਘਭੂਮ ਦੇ ਡਿਪਟੀ ਕਮਿਸ਼ਨਰ ਤੇ ਐੱਸ.ਐੱਸ.ਪੀ. ਨੂੰ ਕੀਤੀ ਸੀ। ਠੋਸ ਕਾਰਵਾਈ ਨਹੀਂ ਹੋਣ ਕਾਰਨ ਧਰਮ ਪਰਿਵਰਤਨ ਦਾ ਸਿਲਸਿਲਾ ਜਾਰੀ ਰਿਹਾ।

## ਪੰਜਾਬੀ ਸੰਗੀਤ ਅਤੇ...

ਕੀਤੀ ਅਤੇ ਉਹ ਇੱਕ ਸੰਗੀਤਕਾਰ ਵਜੋਂ ਕਿਵੇਂ ਕੰਮ ਕਰਦਾ ਹੈ, ਇਹ ਤੁਸੀਂ ਦੱਸ ਸਕਦੇ ਹੋ ਕਿ ਉਹ ਆਪਣੇ ਦੁਆਰਾ ਬਣਾਏ ਗਏ ਗੀਤਾਂ ਅਤੇ ਕਵਿਤਾਵਾਂ ਵਿੱਚ ਸੱਚਮੁੱਚ ਰੂਹਾਨੀਅਤ ਭਰੇ ਸ਼ਬਦਾਂ ਦਾ ਭੰਡਾਰ ਸ਼ਾਮਿਲ ਕਰਦਾ ਹੈ। ਸਤਿੰਦਰ ਨੇ ਮੈਨੂੰ ਮੇਰੇ ਪੱਤਰਕਾਰੀ ਦੇ ਕੰਮ ਨੂੰ ਸੱਚਮੁੱਚ ਨਿਖਾਰਨ ਅਤੇ ਉਹਨਾਂ ਵਿਸ਼ਿਆਂ ਬਾਰੇ ਲਿਖਣ ਲਈ ਪ੍ਰੇਰਿਤ ਕੀਤਾ ਜਿਨਾਂ ਬਾਰੇ ਮੈਂ ਭਾਵੁਕ ਹਾਂ। ਉਸਦਾ ਨਵਾਂ ਗੀਤ 'ਨਾਦਾਨ ਜੇਹੀ ਆਸ' ਜੋ ਹਰ ਕਿਸਮ ਦੀ ਸੁੰਦਰਤਾ ਨੂੰ ਗ੍ਰਹਿਣ ਕਰਦਾ ਹੈ ਜਿਸ ਵਿੱਚ ਚਮੜੀ ਦੀ ਸਥਿਤੀ ਤੇ ਵਿਟਿਲਿਗੋ ਬਾਰੇ ਜਾਗਰੂਕਤਾ ਪੈਦਾ ਕਰਦਾ ਹੈ, ਅਸਲ ਵਿੱਚ ਇਹ ਗੀਤ ਲੋਕਾਂ ਵਿੱਚ ਗੂੰਜੇਗਾ।'

ਸਤਿੰਦਰ ਸਰਤਾਜ ਨੇ ਜਲੰਧਰ ਦੇ ਸੰਗੀਤ ਵਿਸ਼ਾਰਦ ਵਿਖੇ ਪੰਜ ਸਾਲ ਦਾ ਵੋਕਲ ਅਤੇ ਇੰਸਟਰੂਮੈਂਟਲ ਡਿਪਲੋਮਾ ਹਾਸਲ ਕੀਤਾ ਹੈ। ਸਤਿੰਦਰ ਫਿਰ ਮਿਊਜ਼ੀਕਲ ਅਤੇ ਐਮ.ਫਿਲ ਵਿੱਚ ਮਾਸਟਰਜ਼ ਕਰਨ ਲਈ ਚੰਡੀਗੜ ਚਲਾ ਗਿਆ ਸੀ। ਉੱਚ ਪੱਧਰੀ ਪੜਾਈ ਦੇ ਨਾਲ਼-ਨਾਲ਼ ਪੰਜਾਬ ਯੂਨੀਵਰਸਿਟੀ ਤੋਂ ਸੂਫ਼ੀ ਸੰਗੀਤ ਵਿੱਚ ਪੀ.ਐਚ.ਡੀ. ਕੀਤੀ। ਯੂਨੀਵਰਸਿਟੀ ਵਿੱਚ ਕਈ ਸਾਲਾਂ ਤੱਕ ਪੜਾਉਣ ਤੋਂ ਬਾਅਦ, ਸਰਤਾਜ ਨੇ ਇੱਕ ਗਾਇਕ, ਗੀਤਕਾਰ ਅਤੇ ਕਵੀ ਦੇ ਤੌਰ 'ਤੇ ਆਪਣਾ ਕੈਰੀਅਰ ਸ਼ੁਰੂ ਕੀਤਾ, ਪੰਜਾਬੀ ਸੰਗੀਤ ਅਤੇ ਫ਼ਿਲਮ ਉਦਯੋਗ ਵਿੱਚ ਆਪਣਾ ਨਾਮ ਬਣਾਇਆ। ਉਸਨੇ ਕਈ ਬਾਲੀਵੁੱਡ ਫਿਲਮਾਂ ਲਈ ਵੋਕਲ ਦਾ ਯੋਗਦਾਨ ਪਾਇਆ ਹੈ ਅਤੇ 2017 ਵਿੱਚ 'ਦ ਬਲੈਕ ਪ੍ਰਿੰਸ' ਵਿੱਚ ਮਹਾਰਾਜਾ ਦਲੀਪ ਸਿੰਘ ਦੇ ਰੂਪ ਵਿੱਚ ਆਪਣੀ ਸਕ੍ਰੀਨ ਦੀ ਸ਼ੁਰੂਆਤ ਕੀਤੀ ਸੀ।

ਨੇਲੀ ਫੁਰਤਾਡੋ, ਤਾਲਿਬ ਕਵੇਲੀ, ਅਤੇ ਹੋਰ ਅਮਰੀਕੀ ਸੰਗੀਤ ਸਿਤਾਰਿਆਂ ਨਾਲ਼ ਉਸ ਦੇ ਸਹਿਯੋਗ ਨਾਲ਼ ਭਾਰਤੀ ਸਿਨੇਮਾ ਦੀ ਰਾਣੀ ਸ਼ਬਾਨਾ ਆਜ਼ਮੀ ਨਾਲ਼ ਫ਼ਿਲਮ ਵਿੱਚ ਉਸ ਦੇ ਸਹਿਯੋਗ ਨੇ ਕਲਾਕਾਰ ਨੂੰ ਪ੍ਰਸਿੱਧੀ ਵੱਲ ਪ੍ਰੇਰਿਤ ਕਰਨ ਵਿੱਚ ਮਦਦ ਕੀਤੀ ਹੈ। ਮਨੁੱਖੀ ਤਸਕਰੀ ਵਿਰੁੱਧ ਲੜਾਈ ਲਈ ਫ਼ੰਡ ਇਕੱਠਾ ਕਰਨ ਲਈ ਸੰਯੁਕਤ ਰਾਸ਼ਟਰ ਦੇ ਨਾਲ਼ ਸਰਤਾਜ ਦੀਆਂ ਪ੍ਰਾਪਤੀਆਂ ਨੇ ਉਸਨੂੰ ਏ.ਆਰ. ਰਹਿਮਾਨ, ਸੋਨੂੰ ਨਿਗਮ, ਕੁਇੰਸੀ ਜੋਨਸ, ਅਤੇ ਰਾਸ਼ਟਰਪਤੀ ਜਿੰਮੀ ਕਾਰਟਰ ਵਰਗੇ ਸੱਭਿਆਚਾਰਕ ਰਾਇਲਟੀ ਦੇ ਨਾਲ਼ ਕੰਮ ਕਰਦੇ ਦੇਖਿਆ।

## ਸਾਕਾ ਨਕੋਦਰ ਕੇਸ

ਕਰਵਾਉਣ ਦੀ ਮੰਗ ਵੀ ਪਿਛਲੇ ਕਈ ਸਾਲਾਂ ਤੋਂ ਬਾਰ ਬਾਰ ਉੱਠ ਰਹੀ ਹੈ।

ਇਸ ਘਟਨਾ ਵੇਲੇ ਪੰਜਾਬ ਪੁਲਿਸ ਦੇ ਐਸਐਸਪੀ ਇਜ਼ਹਾਰ ਆਲਮ ਅਤੇ ਵਧੀਕ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਸਨ, ਜਿਨਾਂ ਕੋਲ ਜ਼ਿਲਾ ਮੈਜਿਸਟ੍ਰੇਟ ਦੀਆਂ ਤਾਕਤਾਂ ਸਨ। ਇਹ ਦੋਵੇਂ ਜ਼ਿੰਮੇਵਾਰ ਅਫ਼ਸਰ 4 ਫਰਵਰੀ 1986 ਨੂੰ ਗੋਲੀ ਚੱਲਣ ਵੇਲੇ ਨਕੋਦਰ ਹਾਜ਼ਰ ਸਨ। ਇਸ ਸਾਕੇ ਵਿਚ ਡਿਪਟੀ ਕਮਿਸ਼ਨਰ ਦਫਤਰ ਨਕੋਦਰ ਵਲੋਂ ਜਾਰੀ ਉਸ ਹੁਕਮ ਦੀ ਨਕਲ ਜਨਤਕ ਹੋ ਚੁੱਕੀ ਹੈ ਜਿਸ ਉਪਰ ਦਰਬਾਰਾ ਸਿੰਘ ਗੁਰੂ ਨੇ ਵਧੀਕ ਜ਼ਿਲਾ ਮੈਜਿਸਟ੍ਰੇਟ ਜਲੰਧਰ (ਕੈਂਪ ਆਫਿਸ ਨਕੋਦਰ) ਵਜੋਂ ਦਸਤਖ਼ਤ ਕੀਤੇ ਹੋਏ ਹਨ। ਇਸ ਤਰਾਂ ਨਕੋਦਰ ਸਾਕੇ ਨਾਲ ਜੁੜੇ ਜੋ ਦਸਤਾਵੇਜ਼ ਸਾਹਮਣੇ ਆਏ ਹਨ, ਸਭ ਕੁਝ ਹਕੀਕਤ ਬਿਆਨ ਕਰਦੇ ਹਨ।

ਸਾਲ 1986 'ਚ ਵਾਪਰੇ ਸਾਕਾ ਨਕੋਦਰ ਵੇਲੇ ਵੀ ਸ਼੍ਰੋਮਣੀ ਅਕਾਲੀ ਦਲ ਦੀ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਸੀ ਅਤੇ ਸਾਲ 2015 ਵਿਚ ਇਸੇ ਤਰਾਂ ਦੇ ਵਾਪਰੇ ਇਕ ਹੋਰ ਬਹਿਬਲ ਕਲਾਂ ਗੋਲੀਕਾਂਡ ਵੇਲੇ ਵੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਸਰਕਾਰ ਸੀ। ਦੋਵੇਂ ਘਟਨਾਵਾਂ ਦੀ ਜਾਂਚ ਨੂੰ ਮਿੱਟੀ-ਘੱਟੇ ਰੋਲਣ ਤੇ ਪੁਲਸੀਆ ਜ਼ੁਲਮ ਉਤੇ ਪਰਦਾਪੋਸ਼ੀ ਕਰਨ ਵਿਚ ਬਾਦਲ ਪਰਿਵਾਰ ਕਟਹਿਰੇ ਵਿਚ ਖੜਾ ਹੈ।

ਸਾਕਾ ਨਕੋਦਰ ਬੇਅਦਬੀ ਤੇ ਗੋਲੀਕਾਂਡ ਵੇਲੇ ਸ਼੍ਰੋਮਣੀ ਅਕਾਲੀ ਦਲ ਦੀ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਨੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ ਸੀ। ਉਨਾਂ ਨੇ ਆਪਣੀ ਰਿਪੋਰਟ 31 ਅਕਤੂਬਰ-1986 ਨੂੰ ਸਰਕਾਰ ਨੂੰ ਸੌਂਪ ਦਿੱਤੀ ਸੀ। ਉਸ ਤੋਂ ਬਾਅਦ ਰਾਸ਼ਟਰਪਤੀ ਰਾਜ ਦੀ ਹਨੇਰਗਰਦੀ ਨੂੰ ਜੇ ਛੱਡ ਵੀ ਲਿਆ ਜਾਵੇ ਤਾਂ ਤਿੰਨ ਵਾਰ ਕਾਂਗਰਸ ਦੀ ਤੇ ਤਿੰਨ ਵਾਰ ਹੀ ਅਕਾਲੀ ਦਲ ਦੀ ਸਰਕਾਰ ਪੰਜਾਬ ਵਿਚ ਵੱਖ-ਵੱਖ ਸਮੇਂ 'ਤੇ ਰਹੀ ਪਰ ਇਸ ਜਾਂਚ ਰਿਪੋਰਟ ਦੀ ਭਾਫ ਨਹੀਂ ਨਿਕਲਣ ਦਿੱਤੀ ਗਈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤਾਂ ਸਾਕਾ ਨਕੋਦਰ ਗੋਲੀ ਕਾਂਡ ਬਾਰੇ ਪੂਰੀ ਬੇਹਯਾਈ ਨਾਲ ਇਹ ਵੀ ਕਹਿ ਚੁੱਕੇ ਹਨ ਕਿ 'ਇਸ ਤਰਾਂ ਦੇ ਕਾਂਡ ਤਾਂ ਹੁੰਦੇ ਰਹਿੰਦੇ ਨੇ।'

ਸਾਲ 2001 ਵਿਚ ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਚੁੱਪ-ਚੁਪੀਤੇ ਹੀ ਇਹ ਰਿਪੋਰਟ ਵਿਧਾਨ ਸਭਾ ਵਿਚ ਪੇਸ਼ ਕਰਵਾਈ ਤੇ ਇਸ ਦੀ ਭਿਣਕ ਤਕ ਨਹੀਂ ਸੀ ਪੈਣ ਦਿੱਤੀ। ਰਿਪੋਰਟ ਵਿਚ ਸ਼ਾਮਲ ਪੁਲਿਸ ਤੇ ਹੋਰ ਅਧਿਕਾਰੀਆਂ ਦੀ ਕਾਰਗੁਜ਼ਾਰੀ 'ਤੇ ਉਂਗਲ ਉਠੀ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਰਿਪੋਰਟ ਵਿਚ ਕਥਿਤ ਤੌਰ 'ਤੇ ਦੋਸ਼ੀ ਪਾਏ ਗਏ ਇਨਾਂ ਅਧਿਕਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਸਗੋਂ ਇਜ਼ਹਾਰ ਆਲਮ ਅਤੇ ਦਰਬਾਰਾ ਸਿੰਘ ਗੁਰੂ ਨੂੰ ਅਕਾਲੀ ਦਲ ਵਿਚ ਵੱਡੇ ਅਹੁਦੇ ਤੇ ਟਿਕਟਾਂ ਦੇ ਕੇ ਨਿਵਾਜਿਆ ਗਿਆ।

ਇਸ ਰਿਪੋਰਟ ਬਾਰੇ ਉਪਰੋਕਤ ਤੱਥਾਂ ਦਾ ਖੁਲਾਸਾ ਬੀਤੀ 13 ਫਰਵਰੀ ਨੂੰ ਉਸ ਵੇਲੇ ਹੋਇਆ ਜਦੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਨੇ ਦਾਖਾ ਹਲਕੇ ਤੋਂ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੂੰ ਜਾਣੂ ਕਰਵਾਇਆ ਕਿ ਜਸਟਿਸ ਗੁਰਨਾਮ ਸਿੰਘ ਜਾਂਚ ਰਿਪੋਰਟ ਨੂੰ ਤਾਂ 5 ਮਾਰਚ 2001 ਨੂੰ ਹੀ ਵਿਧਾਨ ਸਭਾ ਵਿਚ ਪੇਸ਼ ਕੀਤਾ ਜਾ ਚੁੱਕਿਆ ਹੈ। ਇਹ ਕੌੜਾ ਸੱਚ ਹੁਣ ਕਿਸੇ ਪਾਸੋਂ ਛੁਪਿਆ ਹੋਇਆ ਨਹੀਂ ਹੈ ਕਿ ਇਸ ਹਮਾਮ ਵਿਚ ਸਾਰੇ ਹੀ ਨੰਗੇ ਹਨ। ਭਲੇ ਹੀ ਉਸ ਵੇਲੇ ਦੀ ਸੁਰਜੀਤ ਸਿੰਘ ਬਰਨਾਲਾ ਸਰਕਾਰ ਨੇ ਆਪਣੇ ਇਸ ਪਾਪ 'ਤੇ ਪਰਦਾ ਪਾਉਣ ਦੀ ਨੀਅਤ ਨਾਲ ਇਸ ਮਾਮਲੇ ਵਿਚ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਜਾਂਚ ਦੀ ਰਿਪੋਰਟ ਨੂੰ ਜਨਤਕ ਨਾ ਹੋਣ ਦਿੱਤਾ ਪਰ ਨਕੋਦਰ ਦੇ ਤਤਕਾਲੀਨ ਵਧੀਕ ਡਿਪਟੀ ਕਮਿਸ਼ਨਰ ਰਹੇ ਦਰਬਾਰਾ ਸਿੰਘ ਗੁਰੂ ਨੂੰ ਬਾਦਲ ਸਰਕਾਰ ਨੇ ਮੁੱਖ ਸਕੱਤਰ ਪੰਜਾਬ ਦੇ ਅਹੁਦੇ ਨਾਲ ਵੀ ਨਿਵਾਜਿਆ ਤੇ ਸੇਵਾ ਮੁਕਤ ਹੋਣ 'ਤੇ ਵਿਧਾਇਕ ਤੇ ਐਮਪੀ ਦੀ ਚੋਣ ਲੜਨ ਲਈ ਅਕਾਲੀ ਪਾਰਟੀ ਦੀ ਟਿਕਟ ਵੀ ਦਿੱਤੀ।

ਸਾਫ ਹੈ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਕਿ ਪੰਜਾਬ ਵਿਚ ਬਣਨ ਵਾਲੀਆਂ ਸਰਕਾਰਾਂ ਲੰਘੇ ਲਗਭਗ ਚਾਰ ਦਹਾਕਿਆਂ ਤੋਂ ਦੱਬ ਕੇ ਰੱਖ ਰਹੀਆਂ ਹਨ। ਅਕਾਲੀ ਦਲ ਤੇ ਪਰਕਾਸ਼ ਸਿੰਘ ਬਾਦਲ ਨੇ ਤੇ ਕਾਂਗਰਸ ਤੇ ਚਰਨਜੀਤ ਸਿੰਘ ਚੰਨੀ ਨੂੰ ਇਹ ਗੱਲ ਸਪੱਸ਼ਟ ਕਰਨੀ ਪਵੇਗੀ ਕਿ ਉਨਾਂ ਨੇ ਪੰਜਾਬ ਅੰਦਰਲੇ 'ਸੱਜਣ ਕੁਮਾਰਾਂ ਤੇ ਜਗਦੀਸ਼ ਟਾਈਟਲਰਾਂ' ਨੂੰ ਕੁੱਛੜ ਕਿਉਂ ਚੁੱਕਿਆ ਹੋਇਆ ਹੈ? ਆਖਰ ਉਨਾਂ ਨੇ ਬੇਦੋਸ਼ੇ ਸਿੱਖਾਂ ਦੇ ਕਾਤਲਾਂ ਦੀ ਪੁਸ਼ਤ-ਪਨਾਹੀ ਦਾ ਠੇਕਾ ਕਿਉਂ ਲੈ ਰੱਖਿਆ ਹੈ? ਪੰਜਾਬ ਦੀ ਮੌਜੂਦਾ ਸਰਕਾਰ ਵੀ ਸਵਾਲਾਂ ਦੇ ਘੇਰੇ ਵਿਚ ਹੈ। ਨਿਆਂ ਦਾ ਤਕਾਜ਼ਾ ਹੈ ਕਿ ਬੇਅਦਬੀ ਤੇ ਬਹਿਬਲ ਕਲਾਂ ਕਾਂਡ ਬਾਰੇ ਜਸਟਿਸ ਰਣਜੀਤ ਸਿੰਘ ਜਾਂਚ ਰਿਪੋਰਟ ਜਨਤਕ ਕਰਨ ਵਾਂਗ ਹੀ ਸਾਕਾ ਨਕੋਦਰ ਗੋਲੀਕਾਂਡ ਦੀ ਜਸਟਿਸ ਗੁਰਨਾਮ ਸਿੰਘ ਜਾਂਚ ਰਿਪੋਰਟ ਦੇ ਦੋਵੇਂ ਭਾਗ ਵੀ ਜਨਤਕ ਕੀਤੇ ਜਾਣ।

ਕੀ 2022 ਵਿੱਚ ਬਣਨ ਜਾ ਰਹੀ ਨਵੀਂ ਪੰਜਾਬ ਸਰਕਾਰ ਕਨੂੰਨ ਦੀ ਪਾਲਣਾ ਕਰਦਿਆਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਪੂਰੀ ਜਾਂਚ ਰਿਪੋਰਟ ਵਿਧਾਨ ਸਭਾ ਦੀ ਸਲੀਬ ਤੇ ਰੱਖ ਕੇ ਚਰਚਾ ਕਰਨ ਉਪਰੰਤ ਕਾਰਵਾਈ ਰਿਪੋਰਟ (ਐਕਸ਼ਨ ਟੇਕਨ ਰਿਪੋਰਟ) ਸਮੇਤ ਰੱਖ ਕੇ ਆਪਣਾ ਫ਼ਰਜ਼ ਨਿਭਾਵੇਗੀ?

ਕੀ ਸਰਕਾਰ ਵਲੋਂ ਇਸ ਮਾਮਲੇ ਉਤੇ ਨਵੇਂ ਸਿਰੇ ਤੋਂ ਸਿੱਟ ਬਣਾ ਕੇ ਤੇ ਦੋਸ਼ੀ ਪੁਲਿਸ ਅਧਿਕਾਰੀਆਂ ਵਿਰੁੱਧ ਕੇਸ ਦਰਜ ਕਰਕੇ ਬਣਦੀਆਂ ਸਜਾਵਾਂ ਦਿੱਤੀਆਂ ਜਾਣਗੀਆਂ?

ਕੀ ਸਰਕਾਰ ਪੀੜਤ ਪਰਿਵਾਰਾਂ ਤੋਂ ਲਗਭਗ ਚਾਰ ਦਹਾਕਿਆਂ ਦੀ ਨਾ-ਇਨਸਾਫੀ ਲਈ ਮੁਆਫ਼ੀ ਮੰਗੇਗੀ?

ਰਾਜਸੀ ਪਾਰਟੀਆਂ ਦੇ ਬੇਅਦਬੀ ਕੇਸਾਂ ਵਿੱਚ ਇਨਸਾਫ਼ ਕਰਨ ਦੇ ਚੋਣ ਵਾਅਦੇ ਵਫ਼ਾ ਹੋਣਗੇ ਜਾਂ ਨਹੀਂ ਇਹ ਆਉਣ ਵਾਲਾ ਸਮਾਂ ਦੱਸੇਗਾ।

## ਰੂਸ ਯੂਕਰੇਨ ਵਿਚਾਲੇ...

ਯੂਕਰੇਨ ਫ਼ੌਜੀ ਅਨੁਭਵ ਵਾਲੇ ਉਨਾਂ ਕੈਦੀਆਂ ਨੂੰ ਵੀ ਰਿਹਾਅ ਕਰ ਰਿਹਾ ਹੈ, ਜੋ ਲੜਨਾ ਚਾਹੁੰਦੇ ਹਨ ਤੇ ਲੋਕਾਂ ਨੂੰ ਬੰਬ ਬਣਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਭਾਵੇਂ ਰੂਸ ਇਹ ਦਾਅਵਾ ਕਰ ਰਿਹਾ ਹੈ ਕਿ ਉਹ ਰਿਹਾਇਸ਼ੀ ਇਲਾਕਿਆਂ ਨੂੰ ਨਿਸ਼ਾਨਾ ਨਹੀਂ ਬਣਾ ਰਿਹਾ ਪਰ ਇਸ ਦੇ ਬਾਵਜੂਦ ਯੂਕਰੇਨ ਵਿੱਚ ਰਿਹਾਇਸ਼ੀ ਖੇਤਰ ਵਿੱਚ ਉਸ ਦੇ ਹਮਲੇ ਜਾਰੀ ਹਨ। ਜਾਣਕਾਰੀ ਅਨੁਸਾਰ ਚੇਰਨੀਹੀਵ ਸ਼ਹਿਰ ਦੇ ਵਿਚਕਾਰਲੇ ਇਲਾਕੇ ਵਿੱਚ ਇੱਕ ਰਿਹਾਇਸ਼ੀ ਇਮਾਰਤ 'ਤੇ ਮਿਜ਼ਾਈਲ ਨਾਲ਼ ਹਮਲਾ ਕੀਤਾ ਗਿਆ, ਜਿਸ ਤੋਂ ਬਾਅਦ ਇਮਾਰਤ ਦੀਆਂ ਹੇਠਲੀਆਂ ਦੋ ਮੰਜ਼ਿਲਾਂ ਵਿੱਚ ਅੱਗ ਲੱਗ ਗਈ। ਇਸ ਤੋਂ ਇਲਾਵਾ ਕੀਵ ਤੇ ਖਾਰਕੀਵ ਵਿੱਚ ਮਿਜ਼ਾਈਲ ਧਮਾਕੇ ਹੋਏ। ਯੂਕਰੇਨ ਨੇ ਦਾਅਵਾ ਕੀਤਾ ਹੈ ਕਿ ਹੁਣ ਤੱਕ ਲੜਾਈ ਵਿੱਚ 5300 ਰੂਸੀ ਸੈਨਿਕ ਮਾਰੇ ਗਏ ਹਨ। ਯੂਕਰੇਨ ਦੇ ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਰੂਸੀ ਹਮਲਿਆਂ ਵਿੱਚ ਯੂਕਰੇਨ ਦੇ 352 ਆਮ ਨਾਗਰਿਕਾਂ ਦੀ ਮੌਤ ਹੋ ਚੁੱਕੀ ਹੈ, ਜਿਨਾਂ ਵਿੱਚ 16 ਬੱਚੇ ਵੀ ਸ਼ਾਮਿਲ ਹਨ। ਇਸ ਤੋਂ ਇਲਾਵਾ 116 ਬੱਚਿਆਂ ਸਮੇਤ 1684 ਲੋਕ ਜ਼ਖ਼ਮੀ ਵੀ ਹੋਏ ਹਨ। ਹਾਲਾਂਕਿ ਮੰਤਰਾਲੇ ਨੇ ਯੂਕਰੇਨ ਹਥਿਆਰਬੰਦ ਬਲਾਂ ਦੀਆਂ ਮੌਤਾਂ ਸੰਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ। ਦੂਸਰੇ ਪਾਸੇ ਰੂਸ ਦੇ ਰੱਖਿਆ ਮੰਤਰਾਲੇ ਨੇ ਇਹ ਮੰਨਿਆ ਹੈ ਕਿ ਰੂਸੀ ਸੈਨਿਕ ਮਾਰੇ ਗਏ ਹਨ ਤੇ ਜ਼ਖ਼ਮੀ ਵੀ ਹੋਏ ਹਨ ਪਰ ਉਨਾਂ ਕੋਈ ਅੰਕੜਾ ਨਹੀਂ ਦੱਸਿਆ। ਯੂਕਰੇਨ ਦੇ ਰੱਖਿਆ ਉਦਯੋਗ ਸਮੂਹ ਨੇ ਕਿਹਾ ਕਿ ਦੁਨੀਆ ਦਾ ਸਭ ਤੋਂ ਵੱਡਾ ਜਹਾਜ਼ ਜੋ ਨਿਯਮਿਤ ਸੰਚਾਲਨ ਵਿੱਚ ਸੀ, ਕੀਵ ਦੇ ਬਾਹਰ ਹਵਾਈ ਅੱਡੇ 'ਤੇ ਰੂਸੀ ਸੈਨਿਕਾਂ ਨਾਲ਼ ਲੜਾਈ ਵਿੱਚ ਤਬਾਹ ਹੋ ਗਿਆ। ਏ.ਐੱਨ.-225, ਜੋ ਯੂਕਰੋਬੋਰੋਨਪ੍ਰੋਮ ਦੀ ਸਹਾਇਕ ਕੰਪਨੀ ਐਂਟੋਨੋਵ ਏਅਰਲਾਈਨਜ਼ ਦੁਆਰਾ ਚਲਾਇਆ ਜਾਂਦਾ ਹੈ, ਦੀ ਵਰਤੋਂ ਵੱਡੇ ਕਾਰਗੋ ਨੂੰ ਲਿਜਾਣ ਲਈ ਕੀਤੀ ਜਾਂਦੀ ਹੈ। ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀ ਏਜੰਸੀ ਨੇ ਦੱਸਿਆ ਕਿ ਰੂਸ ਦੇ ਹਮਲਿਆਂ ਤੋਂ ਬਾਅਦ ਹੁਣ ਤੱਕ 5 ਲੱਖ ਤੋਂ ਵੱਧ ਲੋਕਾਂ ਨੇ ਯੂਕਰੇਨ ਛੱਡ ਦਿੱਤਾ ਹੈ। ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀਆਂ ਬਾਰੇ ਕੌਂਸਲ ਦੀ ਬੁਲਾਰਨ ਸ਼ਾਬੀਆ ਮੰਟੋ ਨੇ ਕਿਹਾ ਕਿ 2 ਲੱਖ 81 ਹਜ਼ਾਰ ਲੋਕ ਪੋਲੈਂਡ, 84, 500 ਤੋਂ ਵੱਧ ਲੋਕ ਹੰਗਰੀ, 36,400 ਤੋਂ ਵੱਧ ਲੋਕ ਮੋਲਦੋਵਾ, 32,500 ਤੋਂ ਵੱਧ ਲੋਕ ਰੋਮਾਨੀਆ ਅਤੇ ਲਗਪਗ 30 ਹਜ਼ਾਰ ਲੋਕ ਸਲੋਵਾਕੀਆ ਵਿੱਚ ਦਾਖ਼ਲ ਹੋ ਚੁੱਕੇ ਹਨ।

ਇਸ ਦੌਰਾਨ ਭਾਰਤ ਨੇ ਯੂਕਰੇਨ ਨੂੰ ਮਨੁੱਖੀ ਸਹਾਇਤਾ ਭੇਜਣ ਦਾ ਫ਼ੈਸਲਾ ਕੀਤਾ ਹੈ।

ਸੰਯੁਕਤ ਰਾਸ਼ਟਰ ਦੇ ਮਤੇ 'ਤੇ ਵੋਟਿੰਗ ਤੋਂ ਲਾਂਭੇ ਰਿਹਾ ਭਾਰਤ

ਭਾਰਤ ਨੇ ਯੂਕਰੇਨ ਦੇ ਖ਼ਿਲਾਫ਼ ਰੂਸ ਦੇ ਹਮਲੇ ਸੰਬੰਧੀ ਸੰਯੁਕਤ ਰਾਸ਼ਟਰ ਮਹਾਂਸਭਾ ਦਾ ਇੱਕ ਹੰਗਾਮੀ ਵਿਸ਼ੇਸ਼ ਇਜਲਾਸ ਸੱਦਣ ਦੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮਤੇ 'ਤੇ ਵੋਟਿੰਗ ਵਿੱਚ ਹਿੱਸਾ ਨਹੀਂ ਲਿਆ। ਬੀਤੇ ਹਫ਼ਤੇ ਦੂਸਰੀ ਵਾਰ ਭਾਰਤ ਨੇ ਇਸ ਤਰਾਂ ਦਾ ਕਦਮ ਚੁੱਕਿਆ ਹੈ। ਹਾਲਾਂਕਿ ਭਾਰਤ ਨੇ ਜ਼ੋਰ ਦੇ ਕੇ ਕਿਹਾ ਕਿ ਯੂਕਰੇਨ ਸੰਕਟ ਦੇ ਹੱਲ ਲਈ ਕੂਟਨੀਤੀ ਅਤੇ ਗੱਲਬਾਤ ਦੇ ਰਸਤੇ 'ਤੇ ਪਰਤਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਯੂਕਰੇਨ ਦੀ ਸਥਿਤੀ ਨੂੰ 193 ਮੈਂਬਰੀ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਹੰਗਾਮੀ ਇਜਲਾਸ ਵਿੱਚ ਭੇਜਣ ਲਈ ਇੱਕ ਪ੍ਰਕਿਰਿਆਤਮਕ ਮਤੇ 'ਤੇ ਵੋਟ ਪਾਉਣ ਲਈ 15 ਦੇਸ਼ਾਂ ਦੀ ਪ੍ਰੀਸ਼ਦ ਦੀ ਬੀਤੇ ਐਤਵਾਰ ਦੁਪਹਿਰ ਇੱਕ ਬੈਠਕ ਹੋਈ, ਜਿਸ ਵਿੱਚ ਭਾਰਤ, ਚੀਨ ਅਤੇ ਯੂ.ਏ.ਈ. ਵੋਟਿੰਗ ਵਿੱਚੋਂ ਗ਼ੈਰ-ਹਾਜ਼ਰ ਰਹੇ,

ਬਾਕੀ ਸਫ਼ਾ 32 'ਤੇ

ਜਦਕਿ ਰੂਸ ਨੇ ਮਤੇ ਦੇ ਖ਼ਿਲਾਫ਼ ਵੋਟ ਪਾਈ। ਇਸ ਤੋਂ ਇਲਾਵਾ ਪ੍ਰੀਸ਼ਦ ਦੇ 11 ਮੈਂਬਰਾਂ ਇੰਗਲੈਂਡ, ਅਮਰੀਕਾ, ਅਲਬਾਨੀਆ, ਬ੍ਰਾਜ਼ੀਲ, ਫਰਾਂਸ, ਗਾਬੋਨ, ਘਾਨਾ, ਆਇਰਲੈਂਡ, ਕੀਨੀਆ, ਮੈਕਸੀਕੋ ਤੇ ਨਾਰਵੇ ਨੇ ਮਤੇ ਦੇ ਹੱਕ ਵਿੱਚ ਵੋਟ ਪਾਈ। ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਦੇ ਇਜਲਾਸ ਲਈ ਵੋਟਿੰਗ ਪ੍ਰਕਿਰਿਆਤਮਕ ਸੀ ਇਸ ਲਈ ਪ੍ਰੀਸ਼ਦ ਦੇ ਪੰਜ ਸਥਾਈ ਮੈਂਬਰਾਂ ਚੀਨ, ਫਰਾਂਸ, ਰੂਸ, ਯੂ.ਕੇ. ਅਤੇ ਅਮਰੀਕਾ ਵਿੱਚ ਕੋਈ ਵੀ ਆਪਣੀ ਵੀਟੋ ਸ਼ਕਤੀ ਦਾ ਇਸਤੇਮਾਲ ਨਹੀਂ ਕਰ ਸਕਦਾ ਸੀ, ਜਿਸ ਤੋਂ ਬਾਅਦ ਇਹ ਮਤਾ ਪਾਸ ਹੋ ਗਿਆ ਅਤੇ ਜਨਰਲ ਅਸੈਂਬਲੀ ਦੀ ਬੈਠਕ ਲਈ ਰਾਹ ਪੱਧਰਾ ਹੋ ਗਿਆ।

ਅਮਰੀਕਾ ,ਯੂਰਪ ਯੂ.ਕੇ. ਯੂਕਰੇਨ ਦੀ ਮਦਦ ਕਰਨ ਲੱਗੇ

ਇਸ ਤੋਂ ਪਹਿਲਾਂ ਯੂਕਰੇਨ ਦੇ ਰਾਸ਼ਟਰਪਤੀ ਵਲੋਦੋਮੀਰ ਜ਼ੇਲੇਂਸਕੀ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੌਰਿਸ ਜਾਨਸਨ ਨਾਲ਼ ਫ਼ੋਨ 'ਤੇ ਗੱਲਬਾਤ ਕਰਦਿਆਂ ਮਦਦ ਮੰਗੀ ਹੈ। ਯੂ.ਕੇ. ਨੇ ਕਿਹਾ ਕਿ ਮੈਡੀਕਲ ਸਪਲਾਈ ਤੇ ਸਹਾਇਤਾ ਵਜੋਂ ਯੂਕਰੇਨ ਨੂੰ 40 ਮਿਲੀਅਨ ਪੌਂਡ ਦੀ ਵਾਧੂ ਰਾਸ਼ੀ ਭੇਜੀ ਜਾਵੇਗੀ। ਅਮਰੀਕਾ ਨੇ ਐਲਾਨ ਕੀਤਾ ਹੈ ਕਿ ਉਹ ਯੂਕਰੇਨ ਨੂੰ ਸਟਿੰਗਰ ਮਿਜ਼ਾਈਲਾਂ ਭੇਜੇਗਾ, ਜਰਮਨ ਵੱਲੋਂ ਯੂਕਰੇਨ ਨੂੰ 500 ਸਟਿੰਗਰ ਮਿਜ਼ਾਈਲਾਂ ਤੇ ਹੋਰ ਸੈਨਿਕ ਸਾਜ਼ੋ-ਸਾਮਾਨ ਭੇਜਣ ਦੀ ਯੋਜਨਾ ਹੈ।

ਯੂਕਰੇਨ ਨੇ ਯੂਰਪੀ ਯੂਨੀਅਨ ਵਿੱਚ ਸ਼ਾਮਿਲ ਹੋਣ ਲਈ ਕੀਤੇ ਹਸਤਾਖਰ ਯੂਰਪੀ ਸੰਘ ਵਿੱਚ ਸ਼ਾਮਿਲ ਹੋਣ ਲਈ ਇੱਕ ਅਰਜ਼ੀ 'ਤੇ ਹਸਤਾਖ਼ਰ ਕਰਕੇ ਯੁੱਧ ਪੀੜਤ ਯੂਕਰੇਨ ਪੱਛਮ ਦੇ ਨਾਲ਼ ਸਮਝੌਤੇ ਨੂੰ ਮਜ਼ਬੂਤ ਕਰਨ ਲਈ ਅੱਗੇ ਵਧ ਗਿਆ। ਰੂਸੀ ਰਾਸ਼ਟਰਪਤੀ ਦੇ ਆਰਾਮ ਨਾਲ਼ ਬੈਠਣ ਦੀ ਸੰਭਾਵਨਾ ਨਹੀਂ ਹੈ, ਜਿਹੜੇ ਕਿ ਲੰਬੇ ਸਮੇਂ ਤੋਂ ਪੱਛਮ 'ਤੇ ਦੋਸ਼ ਲਗਾ ਰਹੇ ਹਨ ਕਿ ਉਹ ਯੂਕਰੇਨ ਨੂੰ ਆਪਣੇ ਵੱਲ ਖਿੱਚ ਰਿਹਾ ਹੈ।

**ਜੰਗ ਕਾਰਨ ਲੱਗ ਰਹੀਆਂ ਪਾਬੰਦੀਆਂ ਤੋਂ ਭੜਕਿਆ ਰੂਸ, 36 ਦੇਸ਼ਾਂ ਖ਼ਿਲਾਫ਼ ਲਿਆ ਵੱਡਾ ਫ਼ੈਸਲਾ**

ਜੰਗ ਦੇ ਦਰਮਿਆਨ ਰੂਸੀ ਸਰਕਾਰ ਨੇ ਵੱਡਾ ਫ਼ੈਸਲਾ ਕੀਤਾ ਹੈ। ਦਰਅਸਲ ਰੂਸ ਨੇ 36 ਦੇਸ਼ਾਂ ਤੋਂ ਆਉਣ ਵਾਲੀਆਂ ਉਡਾਣਾਂ 'ਤੇ ਪਾਬੰਦੀ ਲਾਉਣ ਦਾ ਫ਼ੈਸਲਾ ਲਿਆ ਹੈ। ਇਹ ਪਾਬੰਦੀ ਬ੍ਰਿਟੇਨ ਅਤੇ ਜਰਮਨੀ ਵਰਗੇ ਦੇਸ਼ਾਂ ਤੋਂ ਆਉਣ ਵਾਲੀਆਂ ਉਡਾਣਾਂ 'ਤੇ ਲਾਗੂ ਹੋਵੇਗੀ। ਦੇਸ਼ ਦੀ ਹਵਾਬਾਜ਼ੀ ਅਥਾਰਟੀ ਨੇ ਇਸ ਦੀ ਜਾਣਕਾਰੀ ਦਿੱਤੀ। ਰੂਸ ਦਾ ਇਹ ਫ਼ੈਸਲਾ ਉਦੋਂ ਆਇਆ ਹੈ, ਜਦੋਂ ਯੂਰਪੀਨ ਯੂਨੀਅਨ ਨੇ ਰੂਸੀ ਹਵਾਈ ਕੰਪਨੀਆਂ ਲਈ ਆਪਣਾ ਹਵਾਈ ਖੇਤਰ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਰੂਸ ਵੱਲੋਂ ਯੂਕਰੇਨ 'ਤੇ ਕੀਤੇ ਗਏ ਹਮਲੇ ਦਾ ਵਿਰੋਧ ਕਰਨ ਲਈ ਕੈਨੇਡਾ ਦੀ ਸੰਘੀ ਸਰਕਾਰ ਵੱਲੋਂ ਪਾਬੰਦੀਆਂ ਲਗਾਏ ਜਾਣ ਤੋਂ ਬਾਅਦ ਸੂਬਾ ਸਰਕਾਰਾਂ ਵੱਲੋਂ ਵੀ ਰੂਸ ਵਿੱਚ ਬਣੀਆਂ ਵਸਤਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਜਾ ਰਿਹਾ ਹੈ। ਓਂਟਾਰੀਓ, ਅਲਬਰਟਾ, ਮੈਨੀਟੋਬਾ, ਨੋਵਾ ਸਕੋਸ਼ੀਆ, ਨਿਊ ਬਰੰਸਵਿਕ ਅਤੇ ਨਾਲ਼ ਲੱਗਦੇ ਸੂਬਿਆਂ ਨੇ ਬਾਈਕਾਟ ਦਾ ਐਲਾਨ ਕਰ ਦਿੱਤਾ ਸੀ। ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਕੈਵਿਨ ਫ਼ਾਲਕਨ ਵੱਲੋਂ ਮੰਗ ਕੀਤੇ ਜਾਣ ਤੋਂ ਬਾਅਦ ਲੋਕ ਸੁਰੱਖਿਆ ਮੰਤਰੀ ਮਾਈਕ ਫ਼ਾਰਨਵਰਥ ਨੇ ਸੂਬੇ ਵਿੱਚ ਸਥਿਤ ਸ਼ਰਾਬ ਦੇ ਠੇਕਿਆਂ 'ਤੇ ਰੂਸ ਤੋਂ ਆਈ ਸ਼ਰਾਬ ਦੀ ਵਿਕਰੀ ਫ਼ੌਰੀ ਤੌਰ 'ਤੇ ਬੰਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਓਂਟਾਰੀਓ ਦੇ ਵਿੱਤ ਮੰਤਰੀ ਪੀਟਰ ਬੈਥਲੈਂਵਲਵੀ ਨੇ ਓਂਟਾਰੀਓ ਲਿੱਕਰ ਕੰਟਰੋਲ ਬੋਰਡ ਨੂੰ ਕਹਿ ਦਿੱਤਾ ਸੀ ਕਿ ਰੂਸੀ ਸ਼ਰਾਬ ਦਾ ਮੁਕੰਮਲ ਬਾਈਕਾਟ ਕਰ ਦਿੱਤਾ ਜਾਵੇ।

ਅਮਰੀਕਾ ਤੇ ਉਸਦੇ ਸਹਿਯੋਗੀਆਂ ਨੇ ਸੁਸਾਇਟੀ ਫ਼ਾਰ ਵਰਲਡਵਾਈਡ ਇੰਟਰਬੈਂਕ ਫਾਈਨੈਂਸ਼ੀਅਲ ਟੈਲੀਕਮਿਊਨੀਕੇਸ਼ਨ ਵਿੱਤੀ ਪ੍ਰਣਾਲੀ ਤੋਂ ਚੁਣੇ ਹੋਏ ਰੂਸੀ ਬੈਂਕਾਂ ਨੂੰ ਵੱਖ ਕਰਨ ਦਾ ਫ਼ੈਸਲਾ ਕੀਤਾ ਹੈ। ਪਾਬੰਦੀਸ਼ੁਦਾ ਰੂਸੀ ਕੰਪਨੀਆਂ ਦੀਆਂ ਜਾਇਦਾਦਾਂ ਦੀ ਜਾਂਚ ਲਈ ਸਾਂਝੀ ਟਾਸਕ ਫ਼ੋਰਸ ਨਿਯੁਕਤ ਕਰਨ 'ਤੇ ਵੀ ਸਹਿਮਤੀ ਬਣੀ ਹੈ। ਸਵਿਫ਼ਟ ਦੁਨੀਆ ਦੀ ਪ੍ਰਮੁੱਖ ਬੈਂਕਿੰਗ ਮੈਸੇਜਿੰਗ ਸੇਵਾ ਹੈ, ਜਿਸ ਵਿੱਚ ਕਰੀਬ 200 ਤੋਂ ਵੱਧ ਦੇਸ਼ਾਂ 11000 ਬੈਂਕ ਤੇ ਸੰਸਥਾਵਾਂ ਜੁੜੀਆਂ ਹਨ। ਸਵਿਫ਼ਟ ਦੀ ਸਥਾਪਨਾ 1973 ਵਿੱਚ ਹੋਈ ਸੀ ਤੇ ਇਸ ਦਾ ਮੁੱਖ ਦਫ਼ਤਰ ਲਾ ਹੁਲਪੇ, ਬੈਲਜੀਅਮ ਵਿੱਚ ਹੈ।

ਇਹ ਜਾਣਕਾਰੀ ਅਮਰੀਕਾ, ਯੂਰਪੀ ਸੰਘ, ਫ਼ਰਾਂਸ, ਜਰਮਨੀ, ਇਟਲੀ, ਬ੍ਰਿਟੇਨ ਅਤੇ ਕੈਨੇਡਾ ਦੇ ਮੁਖੀਆਂ ਨੇ ਇੱਕ ਸਾਂਝੇ ਬਿਆਨ ਰਾਹੀਂ ਜਾਰੀ ਕੀਤੀ ਹੈ। ਸਵਿਫ਼ਟ ਵਿੱਚ ਕਰੀਬ 200 ਤੋਂ ਵੱਧ ਦੇਸ਼ਾਂ ਵਿੱਚ 11,000 ਬੈਂਕ ਅਤੇ ਸੰਸਥਾਵਾਂ ਜੁੜੀਆਂ ਹੋਈਆਂ ਹਨ। ਇਨਾਂ ਵਿੱਚ ਭਾਰਤ ਵੀ ਸ਼ਾਮਲ ਹੈ। ਇਹ ਇੱਕ ਉੱਚ ਸੁਰੱਖਿਆ ਨੈੱਟਵਰਕ ਦੇ ਨਾਲ਼ ਇੱਕ ਗਲੋਬਲ ਬੈਂਕਿੰਗ ਸਿਸਟਮ ਹੈ। ਇਸ ਨਾਲ਼ ਅੰਤਰਰਾਸ਼ਟਰੀ ਵਪਾਰ ਦੀ ਸਹੂਲਤ ਮਿਲਦੀ ਹੈ। ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ ਯੂਰਪੀ ਸੰਘ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ 'ਤੇ ਵੀ ਪਾਬੰਦੀ ਲਗਾ ਦਿੱਤੀ ਹੈ।

## ਪੋਲੈਂਡ ਨਹੀਂ ਜਾਣ...

ਕਿ ਲਾਈਨ ਵਿੱਚ ਖੜੇ ਭਾਰਤੀ ਵਿਦਿਆਰਥੀਆਂ ਨੂੰ ਯੂਕਰੇਨ ਦੇ ਸੁਰੱਖਿਆ ਅਧਿਕਾਰੀ ਗ਼ਲਤ ਕੁਮੈਂਟਸ ਵੀ ਕਰਦੇ ਹਨ, ਜੋ ਕਿ ਠੀਕ ਨਹੀਂ ਹੈ। ਦਾਨਿਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਥੇ ਫਸੇ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਕੱਢਣ ਲਈ ਪ੍ਰਬੰਧ ਕਰਨੇ ਚਾਹੀਦੇ ਹਨ। ਜਲੰਧਰ ਵਾਸੀ ਮਲਕੀਤ ਸਿੰਘ ਨੇ ਦੱਸਿਆ ਕਿ ਉਸ ਕੋਲ਼ ਜੋ ਪੈਸੇ ਸਨ, ਖ਼ਤਮ ਹੋ ਚੁੱਕੇ ਹਨ। ਸੋਮਵਾਰ ਨੂੰ ਖ਼ਾਲਸਾ ਏਡ ਵੱਲੋਂ ਬ੍ਰੈੱਡ, ਬਿਸਕੁਟ ਅਤੇ ਚਾਹ ਦਿੱਤੀ ਗਈ ਸੀ। ਮੰਗਲਵਾਰ ਨੂੰ ਪੂਰਾ ਦਿਨ ਖਾਣ ਲਈ ਕੁਝ ਨਾ ਮਿਲਿਆ। ਠੰਢ 'ਚ ਸਿਹਤ ਵੀ ਖ਼ਰਾਬ ਹੋ ਰਹੀ ਹੈ। ਇੱਥੇ ਸੁਣਨ ਵਾਲਾ ਕੋਈ ਨਹੀਂ ਹੈ। ਉੱਥੇ ਬਠਿੰਡਾ ਦੇ ਵਿਦਿਆਰਥੀ ਸ਼ਿਖਾ ਕਪੂਰ ਨੇ ਦੱਸਿਆ ਕਿ ਤਿੰਨ ਦਿਨਾਂ ਤੋਂ ਉਹ ਦਵਾਈ ਲਈ ਦੁਹਾਈ ਦੇ ਰਿਹਾ ਹੈ ਪਰ ਯੂਕਰੇਨ ਦੇ ਸੁਰੱਖਿਆ ਅਧਿਕਾਰੀ ਨਾ ਤਾਂ ਦਵਾਈ ਮੁਹੱਈਆ ਕਰਵਾਉਂਦੇ ਹਨ ਅਤੇ ਨਾ ਹੀ ਕਿਤੇ ਜਾਣ ਦਿੰਦੇ ਹਨ। ਮੋਬਾਈਲ ਖੋਹਣ ਦੀਆਂ ਧਮਕੀਆਂ ਵੀ ਦਿੱਤੀਆਂ ਜਾਂਦੀਆਂ ਹਨ।

## ਮੋਦੀ ਸਰਕਾਰ ਵੱਲੋਂ..

ਨੂੰ ਬੋਰਡ ਸਾਹਮਣੇ ਪੇਸ਼ ਕਰਦੇ ਸਨ ਅਤੇ ਚੇਅਰਮੈਨ ਦੇ ਮੈਂਬਰ ਨਾਲ਼ ਅਸਹਿਮਤ ਹੋਣ ਦੀ ਸਥਿਤੀ ਵਿੱਚ ਸੂਬਾ ਸਰਕਾਰ ਨੂੰ ਅਧਿਕਾਰ ਸੀ ਕਿ ਚੇਅਰਮੈਨ ਦੇ ਫ਼ੈਸਲੇ ਸੰਬੰਧੀ ਆਪਣੇ ਉਜ਼ਰ ਕੇਂਦਰ ਸਰਕਾਰ ਸਾਹਮਣੇ ਪੇਸ਼ ਕਰ ਸਕਦੀ ਸੀ। ਹੁਣ ਜਦੋਂ ਪ੍ਰਬੰਧਕੀ ਬੋਰਡ ਵਿੱਚ ਪੰਜਾਬ ਦੀ ਪੱਕੀ ਨੁਮਾਇੰਦਗੀ ਹੀ ਖ਼ਤਮ ਕੀਤੀ ਜਾ ਰਹੀ ਹੈ ਤਾਂ ਸਵਾਲ ਇਹ ਹੈ ਕਿ ਪੰਜਾਬ ਦੇ ਹਿੱਤਾਂ ਦੀ ਰਾਖੀ ਕੌਣ ਕਰੇਗਾ। ਕੇਂਦਰ ਬਹੁਤ ਦੇਰ ਤੋਂ ਪੰਜਾਬ ਦੇ ਹੱਕਾਂ ਪ੍ਰਤੀ ਬੇਰੁਖ਼ੀ ਦਿਖਾ ਰਿਹਾ ਹੈ।

ਕੇਂਦਰ ਸਰਕਾਰ ਕੇਂਦਰੀਕਰਨ ਦੀ ਨੀਤੀ 'ਤੇ ਚੱਲਦੀ ਹੋਈ ਪੰਜਾਬ ਅਤੇ ਹੋਰ ਸੂਬਿਆਂ ਦੇ ਅਧਿਕਾਰ ਸੀਮਤ ਕਰਨ 'ਤੇ ਤੁਲੀ ਹੋਈ ਹੈ। ਭਾਜਪਾ ਤੋਂ ਬਿਨਾਂ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਕੇਂਦਰ ਦੇ ਇਸ ਫ਼ੈਸਲੇ ਦਾ ਵਿਰੋਧ ਕੀਤਾ ਹੈ। ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਜਥੇਬੰਦੀਆਂ ਕਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ, ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ, ਲੋਕ ਭਲਾਈ ਵੈਲਫ਼ੇਅਰ ਸੁਸਾਇਟੀ, ਦਸੂਹਾ ਗੰਨਾ ਸੰਘਰਸ਼ ਕਮੇਟੀ, ਅਜ਼ਾਦ ਕਿਸਾਨ ਕਮੇਟੀ ਦੋਆਬਾ, ਕਿਰਤੀ ਕਿਸਾਨ ਯੂਨੀਅਨ ਪੰਜਾਬ, ਕਿਸਾਨ ਸੰਘਰਸ਼ ਕਮੇਟੀ ਕੋਟਬੁੱਢਾ, ਜੈ ਕਿਸਾਨ ਅੰਦੋਲਨ, ਕੁੱਲ ਹਿੰਦ ਕਿਸਾਨ ਸਭਾ, ਪੰਜਾਬ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਬਹਿਰਾਮ ਕੇ, ਭਾਰਤੀ ਕਿਸਾਨ ਯੂਨੀਅਨ ਮਾਨਸਾ, ਭਾਰਤੀ ਕਿਸਾਨ ਯੂਨੀਅਨ ਖੋਸਾ,ਦੋਆਬਾ ਵੈਲਫ਼ੇਅਰ ਸੰਘਰਸ਼ ਕਮੇਟੀ, ਪੱਗੜੀ ਸੰਭਾਲ ਲਹਿਰ, ਬਾਰਡਰ ਕਿਸਾਨ ਸੰਘਰਸ਼ ਯੂਨੀਅਨ, ਕੰਢੀ ਏਰੀਆ ਸੰਘਰਸ਼ ਕਮੇਟੀ, ਕਿਸਾਨ ਤੇ ਜਵਾਨ ਭਲਾਈ ਯੂਨੀਅਨ, ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਦੋਆਬਾ, ਮਾਝਾ ਕਿਸਾਨ ਸੰਘਰਸ਼ ਕਮੇਟੀ ,ਕਿਸਾਨ ਮਜ਼ਦੂਰ ਯੂਨੀਅਨ ਮਾਝਾ, ਭਾਰਤੀ ਕਿਸਾਨ ਯੂਨੀਅਨ, ਮਾਝਾ ਨੇ ਇਕਜੁੱਟ ਬਿਆਨ ਦਿੰਦਿਆਂ ਕਿਹਾ ਹੈ ਕਿ ਕੇਂਦਰ ਸਰਕਾਰ ਇਸ ਪੰਜਾਬ ਵਿਰੋਧੀ ਫ਼ੈਸਲੇ ਨੂੰ ਤੁਰੰਤ ਵਾਪਸ ਲਵੇ ।

ਉਨਾਂ ਕਿਹਾ ਕਿ ਚੰਡੀਗੜ੍ਹ ਤੇ ਬਿਜਲੀ ਵਿਭਾਗ ਦੇ ਨਿੱਜੀਕਰਨ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਪੰਜਾਬ ਦੀ ਸਹਿਮਤੀ ਲੈਣ ਦੀ ਕੋਈ ਲੋੜ ਨਹੀਂ ਸਮਝੀ ਇਹ ਵੀ ਇੱਕ ਪੱਖਪਾਤੀ ਫ਼ੈਸਲਾ ਹੈ। ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ਼ ਮੁਲਾਕਾਤ ਕਰਨ ਲਈ ਦਿੱਲੀ ਪੁੱਜ ਗਏ ਹਨ। ਸੁਖਦੇਵ ਸਿੰਘ ਢੀਂਡਸਾ ਨੇ ਦੱਸਿਆ ਕਿ ਉਨਾਂ ਨੂੰ ਪੂਰੀ ਉਮੀਦ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਨਾਲ਼ ਉਨਾਂ ਦੀ ਇਹ ਮੁਲਾਕਾਤ ਕਾਫ਼ੀ ਸਾਕਾਰਾਤਮਕ ਰਹੇਗੀ ਅਤੇ ਬੀ.ਬੀ.ਐੱਮ.ਬੀ. ਵਿੱਚ ਪੰਜਾਬ ਦੀ ਪੱਕੀ ਨੁਮਾਇੰਦਗੀ ਨੂੰ ਬਰਕਰਾਰ ਰੱਖਿਆ ਜਾਵੇਗਾ। ਉਨਾਂ ਕਿਹਾ ਕਿ ਉਹ ਅਮਿਤ ਸ਼ਾਹ ਨਾਲ਼ ਪੰਜਾਬ ਨਾਲ਼ ਸੰਬੰਧੀ ਹੋਰਨਾਂ ਅਹਿਮ ਮੁੱਦਿਆਂ ਤੇ ਵੀ ਗੱਲਬਾਤ ਕਰਨਗੇ। ਜਿਸ ਵਿੱਚ ਚੰਡੀਗੜ੍ਹ ਵਿੱਚ ਪੰਜਾਬ ਤੇ ਹਰਿਆਣਾ ਦੇ 60-40 ਅਨੁਪਾਤ ਨੂੰ ਸਹੀ ਢੰਗ ਨਾਲ਼ ਲਾਗੂ ਕਰਨ ਅਤੇ ਪੰਜਾਬ ਦੀ ਭਾਗੀਦਾਰੀ ਵਧਾਉਣ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਜਾਵੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਮੈਂਬਰਾਂ ਦੀ ਨਿਯੁਕਤੀ ਲਈ ਨਿਯਮਾਂ ਵਿੱਚ ਤਬਦੀਲੀ ਦੇ ਕੇਂਦਰ ਦੇ ਫ਼ੈਸਲੇ ਨੂੰ ਹੈਰਾਨੀਜਨਕ ਪੱਧਰ 'ਤੇ ਖ਼ਤਰਨਾਕ ਕਰਾਰ ਦਿੰਦਿਆਂ ਕਿਹਾ ਕਿ ਇਸ ਦੇ ਪੰਜਾਬ ਲਈ ਗੰਭੀਰ ਨਤੀਜੇ ਨਿਕਲਣਗੇ । ਬਾਦਲ ਨੇ ਕਿਹਾ ਕਿ ਦੇਸ਼ ਦੇ ਕਾਨੂੰਨ, ਪਿਛਲੀਆਂ ਪਿਰਤਾਂ ਤੇ ਮੌਜੂਦਾ ਰਵਾਇਤਾਂ ਦੇ ਮੁਤਾਬਿਕ ਸਤਲੁਜ ਬਿਆਸ ਹੈਡਵਰਕਰ 'ਤੇ ਕੰਟਰੋਲ ਸਿਰਫ਼ ਪੰਜਾਬ ਦਾ ਹੋਣਾ ਚਾਹੀਦਾ ਹੈ ਕਿਉਂਕਿ ਪੰਜਾਬ ਕੋਲ਼ ਹੀ ਰਾਇਪੇਰੀਅਨ ਹੱਕ ਹਨ ।

ਉਨਾਂ ਕਿਹਾ ਕਿ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਨੁਮਾਇੰਦਗੀ ਖ਼ਤਮ ਕਰਨ ਦੇ ਫ਼ੈਸਲੇ ਨਾਲ਼ ਦੇਸ਼ ਦਾ ਸੰਘੀ ਢਾਂਚਾ ਕਮਜ਼ੋਰ ਹੋਵੇਗਾ ਇਸ ਕਰਕੇ ਕੇਂਦਰ ਨੂੰ ਆਪਣਾ ਇਹ ਫ਼ੈਸਲਾ ਤੁਰੰਤ ਵਾਪਸ ਲੈ ਲੈਣਾ ਚਾਹੀਦਾ ਹੈ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਇਸ ਫ਼ੈਸਲੇ ਨੂੰ ਸੰਘੀ ਢਾਂਚੇ ਖ਼ਿਲਾਫ਼ ਦੱਸਦੇ ਹੋਏ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਪੱਤਰ ਲਿਖਿਆ ਹੈ, ਜਿਸ ਵਿੱਚ ਉਨਾਂ ਕਿਹਾ ਹੈ ਕਿ ਉਹ ਕੇਂਦਰ 'ਤੇ ਇਸ ਫ਼ੈਸਲੇ 'ਤੇ ਮੁੜ ਵਿਚਾਰ ਲਈ ਦਬਾਅ ਬਣਾਉਣ।

ਆਮ ਆਦਮੀ ਪਾਰਟੀ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਇਹ ਫ਼ੈਸਲਾ ਸੰਘੀ ਵਿਵਸਥਾ 'ਤੇ ਹਮਲਾ ਹੈ। ਕੇਂਦਰ ਸਰਕਾਰ ਸੂਬਿਆਂ ਦੇ ਅਧਿਕਾਰ ਖੋਹ ਰਹੀ ਹੈ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com


ਫਰਵਰੀ 2022 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਬਾਰੇ
ਜਾਣੋ ਪਲ ਪਲ ਦੀ ਖਬਰ
jus PUNJABI HD
ਪੰਜਾਬ 'ਚ CM FACE
ਦੀ RACE ਕਿਉਂ ਲੱਗੀ ?
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com